# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 1 (ਅਰਥ ਵਿਗਿਆਨ) ਸਮੈਸਟਰ ਦੂਜਾ

ਪੇਪਰ : ਮਾਈਕਰੋ ਇਕਨਾਮਿਕਸ ਅਤੇ ਇੰਡੀਅਨ ਇਕੌਨੋਮੀ-II ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1 : ਭਾਰਤੀ ਕਰ ਪ੍ਰਣਾਲੀ

2.2 : ਭਾਰਤ ਦਾ ਵਿਦੇਸ਼ੀ ਵਪਾਰ : ਵਿਸ਼ਾ ਅਤੇ ਬਣਤਰ

2.3 : ਭੁਗਤਾਨ ਸ਼ੇਸ਼ ਦੀ ਸਮੱਸਿਆ

2.4 : ਭਾਰਤੀ ਯੋਜਨਾਬੰਦੀ-ਉਦੇਸ਼ ਅਤੇ ਪ੍ਰਾਪਤੀਆਂ

2.5 : ਭਾਰਤੀ ਯੋਜਨਾਬੰਦੀ ਦੀ ਮੁੱਢਲੀ ਜੁਗਤ (ਅੰਗਰੇਜ਼ੀ ਮਾਧਿਅਮ ਵਿੱਚ)

2.6 : ਭਾਰਤ ਵਿੱਚ ਵਸੋਂ ਦੇ ਵਾਧੇ ਦੀ ਸਮੱਸਿਆ

2.7 : ਭਾਰਤ ਵਿੱਚ ਗਰੀਬੀ ਅਤੇ ਆਰਥਿਕ ਅਸਮਾਨਤਾ

2.8 : ਭਾਰਤ ਵਿੱਚ ਬੇਰੁਜਗਾਰੀ ਦੀ ਸਮੱਸਿਆ

2.9 : ਭਾਰਤ ਵਿੱਚ ਮੁਦਰਾ ਸਫੀਤੀ ਦੀ ਸਮੱਸਿਆ



**Department website : www.pbidde.org**

ਪਾਠ ਨੰ : **2.1** ਲੇਖਿਕਾ : ਡਾ. ਹਰਵਿੰਦਰ ਕੌਰ

# ਭਾਰਤੀ ਕਰ ਪ੍ਰਣਾਲੀ

## (Indian Tax System)

2.1.1 ਭੂਮਿਕਾ
2.1.2 ਉਦੇਸ਼
2.1.3 ਭਾਰਤੀ ਕਰ ਪ੍ਰਣਾਲੀ
2.1.3.1 ਭਾਰਤੀ ਕਰ ਪ੍ਰਣਾਲੀ ਦਾ ਢਾਂਚਾ
2.1.3.2 ਭਾਰਤੀ ਕਰ ਪ੍ਰਣਾਲੀ ਦੀਆਂ ਅਹਿਮ ਵਿਸ਼ੇਸ਼ਤਾਵਾਂ
2.1.3.3 ਭਾਰਤੀ ਕਰ ਪ੍ਰਣਾਲੀ ਦੇ ਮੁੱਖ ਦੋਸ਼
2.1.3.4 ਭਾਰਤੀ ਕਰ ਪ੍ਰਣਾਲੀ ਦੇ ਸੁਧਾਰ ਲਈ ਸੁਝਾਅ
2.1.4 ਸਾਰਾਂਸ਼
2.1.5 ਤਕਨੀਕੀ ਸ਼ਬਦਾਵਲੀ
2.1.6 ਅਭਿਆਸ ਲਈ ਪ੍ਰਸ਼ਨ
2.1.7 ਪ੍ਰਸਤਾਵਿਤ ਪੁਸਤਕਾਂ

### 2.1.1 ਭੂਮਿਕਾ

ਆਧੁਨਿਕ ਸਰਕਾਰ ਨੂੰ ਲੋਕ ਭਲਾਈ ਅਤੇ ਦੇਸ਼ ਦੇ ਆਰਥਿਕ ਵਿਕਾਸ ਦੀ ਰਫ਼ਤਾਰ ਤੇਜ਼ ਕਰਨ ਲਈ ਬਹੁਤ ਸਾਰੇ ਕੰਮ ਕਰਨੇ ਪੈਂਦੇ ਹਨ। ਇਹਨਾਂ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਸਰਕਾਰ ਨੂੰ ਧਨ ਦੀ ਲੋੜ ਪੈਂਦੀ ਹੈ ਭਾਵ ਸਾਧਨ ਜੁਟਾਉਣੇ ਪੈਂਦੇ ਹਨ। ਇਹਨਾਂ ਸਾਧਨਾਂ ਵਿਚੋਂ ਸਭ ਤੋਂ ਮਹੱਤਵਪੂਰਣ ਸਾਧਨ ਕਰਾਧਾਨ (Taxation) ਹੈ। ਜਿੱਥੇ ਕਰਾਂ ਰਾਹੀਂ ਸਰਕਾਰੀ ਆਮਦਨ ਵਧਦੀ ਹੈ ਉੱਥੇ ਕਰਾਂ ਦਾ ਕਰਦਾਤਾ (Tax payer) ਦੇ ਉਪਭੋਗ ਖ਼ਰਚੇ ਤੇ ਸਿੱਧਾ ਅਸਰ ਪੈਂਦਾ ਹੈ। ਇਸ ਲਈ ਸਰਕਾਰ ਨੂੰ ਇੱਕ ਸ੍ਰੇਸ਼ਟ ਕਰ ਨੀਤੀ (Sound tax policy) ਅਪਨਾਉਣੀ ਚਾਹੀਦੀ ਹੈ। ਇੱਕ ਸ੍ਰੇਸ਼ਟ ਕਰ ਨੀਤੀ ਅਜਿਹੀ ਹੋਣੀ ਚਾਹੀਦੀ ਹੈ ਜਿਸ ਨਾਲ ਬੱਚਤਾਂ ਦੇ ਪੱਧਰ ਅਤੇ ਨਿਵੇਸ਼ ਯੋਗ ਸ੍ਰੋਤਾਂ ਵਿੱਚ ਵਾਧਾ ਹੋਵੇ, ਆਰਥਿਕ ਵਿਕਾਸ ਦੀ ਦਰ ਵਧੇ, ਆਮਦਨ ਦੀ ਵੰਡ ਵਿਚਲੀ ਅਸਮਾਨਤਾ ਭਾਵ ਅਮੀਰੀ-ਗਰੀਬੀ ਦਾ ਪਾੜਾ ਘਟੇ ਅਤੇ ਜੋ ਮੁਦਰਾ ਸਫ਼ੀਤੀ ਦੇ ਰੁਝਾਨ ਨੂੰ ਠੱਲ੍ਹ ਪਾਵੇ। ਦੂਜੇ ਪਾਸੇ ਕਰਾਂ ਦਾ ਆਧਾਰ, ਕਰਾਂ ਦੀ ਦਰ, ਕਰਾਂ ਦੇ ਲਾਉਣ ਦੇ ਢੰਗ ਅਤੇ ਇਨ੍ਹਾਂ ਨੂੰ ਇਕੱਠਾ ਕਰਨ ਲਈ ਅਰਥਸ਼ਾਸਤਰੀਆਂ ਵੱਲੋਂ ਕਰ ਲਗਾਉਣ ਲਈ ਕੁਝ ਨਿਯਮ ਦਿੱਤੇ ਗਏ ਹਨ। ਜਿਸ ਤਰ੍ਹਾਂ ਕਿ ਕਰਾਂ ਦਾ ਭਾਰ ਹਰ ਵਿਅਕਤੀ ਅਤੇ ਹਰ ਵਰਗ ਤੇ ਇੱਕ ਸਮਾਨ ਹੋਣਾ ਚਾਹੀਦਾ ਹੈ, ਇਹ ਉਸ ਦੀ ਕਰ ਅਦਾ ਕਰਨ ਦੀ ਸ਼ਕਤੀ ਦੇ ਅਨੁਸਾਰ ਹੋਣੇ ਚਾਹੀਦੇ ਹਨ। ਕਰਦਾਤਾ ਤੋਂ ਕਰ ਅਜਿਹੇ ਸਮੇਂ ਵਸੂਲ ਕਰਨੇ ਚਾਹੀਦੇ ਹਨ ਜਦੋਂ ਉਸ ਨੂੰ ਕੋਈ ਔਖ ਮਹਿਸੂਸ ਨਾ ਹੋਵੇ। ਅਧਿਕਾਰੀਆਂ ਨੂੰ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਕਰ ਇਕੱਠਾ ਕਰਨ ਵਿਚ ਬਹੁਤਾ ਖ਼ਰਚਾ ਨਾ ਆਵੇ। ਕਰਾਂ ਦੇ ਆਧਾਰ ਅਤੇ ਦਰਾਂ ਬਾਰੇ ਸਪੱਸ਼ਟਤਾ ਹੋਵੇ ਭਾਵ ਇਹ ਇੰਨੇ ਸਰਲ ਹੋਣ ਕਿ ਕਰ ਦਾਤਾ ਨੂੰ ਇਹਨਾਂ ਬਾਰੇ ਛੇਤੀ ਸਮਝ ਆ ਜਾਵੇ। ਇਕ ਸ੍ਰੇਸ਼ਟ ਕਰ ਨੀਤੀ ਵਿਚ ਕਿਸੇ ਵੀ ਵਿਅਕਤੀ ਨੂੰ ਅਜਿਹਾ ਮਹਿਸੂਸ ਨਹੀਂ ਹੋਣਾ ਚਾਹੀਦਾ ਕਿ ਉਸ ਨਾਲ ਵਿਤਕਰਾ ਹੋ ਰਿਹਾ ਹੈ। ਕਰ ਚੋਰੀ ਦਾ ਰੁਝਾਨ ਵੀ ਨਹੀਂ ਹੋਣਾ ਚਾਹੀਦਾ। ਇਸ ਤੋਂ ਇਲਾਵਾ ਕਰ ਪ੍ਰਬੰਧਕ ਇਮਾਨਦਾਰ ਹੋਣੇ ਚਾਹੀਦੇ ਹਨ।

ਉਪਰੋਕਤ ਚਰਚਾ ਦੀ ਰੌਸ਼ਨੀ ਵਿਚ ਆਓ ਹੁਣ ਦੇਖਦੇ ਹਾਂ ਕਿ ਭਾਰਤੀ ਕਰ ਪ੍ਰਣਾਲੀ ਕਿਸ ਕਿਸਮ ਦੀ ਹੈ।

### 2.1.2 ਪਾਠ ਦੇ ਉਦੇਸ਼

ਇਸ ਪਾਠ ਦੇ ਮੁੱਖ ਉਦੇਸ਼ ਨਿਮਨ ਲਿਖਿਤ ਹਨ :

1. ਤੁਹਾਨੂੰ ਭਾਰਤੀ ਕਰ ਪ੍ਰਣਾਲੀ ਦੇ ਢਾਂਚੇ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਜਿਸ ਵਿਚ ਦੱਸਿਆ ਜਾਵੇਗਾ ਕਿ ਭਾਰਤ ਵਿਚ ਕਿਸ ਕਿਸ ਕਿਸਮ ਦੇ ਕਰ ਲਗਾਏ ਜਾਂਦੇ ਹਨ।
2. ਤੁਹਾਨੂੰ ਭਾਰਤੀ ਕਰ ਪ੍ਰਣਾਲੀ ਦੀਆਂ ਅਹਿਮ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।
3. ਤੁਹਾਨੂੰ ਭਾਰਤੀ ਕਰ ਪ੍ਰਣਾਲੀ ਵਿਚਲੀਆਂ ਕਮੀਆਂ ਬਾਰੇ ਜਾਣੂ ਕਰਵਾਇਆ ਜਾਵੇਗਾ।
4. ਤੁਹਾਨੂੰ ਭਾਰਤੀ ਕਰ ਪ੍ਰਣਾਲੀ ਵਿਚ ਸੁਧਾਰ ਲਿਆਉਣ ਲਈ ਢੰਗ ਤਰੀਕੇ ਦੱਸੇ ਜਾਣਗੇ।

### 2.1.3 ਭਾਰਤੀ ਕਰ ਪ੍ਰਣਾਲੀ

ਭਾਰਤ ਇੱਕ ਸੰਘਵਾਦੀ ਰਾਜ ਹੈ ਜਿਸ ਵਿਚ ਮੁੱਖ ਤੌਰ ਤੇ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨਾਲੋਂ ਨਾਲ ਕੰਮ ਕਰਦੀਆਂ ਹਨ। ਭਾਰਤੀ ਸੰਵਿਧਾਨ ਵਿਚ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੇ ਕੰਮਕਾਰ ਅਤੇ ਵਿੱਤੀ ਸ਼ਕਤੀਆਂ ਦੀ ਵੰਡ ਕੀਤੀ ਹੋਈ ਹੈ। ਜਿਸ ਤਰ੍ਹਾਂ ਰਾਸ਼ਟਰੀ ਪੱਧਰ ਦੇ ਕੰਮ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹਨ ਅਤੇ ਇਲਾਕਾਈ ਕੰਮ ਰਾਜ ਸਰਕਾਰਾਂ ਦੇ ਜਿੰਮੇ ਲਾਏ ਗਏ ਹਨ। ਉਸੇ ਤਰ੍ਹਾਂ ਉਹ ਕਰ ਜਿਨਾਂ ਦਾ ਘੇਰਾ ਦੇਸ਼ ਵਿਆਪੀ ਹੈ ਉਹ ਕੇਂਦਰ ਸਰਕਾਰ ਨੂੰ ਅਤੇ ਜਿਹੜੇ ਇਲਾਕਾਈ ਪੱਧਰ ਦੇ ਹਨ ਉਹ ਰਾਜ ਸਰਕਾਰਾਂ ਨੂੰ ਦਿੱਤੇ ਗਏ ਹਨ।

ਭਾਰਤ ਵਿਚ ਸਮੁੱਚੇ ਕਰਾਂ ਨੂੰ ਹੇਠ ਲਿਖੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

1. ਉਹ ਕਰ ਜੋ ਕੇਂਦਰ ਸਰਕਾਰ ਲਾਉਂਦੀ ਹੈ, ਇਕੱਠਾ ਕਰਦੀ ਹੈ ਅਤੇ ਉਹਨਾਂ ਤੋਂ ਹੋਣ ਵਾਲੀ ਸਾਰੀ ਆਮਦਨ ਆਪ ਹੀ ਰੱਖ ਲੈਂਦੀ ਹੈ। ਇਹਨਾਂ ਦੀ ਉਦਾਹਰਣ ਕਸਟਮ ਡਿਊਟੀ, ਨਿਗਮ ਕਰ ਹਨ।
2. ਕੁਝ ਕਰ ਕੇਂਦਰ ਸਰਕਾਰ ਲਾਉਂਦੀ ਹੈ ਪ੍ਰੰਤੂ ਰਾਜ ਸਰਕਾਰਾਂ ਇਕੱਠੇ ਕਰਦੀਆਂ ਹਨ ਅਤੇ ਰਾਜ ਸਰਕਾਰਾਂ ਹੀ ਰੱਖ ਲੈਂਦੀਆਂ ਹਨ। ਇਹਨਾਂ ਦੀ ਇੱਕ ਉਦਾਹਰਣ ਸਟੈਂਪ ਡਿਊਟੀ ਹੈ।
3. ਉਹ ਕਰ ਜੋ ਕੇਂਦਰ ਸਰਕਾਰ ਲਾਉਂਦੀ ਅਤੇ ਇਕੱਠੇ ਕਰਦੀ ਹੈ ਪ੍ਰੰਤੂ ਉਹਨਾਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਨੂੰ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵਿਚ ਵੰਡ ਦਿੱਤਾ ਜਾਂਦਾ ਹੈ। ਉਦਾਹਰਣ ਵੱਜੋਂ ਆਮਦਨ ਕਰ।
4. ਕੁਝ ਕਰ ਕੇਂਦਰ ਸਰਕਾਰ ਵੱਲੋਂ ਲਗਾਏ ਅਤੇ ਇਕੱਠੇ ਕੀਤੇ ਜਾਂਦੇ ਹਨ ਪ੍ਰੰਤੂ ਕਰਾਂ ਤੋਂ ਪ੍ਰਾਪਤ ਹੋਣ ਵਾਲੀ ਸਾਰੀ ਆਮਦਨ ਰਾਜ ਸਰਕਾਰਾਂ ਨੂੰ ਵੰਡ ਦਿੱਤੀ ਜਾਂਦੀ ਹੈ। ਉਦਾਹਰਣ ਵੱਜੋਂ ਖੇਤੀਬਾੜੀ ਭੂਮੀ ਤੋਂ ਇਲਾਵਾ ਦੂਜੀ ਸੰਪਤੀ (Property) ਤੇ ਅਸਟੇਟ ਡਿਊਟੀ (Estate Duty)
5. ਕੁਝ ਕਰ ਜੋ ਕੇਂਦਰ ਸਰਕਾਰ ਵੱਲੋਂ ਲਗਾਏ ਜਾਂਦੇ ਅਤੇ ਇਕੱਠੇ ਕੀਤੇ ਜਾਂਦੇ ਹਨ ਅਤੇ ਜਿਨ੍ਹਾਂ ਤੋਂ ਪ੍ਰਾਪਤ ਆਮਦਨ ਨੂੰ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵਿਚ ਵੰਡਿਆ ਵੀ ਜਾ ਸਕਦਾ ਹੈ ਅਤੇ ਨਹੀਂ ਵੀ। ਉਦਾਹਰਣ ਵੱਜੋਂ ਕੇਂਦਰੀ ਆਬਕਾਰੀ ਕਰ।
6. ਉਹ ਕਰ ਜੋ ਰਾਜ ਸਰਕਾਰਾਂ ਵੱਲੋਂ ਲਗਾਏ ਜਾਂਦੇ ਹਨ, ਰਾਜ ਸਰਕਾਰਾਂ ਹੀ ਇਕੱਠੇ ਕਰਦੀਆਂ ਹਨ ਅਤੇ ਰਾਜ ਸਰਕਾਰਾਂ ਹੀ ਉਹਨਾਂ ਤੋਂ ਪ੍ਰਾਪਤ ਸਾਰੀ ਆਮਦਨ ਰੱਖ ਲੈਂਦੀਆਂ ਹਨ ਜਿਵੇਂ ਵਿਕਰੀ ਕਰ।

ਭਾਰਤ ਵਿਚ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਅਲੱਗ ਅਲੱਗ ਤਰ੍ਹਾਂ ਦੇ ਕਰ ਲਗਾਉਂਦੀਆਂ ਹਨ। ਭਾਵੇਂ ਇਹਨਾਂ ਦਾ ਮੁੱਖ ਉਦੇਸ਼ ਕੇਂਦਰ ਅਤੇ ਰਾਜ ਸਰਕਾਰਾਂ ਦੀ ਆਮਦਨ ਵਧਾਉਣਾ ਹੈ। ਪ੍ਰੰਤੂ ਇਸ ਦੇ ਨਾਂਲ ਨਾਲ ਉਪਭੋਗ ਨੂੰ ਘੱਟ ਕਰਨਾ ਬੱਚਤ ਅਤੇ ਨਿਵੇਸ਼ ਨੂੰ ਉਤਸ਼ਾਹ ਦੇਣਾ, ਪੂੰਜੀ ਨਿਰਮਾਣ ਨੂੰ ਵਧਾਉਣਾ, ਆਮਦਨ ਦੀ ਵੰਡ ਦੀ ਅਸਮਾਨਤਾ ਨੂੰ ਘਟਾਉਣਾ ਵੀ ਇਸ ਦੇ ਉਦੇਸ਼ ਹਨ। ਡਾ. ਰਾਜਾ ਜੇ. ਚਲ੍ਹੀਆ (Dr. Raja J. Challiah) ਦੇ ਅਨੁਸਾਰ, "ਭਾਰਤ ਵਰਗੇ ਅਲਪ ਵਿਕਸਿਤ ਦੇਸ਼ ਵਿਚ ਕਰ ਪ੍ਰਣਾਲੀ ਅਜਿਹੀ ਹੋਣੀ ਚਾਹੀਦੀ ਹੈ ਜੋ ਵਰਤਮਾਨ ਆਰਥਿਕ ਵਿਕਾਸ ਵਿਚ ਵਾਧਾ ਕਰੇ ਅਤੇ ਸੰਭਾਵੀ ਵਾਫਰਤਾ ਨੂੰ ਵਧਾਵੇ।" ਆਓ ਹੁਣ ਦੇਖੀਏ ਕਿ ਭਾਰਤੀ ਕਰ ਪ੍ਰਣਾਲੀ ਦਾ ਢਾਂਚਾ ਕਿਸ ਕਿਸਮ ਦਾ ਹੈ :

### 2.1.3.1 ਭਾਰਤੀ ਕਰ ਪ੍ਰਣਾਲੀ ਦਾ ਢਾਂਚਾ (Structure of Indian Tax System)

ਜਿਸ ਤਰ੍ਹਾਂ ਕਿ ਤੁਸੀਂ ਪਹਿਲਾਂ ਪੜ੍ਹਿਆ ਹੈ ਕਿ ਭਾਰਤ ਵਿਚ ਕੁਝ ਕਰ ਕੇਂਦਰ ਸਰਕਾਰ ਅਤੇ ਕੁਝ ਕਰ ਰਾਜ ਸਰਕਾਰਾਂ ਲਗਾਉਂਦੀਆਂ ਹਨ। ਪਾਠ ਦੇ ਅੰਤ ਤੇ ਪਹਿਲੀ ਲਿਸਟ ਭਾਵ ਕੇਂਦਰੀ ਸਰਕਾਰ ਵਾਲੀ ਲਿਸਟ ਅਤੇ ਦੂਜੀ ਲਿਸਟ ਭਾਵ ਰਾਜ ਸਰਕਾਰਾਂ ਵੱਲੋਂ ਲਾਏ ਜਾਣ ਵਾਲੇ ਕਰਾਂ ਦੀ ਲਿਸਟ ਦਿੱਤੀ ਗਈ ਹੈ। ਆਓ ਦੇਖੀਏ ਕਿ ਭਾਰਤ ਵਿਚ ਕਿਸ ਕਿਸ ਕਿਸਮ ਦੇ ਕਰ ਲਗਾਏ ਜਾਂਦੇ ਹਨ। ਭਾਰਤ ਵਿਚ ਪ੍ਰਤੱਖ ਕਰ ਅਤੇ ਅਪ੍ਰਤੱਖ ਕਰ ਦੋਨੋਂ ਤਰ੍ਹਾਂ ਦੇ ਕਰ ਲਗਾਏ ਜਾਂਦੇ ਹਨ।

*ਤਾਲਿਕਾ-1*

**ਭਾਰਤੀ ਕਰ ਪ੍ਰਣਾਲੀ**

↓

| *ਪ੍ਰਤੱਖ ਕਰ* | *ਅਪ੍ਰਤੱਖ ਕਰ* |
|---|---|
| 1. ਆਮਦਨ ਕਰ (ਕੇਂਦਰ ਸਰਕਾਰ) | 1. ਆਬਕਾਰੀ ਕਰ (ਕੇਂਦਰ ਸਰਕਾਰ) |
| 2. ਨਿਗਮ ਕਰ (ਕੇਂਦਰ ਸਰਕਾਰ) | 2. ਕਸਟਮ ਡਿਊਟੀ (ਕੇਂਦਰ ਸਰਕਾਰ) |
| 3. ਸੰਪਤੀ ਕਰ (ਕੇਂਦਰ ਸਰਕਾਰ) | 3. ਵਿਕਰੀ ਕਰ/ਮੁੱਲ ਵਾਧਾ ਕਰ (ਰਾਜ ਸਰਕਾਰਾਂ) |
| 4. ਉਪਹਾਰ ਕਰ (ਕੇਂਦਰ ਸਰਕਾਰ) | 4. ਯਾਤਰੀ ਕਰ (ਰਾਜ ਸਰਕਾਰਾਂ) |
| 5. ਭੂਮੀ ਕਰ (ਰਾਜ ਸਰਕਾਰਾਂ) | 5. ਮਨੋਰੰਜਨ ਕਰ (ਰਾਜ ਸਰਕਾਰਾਂ) |
| | 6. ਬਿਜਲੀ ਕਰ (ਰਾਜ ਸਰਕਾਰਾਂ) |

ਸੋ ਭਾਰਤ ਵਿਚ ਮੁੱਖ ਤੌਰ ਤੇ ਆਮਦਨ ਕਰ, ਨਿਗਮ ਕਰ, ਸੰਪਤੀ ਕਰ, ਉਪਹਾਰ ਕਰ, ਆਬਕਾਰੀ ਕਰ, ਕਸਟਮ ਡਿਊਟੀਆਂ ਕੇਂਦਰ ਸਰਕਾਰ ਵੱਲੋਂ ਅਤੇ ਭੂਮੀ ਕਰ, ਵਿਕਰੀ ਕਰ, ਮੁੱਲ ਵਾਧਾ ਕਰ, ਯਾਤਰੀ ਕਰ, ਮਨੋਰੰਜਨ ਕਰ, ਬਿਜਲੀ ਕਰ ਰਾਜ ਸਰਕਾਰਾਂ ਵੱਲੋਂ ਲਗਾਏ ਜਾਂਦੇ ਹਨ। ਪਿਛਲੇ ਦਹਾਕੇ ਤੋਂ ਸੇਵਾਵਾਂ ਤੇ ਕਰ (Tax on services) ਵੀ ਲੱਗਣਾ ਸ਼ੁਰੂ ਹੋ ਗਿਆ ਹੈ। ਇਹਨਾਂ ਸਾਰਿਆਂ ਕਰਾਂ ਦੀਆਂ ਦਰਾਂ ਵੱਖੋ ਵੱਖਰੀਆਂ ਹਨ।

### 2.1.3.2 ਭਾਰਤੀ ਕਰ ਪ੍ਰਣਾਲੀ ਦੀਆਂ ਅਹਿਮ ਵਿਸ਼ੇਸ਼ਤਾਵਾਂ (Salient Features of Indian Tax System)

ਆਓ ਹੁਣ ਭਾਰਤੀ ਕਰ ਪ੍ਰਣਾਲੀ ਦੀਆਂ ਅਹਿਮ ਵਿਸ਼ੇਸ਼ਤਾਈਆਂ ਦਾ ਅਧਿਐਨ ਕਰੀਏ।

**(i) ਕਰ ਆਮਦਨ ਅਤੇ ਰਾਸ਼ਟਰੀ ਆਮਦਨ** : ਭਾਰਤ ਵਿਚ ਕਰ-ਘਰੇਲੂ ਰਾਸ਼ਟਰੀ ਉਤਪਾਦ ਅਨੁਪਾਤ ਲਗਾਤਾਰ ਵਧਦਾ ਜਾ ਰਿਹਾ ਹੈ। ਜਿਸ ਦਾ ਭਾਵ ਹੈ ਕਿ ਭਾਰਤ ਵਿਚ ਸਰਕਾਰ ਵੱਲੋਂ ਲਗਾਤਾਰ ਨਵੇਂ ਨਵੇਂ ਕਰ ਲਗਾਕੇ ਅਤੇ ਕਰ ਦਰਾਂ ਵਿਚ ਤਬਦੀਲੀ ਕਰ ਕੇ ਰਾਸ਼ਟਰੀ ਆਮਦਨ ਵਿਚ ਕਰਾਂ ਦਾ ਅਨੁਪਾਤ ਵਧਾਇਆ ਜਾ ਰਿਹਾ ਹੈ। ਤਾਲਿਕਾ-2 ਤੋਂ ਇਹ ਸਪੱਸ਼ਟ ਹੋ ਰਿਹਾ ਹੈ ਕਿ 1950-51 ਵਿਚ ਇਹ ਕੇਵਲ 6.4 ਪ੍ਰਤਿਸ਼ਤ (1980-81 ਦੇ ਕੁੱਲ ਘਰੇਲੂ ਉਤਪਾਦ ਦੇ ਆਧਾਰ ਤੇ) ਸੀ। ਉਸ ਤੋਂ ਬਾਅਦ ਇਹ ਲਗਾਤਾਰ ਵਧਦਾ ਰਿਹਾ ਅਤੇ 2009-10 ਵਿਚ ਇਹ 17.6 ਪ੍ਰਤਿਸ਼ਤ ਹੋ ਗਿਆ ਸੀ।

*ਤਾਲਿਕਾ-2*

| *ਸਾਲ* | *ਕੁੱਲ ਘਰੇਲੂ ਉਤਪਾਦ ਵਿਚ ਕਰਾਂ ਦਾ ਅਨੁਪਾਤ* |
|---|---|
| 1950-51 | 6.4 (1980-81 ਦੀ ਘਰੇਲੂ ਉਤਪਾਦ ਦੇ ਆਧਾਰ ਤੇ) |
| 1960-61 | 9.0 |
| 1970-71 | 11.5 |
| 1980-81 | 14.9 |
| 1990-91 | 15.4 |
| 2000-01 | 16.1 |
| 2009-10 | 17.6 |
| 2012-13 | 17. 2 |
| 2014-15 | 16.6 |
| 2016-17 | 15.9 |

ਸ੍ਰੋਤ : ਵਿਭਿੰਨ ਵਰ੍ਹਿਆਂ ਦੇ Economic Survey

ਭਾਵੇਂ ਕਰਾਂ ਰਾਹੀਂ ਆਮਦਨ ਦੀ ਪ੍ਰਤਿਸ਼ਤਤਾ ਵਧਦੀ ਜਾ ਰਹੀ ਹੈ ਪ੍ਰੰਤੂ ਫਿਰ ਵੀ ਇਸ ਸੰਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਇਹ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਤੇ ਕਾਫ਼ੀ ਘੱਟ ਹੈ। ਸਵੀਡਨ (41%), ਫਰਾਂਸ (39%), ਯੂ.ਐਸ.ਏ. (29%), ਜਰਮਨੀ (29%) ਆਦਿ ਦੇਸ਼ਾਂ ਵਿਚ ਇਹ ਬਹੁਤ ਜ਼ਿਆਦਾ ਹੈ ਭਾਰਤ ਚੂੰਕਿ ਇੱਕ ਵਿਕਾਸਸ਼ੀਲ ਦੇਸ਼ ਹੈ ਇਸ ਵਿਚ ਪ੍ਰਤੀ ਵਿਅਕਤੀ ਆਮਦਨ ਘੱਟ ਹੈ ਸੋ ਇਸ ਵਿਚ ਕਰਾਂ ਰਾਹੀਂ ਆਮਦਨ ਨੂੰ ਵਿਕਸਿਤ ਦੇਸ਼ਾਂ ਜਿਨਾਂ ਨਹੀਂ ਵਧਾਇਆ ਜਾ ਸਕਦਾ।

**(ii) ਕਰਾਂ ਦੀ ਵਿਭਿੰਨਤਾ (Multiplicity Taxes)** :

ਭਾਰਤ ਵਿਚ ਪ੍ਰਤੱਖ ਅਤੇ ਅਪ੍ਰਤੱਖ ਕਰ ਦੋਵੇਂ ਤਰ੍ਹਾਂ ਦੇ ਕਰ ਲਗਾਏ ਜਾਂਦੇ ਹਨ। ਪ੍ਰਤੱਖ ਕਰਾਂ ਵਿਚ ਆਮਦਨ ਕਰ, ਨਿਗਮ ਕਰ, ਪੂੰਜੀ ਕਰ, ਤੋਹਫਾ ਕਰ, ਸੰਪਤੀ ਕਰ, ਖ਼ਰਚ ਕਰ ਲਗਾਏ ਜਾਂਦੇ ਹਨ। ਕਈ ਤਰ੍ਹਾਂ ਦੇ ਅਪ੍ਰਤੱਖ ਕਰ ਜਿਵੇਂ ਵਸਤੂਆਂ ਦੇ ਉਤਪਾਦਨ ਤੇ ਕੇਂਦਰੀ ਆਬਕਾਰੀ ਕਰ ਅਤੇ ਵਸਤੂ ਦੀ ਵਿਕਰੀ ਤੇ ਵਿਕਰੀ ਕਰ–ਜਿਸ ਨੂੰ ਹੁਣ ਮੁੱਲ ਵਾਧਾ ਕਰ (Value added tax) ਵਿਚ ਤਬਦੀਲ ਕਰ ਦਿੱਤਾ ਗਿਆ ਹੈ ਲਗਾਏ ਜਾਂਦੇ ਹਨ। ਗੱਲ ਕੀ ਵਿਅਕਤੀ ਦੀ ਹਰੇਕ ਆਰਥਿਕ ਕ੍ਰਿਆ ਤੇ ਕਰ ਲਗਾਏ ਜਾਂਦੇ ਹਨ। ਜਦੋਂ ਕੋਈ ਵਿਅਕਤੀ ਇਕ ਨਿਰਧਾਰਤ ਸੀਮਾ ਤੋਂ ਵੱਧ ਆਮਦਨ ਕਮਾਉਂਦਾ ਹੈ ਤਾਂ ਉਸ ਨੂੰ ਆਮਦਨ ਕਰ (Income Tax) ਦੇਣਾ ਪੈਂਦਾ ਹੈ ਅਤੇ ਜੇਕਰ ਉਹ ਆਮਦਨ ਇਕੱਤਰ ਕਰਦਾ ਹੈ ਤਾਂ ਉਸ ਨੂੰ ਪੂੰਜੀ ਕਰ ਦੇਣਾ ਪੈਂਦਾ ਹੈ ਜੇਕਰ ਉਹ ਆਪਣੀ ਆਮਦਨ ਦੀ ਹਥਬਦਲੀ ਕਰਦਾ ਹੈ ਤਾਂ ਉਸਨੂੰ ਤੋਹਫਾ ਕਰ (Gift Tax) ਦੇਣਾ ਪੈਂਦਾ ਹੈ। ਜੇਕਰ ਉਹ ਆਪਣੀ ਸੰਪੱਤੀ ਨੂੰ ਵੇਚਦਾ ਹੈ ਤਾਂ ਉਸਨੂੰ ਪੂੰਜੀ ਲਾਭ ਕਰ ਦੇਣਾ ਪੈਂਦਾ ਹੈ। ਮਰਨ ਉਪਰੰਤ ਵਾਰਸਾਂ ਲਈ ਛੱਡੀ ਸੰਪੱਤੀ ਵਿਚੋਂ ਉਹਨਾਂ ਨੂੰ ਸੰਪੱਤੀ ਕਰ (Estate Tax) ਦੇਣਾ ਪੈਂਦਾ ਹੈ। ਇਸ ਤੋਂ ਇਲਾਵਾ ਜੇਕਰ ਵਿਅਕਤੀ ਨਿਰਧਾਰਤ ਰਕਮ ਤੋਂ ਵਧੇਰੇ ਪੈਸੇ ਖ਼ਰਚਦਾ ਸੀ ਤਾਂ ਉਸਨੂੰ ਖਰਚਾ ਕਰ (Expenditure Tax) ਵੀ ਦੇਣਾ ਪੈਂਦਾ ਸੀ ਜੋ ਕਿ ਹੁਣ ਖਤਮ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਕੋਈ ਵੀ ਵਿਅਕਤੀ ਜਦੋਂ ਵੀ ਕੋਈ ਵਸਤੂ ਖਰੀਦਦਾ ਹੈ ਤਾਂ ਉਸ ਨੂੰ ਵਿਕਰੀ ਕਰ/ਮੁੱਲ ਵਾਧਾ ਕਰ ਦੇਣਾ ਪੈਂਦਾ ਹੈ। ਜਦੋਂ ਵਸਤਾਂ ਵਿਦੇਸ਼ਾਂ ਤੋਂ ਮੰਗਵਾਈਆਂ ਜਾਂਦੀਆਂ ਹਨ ਤਾਂ ਆਯਾਤ ਕਰ ਅਤੇ ਜਦੋਂ ਵਿਦੇਸ਼ਾਂ ਨੂੰ ਭੇਜੀਆਂ ਜਾਂਦੀਆਂ ਹਨ ਤਾਂ ਨਿਰਯਾਤ ਕਰ ਲਗਾਇਆ ਜਾਂਦਾ ਹੈ। ਸੋ ਇਹ ਸਪੱਸ਼ਟ ਹੈ ਕਿ ਭਾਰਤ ਵਿਚ ਵਿਅਕਤੀ ਅਤੇ ਉਤਪਾਦਕ ਦੀ ਹਰ ਕ੍ਰਿਆ ਤੇ ਕਰ ਲਗਾਏ ਜਾਂਦੇ ਹਨ। ਗਰੀਬ ਤੋਂ ਗਰੀਬ ਵਿਅਕਤੀ ਵੀ ਇਹਨਾਂ ਦੀ ਜਕੜ ਵਿਚ ਆ ਹੀ ਜਾਂਦਾ ਹੈ। ਉਦਾਹਰਣ ਵੱਜੋਂ ਜਦੋਂ ਇਕ ਮਜ਼ਦੂਰ/ਰਿਕਸ਼ਾ ਚਾਲਕ ਸਿਨੇਮਾ ਜਾਂਦਾ ਹੈ ਤਾਂ ਉਸ ਨੂੰ ਮਨੋਰੰਜਨ ਕਰ ਦੇਣਾ ਪੈਂਦਾ ਹੈ। ਇੱਥੋਂ ਤੱਕ ਕਿ ਇੱਕ ਵਿਦਿਆਰਥੀ ਵੀ ਜਦੋਂ ਕੋਈ ਨੋਟ ਬੁੱਕ ਖ਼ਰੀਦਦਾ ਹੈ ਤਾਂ ਕਰਾਂ ਦੇ ਘੇਰੇ ਵਿਚ ਆ ਜਾਂਦਾ ਹੈ।

**(iii) ਅਪ੍ਰਤੱਖ ਕਰਾਂ ਦੀ ਬਹੁਲਤਾ (Predominance of Indirect Taxes)** :

ਭਾਰਤ ਵਿਚ ਪ੍ਰਤੱਖ ਅਤੇ ਅਪ੍ਰਤੱਖ ਕਰ ਦੋਨੋਂ ਤਰ੍ਹਾਂ ਦੇ ਕਰ ਲਗਾਏ ਜਾਂਦੇ ਹਨ ਪ੍ਰੰਤੂ ਦੋਨਾਂ ਵਿਚ ਅਸੰਤੁਲਨ ਪਾਇਆ ਜਾਂਦਾ ਹੈ। ਭਾਰਤ ਵਿਚ ਪ੍ਰਤੱਖ ਕਰਾਂ ਦੀ ਬਜਾਇ ਅਪ੍ਰਤੱਖ ਕਰਾਂ ਦੀ ਬਹੁਲਤਾ ਹੈ ਭਾਵ ਅਪ੍ਰਤੱਖ ਕਰ ਜ਼ਿਆਦਾ ਲਗਾਏ ਜਾਂਦੇ ਹਨ। ਆਮ ਤੌਰ ਤੇ ਅਜਿਹਾ ਮੰਨਿਆ ਜਾਂਦਾ ਹੈ ਕਿ ਆਰਥਿਕ ਵਿਕਾਸ ਦੀਆਂ ਮੁੱਢਲੀਆਂ ਸਥਿਤੀਆਂ ਵਿਚ ਅਨਪੜ੍ਹਤਾ, ਉਤਪਾਦਨ ਦੀ ਘੱਟ ਮਾਤਰਾ, ਕੁਸ਼ਲ ਕਰ ਪ੍ਰਬੰਧ ਹੋਦ ਕਾਰਣ ਸਿੱਧੇ ਕਰਾਂ ਦੀ ਮਹਾਨਤਾ ਘੱਟ ਹੁੰਦੀ ਹੈ ਪ੍ਰੰਤੂ ਜਿਵੇਂ ਜਿਵੇਂ ਆਰਥਿਕ ਵਿਕਾਸ ਹੁੰਦਾ ਹੈ ਤੇ ਸਮਾਜ ਆਧੁਨਿਕਤਾ ਵੱਲ ਵਧਦਾ ਹੈ ਕੁੱਲ ਕਰ ਆਮਦਨ ਵਿਚ ਪ੍ਰਤੱਖ ਕਰਾਂ ਦਾ ਅਨੁਪਾਤ ਵਧਦਾ ਜਾਂਦਾ ਹੈ। ਪ੍ਰੰਤੂ ਭਾਰਤ ਵਿਚ ਅਜਿਹਾ ਨਹੀਂ ਹੋਇਆ। ਭਾਰਤ ਵਿਚ 1950-51 ਵਿਚ ਕੁੱਲ ਕਰ ਆਮਦਨ ਵਿਚ ਪ੍ਰਤੱਖ ਅਤੇ ਅਪ੍ਰਤੱਖ ਕਰਾਂ ਦਾ ਅਨੁਪਾਤ ਕ੍ਰਮਵਾਰ 43 ਪ੍ਰਤਿਸ਼ਤ ਅਤੇ 57 ਪ੍ਰਤਿਸ਼ਤ ਸੀ, 1990-91 ਤੱਕ ਇਹ ਪ੍ਰਤੱਖ ਕਰਾਂ ਦਾ ਅਨੁਪਾਤ ਘਟਦਾ ਅਤੇ ਅਪ੍ਰਤੱਖ ਕਰਾਂ ਦਾ ਹਿੱਸਾ ਵਧਦਾ ਰਿਹਾ ਅਤੇ ਇਹਨਾਂ ਦਾ ਅਨੁਪਾਤ ਕ੍ਰਮਵਾਰ 14 ਅਤੇ 86 ਪ੍ਰਤਿਸ਼ਤ ਹੋ ਗਿਆ ਸੀ। ਪ੍ਰੰਤੂ ਉਸ ਤੋਂ ਬਾਅਦ ਪ੍ਰਤੱਖ ਕਰਾਂ ਦਾ ਹਿੱਸਾ ਵਧਦਾ ਜਾ ਰਿਹਾ ਹੈ। ਭਾਵ ਪਿਛਲੇ ਡੇਢ ਦਹਾਕੇ ਤੋਂ ਪ੍ਰਤੱਖ ਕਰਾਂ ਵਿਚ ਵਾਧੇ ਦਾ ਰੁਝਾਨ ਸ਼ੁਰੂ ਹੋ ਗਿਆ ਹੈ। ਪ੍ਰੰਤੂ ਅਸੰਤੁਲਨ ਅਜੇ ਵੀ ਕਾਇਮ ਹੈ ਅਤੇ ਅਪ੍ਰਤੱਖ ਕਰਾਂ ਦੀ ਬਹੁਲਤਾ ਹੈ। ਜਦੋਂ ਕਿ ਵਿਕਸਿਤ ਦੇਸ਼ਾਂ ਵਿਚ ਪ੍ਰਤੱਖ ਕਰਾਂ ਦੀ ਬਹੁਲਤਾ ਹੁੰਦੀ ਹੈ ਇੰਗਲੈਂਡ ਵਿਚ ਕੁੱਲ ਕਰ ਆਮਦਨ ਵਿਚ ਪ੍ਰਤੱਖ ਕਰਾਂ ਦਾ 55% ਅਤੇ ਜਪਾਨ ਵਿਚ ਲਗਭਗ 70 ਪ੍ਰਤਿਸ਼ਤ ਹਿੱਸਾ ਹੈ। ਅਪ੍ਰਤੱਖ ਕਰਾਂ ਦਾ ਵਧੇਰੇ ਭਾਰ ਗਰੀਬਾਂ ਤੇ ਪੈਂਦਾ ਹੈ ਸੋ ਭਾਰਤ ਵਿਚ ਆਮਦਨ ਦੀ ਵੰਡ ਅਸਮਾਨ ਹੁੰਦੀ ਜਾ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਸਰਕਾਰ ਪ੍ਰਤੱਖ ਕਰਾਂ ਦਾ ਭਾਰ ਵਧਾਉਣ ਦਾ ਯਤਨ ਕਰ ਰਹੀ ਹੈ। ਤਾਲਿਕਾ-3 ਰਾਹੀਂ ਭਾਰਤ ਵਿਚ ਪ੍ਰਤੱਖ ਕਰ ਅਤੇ ਅਪ੍ਰਤੱਖ ਕਰ ਦਾ ਕੁੱਲ ਕਰ ਆਮਦਨ ਵਿਚ ਅਨੁਪਾਤ ਦਿਖਾਇਆ ਗਿਆ ਹੈ।

*ਤਾਲਿਕਾ-3*

**ਕੇਂਦਰੀ ਸਰਕਾਰ ਦੀ ਕੁੱਲ ਕਰ ਆਮਦਨ ਵਿਚ ਪ੍ਰਤੱਖ ਕਰਾਂ ਅਤੇ ਅਪ੍ਰਤੱਖ ਕਰਾਂ ਦਾ ਹਿੱਸਾ**

| *ਸਾਲ* | *ਕੁੱਲ ਕਰ ਆਮਦਨ (ਕਰੋੜ ਰੁਪਏ ਵਿਚ)* | *ਪ੍ਰਤੱਖ ਕਰਾਂ ਦੀ ਪ੍ਰਤਿਸ਼ਤਤਾ* | *ਅਪ੍ਰਤੱਖ ਕਰਾਂ ਦੀ ਪ੍ਰਤਿਸ਼ਤਤਾ* |
|---|---|---|---|
| 1950-51 | 401 | 43 | 57 |
| 1990-91 | 68500 | 16 | 84 |
| 2001-02 | 189500 | 37 | 63 |
| 2016-17 | 1088793 | 48.3 | 51.7 |

**Source : Govt. of India,Budget at a glance,quoted in Datt and Sundharam Indian Economy 2016,p.956 and Misra and Puri Indian Economy (2018)**

**(iv) ਕੁਝ ਚੋਣਵੇਂ ਕਰਾਂ ਤੇ ਵਧੇਰੇ ਨਿਰਭਰਤਾ (Dependence of the Tax Structure on Selected Taxes)**

ਭਾਵੇਂ ਕੇਂਦਰ ਅਤੇ ਰਾਜ ਸਰਕਾਰਾਂ ਬਹੁਤ ਕਿਸਮ ਦੇ ਕਰ ਲਗਾਉਂਦੀਆਂ ਹਨ ਪ੍ਰੰਤੂ ਆਮਦਨ ਦੇ ਦ੍ਰਿਸ਼ਟੀਕੋਣ ਤੋਂ ਕੁਝ ਕਰ ਹੀ ਮਹੱਤਤਾ ਰੱਖਦੇ ਹਨ। ਪ੍ਰਤੱਖ ਕਰਾਂ ਦੇ ਵਿਚ ਕੇਂਦਰ ਸਰਕਾਰ ਲਈ ਆਮਦਨ ਕਰ ਅਤੇ ਨਿਗਮ ਕਰ ਅਤੇ ਰਾਜ ਸਰਕਾਰਾਂ ਲਈ ਭੂ ਮਾਲੀਆ ਵਧੇਰੇ ਮਹੱਤਵਪੂਰਣ ਹਨ। ਦੂਜੇ ਪਾਸੇ ਅਪ੍ਰਤੱਖ ਕਰਾਂ ਵਿਚੋਂ ਕੇਂਦਰ ਸਰਕਾਰ ਲਈ ਕੇਂਦਰ ਆਬਕਾਰੀ ਕਰ ਅਤੇ ਕਸਟਮ ਡਿਊਟੀ ਅਤੇ ਰਾਜ ਸਰਕਾਰਾਂ ਲਈ ਵਿਕਰੀ ਕਰ ਵਧੇਰੇ ਮਹੱਤਤਾ ਰੱਖਦੇ ਹਨ।

**(v) ਪ੍ਰਗਤੀਸ਼ੀਲ ਕਰ ਪ੍ਰਣਾਲੀ (Progressive Tax System)**

ਭਾਰਤੀ ਕਰ ਢਾਂਚੇ ਵਿਚ ਪ੍ਰਗਤੀਸ਼ੀਲਤਾ ਦੇ ਸਿਧਾਂਤ ਦੀ ਵੀ ਕੁਝ ਹੱਦ ਤਕ ਪਾਲਨਾ ਕੀਤੀ ਜਾਂਦੀ ਹੈ। ਪ੍ਰਤੱਖ ਕਰਾਂ ਦੀ ਦਰਾਂ ਦੇ ਨਿਰਧਾਰਣ ਸਮੇਂ ਆਮਦਨ ਦੀ ਇੱਕ ਘੱਟੋ ਘੱਟ ਸੀਮਾ ਲਈ ਕਰਾਂ ਤੋਂ ਛੋਟ ਦਿੱਤੀ ਜਾਂਦੀ ਹੈ ਅਤੇ ਵਧੇਰੇ ਆਮਦਨ ਲਈ ਕਰ ਦੀ ਵਧੇਰੇ ਦਰ ਰੱਖੀ ਗਈ ਹੈ। ਇਸੇ ਤਰ੍ਹਾਂ ਕੁਝ ਹੱਦ ਤੱਕ ਕੁਝ ਅਪ੍ਰਤੱਖ ਕਰਾਂ ਜਿਵੇਂ ਵਿਕਰੀ ਕਰ ਜਾਂ ਹੁਣ ਲਗਾਏ ਗਏ ਮੁੱਲ ਵਾਧਾ ਕਰ ਵਿਚ ਕੁਝ ਜ਼ਰੂਰੀ ਵਸਤਾਂ ਨੂੰ ਕਰਾਂ ਤੋਂ ਮੁਕਤ ਰੱਖਿਆ ਗਿਆ ਹੈ, ਘੱਟ ਆਮਦਨ ਤਬਕੇ ਵੱਲੋਂ ਵਰਤੀਆਂ ਜਾਂਦੀਆਂ ਵਸਤਾਂ ਤੇ ਘੱਟ ਦਰ ਨਾਲ ਕਰ ਲਗਾਏ ਗਏ ਹਨ ਅਤੇ ਦੂਜੇ ਪਾਸੇ ਅਮੀਰਾਂ ਵੱਲੋਂ ਵਰਤੀਆਂ ਜਾਂਦੀਆਂ ਵਸਤਾਂ/ਵਿਲਾਸਤਾ ਵਾਲੀਆਂ ਵਸਤਾਂ ਤੇ ਕਰਾਂ ਦੀ ਵਧੇਰੇ ਦਰ ਰੱਖੀ ਗਈ ਹੈ। ਬਹੁਤ ਜ਼ਿਆਦਾ ਤਾਂ ਨਹੀਂ ਪ੍ਰੰਤੂ ਕੁਝ ਹੱਦ ਤੱਕ ਭਾਰਤੀ ਕਰ ਪ੍ਰਣਾਲੀ ਪ੍ਰਗਤੀਸ਼ੀਲ ਹੈ।

**(vi) ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੇ ਕਰ ਸਾਧਨਾਂ ਵਿਚ ਅਸੰਤੁਲਨ (Imbalance in the tax sources of Union Government and State Governments)**

ਭਾਰਤੀ ਸੰਘਵਾਦੀ ਪ੍ਰਣਾਲੀ ਵਿਚ ਭਾਵੇਂ ਕੇਂਦਰ ਅਤੇ ਰਾਜਾਂ ਵਿਚ ਵਿੱਤੀ ਸ੍ਰੋਤਾਂ ਦੀ ਸਪੱਸ਼ਟ ਵੰਡ ਹੈ ਪ੍ਰੰਤੂ ਰਾਜ ਸਰਕਾਰਾਂ ਦੀਆਂ ਲੋੜਾਂ ਵਧੇਰੇ ਅਤੇ ਸਾਧਨ ਘੱਟ ਹਨ। ਵਧੇਰੇ ਆਮਦਨ ਵਾਲੇ ਕਰ ਜਿਵੇਂ ਆਬਕਾਰੀ, ਨਿਗਮ ਕਰ ਕੇਂਦਰ ਸਰਕਾਰ ਕੋਲ ਹਨ। ਖੇਤੀਬਾੜੀ ਖੇਤਰ ਭਾਵ ਭੂ ਲਗਾਨ ਜਾਂ ਖੇਤੀਬਾੜੀ ਆਮਦਨ ਵਰਗੇ ਕਰ ਰਾਜ ਸਰਕਾਰਾਂ ਦੇ ਅਧਿਕਾਰ ਅਧੀਨ ਹੁੰਦੇ ਹਨ। ਚੋਣਾਂ ਦੌਰਾਨ ਖੇਤੀਬਾੜੀ ਖੇਤਰ ਲਈ ਰਿਆਇਤਾਂ ਦਾ ਐਲਾਨ ਕੀਤਾ ਜਾਂਦਾ ਹੈ ਤਾਂ ਕਿ ਚੋਣਾਂ ਵਿਚ ਜਿੱਤ ਨੂੰ ਯਕੀਨੀ ਬਣਾਇਆ ਜਾ ਸਕੇ। ਸੋ ਰਾਜ ਸਰਕਾਰਾਂ ਵੋਟਾਂ ਗੁਆਚਣ ਦੇ ਡਰ ਕਾਰਣ ਖੇਤੀਬਾੜੀ ਖੇਤਰ ਤੇ ਕਰ ਨਹੀਂ ਲਗਾਉਂਦੀਆਂ।

ਸੋ ਕੇਂਦਰੀ ਸਰਕਾਰ ਬਨਾਮ ਰਾਜ ਸਰਕਾਰਾਂ ਵਿਚ ਕਰ ਦੇ ਸਾਧਨਾਂ ਵਿਚ ਅਸੰਤੁਲਨ ਲਈ ਰਾਜ ਸਰਕਾਰਾਂ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ।

**(vii) ਨਵੀਨਤਾ ਵੱਲ ਵਧਦੇ ਕਦਮ**

ਪਿਛਲੇ ਕੁਝ ਵਰ੍ਹਿਆਂ ਤੋਂ ਭਾਰਤ ਵਿਚ ਸਾਰੇ ਖੇਤਰਾਂ ਨੂੰ ਕਰ ਦੇ ਦਾਇਰੇ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਰਥਿਕ ਵਿਕਾਸ ਹੋਣ ਨਾਲ ਦੇਸ਼ ਵਿਚ ਸੇਵਾਵਾਂ ਦੇ ਖੇਤਰ ਦਾ ਯੋਗਦਾਨ ਵਧਦਾ ਜਾ ਰਿਹਾ ਹੈ। ਰਾਸ਼ਟਰੀ ਆਮਦਨ ਵਿਚ ਸੇਵਾਵਾਂ

ਖੇਤਰ ਦਾ ਯੋਗਦਾਨ 50 ਪ੍ਰਤਿਸ਼ਤ ਤੋਂ ਵੀ ਵਧੇਰੇ ਹੈ। ਜਦੋਂ ਕਿ ਇਕ ਦਹਾਕਾ ਪਹਿਲਾਂ ਸੇਵਾਵਾਂ ਤੇ ਕੋਈ ਕਰ ਹੀ ਨਹੀਂ ਸੀ। 1995-96 ਵਿਚ ਸੇਵਾਵਾਂ ਤੇ ਕਰ ਦਾ ਕੁੱਲ ਕਰ ਆਮਦਨ ਵਿਚ ਯੋਗਦਾਨ ਇਕ ਪ੍ਰਤਿਸ਼ਤ ਤੋਂ ਵੀ ਘੱਟ ਸੀ। ਇਸ ਨੂੰ ਹੌਲੀ-ਹੌਲੀ ਵਧਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਅਤੇ 2005-06 ਬਜ਼ਟ ਵਿਚ ਸੇਵਾਵਾਂ ਕਰ ਤੋਂ ਆਮਦਨ ਦਾ ਹਿੱਸਾ ਕੁਲ ਕਰ ਆਮਦਨ ਦਾ ਚਾਰ ਪ੍ਰਤਿਸ਼ਤ ਤੇ ਪਹੁੰਚ ਜਾਣ ਦਾ ਅਨੁਮਾਨ ਹੈ। ਸੇਵਾਵਾਂ ਜਿਵੇਂ ਬੈਂਕਿੰਗ, ਬੀਮਾ, ਚੀਜ਼ਾਂ ਦੀ ਢੋ-ਢੁਆਈ, ਕਲੱਬਾਂ ਤੇ ਐਸੋਸੀਏਸ਼ਨਾਂ ਦੀ ਮੈਂਬਰਸ਼ਿਪ ਫੀਸ ਆਦਿ ਤੇ 10 ਫੀਸਦੀ ਦੀ ਦਰ ਤੇ ਕਰ ਲਗਾਇਆ ਜਾਂਦਾ ਹੈ। ਸੋ ਕਰਾਂ ਤੋਂ ਆਮਦਨ ਵਧਾਉਣ ਲਈ ਸਰਕਾਰ ਨਵੇਂ ਨਵੇਂ ਕਰਾਂ ਦੀ ਢੂੰਡ-ਭਾਲ ਵਿਚ ਹੈ। ਸਾਲ 2005-06 ਦੇ ਬਜ਼ਟ ਵਿਚ ਸਾਰੀਆਂ ਰਾਜ ਸਰਕਾਰਾਂ ਨੇ ਵਿਕਰੀ ਕਰ ਦੀ ਬਜਾਇ ਮੁੱਲ ਵਾਧਾ ਕਰ ਨੂੰ ਅਪਣਾਇਆ ਹੈ। ਨਿੱਜੀ ਖੇਤਰ ਦੇ ਨਿਯੋਜਕਾਂ ਵੱਲੋਂ ਆਪਣੇ ਮੁਲਾਜ਼ਮਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਤੇ Fringe Benefit Tax ਲਗਾਇਆ ਗਿਆ ਹੈ।

ਉਪਰੋਕਤ ਵਿਆਖਿਆ ਤੋਂ ਭਾਰਤੀ ਕਰ ਪ੍ਰਣਾਲੀ ਦੀਆਂ ਅਹਿਮ ਵਿਸ਼ੇਸ਼ਤਾਵਾਂ ਸਪੱਸ਼ਟ ਹੋ ਜਾਂਦੀਆਂ ਹਨ। ਹੁਣ ਤੁਸੀਂ ਨਿਮਨ ਪ੍ਰਸ਼ਨਾਂ ਦੇ ਉੱਤਰਾਂ ਦਾ ਅਭਿਆਸ ਕਰੋ।

**ਸਵੈ-ਮੁਲਾਂਕਣ ਅਭਿਆਸ-1**

1. ਭਾਰਤ ਵਿਚ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਕਿਹੜੇ ਕਿਹੜੇ ਕਰ ਲਗਾਉਂਦੀਆਂ ਹਨ।
2. ਭਾਰਤੀ ਕਰ ਪ੍ਰਣਾਲੀ ਦੀਆਂ 4 ਵਿਸ਼ੇਸ਼ਤਾਵਾਂ ਲਿਖੋ।

### 2.1.3.3 ਭਾਰਤੀ ਕਰ ਪ੍ਰਣਾਲੀ ਦੇ ਮੁੱਖ ਦੋਸ਼ (Shortcomings in Indian Tax System)

ਭਾਵੇਂ ਭਾਰਤੀ ਕਰ ਪ੍ਰਣਾਲੀ ਨੂੰ ਸ੍ਰੇਸ਼ਟ ਕਰ ਪ੍ਰਣਾਲੀ ਬਣਾਉਣ ਲਈ ਸਮੇਂ-ਸਮੇਂ ਸੁਧਾਰ ਕੀਤੇ ਜਾਂਦੇ ਰਹੇ ਹਨ। ਪ੍ਰੰਤੂ ਫਿਰ ਵੀ ਭਾਰਤੀ ਕਰ ਪ੍ਰਣਾਲੀ ਵਿਚ ਬਹੁਤ ਸਾਰੇ ਦੋਸ਼ ਹਨ ਜਿਨ੍ਹਾਂ ਦੀ ਵਿਆਖਿਆ ਹੇਠਾਂ ਕੀਤੀ ਗਈ ਹੈ :

**(i) ਗੈਰ ਨਿਯੋਜਿਤ ਅਤੇ ਰੂੜ੍ਹੀਵਾਦੀ (Unplanned and Traditional)**

ਭਾਰਤ ਵਿਚ ਕਰ ਲਗਾਉਣ ਸਮੇਂ ਇਹਨਾਂ ਦੇ ਉਤਪਾਦਨ, ਨਿਵੇਸ਼ ਅਤੇ ਬੱਚਤ ਤੇ ਪੈਣ ਵਾਲੇ ਅਸਰਾਂ ਨੂੰ ਨਹੀਂ ਵਿਚਾਰਿਆ ਜਾਂਦਾ। ਕਰ ਲਗਾਉਣ ਸਮੇਂ ਉਦੇਸ਼ ਵੀ ਪੂਰੀ ਤਰ੍ਹਾਂ ਨਿਰਧਾਰਤ ਨਹੀਂ ਕੀਤੇ ਜਾਂਦੇ। ਇਸ ਤੋਂ ਇਲਾਵਾ ਸਾਲੋ ਸਾਲ ਅਜਿਹੇ ਕਰਾਂ ਤੇ ਨਿਰਭਰ ਕੀਤਾ ਜਾਂਦਾ ਹੈ ਜੋ ਕਰ ਆਮਦਨ ਵਿਚ ਨਾ ਮਾਤਰ ਯੋਗਦਾਨ ਪਾਉਂਦੇ ਹਨ। ਉਹਨਾਂ ਦੀ ਥਾਂ ਤੇ ਨਵੇਂ ਨਵੇਂ ਕਰਾਂ ਦੀ ਤਲਾਸ਼ ਨਹੀਂ ਕੀਤੀ ਜਾਂਦੀ। ਜਿਸ ਤਰ੍ਹਾਂ ਕਿ ਰਾਜ ਸਰਕਾਰਾਂ ਜੇਕਰ ਭੂ ਮਾਲੀਆ ਜਾਂ ਖੇਤੀਬਾੜੀ ਆਮਦਨ ਤੇ ਕਰ ਰਾਹੀਂ ਕਰ ਆਮਦਨ ਨਹੀਂ ਵਧਾ ਸਕਦੀਆਂ ਤਾਂ ਜਿਸ ਖੇਤਰ ਤੋਂ ਹੋਰ ਢੰਗ ਤਰੀਕੇ ਵਰਤ ਕੇ ਕਰ ਉਗਰਾਹੇ ਜਾ ਸਕਦੇ ਹਨ।

**(ii) ਜਟਿਲ ਕਰ ਪ੍ਰਣਾਲੀ (Complicated Tax System)**

ਕਰਾਂ ਦਾ ਸੌਖ ਦਾ ਨਿਯਮ ਇਹ ਮੰਗ ਕਰਦਾ ਹੈ ਕਿ ਕਰ ਪ੍ਰਣਾਲੀ ਸਪੱਸ਼ਟ ਹੋਣੀ ਚਾਹੀਦੀ ਹੈ ਭਾਵ ਕਰਾਂ ਦਾ ਆਧਾਰ ਅਤੇ ਕਰਾਂ ਦੀਆਂ ਦਰਾਂ, ਛੋਟਾਂ ਆਦਿ ਬਾਰੇ ਕਰ ਦਾਤਾ ਨੂੰ ਸੌਖਿਆਂ ਹੀ ਸਮਝ ਆ ਜਾਵੇ। ਕਰ ਅਦਾਇਗੀ ਦੇ ਢੰਗ ਤਰੀਕੇ ਸੌਖੇ ਹੋਣੇ ਚਾਹੀਦੇ ਹਨ ਕਿਉਂਕਿ ਸਾਡੀ ਲਗਭਗ ਦੋ ਤਿਹਾਈ ਜਨਤਾ ਅਨਪੜ੍ਹ ਹੈ। ਪ੍ਰੰਤੂ ਭਾਰਤ ਵਿਚ ਹਰ ਸਾਲ ਪ੍ਰਤੱਖ ਅਤੇ ਅਪ੍ਰਤੱਖ ਕਰਾਂ ਦੀਆਂ ਦਰਾਂ ਵਿਚ ਤਬਦੀਲੀ ਕੀਤੀ ਜਾਂਦੀ ਹੈ ਜਿਸ ਨਾਲ ਸਾਡਾ ਕਰਾਂ ਦਾ ਢਾਂਚਾ ਬਹੁਤ ਗੁੰਝਲਦਾਰ ਭਾਵ ਜਟਿਲ ਬਣ ਗਿਆ ਹੈ। ਵਧੇਰੇਤਰ ਲੋਕ ਇਸ ਗੁੰਝਲਦਾਰ ਕਰ ਪ੍ਰਣਾਲੀ ਨੂੰ ਸਮਝਣੋਂ ਅਸਮਰਥ ਹਨ। ਜਿਸ ਕਾਰਣ ਅਜਿਹੇ ਲੋਕ ਕਰ ਅਦਾ ਕਰਨ ਤੋਂ ਹੀ ਕਤਰਾਉਂਦੇ ਹਨ ਅਤੇ ਅਜਿਹੇ ਢੰਗ ਤਰੀਕੇ ਲੱਭਣੇ ਹਨ ਕਿ ਕਰ ਭਰੇ ਹੀ ਨਾ ਜਾਣ। ਸਾਡੇ ਕਰ ਢਾਂਚੇ ਨੂੰ ਸੁਖਾਲਾ ਬਣਾਉਣ ਲਈ ਸਮੇਂ-ਸਮੇਂ ਕਈ ਸਕੀਮਾਂ ਬਣਾਈਆਂ ਗਈਆਂ ਅਤੇ ਕਮੇਟੀਆਂ/ਕਮੀਸ਼ਨ ਨਿਯੁਕਤ ਕੀਤੇ ਗਏ ਹਨ।

| | |
|---|---|
| 1953-54 | ਕਰਾਧਾਨ ਜਾਂਚ ਪੜਤਾਲ ਕਮੇਟੀ, |
| 1956 | ਕੈਲਡਰ ਦੀਆਂ ਕਰ ਸੁਧਾਰ ਤਜਵੀਜ਼ਾਂ, |
| 1968 | ਬੂਥਾਲਿੰਗਮ ਦੀ ਕਰ ਸੁਧਾਰ ਬਾਰੇ ਕਮੇਟੀ, |
| 1972 | ਵਾਂਚੂ ਕਮੇਟੀ ਜਿਸ ਨੂੰ ਪ੍ਰਤੱਖ ਕਰ ਜਾਂਚ ਪੜਤਾਲ ਕਮੇਟੀ ਵੀ ਕਿਹਾ ਜਾਂਦਾ ਹੈ, |
| 1973 | ਕੇ.ਐਨ. ਰਾਜ ਕਮੇਟੀ, |
| 1975 | ਸਵੈਇਛੱਕ ਡਿਸਕਲੋਜ਼ਰ ਸਕੀਮ (Voluntary Disclosure Scheme) |
| 1977 | ਚੋਕਸੀ ਕਮੇਟੀ, |

1978 ਅਪ੍ਰਤੱਖ ਕਰ ਜਾਂਚ ਪੜਤਾਲ ਕਮੇਟੀ ਅਤੇ ਝਾਅ ਕਮੇਟੀ ਰਿਪੋਰਟ,

1993 ਚਲ੍ਹੀਆ ਕਮੇਟੀ ਰਿਪੋਰਟ,

2002 ਕੇਲਕਰ ਕਮੇਟੀ ਰਿਪੋਰਟ,

ਇਹਨਾਂ ਕਮੇਟੀਆਂ ਵੱਲੋਂ ਦਿੱਤੇ ਸੁਝਾਵਾਂ ਨੂੰ ਕੁਝ ਹੱਦ ਤੱਕ ਹੀ ਮੰਨਿਆ ਜਾਂਦਾ ਹੈ।

**(iii) ਅਸਮਾਨਤਾ ਵਾਲੀ ਕਰ ਪ੍ਰਣਾਲੀ (Inequitable tax system)**

ਸਾਡੀ ਕਰ ਪ੍ਰਣਾਲੀ ਸਾਰੇ ਖੇਤਰਾਂ ਤੇ ਬਰਾਬਰ ਕਰ ਲਗਾਉਣ ਵਾਲੀ ਨਹੀਂ ਇਸ ਲਈ ਇਸ ਨੂੰ ਅਨਿਆਂਸੰਗਤ ਕਿਹਾ ਜਾਂਦਾ ਹੈ। ਰਾਜਾ ਜੇ. ਚਲ੍ਹੀਆ ਦੇ ਵਿਚਾਰ ਅਨੁਸਾਰ ਸਾਡੀ ਕਰ ਪ੍ਰਣਾਲੀ ਵਿਚ ਨਾ ਤਾਂ Horizontal equity ਹੈ ਅਤੇ ਨਾ ਹੀ Vertical equity. Horizontal equity ਤੋਂ ਭਾਵ ਇਕ ਪੱਧਰ ਦੀ ਆਮਦਨ ਵਾਲਿਆਂ ਤੇ ਇਕ ਸਮਾਨ ਕਰ ਲੱਗਣੇ ਚਾਹੀਦੇ ਹਨ। ਪ੍ਰੰਤੂ ਭਾਰਤ ਵਿਚ ਅਜਿਹਾ ਨਹੀਂ ਹੈ ਪ੍ਰਤੱਖ ਕਰਾਂ ਦੀ ਸੂਰਤ ਵਿਚ ਖੇਤੀਬਾੜੀ ਖੇਤਰ ਤੇ ਕਰ ਘੱਟ ਹਨ ਅਤੇ ਅਪ੍ਰਤੱਖ ਕਰਾਂ ਦੀ ਸੂਰਤ ਵਿਚ ਵੀ ਕਰਾਂ ਦਾ ਭਾਰ ਘੱਟ ਹੈ। Vertical equity ਤੋਂ ਭਾਵ ਹੈ ਕਿ ਵੱਖ-ਵੱਖ ਆਮਦਨ ਪੱਧਰ ਵਾਲੇ ਵਿਅਕਤੀਆਂ ਨੂੰ ਕਰ ਦੀ ਵੱਖ-ਵੱਖ ਰਕਮ ਅਦਾ ਕਰਨੀ ਚਾਹੀਦੀ ਹੈ। ਜਿਸ ਦਾ ਭਾਵ ਹੈ ਅਮੀਰ ਵਿਅਕਤੀਆਂ ਨੂੰ ਜ਼ਿਆਦਾ ਕਰ ਅਦਾ ਕਰਨੇ ਚਾਹੀਦੇ ਹਨ ਅਤੇ ਗਰੀਬ ਵਿਅਕਤੀਆਂ ਨੂੰ ਘੱਟ ਕਰ ਅਦਾ ਕਰਨੇ ਚਾਹੀਦੇ ਹਨ। ਪ੍ਰਤੱਖ ਕਰਾਂ ਦੀ ਸੂਰਤ ਵਿਚ ਉਪਲਬਧ ਸਾਰੀਆਂ ਛੋਟਾਂ, ਸਕੀਮਾਂ ਦਾ ਲਾਭ ਅਮੀਰ ਤਬਕੇ ਦੇ ਲੋਕ ਲੈ ਜਾਂਦੇ ਹਨ ਜਿਸ ਨਾਲ ਅਸਮਾਨਤਾ ਵਧਦੀ ਹੈ ਅਤੇ ਦਜੂੇ ਪਾਸੇ ਅਪ੍ਰਤੱਖ ਕਰਾਂ ਦਾ ਵਧੇਰੇ ਭਾਰ ਗਰੀਬਾਂ ਤੇ ਪੈਂਦਾ ਹੈ ਕਿਉਂਕਿ ਉਹਨਾਂ ਦੀ ਉਪਭੋਗ ਦੀ ਸੀਮਾਂਤ ਪ੍ਰਵਿਰਤੀ ਵਧੇਰੇ ਹੁੰਦੀ ਹੈ। ਭਾਵ ਗਰੀਬ ਆਪਣੀ ਆਮਦਨ ਦਾ ਵੱਡਾ ਭਾਗ ਜ਼ਰੂਰੀ ਵਸਤਾਂ ਖ਼ਰੀਦਣ ਤੇ ਖ਼ਰਚਦੇ ਹਨ ਅਤੇ ਵਧੇਰੇ ਕਰ ਅਦਾ ਕਰਦੇ ਹਨ ਜਿਸ ਨਾਲ ਅਸਮਾਨਤਾ ਵਧਦੀ ਹੈ।

**(iv) ਭਾਰਤੀ ਕਰ ਪ੍ਰਣਾਲੀ ਦਾ ਸਫ਼ੀਤੀਜਨਕ ਪ੍ਰਭਾਵ (Inflationary effects of Indian tax structure)**

ਕਿਸੇ ਵੀ ਸ੍ਰੇਸ਼ਟ ਕਰ ਪ੍ਰਣਾਲੀ ਲਈ ਇਹ ਜ਼ਰੂਰੀ ਹੈ ਕਿ ਇਹ ਮੁਦਰਾ ਸਫ਼ੀਤੀ ਨੂੰ ਜ਼ਰੂਰ ਦੂਰ ਕਰੇ। ਪ੍ਰੰਤੂ ਸਾਡੇ ਦੇਸ਼ ਵਿਚ ਅਪ੍ਰਤੱਖ ਕਰਾਂ ਦਾ ਬੋਲਬਾਲਾ ਹੋਣ ਕਾਰਣ, ਕਰਾਂ ਦੀਆਂ ਵਧਦੀਆਂ ਦਰਾਂ ਕਾਰਣ ਕੀਮਤਾਂ ਵਧ ਜਾਂਦੀਆਂ ਹਨ। ਜਿਸ ਨਾਲ ਸਫ਼ੀਤੀਜਨਕ ਪ੍ਰਭਾਵ ਘਟਣ ਦੀ ਬਜਾਇ ਸਗੋਂ ਵਧਦਾ ਜਾਂਦਾ ਹੈ।

**(v) ਕਿਫ਼ਾਇਤ ਦੀ ਕਮੀ (Lack of Economy)**

ਭਾਰਤੀ ਕਰ ਪ੍ਰਣਾਲੀ ਦਾ ਇਕ ਹੋਰ ਦੋਸ਼ ਇਹ ਹੈ ਕਿ ਇਹ ਕਿਫ਼ਾਇਤ ਦੇ ਸਿਧਾਂਤ ਦੇ ਖਰਾ ਨਹੀਂ ਉਤਰਦੀ। ਕਰ ਇਕੱਤਰ ਕਰਨ ਦੀ ਪ੍ਰਤੀ ਇਕਾਈ ਲਾਗਤ ਬਹੁਤ ਜ਼ਿਆਦਾ ਹੈ। ਪ੍ਰਬੰਧਕੀ ਖ਼ਰਚਾ ਲਗਾਤਾਰ ਵਧਦਾ ਜਾ ਰਿਹਾ ਹੈ। ਅਜਿਹਾ ਅਨੁਮਾਨ ਲਗਾਇਆ ਜਾਂਦਾ ਹੈ ਕਿ ਪਿਛਲੇ ਸਮਿਆਂ ਵਿਚ ਭਾਰਤ ਸਰਕਾਰ ਦੀ ਕਰ ਆਮਦਨ ਉੱਨੇ ਗੁਣਾਂ ਨਹੀਂ ਵਧੀ ਜਿੰਨੇ ਗੁਣਾਂ ਕਰ ਇਕੱਠਾ ਕਰਨ ਦੀ ਲਾਗਤ ਵਧ ਗਈ ਹੈ।

**(vi) ਲਚਕ ਦੀ ਕਮੀ (Lack of Elasticity)**

ਭਾਰਤ ਸਰਕਾਰ ਦੀ ਕਰ ਆਮਦਨ ਵਿਚ ਕਰਾਂ ਦੀਆਂ ਦਰਾਂ ਵਧਾਉਣ ਨਾਲ ਜਾਂ ਨਵੇਂ ਕਰ ਲਗਾ ਕੇ ਹੀ ਵਾਧਾ ਕੀਤਾ ਜਾ ਸਕਦਾ ਹੈ। ਰਾਸ਼ਟਰੀ ਆਮਦਨ ਵਿਚ ਵਾਧੇ ਨਾਲ ਕਰ ਆਮਦਨ ਸਹਿਜ ਸੁਭਾਅ ਨਹੀਂ ਵਧਦੀ ਭਾਵ ਇਸ ਵਿਚ ਘੱਟ ਲਚਕ ਹੈ।

**(vii) ਕਰ ਚੋਰੀ (Tax Evasion)**

ਭਾਰਤੀ ਕਰ ਪ੍ਰਣਾਲੀ ਦਾ ਇਕ ਮੁੱਖ ਦੋਸ਼ ਕਰ ਚੋਰੀ ਹੈ। ਕਰ ਚੋਰੀ ਅਤੇ ਕਰ ਤੋਂ ਬਚਾਅ (Tax avoidance) ਵਿਚ ਫ਼ਰਕ ਹੈ। ਜਦੋਂ ਕਰਦਾਤਾ ਜਾਣ ਬੁੱਝ ਕੇ ਕਰ ਅਧਿਕਾਰੀਆਂ ਨੂੰ ਆਪਣੀ ਕਰ ਯੋਗ ਆਮਦਨ ਘਟਾ ਕੇ ਦੱਸਦਾ ਹੈ ਜਾਂ ਆਮਦਨ ਛੁਪਾਉਣ ਦੀ ਗੈਰ ਕਾਨੂੰਨੀ ਕੋਸ਼ਿਸ਼ ਕਰਦਾ ਹੈ ਤਾਂ ਉਸਨੂੰ ਕਰ ਚੋਰੀ ਕਿਹਾ ਜਾਂਦਾ ਹੈ। ਦੂਜੇ ਪਾਸੇ ਜਦੋਂ ਕਰ ਕਾਨੂੰਨ (Tax Laws) ਦੇ ਦਾਇਰੇ ਵਿਚ ਰਹਿ ਕੇ ਕੋਈ ਵਿਅਕਤੀ ਛੋਟਾਂ ਜਾਂ ਬੱਚਤ ਸਕੀਮਾਂ ਵਰਗੇ ਢੰਗ ਤਰੀਕੇ ਅਪਣਾ ਕੇ ਆਪਣੀ ਕਰ ਦੇਣਦਾਰੀ ਤੋਂ ਬਚਦਾ ਹੈ ਜਾਂ ਉਸ ਨੂੰ ਘਟਾ ਲੈਂਦਾ ਹੈ ਤਾਂ ਕਰ ਤੋਂ ਬਚਾਅ ਹੈ। ਭਾਰਤ ਵਿਚ ਕਰਾਂ ਦੀਆਂ ਵਧੇਰੇ ਦਰਾਂ ਕਾਰਣ ਅਤੇ ਕਰ ਪ੍ਰਬੰਧ ਵਿਚ ਊਣਤਾਈਆਂ ਹੋਣ ਕਾਰਣ ਕਰ ਚੋਰੀ ਵਿਚ ਵਾਧਾ ਹੋਇਆ ਹੈ। ਕਰ ਚੋਰੀ ਬਾਰੇ ਸਹੀ ਅਨੁਮਾਨ ਲਗਾਉਣਾ ਭਾਵੇਂ ਕਠਿਨ ਕੰਮ ਹੈ ਪ੍ਰੰਤੂ ਫਿਰ ਵੀ ਇਸ ਸੰਬੰਧੀ ਭਿੰਨ ਭਿੰਨ ਸਮਿਆਂ ਤੇ ਅੰਦਾਜੇ ਲਗਾਏ ਜਾਂਦੇ ਰਹੇ ਹਨ। ਵਾਂਚੂ ਕਮੇਟੀ ਨੇ ਅਨੁਮਾਨ ਲਗਾਇਆ ਸੀ ਕਿ ਕੇਵਲ ਆਮਦਨ ਕਰ ਦੇ ਕਾਰਨ ਸਾਲ 1968 ਦੇ ਦੌਰਾਨ 470 ਕਰੋੜ ਰੁਪਏ ਦੇ ਕਰ ਦੀ ਚੋਰੀ ਹੋਈ ਸੀ। ਇਸ ਤੋਂ ਇਲਾਵਾ ਅਪ੍ਰਤੱਖ ਕਰਾਂ ਦੀ ਸੂਰਤ ਵਿਚ ਵੀ ਕਰਾਂ ਤੋਂ ਬਹੁਤ ਚੋਰੀ ਹੋ ਰਹੀ ਹੈ। ਵਪਾਰੀ ਲੋਕ ਦੋ ਤਰ੍ਹਾਂ ਦੀਆਂ ਲੇਖਾ ਪੁਸਤਕਾਂ ਰੱਖਦੇ ਹਨ- ਇਕ ਤਾਂ ਕਰ ਕਰਮਚਾਰੀਆਂ ਲਈ ਅਤੇ ਦੂਜੀ

ਆਪਣੀ ਵਰਤੋਂ ਲਈ। ਪ੍ਰੋ. ਕੈਲਡਰ ਦਾ ਵਿਚਾਰ ਹੈ ਕਿ ਕਰ ਚੋਰੀ ਕਾਰਣ ਹਰ ਸਾਲ ਖ਼ਜਾਨੇ ਨੂੰ ਤਕਰੀਬਨ 3000 ਕਰੋੜ ਰੁਪਏ ਦਾ ਘਾਟਾ ਪੈਂਦਾ ਹੈ। ਇਸ ਦੋਸ਼ ਕਾਰਣ ਦੇਸ਼ ਵਿਚ ਕਾਲੇ ਧਨ (Black money) ਦੀ ਸਮੱਸਿਆ ਪੈਦਾ ਹੁੰਦੀ ਹੈ। ਕਰ ਚੋਰੀ ਅਤੇ ਕਾਲਾ ਧਨ ਨਾਲੋ ਨਾਲ ਚੱਲਦੇ ਹੋਏ ਸਾਰੀ ਅਰਥ ਵਿਵਸਥਾ ਨੂੰ ਨੁਕਸਾਨ ਪਹੁੰਚਾਉਂਦੇ ਹਨ। (National Institute of Public Finance and Policy (NIPFP) ਵੱਲੋਂ ਲਗਾਏ ਅਨੁਮਾਨ ਮੁਤਾਬਿਕ ਕੁੱਲ ਘਰੇਲੂ ਉਤਪਾਦ ਵਿਚ ਕਰ ਚੋਰੀ ਆਮਦਨ ਦਾ ਹਿੱਸਾ 1975-76 ਵਿਚ 3.7 ਪ੍ਰਤਿਸ਼ਤ ਤੋਂ 5.7 ਪ੍ਰਤਿਸ਼ਤ ਅਤੇ 1980-81 ਵਿਚ 4.2 ਪ੍ਰਤਿਸ਼ਤ ਤੋਂ 8.6 ਪ੍ਰਤਿਸ਼ਤ ਸੀ। ਕਾਲੇ ਧਨ ਨੂੰ ਬਾਹਰ ਕੱਢਣ ਲਈ ਸਮੇਂ ਸਮੇਂ ਸਰਕਾਰ ਵੱਲੋਂ ਕਈ ਢੰਗ ਅਪਨਾਏ ਜਾਂਦੇ ਹਨ। ਜਿਵੇਂ Voluntary Disclosure Scheme 1975, Gold Bond Scheme 1977, Special Bearer Bond 1981, Voluntary Disclosure of Income Scheme 1997, VDIS, ਇਹਨਾਂ ਸਕੀਮਾਂ ਦਾ ਇਹ ਲਾਭ ਹੋਇਆ ਹੈ ਕਿ 1976 ਵਿਚ 746 ਕਰੋੜ ਰੁਪਏ ਦੇ ਕਾਲੇ ਧਨ ਨੂੰ ਘੋਸ਼ਿਤ ਕੀਤਾ ਗਿਆ ਅਤੇ ਇਸ ਤੋਂ ਸਰਕਾਰ ਨੂੰ 249 ਕਰੋੜ ਰੁਪਏ ਦੀ ਕਰ ਆਮਦਨ ਹੋਈ। 1985 ਵਿਚ 2940 ਕਰੋੜ ਰੁਪਏ ਦਾ ਕਾਲਾ ਧਨ ਘੋਸ਼ਿਤ ਕੀਤਾ ਗਿਆ ਅਤੇ ਇਸ ਤੋਂ 388 ਕਰੋੜ ਰੁਪਏ ਦੀ ਕਰ ਆਮਦਨ ਹੋਈ। 1997 ਵਿਚ VDIS ਰਾਹੀਂ 33289 ਕਰੋੜ ਰੁਪਏ ਦਾ ਕਾਲਾ ਧਨ ਘੋਸ਼ਿਤ ਹੋਇਆ ਅਤੇ ਇਸ ਤੋਂ 9745 ਕਰੋੜ ਰੁਪਏ ਸਰਕਾਰ ਨੇ ਕਰਾਂ ਵੱਜੋਂ ਇਕੱਤਰ ਕੀਤੇ।

ਉਪਰੋਕਤ ਵਿਆਖਿਆ ਤੋਂ ਤੁਹਾਨੂੰ ਸਪੱਸ਼ਟ ਹੋ ਗਿਆ ਹੋਵੇਗਾ ਕਿ ਭਾਰਤੀ ਕਰ ਪ੍ਰਣਾਲੀ ਵਿਚ ਬਹੁਤ ਸਾਰੇ ਦੋਸ਼ ਹਨ। ਸਰਕਾਰ ਵੱਲੋਂ ਲੰਬੇ ਸਮੇਂ ਲਈ ਕੋਈ ਵੀ ਨਿਯੋਜਿਤ ਕਰ ਨੀਤੀ ਨਹੀਂ ਬਣਾਈ ਗਈ। ਭਾਵੇਂ ਬਦਲ ਰਹੀਆਂ ਪ੍ਰਸਥਿਤੀਆਂ ਅਨੁਸਾਰ ਨਵੇਂ ਨਵੇਂ ਕਰ ਲੱਭੇ ਜਾ ਰਹੇ ਹਨ। ਫਿਰ ਵੀ ਅਜਿਹੇ ਪੁਰਾਣੇ ਰੂੜ੍ਹੀਵਾਦੀ ਕਰਾਂ ਨੂੰ ਨਹੀਂ ਛੱਡਿਆ ਜਾ ਰਿਹਾ ਜੋ ਚੰਗੀ ਕਰ ਆਮਦਨ ਪੈਦਾ ਨਹੀਂ ਕਰ ਸਕਦੇ। ਨਾ ਹੀ ਭਾਰਤੀ ਕਰ ਪ੍ਰਣਾਲੀ ਸਪੱਸ਼ਟ ਹੈ ਸਗੋਂ ਹਰ ਸਾਲ ਬਦਲਦੀਆਂ ਦਰਾਂ ਨੇ ਇਸ ਨੂੰ ਗੁੰਝਲਦਾਰ ਬਣਾ ਦਿੱਤਾ ਹੈ। ਨਾ ਹੀ ਇਹ ਕਿਫ਼ਾਇਤੀ ਹੈ ਅਤੇ ਨਾ ਹੀ ਲਚਕਦਾਰ ਹੈ। ਕਰ ਚੋਰੀ ਵੀ ਇਸ ਕਰ ਪ੍ਰਣਾਲੀ ਦਾ ਇੱਕ ਵੱਡਾ ਦੋਸ਼ ਹੈ।

**ਸਵੈ-ਮੁਲਾਂਕਣ ਅਭਿਆਸ-2**

ਉਪਰੋਕਤ ਵਿਆਖਿਆ ਦੇ ਆਧਾਰ ਤੇ ਨਿਮਨ ਪ੍ਰਸ਼ਨਾਂ ਦੇ ਉੱਤਰ ਲਿਖੋ।

1. ਭਾਰਤੀ ਕਰ ਪ੍ਰਣਾਲੀ ਦੇ ਦੋ ਦੋਸ਼ ਲਿਖੋ।
2. ਕਰ ਤੋਂ ਬਚਾਅ ਅਤੇ ਕਰ ਚੋਰੀ ਵਿਚਾਲੇ ਭੇਦ ਕਰੋ।
3. ਭਾਰਤੀ ਕਰ ਪ੍ਰਣਾਲੀ ਅਸਮਾਨਤਾ ਫੈਲਾਉਂਦੀ ਹੈ ? ਵਿਆਖਿਆ ਕਰੋ।

### 2.1.3.4 ਵਿਭਿੰਨ ਕਮੇਟੀਆਂ/ਕਮਿਸ਼ਨਾਂ ਵੱਲੋਂ ਭਾਰਤੀ ਕਰ ਪ੍ਰਣਾਲੀ ਦੇ ਸੁਧਾਰ ਲਈ ਦਿੱਤੇ ਗਏ ਸੁਝਾਅ

ਸਰਕਾਰ ਵੱਲੋਂ ਸਮੇਂ ਸਮੇਂ ਦੇਸ਼ ਵਿਚ ਕਰ ਢਾਂਚੇ ਨੂੰ ਸੁਧਾਰਨ ਲਈ ਕਮਿਸ਼ਨ/ਕਮੇਟੀਆਂ ਬਿਠਾਈਆਂ ਗਈਆਂ ਜਿਨ੍ਹਾਂ ਦੁਆਰਾ ਦਿੱਤੇ ਗਏ ਕੁਝ ਸੁਝਾਅ ਹੇਠ ਲਿਖੇ ਅਨੁਸਾਰ ਹਨ :

(i) ਕਰਾਧਾਨ ਖੋਜ ਕਮਿਸ਼ਨ 1953-54 ਦੇ ਕੁਝ ਮੁੱਖ ਸੁਝਾਅ ਇਸ ਤਰ੍ਹਾਂ ਸਨ :

- ਖੇਤੀਬਾੜੀ ਆਮਦਨ ਤੇ ਕਰ ਲਗਾਇਆ ਜਾਵੇ।
- ਵਿਕਰੀ ਕਰਾਂ ਦਾ ਖੇਤਰ ਵਧਾਇਆ ਜਾਵੇ।
- ਪ੍ਰਤੱਖ ਕਰਾਂ ਵਿਚ ਵਾਧਾ ਕੀਤਾ ਜਾਵੇ।
- ਘਾਟੇ ਦੀ ਵਿੱਤ ਵਿਵਸਥਾ ਨੂੰ ਰੋਕਿਆ ਜਾਵੇ।

(ii) ਪ੍ਰੋ. ਕੈਲਡਰ ਵੱਲੋਂ 1956 ਵਿਚ ਕਰ ਸੁਧਾਰ ਲਈ ਦਿੱਤੇ ਗਏ ਕੁਝ ਸੁਝਾਅ :

- ਕਰਾਂ ਦੇ ਆਧਾਰ ਨੂੰ ਵਧਾਇਆ ਜਾਵੇ।
- ਵਪਾਰਕ ਕਰਾਂ ਦੀ ਦਰ ਵਿਚ ਸੁਧਾਰ ਕੀਤਾ ਜਾਵੇ।
- ਆਮਦਨ ਕਰ ਕਰਾਧਾਨ ਦਾ ਉੱਚਿਤ ਆਧਾਰ ਨਹੀਂ ਸੋ ਖ਼ਰਚ ਕਰ ਲਗਾਇਆ ਜਾਵੇ।
- ਕਰ ਚੋਰੀ ਰੋਕਣ ਲਈ ਵੀ ਸੁਝਾਅ ਦਿੱਤੇ।

(iii) ਸ੍ਰੀ ਬੂਥਾਲਿੰਗਮ ਵੱਲੋਂ 1968 ਵਿਚ ਦਿੱਤੇ ਗਏ ਖ਼ਾਸ ਸੁਝਾਅ :

- ਕਰ ਢਾਂਚੇ ਦਾ ਅਰਥ ਵਿਵਸਥਾ ਤੇ ਘੱਟੋ ਘੱਟ ਬੁਰਾ ਪ੍ਰਭਾਵ ਹੋਣਾ ਚਾਹੀਦਾ ਹੈ।
- ਤੋਹਫ਼ਾ ਕਰ ਅਦਾ ਕਰਨ ਦੀ ਜ਼ਿੰਮੇਵਾਰੀ ਦੇਣ ਵਾਲੇ ਦੀ ਨਹੀਂ ਸਗੋਂ ਪ੍ਰਾਪਤ ਕਰਨ ਵਾਲੇ ਤੇ ਪਾਉਣੀ ਚਾਹੀਦੀ ਹੈ।

(iv) ਵਾਂਚੂ ਕਮੇਟੀ (1972) ਦੀਆਂ ਮੁੱਖ ਸਿਫ਼ਾਰਸ਼ਾਂ :

– ਕਰ ਚੋਰੀ ਅਤੇ ਕਾਲਾ ਧਨ ਨਾਲੋ ਨਾਲ ਚੱਲਦੇ ਹਨ ਸੋ ਇਨ੍ਹਾਂ ਨੂੰ ਰੋਕਣ ਲਈ ਕਈ ਸੁਝਾਅ ਦਿੱਤੇ ।
– ਖੇਤੀਬਾੜੀ ਆਮਦਨ ਕਰ ਲਗਾਇਆ ਜਾਵੇ ।
– ਪ੍ਰਭਾਵਸ਼ਾਲੀ ਪ੍ਰਬੰਧਕੀ ਨੀਤੀ ਅਪਨਾਈ ਜਾਵੇ ਤਾਂ ਕਿ ਕਰਾਂ ਨੂੰ ਸਹੀ ਢੰਗ ਨਾਲ ਇਕੱਠਾ ਕੀਤਾ ਜਾਵੇ ।

(v) ਰਾਜ ਕਮੇਟੀ (1973) ਦੇ ਕੁਝ ਸੁਝਾਅ :

– ਖੇਤੀਬਾੜੀ ਆਮਦਨ ਅਤੇ ਗੈਰ ਖੇਤੀਬਾੜੀ ਆਮਦਨ ਤੇ ਇਕਸਾਰ ਕਰ ਲਗਾਏ ਜਾਣ ।
– ਭੂ ਮਾਲੀਆ (Land Revenue) ਨੂੰ Agriculture holding tax ਨਾਲ ਬਦਲ ਦਿੱਤਾ ਜਾਵੇ ।

(vi) ਚੌਕਸੀ ਕਮੇਟੀ (1977) ਦੀਆਂ ਸਿਫ਼ਾਰਸ਼ਾਂ :

– ਖੇਤੀਬਾੜੀ ਆਮਦਨ ਨੂੰ ਵੀ ਕੇਂਦਰੀ ਲਿਸਟ ਵਿਚ ਸ਼ਾਮਿਲ ਕੀਤਾ ਜਾਵੇ । ਜੇ ਇਹ ਸੰਭਵ ਨਾ ਹੋਵੇ ਤਾਂ ਖੇਤੀਬਾੜੀ ਆਮਦਨ ਤੇ ਸਾਰੀਆਂ ਰਾਜ ਸਰਕਾਰਾਂ ਇਕਸਾਰ ਦਰਾਂ ਤੇ ਕਰ ਲਗਾਉਣ ।
– ਕਰ ਅਧਿਕਾਰੀਆਂ ਅਤੇ ਕਰਦਾਤਾ ਵਿਚਾਲੇ ਸੁਖਾਵੇਂ ਸੰਬੰਧ ਸਥਾਪਿਤ ਕੀਤੇ ਜਾਣ ।

(vii) ਝਾਅ ਕਮੇਟੀ (1978) ਦੇ ਮੁੱਖ ਸੁਝਾਅ :

– ਸਾਰੇ ਰਾਜਾਂ ਵਿਚ ਵਿਕਰੀ ਕਰ ਦੇ ਢਾਂਚੇ ਵਿਚ ਸਮਾਨਤਾ ਲਿਆਂਦੀ ਜਾਵੇ ।
– ਅਪ੍ਰਤੱਖ ਕਰਾਂ ਨੂੰ ਤਰਕਸ਼ੀਲ ਬਣਾਇਆ ਜਾਵੇ ।

(viii) ਚੇਲ੍ਹੀਆ ਕਮੇਟੀ ਦੀਆਂ ਸਿਫ਼ਾਰਸ਼ਾਂ :

1991-92 ਵਿਚ ਰਾਜਾ ਜੇ. ਚਲ੍ਹੀਆ ਦੀ ਪ੍ਰਧਾਨਗੀ ਹੇਠ ਬਣਾਈ ਗਈ ਇਸ ਕਮੇਟੀ ਦੀਆਂ ਮੁੱਖ ਸਿਫਾਰਸ਼ਾਂ ਨਿਮਨ ਅਨੁਸਾਰ ਸਨ :

– ਪ੍ਰਤੱਖ ਕਰਾਂ ਅਤੇ ਅਪ੍ਰਤੱਖ ਕਰਾਂ ਦੋਨਾਂ ਦਾ ਆਧਾਰ ਵਧਾਇਆ ਜਾਵੇ ।
– ਕਰ ਢਾਂਚੇ ਨੂੰ ਸੌਖਾ ਅਤੇ ਉੱਚਿਤ ਬਣਾਇਆ ਜਾਵੇ ।
– ਆਬਕਾਰੀ ਕਰ ਪ੍ਰਣਾਲੀ ਦੀ ਥਾਂ ਤੇ ਮੁੱਲ ਵਾਧਾ ਕਰ ਲਗਾਇਆ ਜਾਵੇ ।
– ਕਰ ਪ੍ਰਬੰਧ ਵਿਚੋਂ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਵੀ ਢੰਗ ਦੱਸੇ ।

(ix) ਕੇਲਕਰ ਕਮੇਟੀ (2002) ਦੀਆਂ ਸਿਫ਼ਾਰਸ਼ਾਂ :

ਡਾ. ਵਿਜੇ ਕੇਲਕਰ ਦੀ ਪ੍ਰਧਾਨਗੀ ਹੇਠ ਪ੍ਰਤੱਖ ਕਰਾਂ ਅਤੇ ਅਪ੍ਰਤੱਖ ਕਰਾਂ ਨੂੰ ਸੁਖਾਲਾ ਅਤੇ ਸਹੀ ਕਰਨ ਲਈ ਟਾਸਕ ਫੋਰਸ ਬਣਾਈ ਗਈ । ਇਸ ਕਮੇਟੀ ਨੇ ਕਰ ਪ੍ਰਬੰਧ, ਕਸਟਮ ਟੈਰਿਫ਼, ਕੇਂਦਰੀ ਆਬਕਾਰੀ ਕਰ, ਆਮਦਨ ਕਰ, ਨਿਗਮ ਕਰ ਨੂੰ ਸੁਧਾਰਨ ਲਈ ਕਈ ਸਿਫ਼ਾਰਸ਼ਾਂ ਕੀਤੀਆਂ ।

ਉਪਰੋਕਤ ਸਾਰੀਆਂ ਕਮੇਟੀਆਂ ਦੀਆਂ ਕੁਝ ਸਿਫ਼ਾਰਸ਼ਾਂ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਮੰਨੀਆਂ ਜਾਂਦੀਆਂ ਰਹੀਆਂ ਹਨ ਅਤੇ ਕਰ ਪ੍ਰਣਾਲੀ ਨੂੰ ਸੁਧਾਰਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਹਨ । ਇਸ ਦੇ ਬਾਵਜੂਦ ਵੀ ਸਾਡੀ ਕਰ ਪ੍ਰਣਾਲੀ ਖ਼ਾਸ ਤਵੱਜੋ ਮੰਗਦੀ ਹੈ । ਇਸ ਵਿਚ ਪ੍ਰਤੱਖ ਕਰਾਂ ਵਿਚ ਵਾਧਾ ਅਤੇ ਉਹਨਾਂ ਅਪ੍ਰਤੱਖ ਕਰਾਂ ਵਿਚ ਕਮੀ ਕਰਨੀ ਚਾਹੀਦੀ ਹੈ । ਜਿਨ੍ਹਾਂ ਦਾ ਬੋਝ ਗਰੀਬ ਲੋਕਾਂ ਤੇ ਪੈਂਦਾ ਹੋਵੇ ਜ਼ਰੂਰੀ ਵਸਤਾਂ, ਆਰਾਮਦਾਇਕ ਵਸਤਾਂ ਅਤੇ ਵਿਲਾਸਤਾ ਵਾਲੀਆਂ ਵਸਤਾਂ ਬਾਰੇ ਢੁਕਵਾਂ ਵਰਗੀਕਰਣ ਕਰਕੇ ਪ੍ਰਗਤੀਸ਼ੀਲ ਕਰ ਪ੍ਰਣਾਲੀ ਅਪਣਾਉਣੀ ਚਾਹੀਦੀ ਹੈ ।

– ਕਰ ਪ੍ਰਣਾਲੀ ਬਹੁਤ ਸਰਲ/ਸੁਖਾਲੀ ਹੋਣੀ ਚਾਹੀਦੀ ਹੈ ।
– ਇਕ ਨਿਸ਼ਚਿਤ ਹੱਦ ਤੋਂ ਵੱਧ ਆਮਦਨ ਜਿਸ ਵੀ ਕਿੱਤੇ/ਸਾਧਨ ਰਾਹੀਂ ਕਮਾਈ ਜਾਵੇ ਕਰ ਦਾਇਰੇ ਵਿਚ ਆਉਣੀ ਚਾਹੀਦੀ ਹੈ ।
– ਕਰਾਂ ਦੀ ਚੋਰੀ ਰੋਕਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਕਰ ਇਕੱਠਾ ਕਰਨ ਦਾ ਢੰਗ ਵੀ ਖ਼ਰਚੀਲਾ ਨਹੀਂ ਹੋਣਾ ਚਾਹੀਦਾ । ਸੁਚੱਜਾ ਕਰ ਪ੍ਰਸ਼ਾਸਨ ਸਹੀ ਢੰਗ ਤਰੀਕੇ ਵਰਤ ਕੇ ਕਰ ਇਕੱਠਾ ਕਰ ਸਕਦਾ ਹੈ ।

**2.1.4 ਸਾਰਾਂਸ਼ (Summary)**

ਇਸ ਪਾਠ ਵਿਚ ਤੁਹਾਨੂੰ ਦੱਸਿਆ ਗਿਆ ਹੈ ਕਿ ਭਾਰਤ ਇਕ ਸੰਘਵਾਦੀ ਰਾਜ ਹੈ ਜਿਸ ਵਿਚ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੀਆਂ ਵਿੱਤੀ ਸ਼ਕਤੀਆਂ ਦੀ ਸਪੱਸ਼ਟ ਵੰਡ ਹੈ । ਇਹਨਾਂ ਸਰਕਾਰਾਂ ਦੇ ਵਿੱਤੀ ਸਾਧਨਾਂ ਵਿਚ ਸਭ ਤੋਂ ਮਹੱਤਵਪੂਰਣ ਸਾਧਨ

ਕਰਾਧਾਨ (Taxation) ਹੈ। ਇਹਨਾਂ ਕਰਾਂ ਨੂੰ ਪ੍ਰਤੱਖ ਕਰ ਅਤੇ ਅਪ੍ਰਤੱਖ ਕਰ ਵਿਚ ਵੰਡਿਆ ਜਾਂਦਾ ਹੈ। ਪ੍ਰਤੱਖ ਕਰਾਂ ਵਿਚੋਂ ਅਮਾਦਨ ਕਰ, ਨਿਗਮ ਕਰ, ਸੰਪਤੀ ਕਰ, ਉਪਹਾਰ ਕਰ ਕੇਂਦਰ ਸਰਕਾਰ ਦੇ ਦਾਇਰੇ ਵਿਚ ਆਉਂਦੇ ਹਨ। ਦੂਜੇ ਪਾਸੇ ਖੇਤੀਬਾੜੀ ਆਮਦਨ ਕਰ ਅਤੇ ਭੂਮੀ ਕਰ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਹਨ। ਅਪ੍ਰਤੱਖ ਕਰਾਂ ਵਿਚੋਂ ਆਬਕਾਰੀ ਕਰ ਅਤੇ ਕਸਟਮ ਡਿਊਟੀਆਂ ਕੇਂਦਰ ਸਰਕਾਰ ਲਗਾਉਂਦੀ ਹੈ ਅਤੇ ਵਿਕਰੀ ਕਰ/ਮੁੱਲ ਵਾਧਾ ਕਰ, ਯਾਤਰੀ ਕਰ, ਮਨੋਰੰਜਨ ਕਰ, ਬਿਜਲੀ ਕਰ ਆਦਿ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਹਨ। ਇਸ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਭਾਰਤ ਵਿਚ ਕਰਾਂ ਦੀ ਵਿਭਿੰਨਤਾ ਪਾਈ ਜਾਂਦੀ ਹੈ। ਹਰੇਕ ਵਿਅਕਤੀ ਕਿਸੇ ਨਾ ਕਿਸੇ ਆਰਥਿਕ ਕ੍ਰਿਆ ਸਮੇਂ ਕਰਾਂ ਦੇ ਘੇਰੇ ਵਿਚ ਆ ਜਾਂਦਾ ਹੈ। ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿਚ ਕਰਾਂ ਦਾ ਅਨੁਪਾਤ ਵਧਦਾ ਜਾ ਰਿਹਾ ਹੈ।

ਭਾਰਤ ਵਿਚ ਕਰ ਆਮਦਨ ਦਾ ਵਧੇਰੇ ਹਿੱਸਾ ਪ੍ਰਤੱਖ ਕਰਾਂ ਦੀ ਬਜਾਇ ਅਪ੍ਰਤੱਖ ਕਰਾਂ ਤੋਂ ਪ੍ਰਾਪਤ ਹੁੰਦਾ ਹੈ ਜਿਸ ਨੂੰ ਬਦਲਣ ਦੀ ਲੋੜ ਹੈ। ਭਾਰਤ ਸਰਕਾਰ ਵੱਲੋਂ ਕਰ ਪ੍ਰਣਾਲੀ ਨੂੰ ਪ੍ਰਗਤੀਸ਼ੀਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇੱਥੋਂ ਤੱਕ ਕਿ ਹਰੇਕ ਖੇਤਰ (ਜਿਵੇਂ ਸੇਵਾਵਾਂ) ਨੂੰ ਕਰ ਦਾਇਰੇ ਵਿਚ ਲਿਆਉਣ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਪ੍ਰਤੱਖ ਕਰਾਂ ਦੇ ਦੋਸ਼ ਘੱਟ ਕਰਨ ਲਈ ਮੁੱਲ ਵਾਧਾ ਕਰ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ। ਭਾਵੇਂ ਸਮੇਂ ਸਮੇਂ ਸਰਕਾਰ ਵੱਲੋਂ ਕਮਿਸ਼ਨ/ਕਮੇਟੀਆਂ ਬਿਠਾਈਆਂ ਗਈਆਂ ਅਤੇ ਉਹਨਾਂ ਦੀਆਂ ਕੁਝ-ਕੁਝ ਸਿਫ਼ਾਰਸ਼ਾਂ ਮੰਨੀਆਂ ਵੀ ਜਾਂਦੀਆਂ ਰਹੀਆਂ ਹਨ ਫਿਰ ਵੀ ਭਾਰਤੀ ਕਰ ਪ੍ਰਣਾਲੀ ’ਤੇ ਗੈਰ ਨਿਯੋਜਿਤ, ਰੂੜ੍ਹੀਵਾਦੀ, ਲਚਕਹੀਨ, ਜਟਿਲਤਾ, ਅਸਮਾਨਤਾ ਵਧਾਉਣ ਵਾਲੀ, ਸਫ਼ੀਤੀਜਨਕ ਹੋਣ ਦੇ ਦੋਸ਼ ਪਾਏ ਜਾਂਦੇ ਹਨ। ਕਰ ਚੋਰੀ ਵੀ ਇਸ ਦਾ ਅਹਿਮ ਦੋਸ਼ ਹੈ ਸੋ ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਕਰ ਪ੍ਰਣਾਲੀ ਦੇ ਦੋਸ਼ਾਂ ਨੂੰ ਦੂਰ ਕਰਨ ਲਈ ਅਪ੍ਰਤੱਖ ਕਰਾਂ ਤੇ ਨਿਰਭਰਤਾ ਘਟਾ ਕੇ ਪ੍ਰਗਤੀਸ਼ੀਲ ਪ੍ਰਤੱਖ ਕਰਾਂ ਰਾਹੀਂ ਕਰ ਆਮਦਨ ਵਧਾਉਣੀ ਚਾਹੀਦੀ ਹੈ। ਕਰ ਪ੍ਰਣਾਲੀ ਨੂੰ ਸਰਲ, ਕਿਫ਼ਾਇਤੀ ਅਤੇ ਲਚਕਦਾਰ ਬਣਾਉਣਾ ਚਾਹੀਦਾ ਹੈ। ਕਰ ਚੋਰੀ, ਭ੍ਰਿਸ਼ਟਾਚਾਰ ਅਤੇ ਕਾਲਾ ਬਾਜ਼ਾਰੀ ਰੋਕਣ ਦੇ ਢੰਗ ਤਰੀਕੇ ਲੱਭਣ ਲਈ ਵਿਸ਼ੇਸ਼ ਕਮਿਸ਼ਨ ਬਿਠਾਉਣਾ ਚਾਹੀਦਾ ਹੈ।

### ਕੇਂਦਰੀ ਲਿਸਟ/ਲਿਸਟ-I

## ਕੇਂਦਰ ਸਰਕਾਰ ਵੱਲੋਂ ਲਗਾਏ ਜਾਣ ਵਾਲੇ ਕੁਝ ਅਹਿਮ ਕਰ

1. ਖੇਤੀਬਾੜੀ ਆਮਦਨ ਨੂੰ ਛੱਡ ਕੇ ਬਾਕੀ ਹਰ ਪ੍ਰਕਾਰ ਦੀ ਆਮਦਨ ਉੱਪਰ ਕਰ।
2. ਕਸਟਮ ਡਿਊਟੀਆਂ ਜਿਨ੍ਹਾਂ ਵਿਚ ਨਿਰਯਾਤ ਕਰ ਵੀ ਸ਼ਾਮਿਲ ਹੈ।
3. ਐਕਸਾਈਜ ਡਿਊਟੀ (ਅਲਕੋਹਲ, ਸ਼ਰਾਬ, ਅਫ਼ੀਮ, ਗਾਂਜਾ ਨੂੰ ਛੱਡ ਕੇ)
4. ਕਾਰਪੋਰੇਸ਼ਨ ਕਰ।
5. ਖੇਤੀਬਾੜੀ ਭੂਮੀ ਤੋਂ ਇਲਾਵਾ ਵਿਅਕਤੀਆਂ ਅਤੇ ਕੰਪਨੀਆਂ ਦੀ ਸੰਪਤੀ ਦੇ ਪੂੰਜੀਗਤ ਮੁੱਲ ਤੇ ਕਰ, ਕੰਪਨੀਆਂ ਦੀ ਪੂੰਜੀ ਤੇ ਕਰ।
6. ਖੇਤੀਬਾੜੀ ਭੂਮੀ ਤੋਂ ਇਲਾਵਾ ਬਾਕੀ ਜਾਇਦਾਦ ਉੱਪਰ ਕਰ ਜਾਇਦਾਦ ਕਰ (Estate duty).
7. ਖੇਤੀਬਾੜੀ ਭੂਮੀ ਤੋਂ ਇਲਾਵਾ ਬਾਕੀ ਜਾਇਦਾਦ ਵਾਰਸਾਂ ਵਿਚ ਵੰਡਣ ਤੇ ਕਰ।
8. ਉਹਨਾਂ ਵਸਤਾਂ ਅਤੇ ਯਾਤਰੀਆਂ ਜਿਹੜੇ ਰੇਲਵੇ, ਸਮੁੰਦਰੀ ਜਹਾਜ਼ਾਂ ਜਾਂ ਹਵਾਈ ਜਹਾਜ਼ਾਂ ਦੁਆਰਾ ਇੱਕ ਥਾਂ ਤੋਂ ਦੂਜੀ ਥਾਂ ਤੇ ਲਿਜਾਏ ਜਾਣ ਅਤੇ ਰੇਲਵੇ ਦੇ ਕਿਰਾਏ ਅਤੇ ਮਾਲ-ਢੁਆਈ ਤੇ ਕਰ।
9. ਅਸ਼ਟਾਮਾਂ ਤੋਂ ਇਲਾਵਾ ਸਟਾਕ ਐਕਸਚੇਂਜਾਂ ਅਤੇ ਭਵਿੱਖੀ ਮਾਰਕੀਟਾਂ ਵਿਚਲੇ ਲੈਣ ਦੇਣ ਤੇ ਕਰ।
10. ਅਖ਼ਬਾਰਾਂ ਦੀ ਖ਼ਰੀਦ ਅਤੇ ਵਿਕਰੀ ਅਤੇ ਉਨ੍ਹਾਂ ਵਿਚ ਇਸ਼ਤਿਹਾਰਾਂ ਤੇ ਕਰ।
11. ਅਖ਼ਬਾਰਾਂ ਤੋਂ ਇਲਾਵਾ ਹੋਰ ਵਸਤਾਂ ਦੀ ਅੰਤਰ ਰਾਜੀ ਵਪਾਰ ਜਾਂ ਵਿਕਰੀ ਅਤੇ ਖ਼ਰੀਦ ਉੱਪਰ ਕਰ।

ਭਾਰਤੀ ਸੰਵਿਧਾਨ ਦੀ ਸੱਤਵੀਂ ਸਾਰਣੀ ਵਿਚ ਦਰਜ ਦੂਜੀ ਲਿਸਟ ਵਿਚ ਰਾਜ ਸਰਕਾਰਾਂ ਵੱਲੋਂ ਲਏ ਜਾਣ ਵਾਲੇ ਕੁਝ ਮੁੱਖ ਕਰਾਂ ਦਾ ਵੇਰਵਾ ਹੇਠਾ ਦਿੱਤਾ ਗਿਆ ਹੈ।

## ਰਾਜ ਸਰਕਾਰਾਂ ਵੱਲੋਂ ਲਗਾਏ ਜਾਣ ਵਾਲੇ ਕਰ ਜਾਂ
## ਲਿਸਟ-II

1. ਭੌਂ ਮਾਲੀਆ।
2. ਖੇਤੀ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਤੇ ਕਰ।
3. ਖੇਤੀਬਾੜੀ ਭੂਮੀ ਦੀ ਮਲਕੀਅਤ ਬਦਲਣ ਤੇ ਕਰ।
4. ਖੇਤੀਬਾੜੀ ਭੂਮੀ ਉੱਪਰ ਜਾਇਦਾਦ ਕਰ।
5. ਭੂਮੀ ਅਤੇ ਮਕਾਨਾਂ ਤੇ ਕਰ।
6. ਖਿਨਜ ਪਦਾਰਥਾਂ ਦੀ ਮਾਲਕੀ ਤੇ ਕਰ।
7. ਰਾਜ ਵਿਚ ਪੈਦਾ ਕੀਤੀਆਂ ਨਸ਼ੀਲੀਆਂ ਵਸਤਾਂ ਤੇ ਕਰ ਪ੍ਰੰਤੂ ਦਵਾਈਆਂ ਅਤੇ ਸਾਬਨਾਂ ਨੂੰ ਛੱਡ ਕੇ ਜਿਨ੍ਹਾਂ ਵਿਚ ਅਲਕੋਹਲ ਦਾ ਪ੍ਰਯੋਗ ਕੀਤਾ ਗਿਆ ਹੋਵੇ।
8. ਉਪਭੋਗ, ਵਰਤੋਂ ਜਾਂ ਵਿਕਰੀ ਲਈ ਸਥਾਨਕ ਖੇਤਰ ਵਿਚ ਸ਼ਾਮਿਲ ਹੋਣ ਵਾਲੀ ਵਸਤੂ ਤੇ ਕਰ।
9. ਬਿਜਲੀ ਦੇ ਉਪਭੋਗ ਜਾਂ ਵਿਕਰੀ ਤੇ ਕਰ।
10. ਅਖ਼ਬਾਰਾਂ ਵਿਚਲੇ ਇਸ਼ਤਹਾਰਾਂ ਨੂੰ ਛੱਡ ਕੇ ਬਾਕੀ ਇਸ਼ਤਿਹਾਰਬਾਜ਼ੀ ਤੇ ਕਰ।
11. ਅਖ਼ਬਾਰਾਂ ਨੂੰ ਛੱਡ ਕੇ ਹੋਰ ਵਸਤਾਂ ਦੀ ਵਿਕਰੀ ਤੇ ਖ਼ਰੀਦ ਉੱਪਰ ਕਰ।
12. ਸੜਕਾਂ ਅਤੇ ਦਰਿਆਵਾਂ ਰਾਹੀਂ ਲਿਜਾਈਆਂ ਜਾਂਦੀਆਂ ਵਸਤਾਂ ਅਤੇ ਮੁਸਾਫ਼ਿਰਾਂ ਤੇ ਕਰ।
13. ਸੜਕਾਂ ਉੱਪਰ ਚੱਲਣ ਵਾਲੇ ਵਾਹਨਾਂ ਤੇ ਕਰ।
14. ਜਾਨਵਰਾਂ ਅਤੇ ਕਿਸ਼ਤੀਆਂ ਤੇ ਕਰ।
15. ਟੋਲ ਟੈਕਸ।
16. ਪ੍ਰੋਫੈਸ਼ਨ, ਵਪਾਰ, ਸੱਟਾ ਅਤੇ ਰੁਜ਼ਗਾਰ ਤੇ ਕਰ।
17. ਵਿਲਾਸਤਾ ਵਾਲੀਆਂ ਵਸਤਾਂ, ਦਿਲ ਪ੍ਰਚਾਵੇ, ਸ਼ਰਤਾਂ ਅਤੇ ਜੂਏ ਤੇ ਕਰ।
18. ਕੇਂਦਰੀ ਸਰਕਾਰ ਵੱਲੋਂ ਲਾਈਆਂ ਡਿਊਟੀਜ਼ ਨੂੰ ਛੱਡ ਕੇ ਬਾਕੀ ਦਸਤਾਵੇਜਾਂ ਤੇ ਅਸ਼ਟਾਮ ਡਿਊਟੀ।

### 2.1.5 ਤਕਨੀਕੀ ਸ਼ਬਦਾਵਲੀ

**ਕਰ**

ਸਰਕਾਰ ਨੂੰ ਦਿੱਤਾ ਜਾਣ ਵਾਲਾ ਭੁਗਤਾਨ ਹੈ ਜਿਸ ਤੋਂ ਬਚਿਆ ਨਹੀਂ ਜਾ ਸਕਦਾ।

**ਪ੍ਰਤੱਖ ਕਰ**

ਜਿਸ ਦਾ ਭੁਗਤਾਨ ਉਸ ਵਿਅਕਤੀ ਨੂੰ ਹੀ ਕਰਨਾ ਪੈਂਦਾ ਹੈ ਜਿਸ ਤੇ ਇਹ ਲਗਾਏ ਜਾਂਦੇ ਹਨ। ਭਾਵ ਕਰ ਦੇ ਮੁਦਰਾ ਭਾਰ ਨੂੰ ਹੋਰ ਕਿਸੇ ਤੇ ਨਹੀਂ ਬਦਲਿਆ ਜਾ ਸਕਦਾ ਜਿਵੇਂ ਆਮਦਨ ਕਰ, ਸੰਪੱਤੀ ਉੱਪਰ ਕਰ ਤੇ ਖ਼ਰਚ ਕਰ।

**ਅਪ੍ਰਤੱਖ ਕਰ**

ਜਿਸ ਦਾ ਭੁਗਤਾਨ ਕਿਸੇ ਹੋਰ ਵਿਅਕਤੀ ਤੇ ਵੀ ਬਦਲਿਆ ਜਾ ਸਕਦਾ ਹੈ। ਉਦਾਹਰਣ ਵੱਜੋਂ ਵਿਕਰੀ ਕਰ ਦਾ ਭਾਰ ਉਤਪਾਦਕ ਵੱਲੋਂ ਕੀਮਤ ਵਧਾ ਕੇ ਉਪਭੋਗਤਾ ਤੇ ਪਾਇਆ ਜਾਂਦਾ ਹੈ।

**ਆਮਦਨ ਕਰ**

ਵਿਅਕਤੀਆਂ ਦੀ ਆਮਦਨ ਅਤੇ ਸਾਂਝੇ ਪਰਿਵਾਰ ਦੀ ਆਮਦਨ ਤੇ ਲਾਇਆ ਜਾਂਦਾ ਹੈ।

**ਕਸਟਮ ਡਿਊਟੀ**

ਕੇਂਦਰ ਸਰਕਾਰ ਵੱਲੋਂ ਵਸਤਾਂ ਦੇ ਆਯਾਤ (ਵਿਦੇਸ਼ਾਂ ਤੋਂ ਮੰਗਵਾਉਣ ਵਾਲੀਆਂ ਵਸਤਾਂ) ਅਤੇ ਵਸਤਾਂ ਦੇ ਨਿਰਯਾਤ (ਵਿਦੇਸ਼ਾਂ ਨੂੰ ਭੇਜੀਆਂ ਜਾਣ ਵਾਲੀਆਂ ਵਸਤਾਂ) ਤੇ ਲਗਾਇਆ ਜਾਂਦਾ ਹੈ।

**ਕਰ ਚੋਰੀ**

ਜਦੋਂ ਕੋਈ ਕਰ ਦਾਤਾ ਜਾਣ ਬੁੱਝ ਕੇ ਆਪਣੀ ਕਰਯੋਗ ਆਮਦਨ ਗੈਰ ਕਾਨੂੰਨੀ ਢੰਗ ਨਾਲ ਛੁਪਾਉਂਦਾ ਹੈ ਤਾਂ ਉਹ ਕਰ ਚੋਰੀ ਹੈ।

## ਜੀ ਐਸ ਟੀ (GST) ਤੇ ਇੱਕ ਨੋਟ

ਜੀ ਐਸ ਟੀ ਇੱਕ ਅਪ੍ਰਤੱਖ ਕਰ ਹੈ ਅਤੇ ਇਸ ਨੇ ਭਾਰਤ ਵਿੱਚ ਬਹੁਤ ਸਾਰੇ ਅਪ੍ਰਤੱਖ ਕਰਾਂ ਦੀ ਥਾਂ ਲੈ ਲਈ ਹੈ।ਜੀ ਐਸ ਟੀ ਐਕਟ ਪਾਰਲੀਮੈਂਟ ਵਿੱਚ 29 ਮਾਰਚ 2017 ਨੂੰ ਪਾਸ ਕੀਤਾ ਗਿਆ ਅਤੇ ਪਹਿਲੀ ਜੁਲਾਈ 2017 ਵਿੱਚ ਇਸ ਨੂੰ ਲਾਗੂ ਕਰ ਦਿੱਤਾ ਗਿਆ।ਇਹ ਕਰ ਵਸਤਾਂ ਅਤੇ ਸੇਵਾਵਾਂ ਦੀ ਪੂਰਤੀ (Supply) ਤੇ ਲਾਗੂ ਕੀਤਾ ਜਾਂਦਾ ਹੈ।ਇਹ ਕਰ ਵਿਕਰੀ ਦੇ ਹਰੇਕ ਪੜ੍ਹਾਅ (Point) ਤੇ ਲਾਗੂ ਕੀਤਾ ਜਾਂਦਾ ਹੈ।

ਜੀ ਐਸ ਟੀ ਕੇਂਦਰ ਅਤੇ ਰਾਜ ਸਰਕਾਰਾਂ ਦੋਹਾਂ ਰਾਹੀਂ ਲਾਗੂ ਕੀਤਾ ਜਾਂਦਾ ਹੈ।ਕੇਂਦਰੀ ਸਰਕਾਰ CGST (Central Goods and Services Tax) ਲਾਗੂ ਅਤੇ ਇੱਕਠਾ ਕਰੇਗੀ,ਜਦ ਕਿ ਰਾਜ ਸਰਕਾਰਾਂ SGST (State Goods and Services Tax) ਲਾਗੂ ਕਰਨਗੀਆਂ ।ਇਹ ਦੋਵੇਂ ਟੈਕਸ (CGST and SGST) ਉਦੋਂ ਲਾਗੂ ਕੀਤੇ ਜਾਣਗੇ ਜਦੋਂ ਕਿ ਲੈਣ-ਦੇਣ(transaction) ਇੱਕ ਰਾਜ ਦੇ ਵਿਚ ਹੀ ਹੋਵੇਗਾ।ਜਦੋਂ ਵਸਤਾਂ ਅਤੇ ਸੇਵਾਵਾਂ ਇਕ ਰਾਜ ਤੋਂ ਦੂਸਰੇ ਰਾਜ ਦਰਮਿਆਨ ਵੇਚੀਆਂ/ਖਰੀਦਿਆਂ ਜਾਣਗੀਆਂ ਤਾਂ IGST(Integrated Goods and Services Tax) ਕੇਂਦਰੀ ਸਰਕਾਰ ਦੁਆਰਾ ਲਾਗੂ ਅਤੇ ਇੱਕਠਾ ਕੀਤਾ ਜਾਵੇਗਾ।

ਜੀ ਐਸ ਟੀ ਮੰਜ਼ਿਲ (destination) ਅਧਾਰਿਤ ਕਰ ਹੈ।ਪੂਰਨ ਰੂਪ ਨਾਲ ਤਿਆਰ ਵਸਤਾਂ(final product) ਤੇ ਲਾਗੂ ਹੋਣ ਵਾਲਾ (SGST) ਉਪਭੋਗੀ ਰਾਜ ਨੂੰ ਹੀ ਮਿਲਦਾ ਹੈ।

ਜੀ ਐਸ ਟੀ ਕੁਝ ਕੇਂਦਰੀ ਕਰ ਜਿਵੇਂ ਕਿ Central excise duty,additional excise duties ਸਰਵਿਸ ਟੈਕਸ,ਵਧੀਕ ਕਸਟਮ ਡਿਊਟੀ ਆਦਿ ਸਮੋਂ ਦਿੱਤੇ ਗਏ ਹਨ।ਰਾਜ ਪੱਧਰ ਤੇ VAT/ ਵਿਕਾਰੀ ਕਰ,ਕੇਂਦਰੀ ਵਿਦਰੀ ਕਰ,ਮਨੋਰੰਜਨ ਕਰ,octroi and entry ਕਰ, ਖਰੀਦ ਕਰ ਅਤੇ (luxury) ਕਰ, ਜੀ ਐਸ ਟੀ ਵਿੱਚ ਸਮੋਂ ਦਿੱਤੇ ਗਏ ਹਨ।

ਜੀ ਐਸ ਟੀ ਦੇ ਰੇਟ ਪੂਰੇ ਦੇਸ਼ ਵਿੱਚ ਬਰਾਬਰ ਹਨ। GST ਕਾਊਂਸਲ ਦੀ 31ਵੀਂ ਇਕੱਤਰਤਾ ਦਸੰਬਰ, 2018 ਵਿਚ ਹੋਈ। ਇਸ ਇਕੱਤਰਤਾ ਦੇ ਫੈਸਲਿਆਂ ਮੁਤਾਬਕ 33 ਵਸਤਾਂ, ਜਿਹੜੀ ਕਿ ਆਮ ਆਦਮੀ ਦੇ ਉਪਭੋਗ ਲਈ ਹਨ, ਤੇ GST 18% ਤੋਂ ਘਟਾ ਕੇ 12% ਅਤੇ 5% ਕਰ ਦਿੱਤਾ ਜਾਵੇਗਾ। ਇਨ੍ਹਾਂ ਵਸਤਾਂ ਵਿਚ ਕਈ ਪ੍ਰਕਾਰ ਦੇ ਆਟੋ–ਪੁਰਜ਼ੇ, ਫਿਲਮਾਂ ਦੀਆਂ ਟਿਕਟਾਂ, ਕੰਪਿਊਟਰ ਦੇ ਮਾਨੀਟਰ, ਟੀ.ਵੀ. ਸਕਰੀਨ (32 ਇੰਚ ਤੱਕ ਦੇ), ਧਾਰਮਿਕ ਉਦੇਸ਼ ਲਈ ਹਵਾਈ ਯਾਤਰਾ, ਟਾਇਰ, ਪਾਵਰ ਬੈਂਕ, ਵਿਕਲਾਂਗ ਵਿਅਕਤੀਆਂ ਦੇ carriages ਲਈ ਪੁਰਜ਼ੇ (accessories) ਆਦਿ ਜਨ–ਧਨ ਯੋਜਨਾ, ਤੀਜੀ ਪਾਰਟੀ ਮੋਟਰ–ਬੀਮਾ ਆਦਿ ਹਨ। ਜੁਤੇ–ਸੈਂਡਿਲਾਂ ਤੇ GST ਹੁਣ ਆਧਾਰ ਕੀਮਤ (base price) ਤੇ ਲਾਗੂ ਕੀਤਾ ਜਾਵੇਗਾ।

ਨਵੀਂ GST ਦਰਾਂ 1 ਜਨਵਰੀ 2019 ਤੋਂ ਲਾਗੂ ਹੋਣਗੀਆਂ। ਮਾਲੀਆਂ ਤੇ ਇਸ ਦਾ ਪ੍ਰਭਾਵ ਲੱਗਭੱਗ 5500 ਕਰੋੜ ਰੁਪਏ ਪਵੇਗਾ।

### 2.1.6 ਅਭਿਆਸ ਲਈ ਪ੍ਰਸ਼ਨ

**(ੳ) ਨਿਮਨ ਪ੍ਰਸ਼ਨਾਂ ਦੇ ਵਿਸਤਾਰ ਸਹਿਤ ਉੱਤਰ ਦਿਉ :**

(i) ਭਾਰਤੀ ਕਰ ਪ੍ਰਣਾਲੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।

(ii) ਭਾਰਤੀ ਕਰ ਪ੍ਰਣਾਲੀ ਦੇ ਮੁੱਖ ਦੋਸ਼ਾਂ ਬਾਰੇ ਦੱਸੋ ਅਤੇ ਇਸ ਵਿਚ ਸੁਧਾਰ ਲਿਆਉਣ ਲਈ ਸੁਝਾਅ ਦਿਓ।

(iii) ਕੀ ਭਾਰਤੀ ਕਰ ਪ੍ਰਣਾਲੀ ਵਿਚ ਸੁਧਾਰ ਲਿਆਉਣ ਦੀ ਲੋੜ ਹੈ ? ਜੇ ਹਾਂ ਤਾਂ ਕਿਉਂ ਅਤੇ ਕਿਸ ਤਰ੍ਹਾਂ ?

**(ਅ) ਨਿਮਨ ਪ੍ਰਸ਼ਨਾਂ ਦੇ ਸੰਖਿਪਤ ਉੱਤਰ ਦਿਉ :**

(i) ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਕਿਹੜੇ ਕਿਹੜੇ ਕਰ ਲਗਾਉਂਦੀਆਂ ਹਨ।

(ii) ਭਾਰਤ ਵਿਚ ਪ੍ਰਤੱਖ ਅਤੇ ਅਪ੍ਰਤੱਖ ਕਰਾਂ ਵਿਚ ਅਸੰਤੁਲਨ

(iii) ਭਾਰਤੀ ਕਰ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਦੱਸੋ।

(iv) ਭਾਰਤੀ ਕਰ ਪ੍ਰਣਾਲੀ ਦੇ ਦੋਸ਼ ਦੱਸੋ।

(v) ਕਰ ਤੋਂ ਬਚਾਅ ਅਤੇ ਕਰ ਚੋਰੀ ਵਿਚ ਅੰਤਰ ਕਰੋ।

(vi) GST ਤੇ ਇਕ ਨੋਟ ਲਿਖੋ।

### 2.1.7 ਪ੍ਰਸਤਾਵਿਤ ਪੁਸਤਕਾਂ

1. Vinay Kumar, *Tax System in India and Role of Income Tax,* 1988.
2. Economic Survey, *Various Issues.*
3. B.P. Tyagi, *Public Finance,* 2004.
4. R.K. Lekhi, *Public Finance,* 2005.

*ਇਹ ਪਾਠ ਡਿਸਟੈਂਸ ਐਜੂਕੇਸ਼ਨ ਕਾਊਂਸਲ ਵਲੋਂ ਮਿਲੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

ਪਾਠ ਨੰ: **2.2** ਲੇਖਕ : ਪ੍ਰੋ. ਪ੍ਰਤਾਪ ਸਿੰਘ

## ਭਾਰਤ ਦਾ ਵਿਦੇਸ਼ੀ ਵਪਾਰ
## (India's Foreign Trade)

ਸਹੀ ਅਧਿਐਨ ਦੇ ਉਦੇਸ਼ ਦੀ ਪ੍ਰਾਪਤੀ ਹਿੱਤ ਇਸ ਪਾਠ ਦੀ ਨਿਮਣ ਅਨੁਸਾਰ ਵੰਡ ਕੀਤੀ ਗਈ ਹੈ :

2.2.1 ਸੰਖੇਪ ਭੂਮਿਕਾ
**(A brief introduction)**
2.2.2 ਪਾਠ ਦੇ ਉਦੇਸ਼
**(Objectives)**
2.2.3 ਭਾਰਤ ਦੇ ਵਿਦੇਸ਼ੀ ਵਪਾਰ ਦਾ ਇਤਿਹਾਸ ਅਤੇ ਮੌਜੂਦਾ ਸਥਿਤੀ
**(History and Present Position of India's Trade)**
2.2.4 ਭਾਰਤ ਦੇ ਵਿਦੇਸ਼ੀ ਵਪਾਰ ਦੀ ਬਣਤਰ
**(Composition of India's Foreign Trade)**
2.2.5 ਭਾਰਤ ਦੇ ਵਪਾਰ ਦੀ ਦਿਸ਼ਾ
**(Direction of India's Foreign Trade)**
2.2.6 ਭਾਰਤ ਦਾ ਵਪਾਰ ਬਾਕੀ
**(India's Balance of Trade)**
2.2.7 ਪਾਠ ਦਾ ਸਾਰ
**(Summary)**
2.2.8 ਪੁਸਤਕ ਸੂਚੀ

### 2.2.1 ਸੰਖੇਪ ਭੂਮਿਕਾ (A brief introduction)

ਪੁਰਾਤਨ ਯੁੱਗ ਤੋਂ ਹੀ ਭਾਰਤ ਆਪਣੀਆਂ ਕਲਾਤਮਕ ਵਸਤਾਂ ਦੇ ਵਪਾਰ ਵਿੱਚ ਸੰਸਾਰ ਭਰ ਵਿੱਚ ਪ੍ਰਸਿੱਧ ਰਿਹਾ ਹੈ। ਅੰਗਰੇਜ਼ਾਂ ਦੇ ਭਾਰਤ ਵਿੱਚ ਆਉਣ ਨਾਲ ਅਤੇ ਇਸ ਦੀ ਆਜ਼ਾਦੀ ਉੱਪਰ ਕਾਬਜ਼ ਹੋਣ ਨਾਲ ਇਸ ਦੇ ਵਪਾਰ ਦੇ ਰੂਪ ਵਿੱਚ ਪਰਿਵਰਤਨ ਆਇਆ। 1757 ਤੋਂ ਬਾਅਦ ਈਸਟ ਇੰਡੀਆ ਕੰਪਨੀ ਰਾਹੀਂ ਭਾਰਤ ਅੰਗਰੇਜ਼ਾਂ ਦੀ ਕਾਲੋਨੀ ਬਣ ਗਿਅ। ਮੁੱਖ ਰੂਪ ਵਿੱਚ ਅੰਗਰੇਜ਼ ਭਾਰਤ ਵਿੱਚ ਵਪਾਰ ਵਧਾਉਣ ਲਈ ਆਏ ਅਤੇ ਹੌਲੀ-ਹੌਲੀ ਆਪਣੀਆਂ ਕੂਟ-ਨੀਤੀਆਂ ਕਰਕੇ ਪੂਰਨ ਰੂਪ ਵਿੱਚ ਇਸ ਦੇ ਰਾਜਨੀਤਿਕ ਢਾਂਚੇ ਉੱਪਰ ਕਾਬਜ਼ ਹੋ ਗਏ। ਭਾਰਤ ਵਿੱਚ ਉਨ੍ਹਾਂ ਦੇ ਵਪਾਰ ਦਾ ਸਰੂਪ ਬਸਤੀਵਾਦੀ (Colonial) ਸੀ। ਅਰਥਾਤ ਕੱਚਾ ਮਾਲ ਭਾਰਤ ਵਿੱਚੋਂ ਨਿਰਯਾਤ ਹੁੰਦਾ ਸੀ ਅਤੇ ਉਸ ਦੀ ਥਾਂ ਤਿਆਰ ਅਤੇ ਪੱਕਾ ਮਾਲ ਭਾਰਤ ਵਿੱਚ ਭੇਜਿਆ ਜਾਂਦਾ ਸੀ। ਇਸ ਨੀਤੀ ਸਦਕਾ ਭਾਰਤ ਦੇ ਵਪਾਰ ਦੀਆਂ ਸ਼ਰਤਾਂ (Terms of Trade) ਅਤੇ ਵਪਾਰ ਦੀ ਬਾਕੀ (Balance of Trade) ਭਾਰਤ ਦੇ ਉਲਟ ਹੋ ਗਈ।

ਇਸ ਸਾਰੇ ਕੁੱਝ ਨੂੰ ਜਾਣਨ ਲਈ ਕਿ ਭਾਰਤ ਦਾ ਵਿਦੇਸ਼ੀ ਵਪਾਰ ਕਿਸ ਪ੍ਰਕਾਰ ਦਾ ਸੀ, ਕਿੰਨ੍ਹਾਂ ਦੇਸ਼ ਨਾਲ ਕਿਸ ਤਰ੍ਹਾਂ ਦਾ ਵਪਾਰ ਹੈ ਅਤੇ ਕਿੰਨਾ ਵਸਤਾਂ ਦਾ ਆਯਾਤ, ਨਿਰਯਾਤ ਹੁੰਦਾ ਹੈ ਆਦਿ ਵੇਖਣ ਲਈ ਅਸੀਂ ਇਸ ਦੇ ਇਤਿਹਾਸਕ ਪਿਛੋਕੜ ਅਤੇ ਮੌਜੂਦਾ ਸਥਿਤੀ ਤੇ ਝਾਤ ਮਾਰਾਂਗੇ। ਇਸ ਤੋਂ ਬਾਅਦ ਅਸੀਂ ਦੇਖਾਂਗੇ ਕਿ ਭਾਰਤ ਸਰਕਾਰ ਦੀ ਵਪਾਰ ਸੰਬੰਧੀ ਨੀਤੀ ਕੀ ਹੈ ਅਤੇ ਇਹ ਵਪਾਰ ਦੀ ਬਾਕੀ ਨੂੰ ਸੰਤੁਲਨ ਕਰਨ ਵਿੱਚ ਕਿੱਥੋਂ ਤੱਕ ਸਹਾਈ ਹੁੰਦੀ ਹੈ।

**2.2.2 ਪਾਠ ਦੇ ਉਦੇਸ਼** (Ojectives)

ਇਸ ਪਾਠ ਦਾ ਉਦੇਸ਼ ਇਹ ਜਾਨਣਾ ਹੈ ਕਿ;

(ੳ) ਅੰਗਰੇਜ਼ਾਂ ਦੀ ਭਾਰਤ ਨਾਲ ਵਪਾਰ ਸੰਬੰਧੀ ਨੀਤੀ ਕਿਹੋ ਜਿਹੀ ਸੀ ?

(ਅ) ਉਸ ਨੀਤੀ ਸਦਕਾ ਭਾਰਤ ਦੇ ਵਿਦੇਸ਼ੀ ਵਪਾਰ ਤੇ ਕੀ ਅਸਰ ਪਿਆ ?

(ੲ) ਆਜ਼ਾਦੀ ਤੋਂ ਬਾਅਦ ਭਾਰਤ ਦੀ ਵਿਦੇਸ਼ੀ ਵਪਾਰ ਨੀਤੀ ਤੇ ਕੀ ਅਸਰ ਪਿਆ ?

(ਸ) ਸਾਡੇ ਵਿਦੇਸ਼ੀ ਵਪਾਰ ਦੀ ਬਣਤਰ ਕੀ ਹੈ ਤਾਂ ਕਿ ਸਾਨੂੰ ਸਾਡੇ ਦੇਸ਼ ਦੇ ਵਿਕਾਸ ਕਰਨ ਦੇ ਢਾਂਚੇ ਦਾ ਗਿਆਨ ਹੋ ਸਕੇ।

(ਹ) ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਦੀ ਸਾਡੇ ਵਪਾਰ ਦੀ ਦਿਸ਼ਾ ਕੀ ਹੈ ਤਾਂ ਕਿ ਅਸੀਂ ਆਪਣੇ ਵਪਾਰ ਦੀ ਬਾਕੀ ਸੰਬੰਧੀ ਕੁੱਝ ਜਾਣਕਾਰੀ ਪ੍ਰਾਪਤ ਕਰ ਸਕੀਏ।

**2.2.3 ਭਾਰਤ ਦੇ ਵਿਦੇਸ਼ੀ ਵਪਾਰ ਦਾ ਇਤਿਹਾਸ ਅਤੇ ਮੌਜੂਦਾ ਸਥਿਤੀ** (History and present position of India's Trade) :

ਅੰਗਰੇਜ਼ ਸ਼ੁਰੂ ਵਿੱਚ ਭਾਰਤ ਨਾਲ ਵਪਾਰਕ ਰਿਸ਼ਤੇ ਕਾਇਮ ਕਰਨ ਲਈ ਹੀ ਆਏ। 1857 ਤੱਕ ਉਹ ਪੂਰੀ ਤਰ੍ਹਾਂ ਇਸ ਦੇ ਰਾਜਨੀਤਿਕ ਸਿਸਟਮ ਉੱਪਰ ਕਾਬਜ਼ ਹੋ ਚੁੱਕੇ ਸਨ। ਜਿਹੜੇ ਵੀ ਸੁਧਾਰ ਸੰਗਠਨਾਤਮਕ ਢਾਂਚੇ ਵਿੱਚ ਕੀਤੇ ਗਏ ਉਹ ਵਪਾਰ ਨੂੰ ਆਸਾਨ ਕਰਨ ਲਈ, ਮੰਡੀਆਂ ਨੂੰ ਸੜਕਾਂ ਅਤੇ ਬੰਦਰਗਾਹਾਂ ਨਾਲ ਜੋੜਨ ਲਈ ਸਨ।

ਆਵਾਜਾਈ ਦੇ ਸਾਧਨਾਂ ਵਿੱਚ ਸੁਧਾਰ, ਰੇਲਾਂ ਦੇ ਜਾਲ ਵਿਛਾਉਣ, ਨਹਿਰਾਂ ਖੁਦਵਾਣੀਆਂ ਆਦਿ ਸਭ ਇਸ ਮਕਸਦ ਲਈ ਸਨ। ਉਨ੍ਹਾਂ ਦੇ ਵਪਾਰ ਦੀ ਨੀਤੀ ਬਸਤੀਵਾਦੀ ਸੀ। ਅਰਥਾਤ ਭਾਰਤ ਤੋਂ ਕੱਚਾ ਮਾਲ ਨਿਰਯਾਤ ਕੀਤਾ ਜਾਂਦਾ ਸੀ ਅਤੇ ਤਿਆਰ ਮਾਲ ਆਉਂਦਾ ਸੀ।

ਅਮਰੀਕਨ ਸਿਵਲ ਜੰਗ (American Civil War) ਕਰਕੇ 1864-66 ਦੌਰਾਨ ਵਪਾਰ ਵਿੱਚ ਕਾਫ਼ੀ ਵਾਧਾ ਹੋਇਆ। 1913-14 ਤੱਕ ਵਿਦੇਸ਼ੀ ਵਪਾਰ ਦਾ ਮੁੱਲ ਵੱਧ ਕੇ 40.3 ਕਰੋੜ ਹੋ ਗਿਆ, ਜਿਹੜਾ 1857-59 ਦੇ ਮੁਕਾਬਲੇ 6 ਗੁਣਾਂ ਸੀ। 1869 ਵਿੱਚ ਸੁਏਜ਼ ਨਹਿਰ ਦੇ ਖੁਲ੍ਹ ਜਾਣ ਕਰਕੇ ਇੰਗਲੈਂਡ ਅਤੇ ਭਾਰਤ ਵਿੱਚ 3000 ਮੀਲ ਦੇ ਰਸਤੇ ਦਾ ਫਰਕ ਪਿਆ। ਇਸ ਦੇ ਨਾਲ ਹੀ ਜਹਾਜ਼ਰਾਨੀ ਦੀਆਂ ਆਧੁਨਿਕ ਤਕਨੀਕਾਂ ਕਰਕੇ ਹੀ ਵਪਾਰ ਨੂੰ ਵਧਣ ਵਿੱਚ ਮੱਦਦ ਮਿਲੀ। 1882 ਤੱਕ ਵਪਾਰ ਦੀ ਖੁੱਲ੍ਹੀ ਨੀਤੀ (Policy of Free Trade) ਕਰਕੇ ਜਿਹੜੀਆਂ ਪਹਿਲਾਂ ਵਪਾਰ ਦੇ ਵਾਧੇ ਵਿੱਚ ਮੁਸ਼ਕਲਾਂ ਸਨ ਉਹ ਵੀ ਦੂਰ ਹੋ ਗਈਆਂ। ਪਰ 1913-14 ਤੱਕ ਅੰਗਰੇਜ਼ਾਂ ਨੇ ਇਸ ਪ੍ਰਕਾਰ ਦੀ ਵਪਾਰ ਸੰਬੰਧੀ ਨੀਤੀ ਬਣਾਈ ਕਿ ਭਾਰਤ ਉਦਯੋਗਿਕ ਵਸਤਾਂ ਦੇ ਨਿਰਯਾਤ ਤੇ ਹੁਣ ਖੇਤੀਬਾੜੀ ਦੀਆਂ ਵਸਤਾਂ ਬਾਹਰ ਭੇਜਣ ਲਗਿਆ। ਜ਼ਿਆਦਾਤਰ ਖਾਦ-ਪਦਾਰਥ, ਕੱਚਾ ਮਾਲ ਅਤੇ ਪਲਾਟੀਨਮ ਦੀਆਂ ਵਸਤਾਂ ਨਿਰਯਾਤ ਹੋਣ ਲੱਗੀਆਂ ਸਨ ਅਤੇ ਇਹਨਾਂ ਦੀ ਥਾਂ ਕੱਪੜਾ, ਤਿਆਰ ਮਾਲ, ਮਸ਼ੀਨਰੀ ਆਦਿ ਦਾ ਭਾਰਤ ਵਿੱਚ ਮੁੜ ਆਯਾਤ ਸ਼ੁਰੂ ਹੋ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਵਪਾਰ ਦੀ ਬਾਕੀ ਨੂੰ ਵਾਧੂ ਰੱਖਣ ਲਈ ਭਾਰਤ ਨੇ ਉਹੀ ਵਸਤਾਂ ਪੈਦਾ ਕਰਨੀਆਂ ਸ਼ੁਰੂ ਕਰ ਦਿੱਤੀਆਂ ਜਿਨ੍ਹਾਂ ਦੀ ਵਿਦੇਸ਼ਾਂ ਵਿੱਚ ਖਾਸ ਕਰਕੇ ਇੰਗਲੈਂਡ ਵਿੱਚ ਮੰਗ ਸੀ।

ਪਹਿਲੀ ਸੰਸਾਰ ਜੰਗ ਵੇਲੇ ਭਾਰਤ ਦੇ ਵਿਦੇਸ਼ੀ ਵਪਾਰ ਨੂੰ ਧੱਕਾ ਲੱਗਾ। ਕੁੱਲ ਵਪਾਰ ਦੀ ਕੀਮਤ 60% ਤੱਕ ਘੱਟ ਗਈ। ਕਿਉਂਕਿ ਇਕ ਤਾਂ ਲੜਾਈ ਕਾਰਨ ਕੁੱਝ ਦੁਸ਼ਮਣ ਦੇਸ਼ਾਂ ਨਾਲ ਵਪਾਰ ਬਿਲਕੁਲ ਬੰਦ ਹੋ ਗਿਆ। ਦੂਜੇ ਢੋਆ-ਢੁਆਈ ਦੇ ਖਰਚੇ ਵੀ ਆਮ ਜਹਾਜ਼ ਨਾ ਮਿਲਣ ਕਰਕੇ ਵੱਧ ਗਏ। ਕੁੱਝ ਹੱਦ ਤੱਕ ਉਦਯੋਗਿਕ ਮਸ਼ੀਨਰੀ ਦੇ ਸਮਾਨ ਨੂੰ ਵੀ ਸੱਟ ਵੱਜੀ, ਕਿਉਂਕਿ ਉਨ੍ਹਾਂ ਦੇਸ਼ਾਂ ਵੱਲੋਂ ਮਸ਼ੀਨਰੀ ਬਨਾਉਣ ਦੀ ਸਪਲਾਈ ਬੰਦ ਹੋ ਗਈ। ਇਸ ਕਰਕੇ ਉਸ

ਵੇਲੇ ਵਿਦੇਸ਼ੀ ਸਿੱਕੇ ਦੇ ਭੰਡਾਰ ਵੀ ਪ੍ਰਭਾਵਿਤ ਹੋਏ।

1919-21 ਦੌਰਾਨ ਅਰਥਾਤ ਜੰਗ ਤੋਂ ਬਾਅਦ ਵਿਦੇਸ਼ੀ ਵਪਾਰ ਮੁੜ ਵਿਕਸਿਤ ਹੋਣਾ ਸ਼ੁਰੂ ਹੋ ਗਿਆ। ਜਹਾਜ਼ਰਾਨੀ ਦੇ ਦੁਸ਼ਮਣ ਦੇਸ਼ਾਂ ਨਾਲ ਵੀ ਮੁੜ ਸੁਰਜੀਤ ਹੋਣ ਕਰਕੇ ਜਿਹੜੇ ਕਿਰਾਏ ਪਹਿਲਾਂ ਬਹੁਤ ਜ਼ਿਆਦਾ ਵੱਧ ਗਏ ਸਨ ਹੁਣ ਠੀਕ ਹੋ ਗਏ। 1920-21 ਤੱਕ ਵਿਦੇਸ਼ੀ ਵਪਾਰ ਦਾ ਕੁੱਲ ਮੁੱਲ 595 ਕਰੋੜ ਰੁਪਏ ਤੱਕ ਹੋ ਗਿਆ। ਪਰ 1929 ਦੇ ਵੱਡੇ ਮੰਦਵਾੜੇ (great depression) ਕਰਕੇ ਜ਼ਰਾਇਤੀ ਵਸਤਾਂ ਦੀਆਂ ਕੀਮਤਾਂ ਅੰਤਰ ਰਾਸ਼ਟਰੀ ਮੰਡੀ ਵਿੱਚ ਬਹੁਤ ਹੀ ਘੱਟ ਗਈਆਂ। ਇਸ ਨਾਲ ਵਿਦੇਸ਼ੀ ਵਪਾਰ ਵੀ ਘੱਟ ਗਿਆ ਆਯਾਤ ਅਤੇ ਨਿਰਯਾਤ ਦੋਵਾਂ ਦਾ ਮੁੱਲ ਘੱਟ ਗਿਆ।

ਇਸ ਤੋਂ ਬਾਅਦ ਹਾਲਤ ਕੁੱਝ ਸੁਧਰਨ ਲੱਗੇ। ਦੂਜੀ ਸੰਸਾਰ ਜੰਗ ਤੋਂ ਬਾਅਦ ਨਿਰਯਾਤ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਵਪਾਰ ਦੀਆਂ ਸ਼ਰਤਾਂ (terms of trade) ਭਾਰਤ ਦੇ ਪੱਖ ਵਿੱਚ ਹੋ ਗਈਆਂ। ਭਾਰਤ ਦੇ ਵਪਾਰ ਦੇ ਭੁਗਤਾਨ ਦੀ ਬਾਕੀ ਵੀ ਇਸ ਪੱਖ ਵਿੱਚ ਸੀ। 1946 ਤੱਕ ਭਾਰਤ ਨੇ ਨਾ ਕੇਵਲ ਆਪਣਾ 320 ਮਿਲੀਅਨ ਡਾਲਰ ਦਾ ਕਰਜ਼ਾ ਹੀ ਉਤਾਰਿਆ ਸਗੋਂ 1733 ਕਰੋੜ ਰੁਪਏ ਦਾ ਸਟਰਲਿੰਗ ਬੈਲੇਂਸ ਵੀ ਜਮਾਂ ਕਰ ਲਏ। ਪਰ ਇਹ ਸਾਰਾ ਕੁੱਝ ਆਪਣੇ ਘਰੇਲੂ ਉਪਭੋਗ ਦੀਆਂ ਜ਼ਰੂਰਤਾਂ ਨੂੰ ਘਟਾ ਕੇ ਕੀਤਾ ਗਿਆ। ਕਈ ਥਾਵਾਂ ਉੱਪਰ ਤਾਂ ਹਾਲਾਤ ਇੰਜ ਦੇ ਸਨ ਕਿ ਆਪ ਉਪਭੋਗ ਕਰਨ ਲਈ ਵਸਤਾਂ ਉਪਲਬੱਧ ਨਹੀਂ ਸਨ ਜਦੋਂ ਕਿ ਉਹੀ ਵਸਤਾਂ ਬਾਹਰ ਭੇਜ ਰਿਹਾ ਸੀ। ਦੂਜੇ ਪਾਸੇ ਕਈ ਪ੍ਰਕਾਰ ਦੀਆਂ ਵਸਤਾਂ ਦੇ ਆਯਾਤ ਉੱਪਰ ਕੰਟਰੋਲ ਵੀ ਲਗਾ ਦਿੱਤਾ ਗਿਆ ਤਾਂ ਕਿ ਵਪਾਰ ਦੇ ਭੁਗਤਾਨ ਦੀ ਬਾਕੀ ਭਾਰਤ ਦੇ ਪੱਖ ਵਿੱਚ ਰਹੇ ਤੇ ਵਿਦੇਸ਼ੀ ਸਿੱਕੇ ਦੀ ਥੁੜ੍ਹ ਦੀ ਸਥਿਤੀ ਪੈਦਾ ਨਾ ਹੋਵੇ। 1938-39 ਤੋਂ 1947-48 ਤੱਕ ਦੀ ਭਾਰਤ ਦੇ ਵਿਦੇਸ਼ੀ ਵਪਾਰ ਦੀ ਝਲਕ ਇਸ ਤਾਲਿਕਾ-1 ਤੋਂ ਮਿਲਦੀ ਹੈ।

**ਤਾਲਿਕਾ-1**

**ਭਾਰਤ ਦਾ ਵਿਦੇਸ਼ੀ ਵਪਾਰ**

**(1938-39 ਤੋਂ 1947 ਤੱਕ)** (ਕਰੋੜ ਰੁਪਏ)

| ਸਾਲ | ਨਿਰਯਾਤ (ਮੁੜ ਨਿਰਯਾਤ ਸਮੇਤ) | ਆਯਾਤ | ਵਪਾਰ ਦਾ ਬਾਕੀ |
|---|---|---|---|
| 1938-39 | 169 | 152 | +17 |
| 1945-46 | 266 | 245 | +21 |
| 1946-47 | 319 | 288 | +31 |
| 1947-48 | 403 | 389 | +14 |

**ਭਾਰਤ ਦਾ ਵਿਦੇਸ਼ੀ ਵਪਾਰ (1947 ਤੋਂ ਬਾਅਦ)**

ਆਜ਼ਾਦੀ ਤੋਂ ਬਾਅਦ ਭਾਰਤ ਬ੍ਰਿਟੇਨ ਦੀ ਬਸਤੀ (Colony) ਨਹੀਂ ਰਿਹਾ। ਇਸ ਲਈ ਇਸ ਨੇ ਆਪਣੀਆਂ ਆਜ਼ਾਦ ਨੀਤੀਆਂ ਬਣਾਈਆਂ। ਵਿਦੇਸ਼ੀ ਵਪਾਰ ਦੀ ਨੀਤੀ ਵਿੱਚ ਵੀ ਸੁਧਾਰ ਕੀਤਾ ਗਿਆ। ਹੁਣ ਭਾਰਤ ਸਿਰਫ ਕੱਚਾ ਮਾਲ ਨਿਰਯਾਤ ਕਰਕੇ ਤਿਆਰ ਤੇ ਪੱਕਾ ਮਾਲ ਆਯਾਤ ਕਰਨ ਤੇ ਹੀ ਨਿਰਭਰ ਨਹੀਂ ਸੀ ਕਰਦਾ। ਭਾਰਤ ਨੇ ਵਪਾਰ ਦੀ ਉਹ ਨੀਤੀ ਤਿਆਰ ਕੀਤੀ ਜਿਹੜੀ ਆਰਥਿਕ ਵਿਕਾਸ ਦੇ ਨਾਲ-ਨਾਲ ਯੋਜਨਾਵਾਂ ਦੇ ਮਿੱਥੇ ਟੀਚੇ ਪੂਰੇ ਕਰਨ ਵਿੱਚ ਹੀ ਸਹਾਈ ਹੋਵੇ। ਇਸ ਲਈ ਕੁੱਝ ਤਬਦੀਲੀਆਂ ਇਸ ਦੇ ਮੁੱਲ, ਬਣਤਰ, ਗਿਣਤੀ, ਮਿਕਦਾਰ, ਦਿਸ਼ਾ ਅਤੇ ਭੁਗਤਾਨ ਬਾਕੀ ਵਿੱਚ ਵੀ ਹੋਈਆਂ, ਜਿਹੜੀਆਂ ਹੇਠ ਲਿਖੇ ਅਨੁਸਾਰ ਹਨ :

ਪਹਿਲੀ ਤਬਦੀਲੀ ਵਪਾਰ ਦੀ ਕੁੱਲ ਮਿਕਦਾਰ ਵਿੱਚ ਸੀ। ਭਾਰਤ ਵਿੱਚ ਪੂੰਜੀਗਤ ਸਾਧਨਾਂ ਦਾ ਆਯਾਤ ਵੀ ਸ਼ੁਰੂ ਹੋ ਗਿਆ ਸੀ। ਆਯਾਤ ਦਾ ਸੂਚਕ ਅੰਕ (Index) 1950-51 ਵਿੱਚ 100 ਦੇ ਮੁਕਾਬਲੇ ਤੇ 1965-66 ਤੱਕ ਪਹੁੰਚ ਗਿਆ ਅਤੇ ਨਿਰਯਾਤ ਦਾ ਸੂਚਕ ਅੰਕ ਇਸ ਸਮੇਂ ਦੌਰਾਨ 110 ਤੱਕ। ਇਸ ਤੇ ਦੇਸ਼ ਦੇ ਆਰਥਿਕ ਵਿਕਾਸ ਵਿੱਚ ਹੋਏ ਉਦਯੋਗਿਕ ਵਿਕਾਸ ਦਾ ਸਾਫ ਪਤਾ ਲਗਦਾ ਹੈ।

ਦੂਜੀ ਤਬਦੀਲੀ ਵਪਾਰ ਦੇ ਮੁੱਲ ਵਿੱਚ ਹੋਈ। ਵਪਾਰ ਦਾ ਮੁੱਲ 1950-51 ਦੇ ਮੁਕਾਬਲੇ 1965-66 ਤੱਕ ਵੱਧ ਗਿਆ ਸੀ ਪਰ ਜੇਕਰ ਦੂਜੇ ਦੇਸ਼ਾਂ ਦੇ ਵਪਾਰ ਦੇ ਮੁੱਲ ਨਾਲ ਮੁਕਾਬਲਾ ਕੀਤਾਜਾਵੇ ਤਾਂ ਭਾਰਤ ਦੇ ਵਪਾਰ ਦਾ ਵਿਕਾਸ ਕਾਫੀ ਘੱਟ ਲਗਦਾ ਹੈ ਕਿਉਂਕਿ ਦੋਵੇਂ ਆਯਾਤ ਤੇ ਨਿਰਯਾਤ ਦਾ ਕੁੱਲ ਰਾਸ਼ਟਰੀ ਆਮਦਨ ਵਿੱਚ ਵਾਧਾ ਨਾ-ਮਾਤਰ ਹੀ ਹੋਇਆ। ਇਸ ਦਾ ਇਕ ਕਾਰਨ ਦੇਸ਼ ਦੀ ਵੰਡ ਵੀ ਹੈ। ਇਸ ਨਾਲ ਕੁੱਝ ਉਹ ਇਲਾਕੇ ਸਾਡੇ ਕੋਲੋਂ ਖੁੱਸ ਗਏ ਜਿਹੜੇ ਸਾਰੀਆਂ ਨਿਰਯਾਤ ਦੀਆਂ ਵਸਤਾਂ ਪੈਦਾ ਕਰਦੇ ਹਨ। ਜਿਵੇਂ ਕਪਾਹ ਅਤੇ ਜੂਟ ਪੈਦਾ ਕਰਨ ਵਾਲੇ ਇਲਾਕੇ। ਯੋਜਨਾਬੱਧ ਵਿਕਾਸ ਸ਼ੁਰੂ ਕਰਨ ਵਾਸਤੇ ਮਸ਼ੀਨਰੀ ਅਤੇ ਹੋਰ ਕਈ ਪ੍ਰਕਾਰ ਦੇ ਕੱਚੇ ਮਾਲ ਦੇ ਆਯਾਤ ਦੀ ਜ਼ਰੂਰਤ ਮਹਿਸੂਸ ਹੋਈ। ਉਸ ਵੇਲੇ ਦੇਸ਼ ਨੂੰ ਗੰਭੀਰ ਆਰਥਿਕ ਸੰਕਟ ਅਨਾਜ ਦੇ ਪੱਖੋਂ ਸਾਹਮਣਾ ਕਰਨਾ ਪਿਆ। ਇਸ ਲਈ ਖਾਧ ਪਦਾਰਥਾਂ ਦਾ ਆਯਾਤ ਵੀ ਵਧਿਆ। ਇਵੇਂ ਪਹਿਲੀ ਯੋਜਨਾ ਦੇ ਸ਼ੁਰੂ ਵੇਲੇ ਵਪਾਰ ਦੀ ਸਥਿਤੀ ਭਾਰਤ ਦੇ ਉਲਟ ਸੀ।

1948 ਵਿੱਚ ਭਾਰਤ ਨੇ ਆਪਣੀ ਕਰੰਸੀ ਦਾ ਅਵਮੁੱਲਣ (devaluation) ਕੀਤਾ ਤਾਂ ਕਿ ਡਾਲਰ ਖੇਤਰਾਂ ਨਾਲ ਨਿਰਯਾਤ ਵਧਾਇਆ ਜਾ ਸਕੇ। ਪਰ ਇਸ ਨਾਲ ਉਹ ਉਦੇਸ਼ ਪੂਰਾ ਨਾ ਹੋ ਸਕਿਆ। 1951 ਵਿੱਚ ਵਪਾਰ ਦੀ ਬਾਕੀ ਵਿੱਚ ਤਕਰੀਬਨ 14 ਕਰੋੜ ਦਾ ਘਾਟਾ ਪਿਆ, ਜਿਹੜਾ ਅਮਰੀਕਨ ਕਣਕ ਉਧਾਰ ਲੈ ਕੇ ਅਤੇ ਹੋਰ ਬਰਤਾਨਵੀ ਪਰਿਸੰਪਤੀ (Assets) ਦੀ ਮੱਦਦ ਨਾਲ ਪੂਰਾ ਕੀਤਾ ਗਿਆ।

ਪਹਿਲੀ ਪੰਜ ਸਾਲਾ ਯੋਜਨਾ (1951-52 ਤੋਂ 1955-56) ਦੌਰਾਨ ਆਯਾਤਾਂ ਦਾ ਮੁੱਲ ਮੁੜ ਵੱਧ ਗਿਆ। ਇਹ ਮੁੱਲ ਔਸਤਨ 730 ਕਰੋੜ ਰੁਪਏ ਸੀ ਜਦੋਂ ਕਿ ਨਿਰਯਾਤ ਦਾ ਮੁੱਲ 622 ਕਰੋੜ ਰੁਪਏ ਹੀ ਬਣਿਆ। ਇਵੇਂ ਦੇਸ਼ ਨੂੰ 108 ਕਰੋੜ ਰੁਪਏ ਦਾ ਸਾਲਾਨਾ ਘਾਟਾ ਸਹਿਣਾ ਪਿਆ। ਇਸ ਦਾ ਮੁੱਖ ਕਾਰਨ ਦੇਸ਼ ਵਿੱਚ ਉਦਯੋਗਿਕ ਵਿਕਾਸ ਵੱਲ ਜ਼ਿ ਆਦਾ ਧਿਆਨ ਦੇਣਾ ਸੀ ਜਿਸ ਲਈ ਜ਼ਿਆਦਾ ਮਸ਼ੀਨਰੀ ਬਾਹਰੋਂ ਮੰਗਵਾਉਣ ਦੀ ਜ਼ਰੂਰਤ ਪਈ। ਇਸ ਨਾਲ ਪੂੰਜੀਗਤ ਸਾਧਨਾਂ ਦੇ ਆਯਾਤ ਵਿੱਚ ਵਾਧਾ ਹੋਇਆ। ਇਸ ਸਮੇਂ ਦੌਰਾਨ ਖਾਧ ਪਦਾਰਥ ਵੀ ਕਾਫੀ ਮਿਕਦਾਰ ਵਿੱਚ ਆਯਾਤ ਕੀਤੇ ਗਏ ਜਿਨ੍ਹਾਂ ਦਾ ਮੁੱਲ 595 ਕਰੋੜ ਰੁਪਏ ਹੋਇਆ।

ਦੂਜੀ ਪੰਜ ਸਾਲਾ ਯੋਜਨਾ ਦੌਰਾਨ ਉਦਯੋਗੀਕਰਣ ਵੱਲ ਜ਼ਿਆਦਾ ਹੀ ਝੁਕਾਅ ਹੋ ਗਿਆ। ਵੱਖ-ਵੱਖ ਥਾਵਾਂ ਤੇ ਤਿੰਨ ਸਟੀਲ ਪਲਾਂਟ ਲਗਾਏ ਗਏ। ਇਸ ਸਮੇਂ ਰੇਲਵੇ ਦਾ ਵਿਸਥਾਰ ਕੀਤਾ ਗਿਆ। ਖਾਧ ਪਦਾਰਥਾਂ ਦਾ ਆਯਾਤ ਉਸੇ ਮਿਕਦਾਰ ਵਿੱਚ ਹੀ ਰਿਹਾ। ਭਾਰੀ ਮਸ਼ੀਨਰੀ ਦੀ ਆਯਾਤ ਕਰਕੇ ਕੁੱਲ ਆਯਾਤ ਦਾ ਮੁੱਲ 1088 ਕਰੋੜ ਰੁਪਏ ਸੀ ਜਦੋਂ ਕਿ ਨਿਰਯਾਤ ਕੇਵਲ 613 ਕਰੋੜ ਰੁਪਏ ਸੀ। ਇਸ ਤਰ੍ਹਾਂ ਦੂਜੀ ਯੋਜਨਾ ਦੇਸ਼ ਦਾ 467 ਕਰੋੜ ਰੁਪਏ ਦਾ ਵਪਾਰ ਘਾਟਾ ਰਿਹਾ।

ਤੀਜੀ ਯੋਜਨਾ ਦਾ ਮੁੱਖ ਉਦੇਸ਼ ਆਰਥਿਕਤਾ ਦਾ ਸੰਤੁਲਿਤ ਵਿਕਾਸ ਕਰਨਾ ਸੀ। ਜਿਸ ਕਰਕੇ ਖੇਤੀਬਾੜੀ ਦੇ ਖੇਤਰ ਨੂੰ ਵੀ ਉੱਨੀ ਹੀ ਮਹੱਤਤਾ ਦਿੱਤੀ ਗਈ ਜਿੰਨੀ ਪਹਿਲਾਂ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਦਿੱਤੀ ਜਾ ਰਹੀ ਸੀ। ਇਸ ਯੋਜਨਾ ਦੌਰਾਨ ਵਿਕਾਸ ਦੀਆਂ ਜ਼ਰੂਰਤਾਂ ਲਈ ਆਯਾਤ ਤੋਂ ਇਲਾਵਾ ਅਨਾਜ ਵੀ ਭਾਰੀ ਮਾਤਰਾ ਵਿੱਚ ਮੰਗਵਾਇਆ ਗਿਆ। ਅਮਰੀਕਾ ਤੋਂ ਪੀ. ਐਲ. 480/660 ਕਾਨੂੰਨ ਤਹਿਤ ਅਨਾਜ ਦਾ ਆਯਾਤ ਕੀਤਾ ਗਿਆ ਤਾਂ ਕਿ ਅਨਾਜਚ ਦੇ ਸੰਕਟ ਉੱਪਰ ਕਾਬੂ ਪਾਇਆ ਜਾ ਸਕੇ। ਦੂਜੇ ਪਾਸੇ ਉਸੇ ਵੇਲੇ (1962) ਵਿੱਚ ਚੀਨ ਅਤੇ ਫਿਰ

ਪਾਕਿਸਤਾਨ ਨਾਲ ਬਾਹਰੀ ਹਮਲਿਆਂ ਦਾ ਮੁਕਾਬਲਾ ਕਰਨ ਲਈ ਫੌਜੀ ਸਾਜੋ-ਸਾਮਾਨ ਲਈ ਆਯਾਤ ਦੀ ਜ਼ਰੂਰਤ ਪਈ। ਭਾਰਤ ਨੇ ਆਪਣੀ ਕਰੰਸੀ ਦਾ 1966 ਵਿੱਚ ਮੁੜ ਅਵਮੁੱਲਣ ਕੀਤਾ ਪਰ ਇਸ ਨਾਲ ਵਪਾਰ ਦੇ ਸੰਤੁਲਨ ਉੱਪਰ ਕੋਈ ਖਾਸ ਪ੍ਰਭਾਵ ਨਾ ਪਿਆ। ਇਸ ਤੋਂ ਬਾਅਦ ਸਾਲਾਨਾ ਯੋਜਨਾਵਾਂ ਅਤੇ ਚੋਥੀ ਯੋਜਨਾ ਵਿੱਚ ਵੀ ਇਹੀ ਘਾਟੇ ਦੀ ਸਥਿਤੀ ਰਹੀ। ਪਰ ਨਾਲ ਹੀ 53% ਆਯਾਤ ਵੱਧ ਗਿਆ। ਇਸੇ ਲਈ ਇਸ ਸਮੇਂ ਵਿੱਚ 1190 ਕਰੋੜ ਰੁਪਏ ਦਾ ਘਾਟਾ ਦਾ ਬਜਟ ਰਿਹਾ। ਕੇਵਲ 1976-77 ਹੀ ਸਾਲ ਐਸਾ ਸੀ ਜਦੋਂ ਭਾਰਤ ਦਾ ਵਪਾਰ ਇਸ ਦੇ ਪੱਖ ਵਿੱਚ ਸੀ ਅਰਥਾਤ ਘਾਟੇ ਦੀ ਥਾਂ ਵਾਧੇ ਵਾਲੀ ਵਿਦੇਸ਼ੀ ਵਪਾਰ ਦੀ ਬਾਕੀ। ਨਿਰਯਾਤ ਵਿੱਚ ਕਾਫੀ ਜ਼ਿਆਦਾ ਵਾਧਾ ਹੋਣ ਕਰਕੇ ਅਤੇ ਆਯਾਤ ਵਿੱਚ ਕੁੱਝ ਕਮੀ ਆਉਣ ਕਰਕੇ 72 ਕਰੋੜ ਰੁਪਏ ਦੀ ਬਾਕੀ ਭਾਰਤ ਦੇ ਹੱਕ ਵਿੱਚ ਰਹੀ।

1977-78 ਦੌਰਾਨ ਭਾਰਤ ਦੇ ਆਯਾਤ ਅਤੇ ਨਿਰਯਾਤ ਵਿੱਚ ਪਹਿਲੇ ਸਾਲਾਂ ਦੇ ਮੁਕਾਬਲੇ ਕ੍ਰਮਵਾਰ 1966 ਪ੍ਰਤੀਸ਼ਤ ਦਾ ਵਾਧਾ ਹੋਇਆ ਜਿਸ ਨਾਲ ਕੁੱਝ ਵਪਾਰ ਦੀ ਬਾਕੀ ਦਾ ਮੁੱਲ 694 ਕਰੋੜ ਰੁਪਏ ਹੋ ਗਿਆ। ਪੰਜਵੀਂ ਯੋਜਨਾ (1974-75 ਤੋਂ 77-78) ਤੱਕ ਦੇ ਪਹਿਲੇ ਡਰਾਫਟ ਦੇ ਅਨੁਸਾਰ ਭਾਰਤ ਦਾ 759 ਕਰੋੜ ਰੁਪਏ ਦਾ ਸਾਲਾਨਾ ਘਾਟਾ ਸੀ। 1978-79 ਵੇਲੇ ਉਪੈਕ (OPEC) ਦੇਸ਼ਾਂ ਨੇ ਆਪਣੇ ਤੇਲ (ਪੈਟਰੋਲ) ਦੀ ਕੀਮਤ ਵਧਾ ਦਿੱਤੀ। ਇਸ ਨਾਲ ਵਿਦੇਸ਼ੀ ਵਪਾਰ ਦੀ ਸਾਲਾਨਾ ਬਾਕੀ ਤੇ ਬਹੁਤ ਜ਼ਿਆਦਾ ਅਸਰ ਹੋਇਆ। 1978-79 ਵਿੱਚ ਆਯਾਤ ਬਿਲ ਦਾ ਖਰਚਾ 8231 ਕਰੋੜ ਰੁਪਏ ਸੀ, ਜਦੋਂ ਕਿ ਕੁੱਲ ਨਿਰਯਾਤ 5999 ਕਰੋੜ ਰੁਪਏ ਦੇ ਨਤੀਜੇ ਦੇ ਤੌਰ ਤੇ 1969-80 ਵਿੱਚ 2232 ਕਰੋੜ ਰੁਪਏ ਦਾ ਵਪਾਰ ਘਾਟਾ ਸੀ। ਇਸ ਤੋਂ ਬਾਅਦ ਹਾਲਾਤ ਵਿੱਚ ਕੁੱਝ ਸੁਧਾਰ ਲਿਆਂਦੇ ਜਾ ਰਹੇ ਹਨ ਜਿਸ ਨਾਲ ਭਾਵੇਂ ਇਕ ਪਾਸੇ ਪੈਟਰੋਲ, ਤੇਲ ਆਦਿ ਦੀਆਂ ਕੀਮਤਾਂ ਵਿੱਚ ਵਾਧਾ ਹੋ ਰਿਹਾ ਹੈ ਤਾਂ ਵੀ ਉਦਯੋਗਿਕ ਵਸਤਾਂ ਦੇ ਉਤਪਾਦਨ ਨੂੰ ਵਧਾਉਣ ਦੀ ਲੋੜ ਹੈ। ਇਸ ਕਰਕੇ ਛੇਵੀਂ ਪੰਜ ਸਾਲਾ ਯੋਜਨਾ ਵਿੱਚ ਆਯਾਤ ਪ੍ਰਤੀਸਥਾਪਨ ਅਤੇ ਨਿਰਯਾਤ ਵਧਾਉਣ ਉੱਪਰ ਮੁੜ ਜ਼ੋਰ ਦਿੱਤਾ ਗਿਆ।

**ਤਾਲਿਕਾ-2**

**ਭਾਰਤ ਦੇ ਵਿਦੇਸ਼ੀ ਵਪਾਰ ਦਾ ਮੁੱਲ**

**(Value of India's Foreign Trade))**

(ਰੁਪਏ ਦੇ ਅਵਮੁੱਲਣ ਤੋਂ ਬਾਅਦ)

| ਸਾਲ | ਆਯਾਤ (ਰੁ. ਕਰੋੜ) | ਨਿਰਯਾਤ (ਰੁ. ਕਰੋੜ) | ਵਪਾਰ ਦੀ ਬਾਕੀ (ਰੁ. ਕਰੋੜ) |
|---|---|---|---|
| 1980-81 | 12,549 | 26,710.7 | (-) 5,8385 |
| 1990-91 | 43,17,00 | 32,527.0 | (-) 10,643.0 |
| 2000-01 | 230873 | 203571 | (-) 27302 |
| 2010-11 | 1683470 | 1142920 | (-) 540550 |
| 2011-12 | 2342220 | 1454070 | (-) 888150 |
| 2012-13 | 2763110 | 1635260 | (-) 1037850 |
| 2014-15 | 2714182 | 1894182 | (-) 82000 |
| 2015-16 | 1915849 | 1273323 | (-) 642526 |
| 2016-17 | 384356 | 275852 | (-) 108504 |
| (in US $ million) | | | |

Source : Economic Survey, Govt. of India. Various issues.

ਇਸ ਤਾਲਿਕਾ ਤੋਂ ਭਾਰਤ ਦੇ ਵਿਦੇਸ਼ੀ ਵਪਾਰ ਦੇ ਕੁੱਲ ਮੁੱਲ ਦਾ ਪਤਾ ਲਗਦਾ ਹੈ। ਇਸ ਵਿੱਚ ਆਯਾਤ ਦਾ ਮੁੱਲ ਹਮੇਸ਼ਾਂ ਹੀ ਜ਼ਿਆਦਾ ਰਿਹਾ ਹੈ। 1985-86 ਦੌਰਾਨ ਆਯਾਤ ਨਿਰਯਾਤ ਦਾ ਅਨੁਪਾਤ 64.36 ਸੀ। ਨਤੀਜੇ ਵੱਜੋਂ ਵਪਾਰ ਦੀ ਬਾਕੀ ਹਮੇਸ਼ਾਂ ਹੀ 1972-73 ਅਤੇ 1976-77 ਨੂੰ ਛੱਡ ਕੇ ਭਾਰਤ ਦੇ ਉਲਟ ਹੀ ਰਿਹਾ ਹੈ। 1979-80 ਤੋਂ ਪੈਟਰੋਲ ਅਤੇ ਪੈਟਰੋਲ ਵਸਤਾਂ ਦੇ ਆਯਾਤ ਦਾ ਬਿਲ ਹੀ 5382 ਕਰੋੜ ਰੁਪਏ ਦਾ ਸੀ। ਦੂਜਾ ਕਾਰਨ ਸਰਕਾਰ ਦੀ ਆਯਾਤ ਨੀਤੀ ਸੰਬੰਧੀ ਨਰਮ ਰਵੱਈਆ ਵੀ ਹੈ। ਸਗੋਂ ਹੁਣ ਤਾਂ ਅਣ-ਉਤਪਾਦਕ ਐਸ਼ੋ-ਇਸਰਤ ਅਤੇ ਆਰਾਮ-ਦੇਹ ਵਸਤੂਆਂ ਜਿਵੇਂ ਰੰਗਦਾਰ ਟੈਲੀਵਿਜ਼ਨ ਸੈਟ ਅਤੇ ਟਿਊਬਾਂ ਆਦਿ ਦੇ ਨਿਰਯਾਤ ਨੂੰ ਵੀ ਉਤਸ਼ਾਹ ਕੀਤਾ ਜਾ ਰਿਹਾ ਹੈ।

### ਅਭਿਆਸ ਲਈ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ
### (Short Answer Type Questions for Practice)

(i) ਸੁਤੰਤਰਤਾ ਸਮੇਂ ਭਾਰਤੀ ਵਿਦੇਸ਼ੀ ਵਪਾਰ ਦੀ ਦਸ਼ਾ ਦਾ ਵਰਨਣ ਕਰੋ।

(ii) ਭਾਰਤ ਦੇ ਵਿਦੇਸ਼ੀ ਵਪਾਰ ਵਿੱਚ ਖੇਤੀ ਦਾ ਕੀ ਮਹੱਤਵ ਹੈ ?

**2.2.4 ਵਿਦੇਸ਼ੀ ਵਪਾਰ ਦੀ ਬਣਤਰ** (Composition of Foreign Trade)

ਵਿਦੇਸ਼ੀ ਵਪਾਰ ਦੀ ਬਣਤਰ ਤੋਂ ਭਾਵ ਹੈ ਕਿ ਆਯਾਤ ਅਤੇ ਨਿਰਯਾਤ ਕਿਹੜੀਆਂ ਵਸਤਾਂ ਦਾ ਹੋ ਰਿਹਾ ਹੈ। ਇਸ ਤੋਂ ਸਾਨੂੰ ਕਿਸੇ ਦੇਸ਼ ਦੇ ਵਿਕਾਸ ਕਰਨ ਦੇ ਢਾਂਚੇ ਬਾਰੇ ਵੀ ਗਿਆਨ ਹੁੰਦਾ ਹੈ। ਇਕ ਵਿਕਸਿਤ ਦੇਸ਼ ਆਮ ਤੌਰ ਤੇ ਖਾਧ ਪਦਾਰਥਾਂ ਅਤੇ ਕੱਚੇ ਮਾਲ ਦਾ ਆਯਾਤ ਕਰਦਾ ਹੈ ਜਦੋਂ ਕਿ ਤਿਆਰ ਮਾਲ ਅਤੇ ਮਸ਼ੀਨਰੀ, ਪੂੰਜੀਗਤ ਵਸਤਾਂ ਆਦਿ ਦਾ ਨਿਰਯਾਤ ਕਰਦਾ ਹੈ। ਇਸ ਤਰ੍ਹਾਂ ਜੇਕਰ ਕੋਈ ਦੇਸ਼ ਪ੍ਰਾਇਮਰੀ ਵਸਤਾਂ ਜੂਟ, ਚਾਹ, ਚੀਨੀ ਆਦਿ ਨਿਰਯਾਤ ਕਰਕੇ ਮਸ਼ੀਨਰੀ ਅਤੇ ਤਿਆਰ ਮਾਲ ਦਾ ਆਯਾਤ ਕਰਦਾ ਹੈ ਤਾਂ ਉਹ ਦੇਸ਼ ਅਜੇ ਘੱਟ ਵਿਕਸਿਤ ਹੁੰਦਾ ਹੈ। ਪੰਜ ਸਾਲਾਂ ਯੋਜਨਾਵਾਂ ਸ਼ੁਰੂ ਕਰਨ ਤੋਂ ਪਹਿਲਾਂ ਭਾਰਤ ਦੀ ਇਹੋ ਹਾਲਤ ਸੀ। ਪਰ ਹੌਲੀ-ਹੌਲੀ ਇਸ ਦੀ ਬਣਤਰ ਵਿੱਚ ਤਬਦੀਲੀ ਆ ਰਹੀ ਹੈ।

**ਆਯਾਤ** (Imports)

1947-48 ਦੌਰਾਨ ਭਾਰਤ ਦੀਆਂ ਮੁੱਖ ਆਯਾਤ ਵਸਤਾਂ ਇਹ ਸਨ : ਹਰ ਪ੍ਰਕਾਰ ਦੀ ਮਸ਼ੀਨਰੀ, ਅਨਾਜ, ਦਾਲਾਂ, ਕਪਾਹ, ਲੋਕੋਮੋਟਿਵ, ਚਾਕੂ ਛੁਰੀਆਂ ਦਾ ਸਾਮਾਨ, ਖਾਧ-ਸਮੱਗਰੀ, ਔਜ਼ਾਰ, ਕੈਮੀਕਲਜ਼, ਦਵਾਈਆਂ, ਰੰਗਾਈ ਦਾ ਸਾਮਾਨ, ਬੁਣਾਈ ਦਾ ਧਾਗਾ, ਪੇਪਰ ਬੋਰਡ ਅਤੇ ਸਟੇਸ਼ਨਰੀ ਅਤੇ ਹੋਰ ਲੋਹਾ ਅਤੇ ਇਸਪਾਤ ਦੀ ਧਾਤ ਆਦਿ। ਕੁਲ ਆਯਾਤ ਦਾ 70 ਪ੍ਰਤੀਸ਼ਤ ਇਹਨਾਂ ਮੁੱਖ ਵਸਤਾਂ ਦਾ ਸੀ।

1951-52 ਵਿੱਚ ਯੋਜਨਾ ਵਿਕਾਸ ਸ਼ੁਰੂ ਹੋ ਜਾਣ ਕਾਰਨ ਅਤੇ ਖਾਸ ਕਰਕੇ ਦੂਜੀ ਪੰਜ ਸਾਲਾ ਯੋਜਨਾ ਵਿੱਚ ਉਦਯੋਗਿਕ ਵਿਕਾਸ ਵੱਲ ਜ਼ਿਆਦਾ ਧਿਆਨ ਦੇਣ ਕਰਕੇ ਇਸ ਦੀ ਬਣਤਰ ਵਿੱਚ ਤਬਦੀਲੀ ਹੋਈ। ਉਦਯੋਗਿਕ ਵਿਕਾਸ ਦਾ ਆਧਾਰ ਬਨਾਉਣ ਲਈ ਪੂੰਜੀਗਤ ਸਾਧਨਾਂ ਨੂੰ ਜ਼ਰੂਰਤ ਮਹਿਸੂਸ ਹੋਈ। ਉਸ ਤੋਂ ਬਾਅਦ ਇਸ ਮਸ਼ੀਨਰੀ ਨੂੰ ਠੀਕ ਹਾਲਤ ਵਿੱਚ ਰੱਖਣ ਲਈ ਵੀ ਹੋਰ ਪ੍ਰਕਾਰ ਦੀ ਮਸ਼ੀਨਰੀ ਦੀ ਜ਼ਰੂਰਤ ਮਹਿਸੂਸ ਹੋਈ ਜਿਸ ਨੂੰ 'Maintenance imports' (ਮੁਰੰਮਤ ਆਯਾਤ) ਕਿਹਾ ਗਿਆ।

ਭਾਰਤ ਦੀਆਂ ਕੁਲ ਆਯਾਤ ਵਸਤਾਂ ਨੂੰ ਅਸੀਂ ਚਾਰ ਗਰੁੱਪਾਂ ਵਿੱਚ ਵੰਡਦੇ ਹਾਂ।

1. ਖਾਧ ਪਦਾਰਥ ਅਤੇ ਮੀਟ ਮਾਸ ਆਦਿ ਲਈ ਜਾਨਵਰ
2. ਕੱਚਾ ਮਾਲ ਅਤੇ ਮੱਧ ਵਰਤੀ ਉਤਪਾਦਨ
3. ਪੂੰਜੀਗਤ ਵਸਤਾਂ ਅਤੇ
4. ਹੋਰ ਫੁਟਕਲ ਵਸਤਾਂ

**ਤਾਲਿਕਾ-3**
**ਆਯਾਤ ਦੀ ਬਣਤਰ**
**(Composition of Indian Imports)**
**Rs. (Crores)**

| | ਵਸਤੂ | 1960-61 | 1970-71 |
|---|---|---|---|
| 1. | ਖਾਧ ਪਦਾਰਥ ਤੇ ਮੀਟ ਆਦਿ ਲਈ ਜਾਨਵਰ | 214.0 | 242.4 |
| 2. | ਕੱਚਾ ਮਾਲ ਅਤੇ ਮੱਧ ਵਰਤੀ ਉਤਪਾਦਨ | 527.0 | 888.6 |
| 3. | ਪੂੰਜੀਗਤ ਵਸਤਾਂ | 356.0 | 404.0 |

| ਵਸਤੂ | 1990-91 | 2010-11 | 2012-13 | 2015-16 | 2016-17 |
|---|---|---|---|---|---|
| 1. | N.A. | N.A. | N.A. | N.A. | N.A. |
| 2. | N.A. | N.A. | N.A. | N.A. | N.A. |
| 3. | 10466 | 231712 | 208311 | 213256 | 97268 (in US $ million) |

**Source :** Govt. of India, Economic Survey, Various Issues; NA : - Not Available

ਇਸ ਤਾਲਿਕਾ ਤੋਂ ਸਪੱਸ਼ਟ ਹੁੰਦਾਹੈ ਕਿ 1970-71 ਤੋਂ ਬਾਅਦ ਆਯਾਤ ਵਿੱਚ ਬਹੁਤ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਆਯਾਤ ਵਿੱਚ ਜ਼ਿਆਦਾ ਮੰਗ ਪੈਟਰੋਲੀਅਮ ਵਸਤਾਂ ਦੀ ਵਧਣ ਲਗੀ। ਉਸ ਸਮੇਂ ਹੀ ਅੰਤਰਰਾਸ਼ਟਰੀ ਪੱਧਰ ਤੇ ਕੀਮਤਾਂ ਵਿੱਚ ਵੀ ਬਹੁਤ ਤੇਜ਼ੀ ਨਾਲ ਵਾਧਾ ਹੋਇਆ। ਆਯਾਤ ਵਿੱਚ ਵਾਧਾ ਰਸਾਇਣਕ ਖਾਦਾਂ ਦੀ ਮੰਗ ਵਧਣ ਕਾਰਨ ਹੀ ਹੋਇਆ। 1970-71 ਤੋਂ 1975-76 ਤੱਕ ਹੀ ਇਨ੍ਹਾਂ ਵਸਤਾਂ ਵਿੱਚ ਚਾਰ ਗੁਣਾਂ ਵਾਧਾ ਹੋਇਆ। ਇਹ ਉਹ ਸਮਾਂ ਸੀ ਜਦੋਂ ਹਰੀ ਕ੍ਰਾਂਤੀ ਦੇ ਪ੍ਰਭਾਵ ਅਧੀਨ ਰਸਾਇਣਕ ਖਾਦਾਂ ਅਤੇ ਹੋਰ ਕੀਟ-ਨਾਸ਼ਕ ਦਵਾਈਆਂ ਦਾ ਆਯਾਤ ਕੀਤਾ ਗਿਆ। ਇਹ ਵਾਧੇ ਦਾ ਝੁਕਾਅ 1985-86 ਤੱਕ ਵੀ ਰਿਹਾ ਹੈ ਜਿਸ ਵਿੱਚ ਪੈਟਰੋਲੀਅਮ ਉਤਪਾਦਨ ਦਾ ਹਿੱਸਾ 25.3 ਪ੍ਰਤੀਸ਼ਤ ਲਗਭਗ ਰਿਹਾ। ਇਸ ਨੇ ਵਪਾਰ ਦੀ ਬਾਕੀ ਉੱਪਰ ਉਲਟਾ ਪਾਇਆ। ਇਸ ਕਰਕੇ ਸਾਨੂੰ ਦੂਜੀਆਂ ਵਸਤਾਂ ਦੇ ਆਯਾਤ ਉੱਪਰ ਕੁੱਝ ਹੱਕ ਰੋਕ ਲਾਉਣੀ ਪਈ। ਹਰੀ ਕ੍ਰਾਂਤੀ ਦੇ ਬਾਵਜੂਦ ਅਨਾਜ ਅਤੇ ਖਾਦ ਪਦਾਰਥ ਦੇ ਵੀ ਆਯਾਤ ਮੁੱਲ ਵਿੱਚ ਵਾਧਾ ਹੁੰਦਾ ਰਿਹਾ। ਪਰ 1978-79 ਤੋਂ ਬਾਅਦ ਇਹ ਕੁੱਝ ਘੱਟ ਗਿਆ ਹੈ। 1986-87 ਵਿੱਚ 679 ਕਰੋੜ ਰੁਪਏ ਦੇ ਮੁੱਲ ਦੇ ਖਾਧ ਪਦਾਰਥਾਂ ਦਾ ਆਯਾਤ ਕੀਤਾ ਗਿਆ। 1992-93 ਦੌਰਾਨ ਇਹ ਆਯਾਤ 1240 ਕਰੋੜ ਦਾ ਸੀ, ਜੋ ਕਿ 1993-94 ਵਿੱਚ ਘੱਟ ਕੇ 833 ਕਰੋੜ ਰਹਿ ਗਿਆ।

**ਨਿਰਯਾਤ** (Export)

1947-48 ਦੇ ਸਮੇਂ ਵਿੱਚ ਭਾਰਤ ਮੁੱਖ ਤੌਰ ਤੇ ਪਟਸਨ, ਚਾਹ, ਕਪਾਹ ਅਤੇ ਸੂਤੀ ਕੱਪੜੇ ਦਾ ਨਿਰਯਾਤ ਕਰਦਾ ਸੀ ਅਤੇ ਇਹ ਕੁਲ ਨਿਰਯਾਤ ਦਾ 50% ਸੀ। ਪਹਿਲੀ ਪੰਜ ਸਾਲਾ ਯੋਜਨਾ ਦੇ ਸ਼ੁਰੂ ਹੋਣ ਵੇਲੇ ਤੱਕ ਇਹ ਹਿੱਸਾ ਵੱਧ ਕੇ 60% ਹੋ ਗਿਆ ਸੀ। ਜਦੋਂ ਕਿ ਉਦਯੋਗਿਕ ਵਸਤਾਂ ਦਾ ਨਿਰਯਾਤ ਵਿੱਚ ਹਿੱਸਾ ਕਾਫੀ ਘੱਟ ਸੀ। ਇਹ ਸਾਰਾ ਕੁੱਝ ਦੇਸ਼ ਦੇ ਵਿਕਾਸ ਪੱਧਰ ਦੇ ਨੀਵਾਂ ਹੋਣ ਦੀ ਨਿਸ਼ਾਨੀ ਹੀ ਸੀ। ਜੇਕਰ ਅੰਤਰਰਾਸ਼ਟਰੀ ਵਪਾਰ ਦੀ ਬਣਤਰ ਇਸ ਪ੍ਰਕਾਰ

ਦੀ ਹੋਵੇ ਜਿੱਥੇ ਪ੍ਰਾਇਮਰੀ ਵਸਤਾਂ ਦਾ ਨਿਰਯਾਤ ਹੋਵੇ ਅਤੇ ਤਿਆਰ ਉਤਪਾਦਿਤ ਵਸਤਾਂ ਦਾ ਆਯਾਤ ਤਾਂ ਉਹ ਦੇਸ਼ ਵਿਕਾਸ ਨਹੀਂ ਕਰ ਸਕਦਾ ਕਿਉਂਕਿ ਇਨ੍ਹਾਂ ਵਸਤਾਂ ਦੀ ਮੰਗ ਅੰਤਰ ਰਾਸ਼ਟਰੀ ਮੰਡੀ ਵਿੱਚ ਮੁਕਾਬਲਤਨ ਲਚਕਹੀਨ (inelastic) ਹੁੰਦੀ ਹੈ। ਕੀਮਤਾਂ ਵਿੱਚ ਭਾਰੀ ਤਬਦੀਲੀ ਦੇ ਨਾਲ-ਨਾਲ ਇਨ੍ਹਾਂ ਦਾ ਘਰੇਲੂ ਮੰਡੀ ਵਿੱਚ ਉਤਪਾਦਨ ਵੀ ਨਿਸ਼ਚਿਤ ਨਹੀਂ ਹੁੰਦਾ। ਇਸ ਲਈ ਜੇਕਰ ਕਿਸੇ ਅਰਥ ਵਿਵਸਥਾ ਨੇ ਵਿਕਾਸ ਕਰਨਾ ਹੋਵੇ ਤਾਂ ਉਸ ਨੂੰ ਆਪਣੇ ਇਸ ਤਰ੍ਹਾਂ ਦੇ ਵਿਦੇਸ਼ੀ ਵਪਾਰ ਦੀ ਬਣਤਰ ਵਿੱਚ ਤਬਦੀਲੀ ਲਿਆਉਣੀ ਪੈਂਦੀ ਹੈ ਅਤੇ ਭਾਰਤ ਦੀ ਅਰਥ ਵਿਵਸਥਾ ਨਾਲ ਵੀ ਕੁੱਝ ਇਸ ਤਰ੍ਹਾਂ ਦਾ ਹੀ ਵਾਪਰਿਆ ਹੈ।

ਯੋਜਨਾ ਕਾਲ ਦੇ ਪਹਿਲੇ ਦਹਾਕੇ ਦੌਰਾਨ ਪਟਸਨ, ਚਾਹ ਅਤੇ ਕਪਾਹ ਦਾ ਇਹ ਕੁਲ ਹਿੱਸਾ 47.48% ਤੋਂ ਘੱਟ ਕੇ 1970-71 ਵਿੱਚ 27% ਹੋ ਗਿਆ ਅਤੇ 1985-1986 ਵਿੱਚ ਇਹ ਕੇਵਲ 11.4% ਹੀ ਰਹਿ ਗਿਆ ਹੈ। ਇਸ ਦੇ ਮੁਕਾਬਲੇ ਤੇ ਇੰਜਨੀਅਰਿੰਗ ਦੇ ਸਾਮਾਨ ਦਾ ਨਿਰਯਾਤ ਵਧਿਆ ਹੈ। 1960-61 ਦੌਰਾਨ 1.3% ਤੋਂ ਵੱਧ ਕੇ 1970-71 ਵਿੱਚ 8.5% ਹੋ ਗਿਆ। 1985-86 ਵਿੱਚ ਇਸ ਦਾ ਹਿੱਸਾ ਕੁੱਝ ਘਟਿਆ (6.9% ਸੀ) ਇਸ ਪ੍ਰਕਾਰ ਦੀ ਤਬਦੀਲੀ ਤੋਂ ਸਾਨੂੰ ਦੇਸ਼ ਦੀ ਉਦਯੋਗਿਕ ਖੇਤਰ ਵਿੱਚ ਤਬਦੀਲੀ ਦਾ ਵੀ ਪਤਾ ਲਗਦਾ ਹੈ।

ਭਾਰਤ ਦੇ ਨਿਰਯਾਤ ਦੇ ਬਿੱਲ ਵਿੱਚ ਕੁੱਝ ਤਬਦੀਲੀਆਂ ਆਈਆਂ ਜਿਹੜੀਆਂ ਹੇਠ ਲਿਖੇ ਅਨੁਸਾਰ ਸਨ :

1. 1960-61 ਤੋਂ ਬਾਅਦ ਪਟਸਨ ਦੇ ਨਿਰਯਾਤ ਤੋਂ ਆਮਦਨ ਵਿੱਚ ਭਾਰੀ ਕਮੀ ਹੋਈ ਹੈ। 60ਵਿਆਂ ਦੇ ਸ਼ੁਰੂ ਵਿੱਚ ਇਸ ਨਿਰਯਾਤ ਤੋਂ 20.5% ਆਮਦਨ ਸੀ। 1970-71 ਵਿੱਚ 12.4% ਅਤੇ ਫਿਰ 1985-86 ਵਿੱਚ ਇਹ ਆਮਦਨ ਘੱਟ ਕੇ ਕੇਵਲ 2.4% ਰਹਿ ਗਈ ਹੈ। 1989-90 ਵਿੱਚ ਪਟਸਨ ਦਾ ਨਿਰਯਾਤ 298 ਕਰੋੜ ਰੁਪਏ ਦਾ ਸੀ ਅਤੇ 2016-17 ਵਿੱਚ ਇਸ ਨਿਰਯਾਤ ਤੋਂ ਆਮਦਨ ਕੇਵਲ 0.1 ਪ੍ਰਤੀਸ਼ਤ ਸੀ।
2. ਇਵੇਂ ਹੀ ਚਾਹ ਦੇ ਪ੍ਰਤੀਸ਼ਤ ਨਿਰਯਾਤ ਵਿੱਚ ਵੀ ਕਮੀ ਆਈ ਹੈ। ਇਸ ਦਾ ਹਿੱਸਾ 1970-71 ਵਿੱਚ 9.6% ਤੋਂ ਘੱਟ ਕੇ 1985-86 ਵਿੱਚ 5.6% ਰਹਿ ਗਿਆ। ਪਰ ਇਸ ਦੀ ਕੀਮਤ ਵੱਧ ਜਾਣ ਕਰਕੇ ਇਸ ਤੋਂ ਨਿਰਯਾਤ ਆਮਦਨ ਪਟਸਨ ਦੇ ਮੁਕਾਬਲੇ ਤੇ ਵੱਧ ਰਹੀ ਹੈ। 2016-17 ਵਿਚ ਇਸ ਦਾ ਨਿਰਯਾਤ ਕੇਵਲ 0.3 ਪ੍ਰਤੀਸ਼ਤ ਸੀ।
3. ਦੂਜੇ ਪਾਸੇ ਹੱਥ-ਦਸਤਕਾਰੀ ਦੀਆਂ ਵਸਤਾਂ ਦੇ ਨਿਰਯਾਤ ਵਿੱਚ ਵਾਧਾ ਹੋਇਆ ਹੈ ਜਿਸ ਦੀ ਅੰਤਰਰਾਸ਼ਟਰੀ ਮੰਡੀ ਵਿੱਚ ਬਹੁਤ ਜ਼ਿਆਦਾ ਮੰਗ ਹੁੰਦੀ ਹੈ। 1989-90 ਵਿੱਚ ਇਨ੍ਹਾਂ ਵਸਤਾਂ ਦਾ ਨਿਰਯਾਤ 6285 ਕਰੋੜ ਰੁਪਏ ਦਾ ਸੀ, ਜਿਸ ਵਿੱਚ 5296 ਤੱਕ ਕਰੋੜ ਰੁਪਏ ਦਾ ਨਿਰਯਾਤ ਕੀਮਤੀ ਪੱਥਰ ਦੇ ਜੇਵਰਾਂ ਦਾ ਸੀ। 2016-17 ਵਿਚ ਇਸ ਦਾ ਹਿੱਸਾ 13.9 ਪ੍ਰਤੀਸ਼ਤ ਸੀ।
4. ਦੇਸ਼ ਦੇ ਉਦਯੋਗੀਕਰਣ ਹੋ ਜਾਣ ਕਰਕੇ ਨਿਰਯਾਤ ਵਿੱਚ ਇੰਜਨੀਅਰਿੰਗ ਦੇ ਸਾਮਾਨ ਦਾ ਮੁੱਲ ਕਾਫ਼ੀ ਵਧਿਆ ਹੈ। 1970-71 ਵਿੱਚ ਭਾਰਤ 120 ਕਰੋੜ ਰੁਪਏ ਇੰਜਨੀਅਰਿੰਗ ਦੇ ਸਾਮਾਨ ਨਿਰਯਾਤ ਜਿਹੜਾ ਵੱਧ ਕੇ 2004-05 ਵਿੱਚ 74648 ਕਰੋੜ ਰੁਪਏ ਹੋ ਗਿਆ। ਭਾਰਤ ਦੇ ਨਿਰਯਾਤ ਵਿੱਚ ਇਸ ਦਾ ਹੁਣ ਤੀਜਾ ਸਥਾਨ ਹੈ। ਇਸ ਦੇ ਨਾਲ ਹੀ ਕੈਮੀਕਲਜ਼ ਦਾ ਸਾਮਾਨ ਵੀ ਨਿਰਯਾਤ ਹੋਣ ਲਗਿਆ ਹੈ।
5. ਚਮੜਾ ਅਤੇ ਚਮੜੇ ਦਾ ਸਾਮਾਨ (ਜੁਤੀਆਂ ਸਮੇਤ) ਪਿਛਲੇ ਕੁੱਝ ਸਾਲਾਂ ਤੋਂ ਕਾਫੀ ਜ਼ਿਆਦਾ ਮਿਕਦਾਰ ਵਿੱਚ ਨਿਰਯਾਤ ਹੋਣਾ ਸ਼ੁਰੂ ਹੋ ਗਿਆ ਹੈ। 1985-86 ਵਿੱਚ

ਕੁੱਲ 5202.9 ਕਰੋੜ ਰੁਪਏ ਦਾ ਚਮੜੇ ਦਾ ਸਾਮਾਨ ਦਾ ਨਿਰਯਾਤ ਹੋਇਆ, ਜੋ ਕਿ 2004-05 ਵਿੱਚ ਵੱਧ ਕੇ 10439 ਕਰੋੜ ਰੁਪਏ ਦਾ ਹੋ ਗਿਆ।

6. ਜਪਾਨੀ ਸਟੀਲ ਉਦਯੋਗ ਦੀ ਮੰਗ ਵਧਣ ਕਰਕੇ ਕੱਚਾ ਲੋਹਾ ਵੀ ਭਾਰਤੀ ਮਾਤਰਾ ਵਿੱਚ ਨਿਰਯਾਤ ਹੋਣ ਲਗਿਆ ਹੈ।

7. ਇਸ ਤੋਂ ਇਲਾਵਾ ਉਹ ਵਸਤਾਂ ਜਿਨ੍ਹਾਂ ਦਾ ਨਿਰਯਾਤ ਪਹਿਲੇ ਦੇ ਮੁਕਾਬਲੇ ਤੇ ਜ਼ਿਆਦਾ ਵਧਿਆ ਹੈ, ਉਹ ਹਨ ਕਾਫੀ, ਚਾਹ, ਚੀਨੀ, ਮੱਛੀ ਅਤੇ ਲੋਹਾ, ਫੌਲਾਦ ਦਾ ਸਾਮਾਨ। ਦੂਜੇ ਪਾਸੇ ਪਟਸਨ ਦੀ ਅੰਤਰਰਾਸ਼ਟਰੀ ਮੰਡੀ ਵਿੱਚ ਮੰਗ ਕਾਫੀ ਘੱਟ ਗਈ ਹੈ, ਕਿਉਂਕਿ ਇਸ ਦੇ ਪ੍ਰਤੀਬਦਲ (Substitutes) ਮੰਡੀ ਵਿੱਚ ਆ ਗਏ ਹਨ। ਪਟਸਨ ਆਮ ਤੌਰ ਤੇ ਪੈਕਿੰਗ ਮੈਟੀਰੀਅਲ ਦੇ ਤੌਰ ਤੇ ਵਰਤੀ ਜਾਣ ਵਾਲੀ ਵਸਤੂ ਹੈ।

ਭਾਰਤ ਦੇ ਨਿਰਯਾਤ ਵਿੱਚ ਮੁੱਖ ਤਬਦੀਲੀਆਂ ਅਸੀਂ ਹੇਠ ਦਿੱਤੀ ਤਾਲਿਕਾ ਤੋਂ ਵੀ ਦੇਖ ਸਕਦੇ ਹਾਂ :

**ਤਾਲਿਕਾ-4**
**(Composition of Indian Exports)**
**(Rs. Crores)**

| | ਵਸਤੂ | 1960-61 | 1970-71 | 1980-81 | 1999-2000 | 2002-03 | 2009-10 | 2015-16 | 2016-17* |
|---|---|---|---|---|---|---|---|---|---|
| 1. | ਜ਼ਰਾਇਤੀ ਵਸਤਾਂ | 284 | 487 | 2057 | 25016 | 33691 | ----- | 136283 | 33816 |
| | (i) ਚਾਹ | 195 | 148 | 426 | 1785 | 1652 | 2944 | 3134 | 731 |
| | (ii) ਕਾਜੂ | 30 | 57 | 140 | 2461 | 2053 | 2829 | 3402 | 793 |
| | (iii) ਕਪਾਹ | 12 | 14 | 165 | 78 | 50 | 17479 | 5902 | ---- |
| | (iv) ਮੱਛੀ | 7 | 31 | 2187 | 5125 | 6928 | 9900 | 21627 | 5903 |
| 2. | ਖਣਿਜ ਪਦਾਰਥ (ਕੋਲੇ ਨੂੰ ਛੱਡ ਕੇ) | 52 | 164 | 414 | 3970 | 7591 | ---- | 14988 | 5379 |
| 3. | ਤਿਆਰ ਮਾਲ | 291 | 772 | 3747 | 128532 | 198760 | ---- | 826650 | 202964 |
| | (i) ਤਿਆਰ ਕੱਪੜੇ | 1 | 9 | 550 | 20649 | 27536 | 50791 | 70730 | 17368 |
| | (ii) ਪਟਸਨ ਦੀ ਵਸਤਾਂ | 135 | 190 | 350 | 544 | 907 | ----- | 2102 | 321 |
| | (iii) ਚਮੜਾ ਅਤੇ ਇਸ ਦਾ ਸਮਾਨ | 28 | 80 | 390 | 6891 | 8944 | 15946 | 24277 | 5308 |
| | (iv) ਹੱਥ ਦਸਤਕਾਰੀ | 11 | 73 | 952 | 37568 | 5742 | 14076 | 13183 | ---- |
| | (v) ਕੈਮੀਕਲ | 7 | 29 | 225 | 14772 | 28456 | 108687 | 158270 | 46001 |
| | (vi) ਇੰਜਨੀਅਰਿੰਗ (ਮਸ਼ੀਨਰੀ etc.) | 22 | 198 | 827 | 22325 | N.A. | 181073 | 260021 | 65267 |
| | ਕੁਲ | 600 | 1535 | 6711 | N.A. | N.A. | ------ | 1119303 | 275852 |

**Source :** Govt. of India, Economic Survey, Various Issues,2015-16 figures are from April-November

* 2016–17 ਦੀਆਂ figures US $ million ਵਿਚ ਹਨ।

### ਅਭਿਆਸ ਲਈ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

(i) ਭਾਰਤ ਦੀਆਂ ਮੁੱਖ ਆਯਾਤਾਂ ਦੇ ਨਾਂ ਲਿਖੋ।

(ii) ਵਿਦੇਸ਼ੀ ਵਪਾਰ ਦੀ ਬਣਤਰ ਵਿੱਚ ਕੀ ਅੰਤਰ ਆਇਆ ਹੈ?

### 2.2.5 ਵਪਾਰ ਦੀ ਦਿਸ਼ਾ (Direction of Trade)

ਆਜ਼ਾਦੀ ਤੋਂ ਪਹਿਲਾਂ ਭਾਰਤ ਦੇ ਵਪਾਰ ਦੀ ਦਸ਼ਾ ਮੁਕਾਬਲਤਨ ਲਾਗਤ (Comparative Costs) ਦੇ ਸਿਧਾਂਤ ਨਾਲ ਨਿਰਧਾਰਤ ਨਹੀਂ ਹੁੰਦੀ ਸੀ। ਸਗੋਂ ਇਹ ਭਾਰਤ-ਬਰਤਾਨੀਆਂ ਦੇ ਬਸਤੀਵਾਦੀ ਰਿਸ਼ਤਿਆਂ ਦੁਆਰਾ ਮਿੱਥੀ ਜਾਂਦੀ ਸੀ। ਇਹੀ ਕਾਰਨ ਸੀ ਕਿ ਭਾਰਤ ਦਾ ਕੁੱਲ ਵਪਾਰ ਮੁੱਖ ਤੌਰ ਤੇ ਬਰਤਾਨੀਆ ਨਾਲ ਹੀ ਸੀ। ਜਾਂ ਕੁੱਝ ਚਿਰ ਉਸ ਦੀਆਂ ਸਹਾਇਕ ਬਸਤੀਆਂ ਨਾਲ ਆਜ਼ਾਦੀ ਤੋਂ ਬਾਅਦ ਵੀ ਕੁੱਝ ਦੇਰ 1950-51 ਤੱਕ ਵਪਾਰ ਦਾ ਰੂਪ ਇਹੀ ਰਿਹਾ। ਜਿਉਂ ਹੀ ਭਾਰਤ ਦੇ ਦੂਜੇ ਦੇਸ਼ਾਂ ਨਾਲ ਰਾਜਨੀਤਿਕ ਸੰਬੰਧ ਵਧੇ ਇਸ ਨੇ ਆਰਥਕ ਵਪਾਰਕ ਸੰਬੰਧ ਵੀ ਕਾਇਮ ਕਰਨੇ ਸ਼ੁਰੂ ਕਰ ਦਿੱਤੇ। ਹੁਣ ਅਸੀਂ ਯੂਰਪ ਅਤੇ ਹੋਰ ਸਮਾਜਵਾਦੀ ਦੇਸ਼ਾਂ ਨਾਲ ਵੀ ਵਪਾਰਕ ਸੰਬੰਧ ਸਥਾਪਤ ਕਰ ਲਏ ਹਨ। ਹੁਣ ਅਸੀਂ ਯੂਰਪ ਅਤੇ ਹੋਰ ਸਮਾਜਵਾਦੀ ਦੇਸ਼ਾਂ ਨਾਲ ਵੀ ਵਪਾਰਕ ਸੰਬੰਧ ਸਥਾਪਤ ਕਰ ਲਏ ਹਨ। ਹੁਣ ਅਸੀਂ ਯੂ. ਕੇ. ਜਾਂ ਬਰਤਾਨੀਆਂ ਉੱਪਰ ਹੀ ਨਿਰਭਰ ਨਹੀਂ ਰਹੇ। ਕਿਉਂਕਿ ਹੁਣ ਅਸੀਂ ਰਾਜਨੀਤਿਕ ਤੌਰ ਤੇ ਤਾਂ ਆਜ਼ਾਦ ਹੀ ਹਾਂ।

1950-51 ਤੱਕ ਭਾਰਤ ਮੁੱਖ ਤੌਰ ਤੇ ਯੂ. ਕੇ. ਤੇ ਹੀ ਆਯਾਤ ਕਰਦਾ ਸੀ। ਯੂ. ਐਸ. ਏ. ਦਾ ਦੂਜਾ ਨੰਬਰ ਸੀ। ਤਾਂ ਵੀ ਦੋਵਾਂ ਦਾ ਮਿਲਾ ਕੇ 39.1 ਪ੍ਰਤੀਸ਼ਤ ਹਿੱਸਾ ਕੁਲ ਆਯਾਤ ਦਾ ਇਨ੍ਹਾਂ ਦੇਸ਼ਾਂ ਦਾ ਹੀ ਸੀ। ਪਰ ਇਸ ਤੋਂ ਬਾਅਦ ਹਾਲਾਤ ਬਦਲਣ ਲਗੇ। ਭਾਵੇਂ ਅਸੀਂ ਹੋਰ ਦੂਜੇ ਸਮਾਜਵਾਦੀ ਮੁਲਕਾਂ ਨਾਲ ਵਪਾਰਕ ਸੰਬੰਧ ਕਾਇਮ ਕਰ ਲਏ ਹਨ ਤਾਂ ਵੀ ਉਨ੍ਹਾਂ ਦਾ ਪ੍ਰਤੀਸ਼ਤ ਹਿੱਸਾ ਕੁਲ ਆਯਾਤ ਵਿੱਚ ਘੱਟ ਹੈ। ਪੰਜ ਸਾਲਾਂ ਯੋਜਨਾਵਾਂ ਦੌਰਾਨ ਸਾਰਾ ਸਮਾਂ ਯੂ. ਐਸ. ਏ. ਦਾ ਹਿੱਸਾ ਵੱਧ ਹੀ ਰਿਹਾ ਹੈ। ਕਿਉਂਕਿ ਉਸ ਤੋਂ ਪੂੰਜੀਗਤ ਵਸਤਾਂ ਦਾ ਆਯਾਤ ਹੁੰਦਾ ਹੈ ਅਤੇ ਮਾਲ ਅਨਾਜ ਵੀ ਬਰਾਮਦ ਕੀਤਾ ਗਿਆ। ਹੁਣ ਪੱਛਮੀ ਜਰਮਨੀ, ਜਪਾਨ ਦਾ ਪ੍ਰਤੀਸ਼ਤ ਹਿੱਸਾ ਵੱਧ ਰਿਹਾ ਹੈ। ਦੋ ਤਰਫੀ ਵਪਾਰਕ ਸਮਝੌਤਿਆਂ ਤਹਿਤ ਸਾਬਕਾ ਸੋਵੀਅਤ ਯੂਨੀਅਨ ਦਾ ਆਯਾਤ ਵਿੱਚ ਹਿੱਸਾ ਜਿਹੜਾ 1960-61 ਵਿੱਚ 14 ਪ੍ਰਤੀਸ਼ਤ ਸੀ, 1985-86 ਵਿੱਚ 8.5 ਪ੍ਰਤੀਸ਼ਤ ਹੋ ਗਿਆ ਅਤੇ 1994-95 ਵਿੱਚ ਘੱਟ ਕੇ 1.8 ਪ੍ਰਤੀਸ਼ਤ ਰਹਿ ਗਿਆ ਹੁਣ ਤਾਂ ਪੈਟਰੋਲੀਅਮ ਪਦਾਰਥ ਦੀ ਦਰਾਮਦ ਕਰਕੇ ਸਾਊਦੀ ਅਰਬ ਅਤੇ ਈਰਾਨ, ਇਰਾਕ ਨਾਲ ਵੀ ਸੰਬੰਧ ਕਾਇਮ ਹੋ ਗਏ ਹਨ। 1989-90 ਵਿੱਚ ਆਯਾਤ ਵਿੱਚ ਸਭ ਤੋਂ ਵੱਡਾ ਹਿੱਸਾ ਯੂ. ਐਸ. ਏ. ਦਾ ਸੀ। ਇਸ ਤੋਂ ਬਾਅਦ ਯੂ. ਕੇ., ਜਾਪਾਨ, ਪੱਛਮੀ ਜਰਮਨੀ, ਸਾਊਦੀ ਅਰਬ ਅਤੇ ਸਾਬਕਾ ਯੂ. ਐਸ. ਐਸ. ਆਰ. ਏ. ਦਾ ਸੀ। 1994-95 ਵਿੱਚ ਯੂ. ਐਸ. ਏ. ਦਾ ਹਿੱਸਾ 10.1% ਯੂ. ਕੇ. ਦਾ 5.4% ਅਤੇ ਜਾਪਾਨ ਦਾ 7.1% ਹਿੱਸਾ ਸੀ।

ਦੂਜੇ ਪਾਸੇ ਨਿਰਯਾਤ ਦੀ ਦਿਸ਼ਾ ਵਿੱਚ ਵੀ ਤਬਦੀਲੀਆਂ ਹੋਈਆਂ। ਆਯਾਤ ਵਾਂਗ ਨਿਰਯਾਤ ਦੇ ਖੇਤਰ ਵਿੱਚ ਵੀ ਭਾਰਤ ਯੂ. ਐਸ. ਏ. ਉੱਪਰ ਹੀ ਨਿਰਭਰ ਕਰਦਾ ਸੀ। ਕੁਲ ਨਿਰਯਾਤ ਦਾ 42.43% ਇਨ੍ਹਾਂ ਮੁਲਕਾਂ ਵੱਲ ਹੀ ਸੀ। 1960-61 ਤੋਂ ਬਾਅਦ ਭਾਰਤ ਦੇ ਦੂਜੇ ਸਮਾਜਵਾਦੀ ਮੁਲਕਾਂ ਨਾਲ ਵਪਾਰਕ ਸੰਬੰਧ ਸਥਾਪਤ ਹੋਣ ਕਾਰਣ ਉਹ ਹੀ ਭਾਰਤ ਦੀਆਂ ਬਣੀਆਂ ਵਸਤਾਂ ਖਰੀਦਣ ਲੱਗੇ। ਸਾਬਕਾ ਸੋਵੀਅਤ ਯੂਨੀਅਨ ਦਾ ਸਥਾਨ ਭਾਰਤੀ ਵਸਤਾਂ ਖਰੀਦਣ ਵਿੱਚ ਪਹਿਲੇ ਨੰਬਰ ਤੇ ਸੀ। 1950-51 ਵਿੱਚ ਇਸ ਦਾ ਹਿੱਸਾ 1.8% ਸੀ ਜਿਹੜਾ ਵੱਧ ਕੇ 1985-86 ਵਿੱਚ 17.6% ਹੋ ਗਿਆ ਹੈ, ਪਰ 1994-95 ਦੌਰਾਨ 3.1% ਰਹਿ ਗਿਆ। 1985-86 ਦੌਰਾਨ ਸਭ ਤੋਂ ਵੱਧ ਨਿਰਯਾਤ ਯੂ. ਐਸ. ਏ. (ਸਾਬਾ) ਸੋਵੀਅਤ ਯੂਨੀਅਨ ਅਤੇ ਫਿਰ ਜਪਾਨ ਅਤੇ ਯੂ. ਕੇ. ਵੱਲ ਹੋਇਆ। 1991-92 ਵਿੱਚ ਕੁਲ ਨਿਰਯਾਤ ਵਿੱਚ ਸਾਬਕਾ ਸੋਵੀਅਤ ਯੂਨੀਅਨ ਦਾ ਹਿੱਸਾ 16.1% ਤੋਂ ਘੱਟ ਕੇ 9.1% ਹੋ ਗਿਆ। ਇਹ ਸੋਵੀਅਤ ਯੂਨੀਅਨ ਦੇ ਟੁੱਟ ਜਾਣ ਕਰਕੇ ਸੀ। 1994-95 ਵਿੱਚ ਸਭ ਤੋਂ ਵੱਧ ਨਿਰਯਾਤ ਯੂ. ਐਸ. ਏ. ਨੂੰ ਸੀ (1.91%)।

ਇਸ ਪ੍ਰਕਾਰ ਦੀ ਨਿਰਯਾਤ ਵਿੱਚ ਤਬਦੀਲੀ ਦਾ ਕਾਰਨ ਇਸ ਦੀਆਂ ਵਸਤਾਂ ਦੀ ਲਚਕਹੀਨ ਮੰਗ ਸੀ। ਇਸ ਲਈ ਭਾਰਤ ਨੂੰ ਹੋਰ ਮੰਡੀਆਂ ਦੀ ਭਾਲ ਕਰਨੀ ਪਈ। ਦੂਜਾ ਕਾਰਨ ਇਸ ਦੇ ਉਤਪਾਦਨ ਢਾਂਚੇ ਵਿੱਚ ਤਬਦੀਲੀ ਸੀ। ਇਸ ਲਈ ਉਨ੍ਹਾਂ ਵਸਤਾਂ ਵਾਸਤੇ ਅੰਤਰ ਰਾਸ਼ਟਰੀ ਮੰਡੀ ਦੀ ਜ਼ਰੂਰਤ ਸੀ। ਇਨ੍ਹਾਂ ਕਾਰਨਾਂ ਕਰਕੇ ਭਾਰਤ ਦੇ ਆਯਾਤ ਅਤੇ ਨਿਰਯਾਤ ਦੀ ਦਿਸ਼ਾ ਵਿੱਚ ਤਬਦੀਲੀ ਆਈ ਹੈ।

**ਅਭਿਆਸ ਲਈ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ**

(i) ਨਿਰਯਾਤ ਪ੍ਰੋਤਸਾਹਨ ਲਈ ਭਾਰਤ ਦੁਆਰਾ ਅਪਣਾਏ ਕੋਈ ਦੋ ਉਪਾਅ ਦੱਸੋ।

(ii) ਭਾਰਤ ਦੇ ਨਿਰਯਾਤਾਂ ਦੀ ਦਿਸ਼ਾ ਦੀ ਵਿਆਖਿਆ ਕਰੋ।

### 2.2.6 ਵਪਾਰ ਦੀ ਬਾਕੀ (Balance of Trade)

ਕੁੱਝ ਕੁ ਸਾਲਾਂ ਨੂੰ ਛੱਡ ਕੇ ਤਕਰੀਬਨ ਸਾਰਾ ਸਮਾਂ ਹੀ ਵਪਾਰ ਦੀ ਬਾਕੀ ਭਾਰਤ ਦੇ ਉਲਟ ਹੀ ਰਹੀ ਹੈ, ਜਿਸ ਕਾਰਨ ਭੁਗਤਾਨ ਦੀ ਬਾਕੀ (Balance of Payment) ਤੇ ਵੀ ਅਸਰ ਪੈਂਦਾ ਹੈ।

ਅਸਲ ਵਿੱਚ ਇਹ ਕੋਈ ਅਚੰਭੇ ਵਾਲੀ ਗੱਲ ਵੀ ਨਹੀਂ। ਕਿਉਂਕਿ ਇਸ ਬਾਰੇ ਪਹਿਲਾਂ ਤੋਂ ਹੀ ਕੁੱਝ ਕੁ ਅਨੁਮਾਨ ਸੀ। ਇਸ ਦੇ ਵੀ ਕੁੱਝ ਕਾਰਨ ਸਨ। ਆਰਥਕ ਵਿਕਾਸ ਸ਼ੁਰੂ ਕਰਨ ਵੇਲੇ ਦੇਸ਼ ਦੇ ਸਾਹਮਣੇ ਕੁੱਝ ਮੁਸ਼ਕਲਾਂ ਸਨ ਤੇ ਕੁੱਝ ਚੁਣੌਤੀਆਂ ਆਰਥਕ ਵਿਕਾਸ ਦੀ ਦਰ ਤੇਜ਼ ਕਰਨ ਵਾਸਤੇ ਉਦਯੋਗਿਕ ਵਿਕਾਸ ਜ਼ਰੂਰੀ ਸੀ। ਇਸ ਲਈ ਪੂੰਜੀਗਤ ਸਾਧਨਾਂ ਦਾ ਆਯਾਤ ਵੀ ਸਮੇਂ ਦੀ ਜ਼ਰੂਰਤ ਹੀ ਸੀ। ਸਾਡੇ ਸਾਹਮਣੇ ਦੋ ਰਾਹ ਸਨ। ਇਕ ਤਾਂ ਇਹ ਹੈ ਕਿ ਆਪਣੇ ਹੀ ਘਰੇਲੂ ਉਤਪਾਦਨ ਨਾਲ ਪਹਿਲਾਂ ਦੀ ਤਰ੍ਹਾਂ ਹੀ ਘੱਟ ਵਿਕਸਿਤ ਅਰਥ ਵਿਵਸਥਾ ਵਿੱਚ ਗੁਜ਼ਾਰਾ ਕਰਨਾ ਅਤੇ ਦੂਜਾ ਇਹ ਕਿ ਥੋੜੀ ਦੇਰ ਲਈ ਵਿਦੇਸ਼ੀ ਸਹਾਇਤਾ ਲੈ ਕੇ ਵਿਕਾਸ ਦੀ ਨੀਂਹ ਰੱਖ ਲਈ ਜਾਵੇ ਤੇ ਫਿਰ ਹੌਲੀ-ਹੌਲੀ ਵਿਕਾਸ ਦੀ ਦਰ ਤੇਜ਼ ਕਰਕੇ ਕਰਜ਼ਾ ਵਾਪਸ ਕਰ ਦਿੱਤਾ ਜਾਵੇ।

ਭਾਰਤ ਨੇ ਦੂਜਾ ਰਸਤਾ ਅਖਤਿਆਰ ਕੀਤਾ। ਉਦਯੋਗਿਕ ਆਧਾਰ ਬਨਾਉਣ ਵਾਸਤੇ ਵਿਦੇਸ਼ੀ ਸਹਾਇਤਾ ਨਾ ਕੇਵਲ ਪੂੰਜੀ ਨਿਵੇਸ਼ ਦੇ ਰੂਪ ਵਿੱਚ ਸਗੋਂ ਮਾਹਿਰਾਂ, ਫਾਰਮੂਲੇ, ਤਕਨੀਕ ਆਦਿ ਦੇ ਰੂਪ ਵਿੱਚ ਵੀ ਲਈ। ਸੰਤੁਲਨ ਦੇ ਨੀਵੇਂ ਪੱਧਰ ਉੱਪਰ ਰਹਿਣ ਦੇ ਬਜਾਏ ਇਸ ਨੇ ਆਯਾਤ ਖਰਚੇ, ਕੱਚਾ ਮਾਲ, ਤਕਨੀਕੀ ਜਾਣਕਾਰੀ ਆਦਿ ਦਾ ਆਯਾਤ ਨਾਲ ਵਧਾਉਣਾ ਸ਼ੁਰੂ ਕਰ ਦਿੱਤਾ। ਦੂਜੇ ਪਾਸੇ ਨਿਰਯਾਤ ਦਾ ਮੁੱਲ ਕਾਫੀ ਘੱਟ ਸੀ। ਜਿਸ ਦਾ ਨਤੀਜਾ ਇਹ ਹੋਇਆ ਕਿ ਸਮਾਂ ਪਾ ਕੇ ਸਾਡੇ ਵਪਾਰ ਦੀ ਬਾਕੀ ਸਾਡੇ ਪੱਖ ਵਿੱਚ ਨਹੀਂ ਰਹੀ। ਇਕ ਕਾਰਨ ਹੈ ਕਿ ਅੰਤਰਰਾਸ਼ਟਰੀ ਮੰਡੀ ਵਿੱਚ ਕੀਮਤਾਂ ਦਾ ਵੱਡੀ ਪੱਧਰ ਤੇ ਵਾਧਾ ਅਤੇ ਦੂਜੇ ਤੇਲ ਪੈਦਾ ਕਰਨ ਤੇ ਨਿਰਯਾਤ ਕਰਨ ਵਾਲੇ ਦੇਸ਼ਾਂ ਵੱਲੋਂ ਤੇਲ ਦੀਆਂ ਕੀਮਤਾਂ ਵਿੱਚ ਵਾਧਾ।

ਵਪਾਰ ਦੀ ਬਾਕੀ ਨੂੰ ਸਮਝਣ ਲਈ ਇਸ ਗੱਲ ਵੱਲ ਵੀ ਧਿਆਨ ਦੇਣ ਦੀ ਜ਼ਰੂਰਤ ਹੈ ਕਿ ਵਪਾਰ ਕਿਸ ਦਿਸ਼ਾ ਵੱਲ ਹੋ ਰਿਹਾ ਹੈ ਅਤੇ ਇਸ ਦਾ ਝੁਕਾਅ ਕਿਹੜੇ ਪਾਸੇ ਵੱਲ ਹੈ। ਪਿਛਲੇ 15 ਕੁ ਸਾਲਾਂ ਤੋਂ ਭਾਰਤ ਦਾ ਵਪਾਰ ਯੂ. ਐਸ. ਏ., ਯੂ. ਕੇ. ਅਤੇ ਕੈਨੇਡਾ ਵਰਗੇ ਪੂੰਜੀਵਾਦੀ ਦੇਸ਼ਾਂ ਨਾਲ ਵੱਧ ਹੋ ਰਿਹਾ ਹੈ। ਇਨ੍ਹਾਂ ਵੱਲ ਨਿਰਯਾਤ ਘੱਟ ਹੈ ਜਦੋਂ ਕਿ ਆਯਾਤ ਜ਼ਿਆਦਾ। ਇਨ੍ਹਾਂ ਨੇ ਭਾਰਤ ਵੱਲ ਆਪਣਾ ਨਿਰਯਾਤ ਹਮੇਸ਼ਾਂ ਹੀ ਵਧਾਉਣ ਦੀ ਕੋਸ਼ਿਸ਼ ਕੀਤੀ ਹੈ ਜਦੋਂ ਕਿ ਭਾਰਤ ਵੱਲੋਂ ਆਯਾਤ ਹੋਣ ਵਾਲੀਆਂ ਵਸਤਾਂ ਉੱਪਰ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ।

ਦੂਜੇ ਪਾਸੇ ਸਮਾਜਵਾਦੀ ਮੁਲਕਾਂ ਨਾਲ ਭਾਵੇਂ ਸਾਡੇ ਵਪਾਰਕ ਸੰਬੰਧ ਘੱਟ ਹੀ ਹਨ ਪਰ ਉਨ੍ਹਾਂ ਨਾਲ ਵਪਾਰ ਦੀ ਬਾਕੀ ਸੰਤੁਲਿਤ ਰਹੀ (Balanced Balance of Trade)। ਇਸ ਤੋਂ ਪਤਾ

ਲਗਦਾ ਹੈ ਕਿ ਇਹ ਮੁਲਕ ਭਾਰਤ ਦੇ ਆਰਥਿਕ ਵਿਕਾਰ ਦੇ ਉਦੇਸ਼ਾਂ ਨਾਲ ਸਹਿਮਤ ਹਨ ਅਤੇ ਉਹ ਇਸ ਵਿੱਚ ਸਹਿਯੋਗ ਦੇਣ ਲਈ ਵੀ ਰਜ਼ਾਮੰਦ ਹਨ। ਭਾਰਤ ਦੇ ਵਪਾਰ ਦੀ ਬਾਕੀ ਓਪੈਕ (OPEC) ਦੇਸ਼ਾਂ ਨਾਲ ਵੀ ਸਾਰਾ ਸਮਾਂ ਉਲਟ ਰਹੀ ਹੈ। ਖਾਸ ਕਰਕੇ 1985-86 ਦੌਰਾਨ ਇਰਾਨ, ਇਰਾਕ ਅਤੇ ਸਾਉਦੀ ਅਰਬ ਨਾਲ 805 ਕਰੋੜ ਰੁਪਏ ਦਾ ਵਪਾਰਕ ਘਾਟਾ ਰਿਹਾ। 1990-91 ਵਿੱਚ ਭਾਰਤ ਦਾ ਵਪਾਰ ਬਾਕੀ ਘੱਟ ਕੇ 106.35 ਕਰੋੜ ਰੁਪਏ ਸੀ, ਜੋ ਕਿ 1994-95 ਵਿੱਚ ਘੱਟ ਕੇ 6375 ਕਰੋੜ ਰੁਪਏ ਰਹਿ ਗਿਆ।

**ਅਭਿਆਸ ਲਈ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ**

(i) ਵਪਾਰ ਬਾਕੀ ਅਤੇ ਭੁਗਤਾਨ ਬਾਕੀ ਵਿੱਚ ਅੰਤਰ ਦੱਸੋ।

(ii) ਵਪਾਰ ਬਾਕੀ ਤੋਂ ਕੀ ਭਾਵ ਹੈ ?

(iii) ਭਾਰਤ ਦੇ ਭੁਗਤਾਨ ਬਾਕੀ ਦੇ ਪ੍ਰਤੀਕੂਲ ਹੋਣ ਦੇ ਚਾਰ ਕਾਰਨ ਦਿਉ।

**2.2.7 ਪਾਠ ਦਾ ਸਾਰ** (Summary)

ਸਾਰ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਪਿਛਲੇ ਪੰਜ ਦਹਾਕਿਆਂ ਦੌਰਾਨ ਭਾਰਤ ਦੇ ਬਦੇਸ਼ੀ ਵਪਾਰ ਦੀ ਮਾਤਰਾ (Volume) ਬਣਤਰ ਅਤੇ ਦਿਸ਼ਾ ਸੰਬੰਧੀ ਮਹੱਤਵਪੂਰਣ ਤਬਦੀਲੀਆਂ ਵੇਖੀਆਂ ਗਈਆਂ ਹਨ। ਭਾਵੇਂ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਤਬਦੀਲੀਆਂ ਤਾਂ ਭਾਰਤੀ ਅਰਥ ਵਿਵਸਥਾ ਦੀਆਂ ਵਿਕਾਸ ਸੰਬੰਧੀ ਲੋੜਾਂ ਨਾਲ ਮੇਲ ਖਾਂਦੀਆਂ ਹਨ ਪਰੰਤੂ ਫਿਰ ਵੀ ਇੱਕ ਤਾਂ ਵਪਾਰ ਬਾਕੀ ਦੀ ਸਮੱਸਿਆ ਅਤੇ ਦੂਜੀ, ਸਾਡਾ ਵਿਸ਼ਵ ਵਪਾਰ ਵਿੱਚ ਹਿੱਸੇ ਦਾ ਹੌਲੀ-ਹੌਲੀ ਘਟਨਾ ਅਜਿਹੀਆਂ ਸਮੱਸਿਆਵਾਂ ਹਨ ਜਿਨ੍ਹਾਂ ਦੇ ਹੱਲ ਦੀ ਫੌਰਨ ਲੋੜ ਹੈ। ਇਸ ਝੁਕਾਅ ਨੂੰ ਬਦਲਣ ਦੀ ਲੋੜ ਹੈ ਤਾਂ ਕਿ ਅਸੀਂ ਅੰਤਰ ਰਾਸ਼ਟਰੀ ਕਿਰਤ ਵੰਡ ਵਿੱਚ ਆਪਣਾ ਸਹੀ ਹਿੱਸਾ ਪਾ ਸਕੀਏ।

**2.2.8 ਪੁਸਤਕ ਸੂਚੀ ਅਤੇ ਪਾਠ ਸਮੱਗਰੀ**

1. Gaurav Datt and Ashwani Mahajan : Datt and Sundharam *Indian Economy* (Latest Edition)

2. Mishra and Puri : *Indian Economy* (Latest Edition)

3. Ishwar C. Dhingra : *The Indian Economy* (Latest Edition)

**ਨੋਟ** : ਇਹ ਪਾਠ D.E.C. ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

ਪਾਠ ਨੰ. 2.3 ਲੇਖਕ : ਪ੍ਰੋ: ਪ੍ਰਤਾਪ ਸਿੰਘ

# ਭੁਗਤਾਨ ਸ਼ੇਸ਼ ਦੀ ਸਮੱਸਿਆ

ਇਸ ਪਾਠ ਦੀ ਰੂਪ ਰੇਖਾ (Structure) ਨਿਮਨ ਅਨੁਸਾਰ ਹੈ :

2.3.1 ਸੰਖੇਪ ਭੂਮਿਕਾ (A brief introduction)

2.3.2 ਪਾਠ ਦੇ ਉਦੇਸ਼ (Objectives)

2.3.3 ਵਪਾਰ ਸ਼ੇਸ਼ ਅਤੇ ਭੁਗਤਾਨ ਸ਼ੇਸ਼ ਵਿੱਚ ਅੰਤਰ (Difference between balance of trade and balance of payments)

2.3.4 ਭੁਗਤਾਨ ਸ਼ੇਸ਼ ਅਤੇ ਇਸ ਦੀ ਪਰਿਭਾਸ਼ਾ (Definition)

2.3.5 ਭੁਗਤਾਨ ਸੰਤੁਲਨ ਸਾਰਣੀ ਵਿੱਚ ਸ਼ਾਮਲ ਮੁੱਖ ਮੱਦਾਂ (The main items/ composition of the balance of payment)

2.3.6 ਭੁਗਤਾਨ ਸ਼ੇਸ਼ ਅਸਮਤੋਲ ਦੇ ਕਾਰਨ (Causes of disequilibrium is balance of payments)

2.3.7 ਭੁਗਤਾਨ ਸ਼ੇਸ਼ ਅਸੰਤੁਲਨ ਨੂੰ ਦੂਰ ਕਰਨ ਦੇ ਉਪਾਅ (Methods to correct disequilibrium in balance of payments)

2.3.8 ਭਾਰਤ ਦਾ ਭੁਗਤਾਨ ਬਾਕੀ (India's balance of payments)

2.3.9 ਭਾਰਤ ਦੇ ਭੁਗਤਾਨ ਬਾਕੀ ਦੀਆਂ ਪ੍ਰਵਿਰਤੀਆਂ (Trade in India's balance of payments)

2.3.10 ਭਾਰਤ ਦੇ ਭੁਗਤਾਨ ਸੰਤੁਲਨ ਦੀਆਂ ਵਿਸ਼ੇਸ਼ਤਾਈਆਂ (Features of India's balance of payments)

2.3.11 ਭਾਰਤ ਦੇ ਭੁਗਤਾਨ ਸ਼ੇਸ਼ ਸਬੰਧੀ ਪ੍ਰਵਿਰਤੀਆਂ ਦਾ ਸਾਰ (Summary of trends in India's balance of payments)

2.3.12 ਭੁਗਤਾਨ ਸ਼ੇਸ਼ ਦੀ ਵਧਦੀ ਸਮੱਸਿਆ ਦੇ ਕਾਰਨ (Causes underlying the problem of balance of payments)

2.3.13 ਭੁਗਤਾਨ ਸ਼ੇਸ਼ ਸਮੱਸਿਆ ਹੱਲ ਲਈ ਰੰਗਾ ਰਾਜਨ ਪੈਨਲ (Ranga Rajan Panel)

2.3.14 ਪਾਠ ਦਾ ਸਾਰ (Summary)

2.3.15 ਪੜ੍ਹਨਯੋਗ ਪੁਸਤਕਾਂ

## 2.3.1 ਸੰਖੇਪ ਭੂਮਿਕਾ (A brief introduction)

ਆਧੁਨਿਕ ਕਾਲ ਵਿਚ ਅੰਤਰਰਾਸ਼ਟਰੀ ਵਪਾਰ ਦੀ ਬੜੀ ਮਹੱਤਤਾ ਹੈ। ਸੰਸਾਰ ਵਿਚ ਕੋਈ ਵੀ ਦੇਸ਼ ਅਜਿਹਾ ਨਹੀਂ ਜਿਹੜਾ ਆਧੁਨਿਕ ਕਾਲ ਵਿਚ ਅੰਤਰਰਾਸ਼ਟਰੀ ਵਪਾਰ ਨਹੀਂ ਕਰਦਾ। ਅੰਤਰਰਾਸ਼ਟਰੀ ਵਪਾਰ ਰਾਹੀਂ ਜਿਥੇ ਇਕ ਦੇਸ਼ ਨੂੰ ਵਸਤਾਂ ਦੇ ਉਤਪਾਦਨ ਵਿਚ ਤੁਲਨਾਤਮਕ (comparative) ਲਾਭ ਪ੍ਰਾਪਤ ਹੁੰਦਾ ਹੈ, ਉਸ ਦੇ ਨਾਲ ਦੇਸ਼ ਨੂੰ ਵੱਧ ਉਤਪਾਦਨ, ਵੱਧ ਰੋਜ਼ਗਾਰ, ਵੱਧ ਆਮਦਨ ਪ੍ਰਾਪਤ ਕਰਨ ਦਾ ਮੌਕਾ ਵੀ ਮਿਲਦਾ ਹੈ। ਅੰਤਰਰਾਸ਼ਟਰੀ ਵਪਾਰ ਦੇ ਫਲਸਰੂਪ ਇਕ ਦੇਸ਼ ਉਨ੍ਹਾਂ ਵਸਤਾਂ ਨੂੰ ਪ੍ਰਯੋਗ ਕਰਨ ਦੇ ਵੀ ਯੋਗ ਹੋ ਜਾਂਦਾ

ਹੈ ਜਿਹੜੀਆਂ ਉਸ ਦੇਸ਼ ਵਿਚ ਪੈਦਾ ਨਹੀਂ ਹੁੰਦੀਆਂ। ਅੰਤਰਰਾਸ਼ਟਰੀ ਵਪਾਰ ਰਾਹੀਂ ਘੱਟ ਵਿਕਸਿਤ ਦੇਸ਼ ਵਿਕਸਤ ਦੇਸ਼ਾਂ ਤੋਂ ਤਕਨੀਕੀ ਜਾਣਕਾਰੀ, ਵਿਤੀ ਤੇ ਭੌਤਿਕ ਸਾਧਨ ਆਦਿ ਪ੍ਰਾਪਤ ਕਰ ਸਕਦਾ ਹੈ। ਇਸ ਲਈ ਅੰਤਰਰਾਸ਼ਟਰੀ ਵਪਾਰ ਦੀ ਮਹੱਤਤਾ ਵਿਕਸਤ ਤੇ ਅਵਿਕਸਤ ਦੇਸ਼ਾਂ ਦੋਵਾਂ ਲਈ ਹੈ।

ਅੰਤਰਰਾਸ਼ਟਰੀ ਵਪਾਰ ਨੂੰ ਵਧਾਉਣ ਲਈ ਅਤੇ ਇਸ ਰਾਹੀਂ ਘੱਟ ਵਿਕਸਤ ਦੇਸ਼ਾਂ ਦੇ ਆਰਥਿਕ ਵਿਕਾਸ ਦੀ ਚਾਲ ਨੂੰ ਤੇਜ਼ ਕਰਨ ਲਈ ਸੰਸਾਰ ਪੱਧਰ ਤੇ ਅੰਤਰਰਾਸ਼ਟਰੀ ਮੌਦਰਿਕ ਕੋਸ਼ (International Monetary Fund) ਸੰਸਥਾ ਸਥਾਪਿਤ ਕੀਤਾ ਗਿਆ ਅਤੇ ਗੈਟ (GATT) (ਹੁਣ World Trade Organisation ਜਾਂ WTO) ਅਤੇ ਉਣਕਟਾਡ (UNCTAD) ਸਥਾਪਿਤ ਹੋਇਆ। ਇਨ੍ਹਾਂ ਸਾਰੀਆਂ ਗੱਲਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਅੰਤਰਰਾਸ਼ਟਰੀ ਵਪਾਰ ਦੀ ਸੰਸਾਰ ਪੱਧਰ ਤੇ ਕੀ ਮਹੱਤਤਾ ਹੈ।

ਜਿਸ ਸਮੇਂ ਇਕ ਦੇਸ਼ ਦੂਜੇ ਦੇਸ਼ ਤੋਂ ਵਸਤਾਂ ਤੇ ਸੇਵਾਵਾਂ ਮੰਗਦਾ ਹੈ ਤਾਂ ਉਸ ਨੂੰ ਇਸ ਲਈ ਭੁਗਤਾਨ ਕਰਨਾ ਪੈਂਦਾ ਹੈ ਅਤੇ ਸਾਲ ਪਿਛੋਂ ਹਰ ਇਕ ਦੇਸ਼ ਇਹ ਵੇਖਣ ਲਈ ਕਿ ਉਸਨੇ ਵਿਦੇਸ਼ਾਂ ਵਿਚੋਂ ਕਿੰਨੇ ਮੁੱਲ ਦਾ ਮਾਲ ਮੰਗਵਾਇਆ ਹੈ ਅਤੇ ਵਿਦੇਸ਼ਾਂ ਨੂੰ ਕਿੰਨੀ ਅਦਾਇਗੀ ਕਰਨੀ ਹੈ ਅਤੇ ਕਿੰਨੀ ਵਸੂਲੀ ਕਰਨੀ ਹੈ, ਵਪਾਰ ਸ਼ੇਸ਼ (Balance of Trade), ਭੁਗਤਾਨ ਸ਼ੇਸ਼ (Balance of Payment) ਸਾਰਣੀਆਂ ਤਿਆਰ ਕਰਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਭੁਗਤਾਨ ਸ਼ੇਸ਼ ਬਾਰੇ ਗੱਲ ਕਰੀਏ ਸਾਡੇ ਲਈ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਭੁਗਤਾਨ ਸ਼ੇਸ਼ ਅਤੇ ਵਪਾਰ ਸ਼ੇਸ਼ ਸਾਰਣੀ ਵਿਚ ਕੀ ਅੰਤਰ ਹੈ।

### 2.3.2 ਪਾਠ ਦੇ ਉਦੇਸ਼ (Objectives) :

ਜਿੱਥੋਂ ਤੱਕ ਇਸ ਪਾਠ ਦੁਆਰਾ ਪ੍ਰਾਪਤ ਕੀਤੇ ਜਾਣ ਵਾਲੇ ਉਦੇਸ਼ਾਂ ਦਾ ਸੰਬੰਧ ਹੈ, ਉਹ ਨਿਮਨ ਅਨੁਸਾਰ ਹਨ :–

(ੳ) ਇਹ ਜਾਨਣਾ ਕਿ ਵਪਾਰ ਸ਼ੇਸ਼ (balance of trade) ਅਤੇ ਭੁਗਤਾਨ ਸ਼ੇਸ਼ (balance of payments) ਦੀਆਂ ਧਾਰਨਾਵਾਂ ਕੀ ਹਨ ਅਤੇ ਇਨ੍ਹਾਂ ਵਿਚ ਕੀ ਅੰਤਰ ਹੈ।

(ਅ) ਭੁਗਤਾਨ ਸੰਤੁਲਨ (balance of payments) ਸਾਰਣੀ ਨੂੰ ਤਿਆਰ ਕਰਨ ਲਈ ਲੈਣਦਾਰੀਆਂ (credit transactions) ਅਤੇ ਦੇਣਦਾਰੀਆਂ (debit transactions) ਵਿੱਚ ਕੀ ਕੀ ਸ਼ਾਮਲ ਕੀਤਾ ਜਾਂਦਾ ਹੈ, ਅਰਥਾਤ ਭੁਗਤਾਨ ਸੰਤੁਲਨ ਸਾਰਨੀ ਵਿਚੋਂ ਕਿਹੜੀਆਂ ਮੁੱਖ ਮਦਾਂ ਸੰਮਿਲਤ ਕੀਤੀਆਂ ਜਾਂਦੀਆਂ ਹਨ।

(ੲ) ਕਿਸੇ ਦੇਸ਼ ਦੇ ਭੁਗਤਾਨ ਸ਼ੇਸ਼ ਦੀ ਹਾਲਤ ਕਿਉਂ ਵਿਗੜ (adverse) ਜਾਂਦੀ ਹੈ, ਅਰਥਾਤ ਭੁਗਤਾਨ ਸ਼ੇਸ਼ ਦੇ ਵਿਰੁੱਧ ਹੁਣ ਦੇ ਮੁੱਖ ਕਾਰਨ ਕੀ ਹ਼ ਸਕਦੇ ਹਨ।

(ਸ) ਉਹ ਕਿਹੜੇ ਉਪਾਅ ਹਨ, ਜਿਨ੍ਹਾਂ ਦੁਆਰਾ ਭੁਗਤਾਨ ਸ਼ੇਸ਼ ਅਸੰਤੁਲਨ ਨੂੰ ਠੀਕ ਕੀਤਾ ਜਾ ਸਕਦਾ ਹੈ।

(ਹ) ਭਾਰਤ ਦੇ ਭੁਗਤਾਨ ਬਾਕੀ ਦੀ ਸਮੱਸਿਆ ਬਾਰੇ ਜਾਣਕਾਰੀ ਪ੍ਰਾਪਤ ਕਰਨੀ, ਤਾਂ ਕਿ ਭਾਰਤ ਦੇ ਭੁਗਤਾਨ ਸੰਤੁਲਨ ਦੀਆਂ ਵਿਸ਼ੇਸ਼ਤਾਈਆਂ (features) ਦਾ ਪਤਾ ਲੱਗ ਸਕੇ।

(ਕ) ਭਾਰਤ ਦੇ ਭੁਗਤਾਨ ਸ਼ੇਸ਼ ਦੀ ਸਮੱਸਿਆ ਦੇ ਹੱਲ ਲਈ ਕੀ ਯਤਨ ਕੀਤੇ ਗਏ ਹਨ।

### 2.3.3 ਵਪਾਰ ਸ਼ੇਸ਼ (Balance of Trade) ਅਤੇ ਭੁਗਤਾਨ ਸ਼ੇਸ਼ (Balance of Payments) ਵਿੱਚ ਅੰਤਰ :

ਵਪਾਰ ਸ਼ੇਸ਼ ਸਾਰਣੀ ਤੋਂ ਭਾਵ ਉਸ ਚਿੱਠੇ ਜਾਂ ਸਾਰਣੀ ਤੋਂ ਹੈ ਜਿਸ ਹੇਠਾਂ ਇਹ ਹਿਸਾਬ ਲਾਇਆ ਜਾਂਦਾ ਹੈ ਕਿ ਇਕ ਦੇਸ਼ ਨੇ ਕਿੰਨੇ ਮੁਲ ਦੀਆਂ ਵਸਤਾਂ ਵਿਦੇਸ਼ਾਂ ਤੋਂ ਮੰਗਵਾਈਆਂ ਹਨ ਅਤੇ ਕਿੰਨੇ ਮੁੱਲ ਦੀਆਂ ਭੇਜੀਆਂ ਹਨ। ਵਪਾਰ ਸ਼ੇਸ਼ ਦੇਸ਼ ਦੇ ਹੱਕ ਵਿਚ ਹੋ ਸਕਦਾ ਹੈ, ਵਿਰੁੱਧ ਹੋ ਸਕਦਾ ਹੈ ਜਾਂ ਸੰਤੁਲਨ ਵਿਚ ਹੋ ਸਕਦਾ ਹੈ। ਜਿਸ ਸਮੇਂ ਇਕ ਦੇਸ਼ ਨੇ ਵਿਦੇਸ਼ਾਂ ਨੂੰ ਵੱਧ ਮੁੱਲ ਦਾ ਮਾਲ ਭੇਜਿਆ ਹ਼ਵੇ ਅਤੇ ਘੱਟ ਮੁੱਲ ਦਾ ਮੰਗਵਾਇਆ ਹੋਵੇ ਤਾਂ ਵਪਾਰ ਸ਼ੇਸ਼ ਦੇਸ਼ ਦੇ ਹੱਕ ਵਿਚ ਆਖਿਆ ਜਾਂਦਾ ਹੈ। ਤਕਨੀਕੀ ਸ਼ਬਦਾਵਲੀ ਵਿਚ ਜੇ ਦੇਸ਼ ਦਾ ਨਿਰਯਾਤ ਮੁੱਲ ਆਯਾਤ ਮੁੱਲ ਨਾਲੋਂ ਵੱਧ ਹੋਵੇ ਤਾਂ ਭੁਗਤਾਨ ਸ਼ੇਸ਼ ਦੇਸ਼ ਦੇ ਹੱਕ ਵਿਚ ਹੁੰਦਾ ਹੈ। ਇਸਦੇ ਉਲਟ ਵਪਾਰ ਸ਼ੇਸ਼ ਦੇਸ਼ ਦੇ ਵਿਰੁੱਧ ਹੁੰਦਾ ਹੈ ਅਤੇ ਜੇਕਰ ਆਯਾਤ ਮੁੱਲ ਨਿਰਯਾਤ ਮੁੱਲ ਦੇ ਬਰਾਬਰ ਹ਼ਵੇ ਤਾਂ ਵਪਾਰ ਸ਼ੇਸ਼ ਨੂੰ ਸੰਤੁਲਨ ਵਿਚ ਆਖਿਆ ਜਾਂਦਾ ਹੈ। ਅਜਿਹਾ ਬਹੁਤ ਘੱਟ ਹੁੰਦਾ ਹੈ ਕਿ ਵਪਾਰ ਸ਼ੇਸ਼ ਸੰਤੁਲਨ ਵਿਚ ਹੋਵੇ ਕਿਉਂਕਿ ਜ਼ਰੂਰੀ ਨਹੀਂ ਕਿ ਇਕ ਦੇਸ਼ ਉਨੇ ਹੀ ਮੁੱਲ ਦੀਆਂ ਵਸਤਾਂ ਵਿਦੇਸ਼ਾਂ ਤ਼ ਮੰਗਵਾਏ ਜਿੰਨੀਆਂ ਕਿ ਉਸਨੇ ਭੇਜੀਆਂ ਹਨ।

### 2.3.4 ਭੁਗਤਾਨ ਸ਼ੇਸ਼ ਅਤੇ ਇਸਦੀ ਪਰਿਭਾਸ਼ਾ (Definition)

ਜਿਵੇਂ ਕਿ ਉਪਰ ਦਸਿਆ ਹੈ ਕਿ ਇਹ ਦੋਵੇਂ ਧਾਰਨਾਵਾਂ ਇਕੋ ਜਿਹੀਆਂ ਲਗਦੀਆਂ ਹਨ ਅਤੇ ਭੁਲੇਖਾ ਪਾਊ ਹਨ ਪ੍ਰੰਤੂ ਇਨ੍ਹਾਂ ਦੋਹਾਂ ਵਿਚ ਬਹੁਤ ਅੰਤਰ ਹੈ। ਭੁਗਤਾਨ ਸ਼ੇਸ਼ ਸਾਰਣੀ ਤਿਆਰ ਕਰਦੇ ਸਮੇਂ ਅਸੀਂ ਕੇਵਲ ਵਸਤਾਂ ਦੇ ਆਯਾਤ ਤੇ ਨਿਰਯਾਤ ਮੁੱਲ ਨੂੰ ਨਹੀਂ ਲੈਂਦੇ ਸਗੋਂ ਹੋਰ ਬਹੁਤ ਪ੍ਰਕਾਰ ਦਾ ਭੁਗਤਾਨ ਜਿਨ੍ਹਾਂ ਵਿਚ ਦਿੱਖ (visible) ਅਤੇ ਅਦਿੱਖ (invisible) ਦੋਵੇਂ ਪ੍ਰਕਾਰ ਦਾ ਭੁਗਤਾਨ ਸ਼ਾਮਿਲ ਹੈ, ਨੂੰ ਧਿਆਨ ਵਿਚ ਲਿਆਂਦੇ ਹਾਂ। ਇਹੋ ਕਾਰਨ ਹੈ ਕਿ ਵਪਾਰ ਸ਼ੇਸ਼ ਕਿਸੇ ਦੇਸ਼ ਦੇ ਹੱਕ ਵਿਚ ਹੁੰਦੇ ਹੋਏ ਵੀ ਭੁਗਤਾਨ ਸ਼ੇਸ਼ ਉਸ ਦੇਸ਼ ਦੇ ਵਿਰੁੱਧ ਹੋਵੇ। ਇਸ ਨੂੰ ਅਸੀਂ ਇਕ ਉਦਾਹਰਣ ਰਾਹੀਂ ਸਪਸ਼ਟ ਕਰਦੇ ਹਾਂ। ਮੰਨ ਲਵੋ ਭਾਰਤ ਯੂ.ਕੇ. (U.K.) ਨੂੰ 200 ਕਰੋੜ ਰੁਪਏ ਦੇ ਮੁੱਲ ਦੀ ਕਣਕ ਭੇਜਦਾ ਹੈ ਅਤੇ ਯੂ.ਕੇ. ਤੋਂ 150 ਕਰੋੜ ਰੁਪਏ ਮੁੱਲ ਦੀ ਮਸ਼ੀਨਰੀ ਮੰਗਵਾਉਂਦਾ ਹੈ। ਪ੍ਰੰਤੂ ਭਾਰਤ ਵਿਚੋਂ ਕਣਕ ਭੇਜਣ ਲਈ ਅਤੇ ਮਸ਼ੀਨਰੀ ਮੰਗਵਾਉਣ ਲਈ ਯੂ.ਕੇ . ਦੇ ਜਹਾਜਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਤੇ ਜਹਾਜ਼ਾਂ ਵਿਚ ਜਾਣ ਵਾਲਾ ਅਤੇ ਆਉਣ ਵਾਲੇ ਮਾਲ ਦਾ ਬੀਮਾ ਯੂ.ਕੇ. ਦੀ ਬੀਮਾ ਕੰਪਨੀ ਦੁਆਰਾ ਕਰਵਾਇਆ ਜਾਂਦਾ ਹੈ ਅਤੇ ਆਯਾਤ ਤੇ ਨਿਰਯਾਤ ਦੇ ਮੁੱਲ ਨੂੰ ਉਤਾਰਨ ਲਈ ਇੰਗਲੈਂਡ ਦੇ ਬੈਂਕ ਦਾ ਸਹਾਰਾ ਲਿਆ ਜਾਂਦਾ ਹੈ। ਇਨ੍ਹਾਂ ਤਿੰਨਾਂ ਸੇਵਾਵਾਂ, ਜਹਾਜ਼ ਦਾ ਕਿਰਾਇਆ, ਬੀਮੇ ਦਾ ਖਰਚਾ ਅਤੇ ਬੈਂਕਿੰਗ ਸੇਵਾਵਾਂ ਦੇ ਭੁਗਤਾਨ ਭਾਰਤ ਨੂੰ ਯੂ.ਕੇ. ਦੀ ਕਰੰਸੀ ਵਿਚ ਕਰਨ ਦੀ ਲੜ ਹੈ ਜਿਸ ਦਾ ਮੁੱਲ 70 ਕਰੜ ਹੈ। ਇਸ ਉਦਾਹਰਣ ਨੂੰ ਸਾਹਮਣੇ ਰਖਦੇ ਹੋਏ ਭਾਰਤ ਨੇ ਯੂ.ਕੇ . ਨੂੰ 220 ਕਰੋੜ ਰੁਪਏ (150 + 70 = 220) ਦੇ ਮੁੱਲ ਦਾ ਭੁਗਤਾਨ ਕਰਨਾ ਹੈ ਅਤੇ ਯੂ.ਕੇ. ਤੋਂ 200 ਕਰੋੜ ਰੁਪਏ ਦੇ ਮੁੱਲ ਦੇ ਬਰਾਬਰ ਲੈਣਾ ਹੈ। ਸਪਸ਼ਟ ਹੈ ਕਿ ਵਪਾਰ ਸ਼ੇਸ਼ (200 – 60 = 140) ਭਾਰਤ ਦੇ ਹੱਕ ਵਿਚ ਹੈ ਪ੍ਰੰਤੂ ਭੁਗਤਾਨ ਸ਼ੇਸ਼ (220 – 200 = 20) ਭਾਰਤ ਦੇ ਵਿਰੁੱਧ ਹੈ।

ਭੁਗਤਾਨ ਸ਼ੇਸ਼ ਦੀ ਪਰਿਭਾਸ਼ਾ ਦੇਣ ਲਈ ਵੱਖ ਵੱਖ ਅਰਥ ਸ਼ਾਸਤਰੀਆਂ ਨੇ ਵਖਰੇ ਵਖਰੇ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਭਾਵੇਂ ਇਨ੍ਹਾਂ ਸਾਰੀਆਂ ਭਾਸ਼ਾਵਾਂ ਦਾ ਮੰਤਵ ਇਕੋ ਹੀ ਹੈ। ਆਸਾਨੀ ਨਾਲ ਸਮਝ ਆ ਜਾਣ ਵਾਲੀ ਪਰਿਭਾਸ਼ਾ ਲਈ ਅਸੀਂ ਇਹ ਕਹਿ ਸਕਦੇ ਹਾਂ ਕਿ ਇਕ ਦੇਸ਼ ਦੇ ਭੁਗਤਾਨ ਸ਼ੇਸ਼ ਲਈ ਉਸ ਦੇਸ਼ ਦੇ ਨਿਵਾਸੀਆਂ ਅਤੇ ਬਾਕੀ ਦੇਸ਼ ਦੇ ਨਿਵਾਸੀਆਂ ਵਿਚ ਇਕ ਦਿੱਤੇ ਗਏ ਸਮੇਂ ਵਿਚ ਕਹਿ ਲਵੋ ਇਕ ਸਾਲ ਵਿਚ ਕੀਤੇ ਗਏ ਸਮਾਪਤ ਆਰਥਿਕ ਲੈਣ ਦੇਣ ਦਾ ਚਿੱਠਾ ਜਾਂ ਸਾਰਣੀ ਹੈ। (The Balance of Payments of a country is a systematic record of all economic transactions completed between its residents and residents of the rest of the world during a given period of time, usually a year.)

### 2.3.5 ਭੁਗਤਾਨ ਸੰਤੁਲਨ ਸਾਰਣੀ ਵਿਚ ਸ਼ਾਮਿਲ ਮੁੱਖ ਮੱਦਾਂ

**(The main items/compositions of the balance of payments) :**

ਇਕ ਦੇਸ਼ ਦੇ ਲੋਕ ਜਦੋਂ ਦੂਜੇ ਦੇਸ਼ਾਂ ਦੇ ਨਾਲ ਲੈਣ ਦੇਣ ਕਰਦੇ ਹਨ ਤਾਂ ਅਸੀਂ ਇਸ ਨੂੰ ਭੁਗਤਾਨ ਸੰਤੁਲਨ ਦੀਆਂ ਲੈਣਦਾਰੀਆਂ (credit transactions) ਅਤੇ ਦੇਣਦਾਰੀਆਂ (debt transactions) ਕਹਿੰਦੇ ਹਾਂ। ਭੁਗਤਾਨ ਸੰਤੁਲਨ ਦੀਆਂ ਮੁੱਖ ਮਦਾਂ ਹੇਠ ਲਿਖੀਆਂ ਹਨ :

**(ੳ) ਵਸਤਾਂ (Commodities)**

ਭੁਗਤਾਨ ਸੰਤੁਲਨ ਦਾ ਸੰਬੰਧ ਵਸਤਾਂ ਨਾਲ ਹੈ। ਵਸਤਾਂ ਦੇ ਮੁੱਲ ਨੂੰ ਸਭ ਤੋਂ ਵੱਡਾ ਮੱਦ ਮੰਨਿਆ ਜਾਂਦਾ ਹੈ। ਇਕ ਦੇਸ਼ ਜੋ ਵਸਤੂਆਂ ਦਾ ਨਿਰਯਾਤ ਕਰਦਾ ਹੈ ਉਸਨੂੰ ਜਮਾ ਖਾਤੇ ਵਲ ਰਖਿਆ ਜਾਂਦਾ ਹੈ ਅਤੇ ਆਯਾਤ ਕੀਤੀਆਂ ਗਈਆਂ ਵਸਤਾਂ ਨੂੰ ਦੇਣਦਾਰੀ ਖਾਤੇ ਵੱਲ ਰੱਖਿਆ ਜਾਂਦਾ ਹੈ। ਇਹ ਇਸ ਲਈ ਹੁੰਦਾ ਹੈ ਕਿਉਂਕਿ ਵਸਤਾਂ ਪ੍ਰਦਾਨ ਕਰਨ ਵਾਲੇ ਦੇਸ਼ ਨੂੰ ਭੁਗਤਾਨ ਸੰਤੁਲਨ ਪ੍ਰਾਪਤ ਕਰਨ ਦਾ ਅਧਿਕਾਰ ਮਿਲਦਾ ਹੈ ਜਦੋਂ ਕਿ ਵਸਤਾਂ ਪ੍ਰਦਾਨ ਕਰਨ ਵਾਲੇ ਦੇਸ਼ ਨੂੰ ਭੁਗਤਾਨ ਕਰਨ ਦਾ ਮੌਕਾ ਵੱਧ ਜਾਂਦਾ ਹੈ।

**(ਅ) ਸੇਵਾਵਾਂ (Services)**

ਵਸਤਾਂ ਤੋਂ ਇਲਾਵਾ ਭੁਗਤਾਨ ਸੰਤੁਲਨ ਵਿਚ ਸੇਵਾਵਾਂ ਦਾ ਵੀ ਕਾਫੀ ਮਹੱਤਵਪੂਰਨ ਯੋਗਦਾਨ ਹੈ। ਵਸਤਾਂ ਦੇ ਆਦਾਨ ਤੇ ਪ੍ਰਦਾਨ ਕਰਨ ਤੋਂ ਇਲਾਵਾ ਇਕ ਦੇਸ਼ ਕਿਸੇ ਹੋਰ ਦੇਸ਼ ਤੋਂ ਸੇਵਾਵਾਂ ਮੰਗਵਾਉਂਦਾ ਹੈ ਅਤੇ ਭੇਜਦਾ ਹੈ। ਇਨ੍ਹਾਂ ਸੇਵਾਵਾਂ ਦੇ ਬਦਲੇ ਵਿਚ ਸੰਬੰਧਿਤ ਦੇਸ਼ ਨੂੰ ਉਸ ਦੇ ਬਰਾਬਰ ਦਾ ਮੁੱਲ ਪ੍ਰਾਪਤ ਹੁੰਦਾ ਹੈ।

ਇਨ੍ਹਾਂ ਨੂੰ ਅਸੀਂ ਆਯਾਤ ਅਤੇ ਨਿਰਯਾਤ ਦਾ ਨਾਂ ਦਿੰਦੇ ਹਾਂ। ਭੁਗਤਾਨ ਕਰਨ ਵਾਲੇ ਦੇਸ਼ ਨੂੰ ਖਰਚ ਖਾਤੇ ਵਿਚ ਅਤੇ ਭੁਗਤਾਨ ਲੈਣ ਵਾਲੇ ਦੇਸ਼ ਨੂੰ ਜਮਾਂ ਖਾਤੇ ਵੱਲ ਜੁੜਿਆ ਜਾਂਦਾ ਹੈ। ਹਰ ਇਕ ਦੇਸ਼ ਦੀ ਆਪਣੀ ਇਕ ਅਮਬੈਸੀ (Embassy) ਹੁੰਦੀ ਹੈ। ਜਦੋਂ ਦੂਸਰਾ ਦੇਸ਼ ਇਕ ਦੇਸ਼ ਵਿਚ ਅਮਬੈਸੀ ਤੇ ਖਰਚ ਕਰਦਾ ਹੈ ਤਾਂ ਉਸਨੂੰ ਭੁਗਤਾਨ ਸੰਤੁਲਨ ਦੇ ਜਮਾਂ ਖਾਤੇ ਵਿਚ ਜਿਸ ਦੇਸ਼ ਵਿਚ ਇਹ ਖਰਚ ਕੀਤਾ ਜਾਂਦਾ ਹੈ ਉਸਨੂੰ ਆਪਣੇ ਖਰਚ ਖਾਤੇ ਵੱਲ ਲਿਖੇਗਾ।

**(ੲ) ਸੋਗਾਤਾਂ (Gifts)**

ਇਕ ਦੇਸ਼ ਦੇ ਨਿਵਾਸੀ ਜਾਂ ਸਰਕਾਰ ਦੂਜੇ ਦੇਸ਼ ਦੇ ਨਿਵਾਸੀਆਂ ਜਾਂ ਸਰਕਾਰਾਂ ਨੂੰ ਸੰਗਾਤਾਂ ਭੇਟ ਕਰਦੀ ਹੈ। ਜਦੋਂ ਇਕ ਦੇਸ਼ ਦੇ ਨਿਵਾਸੀ ਦੂਜੇ ਦੇਸ਼ ਵਿਚ ਵਸ ਜਾਂਦੇ ਹਨ ਤਾਂ ਉਹ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਸਮੇਂ ਸਮੇਂ ਤੇ ਧਨ ਭੇਜਦੇ ਹਨ। ਜਿਸ ਦੇਸ਼ ਵਿਚੋਂ ਇਹ ਧਨ ਭੇਜਿਆ ਜਾਂਦਾ ਹੈ ਉਹ ਇਸ ਧਨ ਨੂੰ ਖਰਚ ਖਾਤੇ ਵਿਚ ਲਿਖਦਾ ਹੈ ਅਤੇ ਜਿਹੜਾ ਦੇਸ਼ ਇਹ ਧਨ ਪ੍ਰਾਪਤ ਕਰਦਾ ਹੈ ਉਸਨੂੰ ਜਮ੍ਹਾਂ ਖਾਤੇ ਵੱਲ ਲਿਖਦਾ ਹੈ।

**(ਸ) ਲੰਮੇ ਸਮੇਂ ਦਾ ਨਿਵੇਸ਼ (Long Term Investment)**

ਲੰਮੇ ਸਮੇਂ ਦਾ ਨਿਵੇਸ਼ ਉਸ ਨੂੰ ਕਿਹਾ ਜਾਂਦਾ ਹੈ ਜਿਹੜਾ ਇਕ ਸਾਲ ਜਾਂ ਇਸ ਤੋਂ ਜ਼ਿਆਦਾ ਸਮੇਂ ਲਈ ਹੁੰਦਾ ਹੈ। ਇਸ ਲਈ ਇਕ ਦੇਸ਼ ਦੇ ਨਿਵਾਸੀਆਂ ਦੁਆਰਾ ਵਿਦੇਸ਼ਾਂ ਵਿਚ ਖਰੀਦੀ ਗਈ ਸੰਪਤੀ ਜਾਂ ਜਾਇਦਾਦ ਅਤੇ ਵਿਦੇਸ਼ੀ ਪ੍ਰਤੀਭੂਤੀਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਜਿਸ ਦੇਸ਼ ਵਿਚ ਇਸ ਪ੍ਰਕਾਰ ਦਾ ਨਿਵੇਸ਼ ਕੀਤਾ ਜਾਂਦਾ ਹੈ ਉਸ ਦੇਸ਼ ਵਿਚ ਇਸ ਨੂੰ ਜਮ੍ਹਾਂ ਖਾਤੇ ਵੱਲ ਲਿਖਿਆ ਜਾਂਦਾ ਹੈ, ਕਿਉਂਕਿ ਇਸ ਦੇਸ਼ ਵਿਚ ਸੰਪਤੀ ਆ ਰਹੀ ਹੈ ਅਤੇ ਜਿਸ ਦੇ ਨਿਵਾਸੀ ਇਸ ਦਾ ਨਿਵੇਸ਼ ਕਰਦੇ ਹਨ ਉਹ ਦੇਸ਼ ਇਸ ਨੂੰ ਖਰਚ ਖਾਤੇ ਵੱਲ ਲਿਖਦੇ ਹਨ, ਕਿਉਂਕਿ ਉਥੋਂ ਸੰਪਤੀ ਜਾ ਰਹੀ ਹੁੰਦੀ ਹੈ।

**(ਹ) ਅਲਪਕਾਲੀਨ ਨਿਵੇਸ਼ (Short Term Investment)**

ਇਕ ਸਾਲ ਤੋਂ ਘੱਟ ਸਮੇਂ ਵਾਲੇ ਨਿਵੇਸ਼ ਨੂੰ ਅਲਪਕਾਲੀਨ ਨਿਵੇਸ਼ ਆਖਿਆ ਜਾਂਦਾ ਹੈ। ਇਸ ਦਾ ਸਮਾਂ ਆਮ ਤੌਰ ਤੇ 30, 60 ਜਾਂ 90 ਦਿਨਾਂ ਦਾ ਹੁੰਦਾ ਹੈ। ਇਸ ਪ੍ਰਕਾਰ ਦੇ ਨਿਵੇਸ਼ ਵਿਚ ਵਿਦੇਸ਼ੀ ਬੈਂਕਾਂ ਵਿਚ ਰਖੀ ਗਈ ਰਕਮ ਤੇ ਬਾਂਡਾਂ ਵਿਚ ਲੱਗੀ ਹੋਈ ਰਕਮ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਸ ਪ੍ਰਕਾਰ ਦੇ ਨਿਵੇਸ਼ ਨੂੰ ਲੰਮੇ ਸਮੇਂ ਤੇ ਨਿਵੇਸ਼ਾਂ ਦੀ ਤਰ੍ਹਾਂ ਸੰਪਤੀ ਦੇ ਆਉਣ ਤੇ ਜਾਣ ਦੇ ਰੂਪ ਅਨੁਸਾਰ ਹੀ ਭੁਗਤਾਨ ਦੇ ਲੇਖੇ ਵਿਚ ਲਿਖਿਆ ਜਾਂਦਾ ਹੈ।

**(ਕ) ਸਵਰਨ ਦੀ ਹੱਥਬਦਲੀ (The Gold Movements)**

ਜਿਸ ਤਰ੍ਹਾਂ ਵਸਤੂਆਂ ਦੇ ਆਯਾਤ ਅਤੇ ਨਿਰਯਾਤ ਨੂੰ ਭੁਗਤਾਨ ਸੰਤੁਲਨ ਵਿਚ ਲਿਖਿਆ ਜਾਂਦਾ ਹੈ, ਠੀਕ ਉਸੇ ਪ੍ਰਕਾਰ ਸੁਨੇ ਦੇ ਆਯਾਤ ਅਤੇ ਨਿਰਯਾਤ ਨੂੰ ਵੀ ਲਿਖਿਆ ਜਾਂਦਾ ਹੈ। ਜਦੋਂ ਇਕ ਦੇਸ਼ ਦਾ ਬੈਂਕ ਵਿਦੇਸ਼ਾਂ ਤੋਂ ਸੋਨੇ ਦੀ ਖਰੀਦ ਕਰਦਾ ਹੈ ਤਾਂ ਵਿਦੇਸ਼ੀ ਵਿਕਰੇਤਾਵਾਂ ਨੂੰ ਉਹ ਭੁਗਤਾਨ ਕਰਦਾ ਹੈ ਅਤੇ ਇਸ ਲਈ ਇਨ੍ਹਾਂ ਨੂੰ ਆਪਣੇ ਭੁਗਤਾਨ ਸੰਤੁਲਨ ਦੇ ਦੇਣਦਾਰੀਆਂ ਪੱਖ ਵੱਲ ਲਿਖਦਾ ਹੈ। ਦੂਸਰੇ ਪਾਸੋਂ ਜਦੋਂ ਉਹ ਖੁਦ ਹੀ ਸੋਨੇ ਦਾ ਨਿਰਯਾਤ ਕਰਦਾ ਹੈ ਤਾਂ ਉਹ ਇਹ ਲੈਣਦਾਰੀਆਂ ਖਾਤੇ ਵਾਲੇ ਪਾਸੇ ਲਿਖਦਾ ਹੈ।

**(ਖ) ਮੁਦਰਾ ਦੀ ਹੱਥਬਦਲੀ (The Currency Movements)**

ਜਦੋਂ ਇਕ ਦੇਸ਼ ਵਿਦੇਸ਼ਾਂ ਦੇ ਨਿੱਜੀ ਸਟਾਕ ਵਿਚ ਜਮ੍ਹਾਂ ਹੋਣ ਦੇ ਲਈ ਸਵਦੇਸ਼ੀ ਮੁਦਰਾ ਭੇਜਦਾ ਹੈ ਤਾਂ ਉਸ ਨੂੰ ਇਕ ਪ੍ਰਕਾਰ ਦੀ ਪੂੰਜੀ ਦਾ ਆਣਾ ਜਾਣਾ ਸਮਝਿਆ ਜਾਦਾ ਹੈ ਅਤੇ ਇਹ ਜਮ੍ਹਾਂ ਖਾਤੇ ਵਲ ਜੋੜਿਆ ਜਾਂਦਾ ਹੈ। ਪ੍ਰੰਤੂ ਮੁਦਰਾ ਦਾ ਇਹ ਨਿਰਯਾਤ ਇਕ ਦੇਸ਼ ਦੇ ਦੁਆਰਾ ਹੀ ਦੂਸਰੇ ਦੇਸ਼ ਨੂੰ ਕੀਤਾ ਜਾਂਦਾ ਹੈ। ਇਹ ਜ਼ਰੂਰੀ ਨਹੀਂ ਹੈ ਕਿਉਂਕਿ ਵਿਦੇਸ਼ੀਆਂ ਦੁਆਰਾ ਪ੍ਰਾਪਤ ਕੀਤੀ ਹੋਈ ਸੁਰੱਖਿਆ ਜਮਾਂ ਵਾਰੰਟ ਆਦਿ ਦੇ ਰੂਪ ਵਿਚ ਰਖੀ ਜਾ ਸਕਦੀ ਹੈ। ਇਸ ਪ੍ਰਕਾਰ ਦੇ ਲੈਣ ਦੇਣ ਭੁਗਤਾਨ ਸੰਤੁਲਨ ਵਿਚ ਬਹੁਤ ਘੱਟ ਮਹੱਤਵ ਰੱਖਦੇ ਹਨ। ਪਰ ਫਿਰ ਵੀ ਵਿਭਿੰਨ ਦੇਸ਼ ਇਸ ਪ੍ਰਕਾਰ ਦੀਆਂ ਪੱਧਤੀਆਂ ਨੂੰ ਅਪਣਾਉਂਦੇ ਹਨ।

ਉਪਰ ਦਿੱਤੇ ਵਿਸ਼ਲੇਸ਼ਣ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭੁਗਤਾਨ ਸੰਤੁਲਨ ਨੂੰ ਪ੍ਰਭਾਵਿਤ ਕਰਨ ਵਾਲੇ ਕਿਹੜੇ ਕਿਹੜੇ ਤੱਤ ਜਾਂ ਕਾਰਨ ਹੋ ਸਕਦੇ ਹਨ। ਉਪਰ ਦਿੱਤੇ ਕਿਸੇ ਵੀ ਕਾਰਨ ਕਰਕੇ ਭੁਗਤਾਨ ਸ਼ੇਸ਼ ਜਾਂ ਸੰਤੁਲਨ ਵਿਗੜ ਸਕਦਾ ਹੈ।

ਜ਼ਰੂਰੀ ਨਹੀਂ ਕਿ ਭੁਗਤਾਨ ਸ਼ੇਸ਼ ਹਰ ਸਾਲ ਸੰਤੁਲਨ ਵਿਚ ਹੋਵੇ ਅਤੇ ਇਸ ਦਾ ਦੇਸ਼ ਦੇ ਵਿਰੁੱਧ ਹੋਣਾ ਕੋਈ ਬਹੁਤੀ ਭਾਰੀ ਗੰਭੀਰ ਗੱਲ ਨਹੀਂ ਹੈ, ਪ੍ਰੰਤੂ ਜੇ ਇਹ ਸੰਤੁਲਨ ਕਾਫੀ ਲੰਮੇ ਸਮੇਂ ਤੱਕ ਦੇਸ਼ ਦੇ ਵਿਰੁੱਧ ਹੋਵੇ ਤਾਂ ਇਸ ਨੂੰ ਠੀਕ ਕਰਨਾ ਜ਼ਰੂਰੀ ਹੈ ਕਿਉਂਕਿ ਜੇ ਅਜਿਹਾ ਨਾ ਕੀਤਾ ਜਾਵੇ ਤਾਂ ਅੰਤਰਰਾਸ਼ਟਰੀ ਮੰਡੀ ਵਿਚ ਦੇਸ਼ ਦੀ ਸਾਖ ਘੱਟ ਜਾਂਦੀ ਹੈ, ਵਿਦੇਸ਼ਾਂ ਵਿਚੋਂ ਰਿਣ ਪ੍ਰਾਪਤ ਕਰਨੇ ਔਖੇ ਹੋ ਜਾਂਦੇ ਹਨ, ਦੇਸ਼ ਦੀ ਕਰੰਸੀ ਦਾ ਮੁੱਲ ਘੱਟ ਜਾਂਦਾ ਹੈ ਅਤੇ ਦੇਸ਼ ਲਈ ਵਿਦੇਸ਼ਾਂ ਤੋਂ ਆਯਾਤ ਅਤੇ ਨਿਰਯਾਤ ਕਰਨਾ ਔਖਾ ਹੋ ਜਾਂਦਾ ਹੈ।

**ਸੰਖੇਪ ਉੱਤਰਾਂ ਵਾਲੇ ਪ੍ਰਸ਼ਨ**

1) ਭੁਗਤਾਨ ਸੰਤੁਲਨ ਸਾਰਣੀ ਵਿੱਚ ਸ਼ਾਮਲ ਹੋਣ ਵਾਲੀਆਂ ਚਾਰ ਮੁੱਖ ਮਦਾਂ ਦੇ ਨਾਮ ਲਿਖੋ।

2) ਮੁਦਰਾ ਦੀ ਹੱਥ ਬਦਲੀ ਤੋਂ ਕੀ ਭਾਵ ਹੈ?

**2.3.6 ਭੁਗਤਾਨ ਸ਼ੇਸ਼ ਦੇ ਵਿਰੁੱਧ ਹੋਣ ਦੇ ਕਾਰਨ (Causes of disequilibrium in balance of payments)**

ਜਿਵੇਂ ਕਿ ਉਪਰ ਦੱਸਿਆ ਗਿਆ ਹੈ, ਭੁਗਤਾਨ ਸ਼ੇਸ਼ ਸਾਰਣੀ ਵਿਚ ਬਹੁਤ ਸਾਰੀਆਂ ਮੱਦਾਂ ਸ਼ਾਮਿਲ ਹੁੰਦੀਆਂ ਹਨ। ਇਨ੍ਹਾਂ ਮੱਦਾਂ ਹੇਠਾਂ ਕਿਸੇ ਵੀ ਕਾਰਨ ਕਰਕੇ ਵਿਦੇਸ਼ਾਂ ਨੂੰ ਭੁਗਤਾਨ ਵੱਧ ਅਤੇ ਆਮਦਨ ਘੱਟ ਹੋ ਸਕਦੀ ਹੈ, ਜਿਸ ਦੇ ਫਲਸਰੂਪ ਭੁਗਤਾਨ ਸ਼ੇਸ਼ ਦੀ ਹਾਲਤ ਵਿਗੜ ਸਕਦੀ ਹੈ। ਪ੍ਰੰਤੂ ਫਿਰ ਵੀ ਭੁਗਤਾਨ ਸ਼ੇਸ਼ ਦੇ ਵਿਰੁੱਧ ਹੋਣ ਦੇ ਮੁੱਖ ਕਾਰਨ ਹੇਠਾਂ ਲਿਖੇ ਦੱਸੇ ਜਾ ਸਕਦੇ ਹਨ :

**(ੳ) ਵਪਾਰ ਚੱਕਰ (Trade Cycles)**

ਵਪਾਰ ਚੱਕਰਾਂ ਦੇ ਕਾਰਣ ਵੀ ਇਕ ਦੇਸ਼ ਦੇ ਭੁਗਤਾਨ ਸੰਤੁਲਨ ਵਿਚ ਅਸੰਤੁਲਨ ਪੈਦਾ ਹੋ ਸਕਦਾ ਹੈ।

**(ਅ) ਵਿਕਾਸ ਪ੍ਰੋਗਰਾਮ (Growth Programme)**

ਅੱਜ ਕੱਲ ਵਿਕਾਸਸ਼ੀਲ ਦੇਸ਼ਾਂ ਵਿਚ ਅਰਥ ਵਿਵਸਥਾ ਦੇ ਭਿੰਨ ਭਿੰਨ ਖੇਤਰਾਂ ਵਿਚ ਅਨੇਕਾਂ ਵਿਕਾਸ ਪ੍ਰੋਗਰਾਮ ਜਾਂ ਯੋਜਨਾਵਾਂ ਚਲ ਰਹੀਆਂ ਹਨ। ਇਨ੍ਹਾਂ ਪ੍ਰੋਗਰਾਮਾਂ ਦੇ ਲਈ ਕੱਚਾ ਮਾਲ, ਪੂੰਜੀਗਤ ਸਾਮਾਨ, ਤਕਨੀਕੀ ਗਿਆਨ ਆਦਿ ਦਾ ਭਾਰੀ ਮਾਤਰਾ ਵਿਚ ਆਯਾਤ ਕਰਨਾ ਪੈ ਰਿਹਾ ਹੈ ਪ੍ਰੰਤੂ ਇਨ੍ਹਾਂ ਦੇ ਨਿਰਯਾਤ ਵਿਚ ਇਸੀ ਅਨੁਪਾਤ ਨਾਲ ਵਾਧਾ ਨਹੀਂ ਹੋ ਰਿਹਾ ਕਿਉਂਕਿ ਇਕ ਪਾਸੇ ਤਾਂ ਨਿਰਯਾਤ ਦੇਰ ਨਾਲ ਵਧਦਾ ਹੈ ਅਤੇ ਦੂਜੇ ਪਾਸੇ ਵੱਧ ਹੋਈ ਆਮਦਨ ਦੇ ਕਾਰਨ ਇਨ੍ਹਾਂ ਦੇਸ਼ਾਂ ਦੇ ਭੁਗਤਾਨ ਸੰਤੁਲਨ ਵਿਚ ਬਣਤਰਪੂਰਵਕ (Structural) ਪ੍ਰਤੀਕੂਲ ਅਸੰਤੁਲਨ ਪੈਦਾ ਹੋ ਜਾਂਦਾ ਹੈ।

**(ੲ) ਆਮਦਨ ਪ੍ਰਭਾਵ ਤੇ ਕੀਮਤ ਪ੍ਰਭਾਵ (Income effect and Price effect)**

ਆਰਥਿਕ ਵਿਕਾਸ ਦੇ ਫਲਸਰੂਪ ਵਿਕਾਸਸ਼ੀਲ ਦੇਸ਼ਾਂ ਵਿਚ ਵਿਅਕਤੀ ਦੀ ਆਮਦਨ ਪੱਧਰ ਜਾਂ ਪ੍ਰਤੀ ਵਿਅਕਤੀ ਆਮਦਨ ਵੱਧ ਜਾਂਦੀ ਹੈ। ਆਮਦਨ ਵਿਚ ਵਾਧੇ ਦੇ ਕਾਰਣ ਆਯਾਤ ਲਈ ਸੀਮਾਂਤ ਪ੍ਰਵਿਰਤੀ ਜ਼ਿਆਦਾ ਹੋ ਜਾਂਦੀ ਹੈ। ਇਸ ਲਈ ਆਯਾਤ ਵਿਚ ਵਾਧਾ ਹੋ ਜਾਂਦਾ ਹੈ। ਇਸ ਦੇ ਨਾਲ ਹੀ ਇਨ੍ਹਾਂ ਦੇਸ਼ਾਂ ਦੀ ਸੀਮਾਂਤ ਉਪਭੋਗ ਪ੍ਰਵਿਰਤੀ ਉਚੀ ਹੋ ਜਾਂਦੀ ਹੈ। ਇਸ ਲਈ ਆਮਦਨ ਵਧਣ ਦੇ ਕਾਰਣ ਉਦਯੋਗਿਕ ਵਸਤਾਂ ਦੇ ਕਾਰਣ ਉਦਯੋਗਿਕ ਵਸਤਾਂ ਦੀ ਮੰਗ ਵੀ ਵੱਧ ਜਾਂਦੀ ਹੈ।

ਵਿਕਾਸਸ਼ੀਲ ਦੇਸ਼ਾਂ ਵਿਚ ਉਦਯੋਗੀਕਰਣ ਦੇ ਲਈ ਭਾਰੀ ਉਦਯੋਗਾਂ ਵਿਚ ਜ਼ਿਆਦਾ ਨਿਵੇਸ਼ ਕੀਤਾ ਜਾਂਦਾ ਹੈ, ਜਿਨ੍ਹਾਂ ਦੇ ਪ੍ਰਤੀਫਲ ਲੰਮੇ ਸਮੇਂ ਵਿਚ ਪ੍ਰਾਪਤ ਹੁੰਦੇ ਹਨ। ਇਸ ਲਈ ਸਫੀਤੀ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਕਿਉਂਕਿ ਰੁਜ਼ਗਾਰ ਵਿਚ ਵਾਧੇ ਦੇ ਕਾਰਣ ਮੌਦਰਿਕ ਆਮਦਨ ਤਾਂ ਵੱਧ ਜਾਂਦੀ ਹੈ ਪਰ ਉਤਪਾਦਨ ਜਲਦੀ ਨਹੀਂ ਵੱਧ ਪਾਉਂਦਾ। ਇਸ ਲਈ ਕੀਮਤ ਪੱਧਰ ਵਿਚ ਵਾਧੇ ਦਾ ਕਾਰਣ ਆਯਾਤ ਵਿਚ ਤਾਂ ਵਾਧਾ ਹੋ ਜਾਂਦਾ ਹੈ ਪਰ ਨਿਰਯਾਤ ਵਿਚ ਉਸ ਅਨੁਸਾਰ ਵਾਧਾ ਨਹੀਂ ਹੁੰਦਾ। ਇਸ ਲਈ ਪ੍ਰਤੀਕੂਲ ਅਸੰਤੁਲਨ ਪੈਦਾ ਹੋ ਜਾਂਦਾ ਹੈ।

**(ਸ) ਵਿਕਾਸਸ਼ੀਲ ਦੇਸ਼ਾਂ ਵਿਚ ਜਨਸੰਖਿਆ ਵਿਚ ਵਾਧਾ**

**(Increase in population in developing countries)**

ਵਿਕਾਸਸ਼ੀਲ ਦੇਸ਼ਾਂ ਵਿਚ ਜਨ-ਸੰਖਿਆ ਦੇ ਵਾਧੇ ਦੀ ਦਰ ਉਚੀ ਹੈ, ਕਿਉਂਕਿ ਆਰਥਿਕ ਵਿਕਾਸ ਦੇ ਫਲਸਰੂਪ ਮੌਤ ਦਰ ਤਾਂ ਘਟਾ ਲਈ ਜਾਂਦੀ ਹੈ ਪਰ ਜਨਮ ਦਰ ਵਿਚ ਧਾਰਮਿਕ ਅਤੇ ਸਮਾਜਿਕ ਵਿਸ਼ਵਾਸਾਂ ਕਰਕੇ ਕੋਈ ਕਮੀ ਨਹੀਂ ਆਉਂਦੀ। ਇਸ ਦੇ ਫਲਸਰੂਪ ਇਕ ਪਾਸੇ ਤਾਂ ਘਰੇਲੂ ਉਪਭੋਗ ਪੱਧਰ ਵੱਧ ਜਾਂਦਾ ਹੈ ਅਤੇ ਦੂਜੇ

ਪਾਸੇ ਆਯਾਤ ਦੀ ਮੰਗ ਵਧਦੀ ਜਾਂਦੀ ਹੈ। ਇਸ ਲਈ ਭੁਗਤਾਨ ਸੰਤੁਲਨ ਵਿਚ ਘਾਟਾ ਲਗਾਤਾਰ ਬਣਿਆ ਰਹਿੰਦਾ ਹੈ।

**(ਹ) ਪ੍ਰਦਰਸ਼ਨੀ ਪ੍ਰਭਾਵ (Demonstration effect)**

ਇਸ ਪ੍ਰਭਾਵ ਦੇ ਕਾਰਣ ਵੀ ਵਿਕਾਸਸ਼ੀਲ ਦੇਸ਼ਾਂ ਦਾ ਭੁਗਤਾਨ ਸੰਤੁਲਨ ਦੇਸ਼ ਦੇ ਉਲਟ ਰਹਿੰਦਾ ਹੈ। ਜਦੋਂ ਅਲਪ-ਵਿਕਸਤ ਦੇਸ਼ ਦੇ ਨਿਵਾਸੀ ਅੰਤਰ-ਰਾਸ਼ਟਰੀ, ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਕਾਰਣਾਂ ਤੋਂ ਵਿਕਸਤ ਦੇਸ਼ ਦੇ ਨਿਵਾਸੀਆਂ ਦੇ ਸੰਪਰਕ ਵਿਚ ਆਉਂਦੇ ਹਨ ਤਾਂ ਉਹ ਵਿਕਸਤ ਦੇਸ਼ ਦੇ ਨਿਵਾਸੀਆਂ ਦੀ ਸ਼ਾਨਸ਼ੌਕਤ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੀਆਂ ਉਪਭੋਗੀ ਆਦਤਾਂ ਨੂੰ ਅਪਣਾ ਲੈਂਦੇ ਹਨ। ਇਸ ਨੂੰ ਪ੍ਰਦਰਸ਼ਨੀ ਪ੍ਰਭਾਵ ਕਹਿੰਦੇ ਹਨ। ਇਸ ਨਾਲ ਵਿਦੇਸ਼ੀ ਵਸਤਾਂ ਦੀ ਮੰਗ ਵੱਧਦੀ ਹੈ ਅਤੇ ਆਯਾਤ ਪ੍ਰਵਿਰਤੀ ਉੱਚੀ ਹੋ ਜਾਂਦੀ ਹੈ। ਪਰਿਣਾਮ ਸਵਰੂਪ ਅਲਪ ਵਿਕਸਤ ਦੇਸ਼ਾਂ ਦਾ ਭੁਗਤਾਨ ਸੰਤੁਲਨ ਵਿਗੜ ਜਾਂਦਾ ਹੈ।

**(ਕ) ਅੰਤਰਰਾਸ਼ਟਰੀ ਕਰਜ਼ਾ (International Debt)**

ਵਿਕਾਸਸ਼ੀਲ ਦੇਸ਼ਾਂ ਨੇ ਆਪਣੇ ਆਰਥਿਕ ਪ੍ਰੋਗਰਾਮ ਦੇ ਲਈ ਭਾਰੀ ਮਾਤਰਾ ਵਿਚ ਵਿਦੇਸ਼ੀ ਕਰਜ਼ੇ ਲਏ ਹਨ ਜਿਨ੍ਹਾਂ ਦੇ ਮੂਲਧਨ ਅਤੇ ਵਿਆਜ ਦਾ ਭੁਗਤਾਨ ਕਰਨ ਦੇ ਲਈ ਉਨ੍ਹਾਂ ਨੂੰ ਹਰ ਸਾਲ ਵਿਦੇਸ਼ੀ ਪੂੰਜੀ ਖਰਚਣੀ ਪੈਂਦੀ ਹੈ। ਇਹ ਭੁਗਤਾਨ ਸੰਤੁਲਨ ਉਪਰ ਪ੍ਰਤੀਕੂਲ ਪ੍ਰਭਾਵ ਪਾਉਂਦਾ ਹੈ।

**(ਖ) ਊਰਜਾ ਸੰਕਟ (Energy Shortage)**

ਅਕਤੂਬਰ 1973 ਵਿਚ ਸੰਸਾਰ ਦੇ ਤੇਲ ਉਤਪਾਦਕ ਦੇਸ਼ਾਂ ਨੇ ਆਪਣੇ ਕੱਚੇ ਤੇਲ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਕਰ ਦਿੱਤਾ ਸੀ। ਇਸ ਨਾਲ ਦੇਸ਼ ਵਿਚ ਊਰਜਾ ਦਾ ਸੰਕਟ ਪੈਦਾ ਹੋ ਗਿਆ। ਵਿਕਾਸਸ਼ੀਲ ਦੇਸ਼ਾਂ ਦੇ ਭੁਗਤਾਨ ਸੰਤੁਲਨ ਉਪਰ ਇਸ ਦਾ ਬਹੁਤ ਪ੍ਰਤੀਕੂਲ ਪ੍ਰਭਾਵ ਪਿਆ। ਲਗਭਗ ਸਾਰੇ ਵਿਕਾਸਸ਼ੀਲ ਦੇਸ਼ਾਂ ਦੇ ਤੇਲ ਆਯਾਤ ਬਿੱਲ ਕਈ ਗੁਣਾਂ ਵੱਧ ਗਏ। ਊਰਜਾ ਸੰਕਟ ਨੇ ਸੰਸਾਰ ਦੇ ਭਿੰਨ ਭਿੰਨ ਦੇਸ਼ਾਂ, ਵਿਸ਼ੇਸ਼ ਕਰਕੇ ਵਿਕਾਸਸ਼ੀਲ ਦੇਸ਼ਾਂ ਦੇ ਭੁਗਤਾਨ ਸੰਤੁਲਨ ਨੂੰ ਵਿਗਾੜ ਦਿੱਤਾ ਹੈ।

ਉਪਰ ਦਿੱਤੇ ਸਾਰੇ ਕਾਰਣਾਂ ਕਰਕੇ ਭੁਗਤਾਨ ਸ਼ੇਸ਼ ਵਿਚ ਅਸੰਤੁਲਨ ਪੈਦਾ ਹੋ ਜਾਂਦਾ ਹੈ। ਅਸੰਤੁਲਨ ਸਥਾਈ ਵੀ ਹੋ ਸਕਦਾ ਹੈ ਅਤੇ ਅਸਥਾਈ ਵੀ। ਸਥਾਈ ਅਸੰਤੁਲਨ ਉਦੋਂ ਹੁੰਦਾ ਹੈ ਜਦੋਂ ਕਿ ਲੰਮੇ ਸਮੇਂ ਤੋਂ ਅਸੰਤੁਲਨ ਚਲਿਆ ਆ ਰਿਹਾ ਹੋਵੇ ਅਤੇ ਆਉਣ ਵਾਲੇ ਸਮੇਂ ਦੇ ਵਿਚ ਵੀ ਕੋਈ ਆਸ ਨਾ ਹੋਵੇ ਕਿ ਇਹ ਅਸੰਤੁਲਨ ਖਤਮ ਹੋ ਸਕਦਾ ਹੈ। ਇਸ ਦੇ ਉਲਟ ਜਦੋਂ ਅਸੰਤੁਲਨ ਥੋੜ੍ਹੇ ਸਮੇਂ ਲਈ ਹੋਵੇ ਅਤੇ ਕੁਝ ਦੇਰ ਪਿਛੋਂ ਇਹ ਠੀਕ ਹੋ ਜਾਵੇ ਤਾਂ ਇਸ ਨੂੰ ਅਸਥਾਈ ਸੰਤੁਲਨ ਕਹਿੰਦੇ ਹਨ। ਭੁਗਤਾਨ ਸ਼ੇਸ਼ ਦੇ ਅਸੰਤੁਲਨ ਨੂੰ ਦੂਰ ਕਰਨ ਲਈ ਕੁਝ ਉਪਾਅ ਕਰਨੇ ਚਾਹੀਦੇ ਹਨ ਤਾਂ ਕਿ ਇਹ ਅਸੰਤੁਲਨ ਨੂੰ ਜਲਦੀ ਹੀ ਦੂਰ ਕੀਤਾ ਜਾ ਸਕੇ।

**ਸੰਖੇਪ ਉਤਰਾਂ ਵਾਲੇ ਪ੍ਰਸ਼ਨ**

1) ਭਾਰਤ ਦੇ ਭੁਗਤਾਨ ਸ਼ੇਸ਼ ਦੇ ਪ੍ਰਤੀਕੂਲ ਹੋਣ ਦੇ ਚਾਰ ਕਾਰਨ ਦੱਸੋ।
2) ਭੁਗਤਾਨ ਸ਼ੇਸ਼ ਅਤੇ ਵਪਾਰ ਸ਼ੇਸ਼ ਵਿਚ ਅੰਤਰ ਦੱਸੋ।

**2.3.7 ਭੁਗਤਾਨ ਸੰਤੁਲਨ ਨੂੰ ਠੀਕ ਕਰਨ ਲਈ ਤਰੀਕੇ (Methods to correct disequilibrium in balance of payments)**

ਜ਼ਰੂਰੀ ਨਹੀਂ ਕਿ ਹਰ ਦੇਸ਼ ਦਾ ਭੁਗਤਾਨ ਸ਼ੇਸ਼ ਸੰਤੁਲਨ ਵਿਚ ਹੋਵੇ। ਜਿਵੇਂ ਕਿ ਆਮ ਤੌਰ ਤੇ ਮੰਨਿਆ ਜਾਂਦਾ ਰਿਹਾ ਹੈ ਕਿ ਘੱਟ ਵਿਕਸਿਤ ਦੇਸ਼ ਦਾ ਭੁਗਤਾਨ ਸ਼ੇਸ਼ ਲਗਭਗ ਸਦਾ ਹੀ ਇਸਦੇ ਵਿਰੁੱਧ ਰਹਿੰਦਾ ਹੈ ਕਿਉਂਕਿ ਵਿਕਾਸ ਕਰਦੇ ਸਮੇਂ ਦੇਸ਼ ਵਧ ਮਾਲ ਵਿਦੇਸ਼ਾਂ ਤੋਂ ਮੰਗਵਾਉਂਦਾ ਹੈ ਅਤੇ ਘੱਟ ਭੇਜ ਸਕਦਾ ਹੈ। ਅਲਪਕਾਲੀ ਅਸੰਤੁਲਨ ਕੋਈ ਚਿੰਤਾ ਪੈਦਾ ਨਹੀਂ ਕਰਦਾ ਅਤੇ ਇਸ ਨੂੰ ਸਾਧਾਰਣ ਪ੍ਰਕ੍ਰਿਆ ਵਿਚ ਠੀਕ ਕੀਤਾ ਜਾ ਸਕਦਾ ਹੈ ਪ੍ਰੰਤੂ ਜਿਸ ਸਮੇਂ ਭੁਗਤਾਨ ਸ਼ੇਸ਼ ਲਗਾਤਾਰ ਦੇਸ਼ ਦੇ ਵਿਰੁੱਧ ਰਹੇ ਭਾਵ ਕਿ ਸਥਾਈ ਹੋਵੇ ਤਾਂ ਇਹ ਸਮੱਸਿਆ ਪੈਦਾ ਕਰ ਦਿੰਦਾ ਹੈ। ਇਸ ਸਥਿਤੀ ਨੂੰ ਠੀਕ ਕਰਨਾ ਜ਼ਰੂਰੀ ਹੈ।

ਭੁਗਤਾਨ ਸ਼ੇਸ਼ ਕਿਵੇਂ ਠੀਕ ਕੀਤਾ ਜਾ ਸਕਦਾ ਹੈ ਇਸਦੇ ਲਈ ਸਰਕਾਰ ਕਈ ਯਤਨ ਕਰਦੀ ਹੈ। ਇਨ੍ਹਾਂ ਸਾਰੇ ਯਤਨਾਂ ਦਾ ਮੁੱਖ ਮੰਤਵ ਨਿਰਯਾਤ ਨੂੰ ਵਧਾਉਣਾ ਅਤੇ ਆਯਾਤ ਨੂੰ ਘਟਾਉਣਾ ਹੁੰਦਾ ਹੈ ਤਾਂ ਜੋ ਭੁਗਤਾਨ ਸ਼ੇਸ਼ ਠੀਕ ਹੋ ਸਕੇ। ਭੁਗਤਾਨ ਸ਼ੇਸ਼ ਨੂੰ ਠੀਕ ਕਰਨ ਲਈ ਹੇਠ ਲਿਖੇ ਢੰਗ ਅਪਣਾਏ ਜਾਂਦੇ ਹਨ :

**(ਓ) ਕਰੰਸੀ ਦਾ ਮੁੱਲ ਹ੍ਰਾਸ (Depreciation of Currency)**

ਭੁਗਤਾਨ ਸ਼ੇਸ਼ ਨੂੰ ਠੀਕ ਕਰਨ ਲਈ ਇਹ ਵਿਧੀ ਸਭ ਤੋਂ ਪੁਰਾਣੀ ਹੈ। ਇਸ ਵਿਧੀ ਨੂੰ ਉਸ ਸਮੇਂ ਅਪਣਾਇਆ ਜਾਂਦਾ ਸੀ ਜਿਸ ਸਮੇਂ ਦੇਸ਼ਾਂ ਵਿਚ ਵਪਾਰ ਧਾਤੂ ਮੁਦਰਾ ਸਵਰਣ ਪ੍ਰਮਾਣ ਜਾਂ ਚਾਂਦੀ ਮਿਆਰ (Gold Standard/Silver Standard) ਪ੍ਰਚਲਤ ਸੀ। ਉਸ ਸਮੇਂ ਜਿਸ ਦੇਸ਼ ਦੇ ਭੁਗਤਾਨ ਸ਼ੇਸ਼ ਵਿਰੁੱਧ ਹੁੰਦਾ ਸੀ ਉਹ ਦੇਸ਼ ਆਪਣੀ ਕਰੰਸੀ ਦਾ ਜਾਂ ਸਿਕਿਆਂ ਦਾ ਦੂਜੇ ਦੇਸ਼ਾਂ ਦੇ ਮੁਕਾਬਲੇ ਮੁੱਲ ਘਟਾ ਦਿੰਦਾ ਹੈ। ਇਸਦੇ ਫਲਸਰੂਪ ਮੁੱਲ ਹ੍ਰਾਸ ਵਾਲੀ ਕਰੰਸੀ ਸਸਤੀ ਹ਼ ਜਾਂਦੀ ਸੀ, ਇਸ ਦੀ ਮੰਗ ਵੱਧ ਜਾਂਦੀ ਸੀ ਅਤੇ ਇਸ ਪ੍ਰਕਾਰ ਦੇਸ਼ ਦੇ ਨਿਰਯਾਤ ਵਿਚ ਵਾਧਾ ਅਤੇ ਆਯਾਤ ਵਿਚ ਘਾਟਾ ਆ ਜਾਂਦਾ ਸੀ। ਹੁਣ ਜਿਸ ਸਮੇਂ ਸਾਰੇ ਹੀ ਦੇਸ਼ ਕਾਗਜ਼ੀ ਮੁਦਰਾ (Paper Currency) ਦਾ ਪ੍ਰਯੋਗ ਕਰਦੇ ਹਨ, ਇਸ ਢੰਗ ਦਾ ਕੋਈ ਮੁੱਲ ਨਹੀਂ।

**(ਅ) ਕਰੰਸੀ ਦਾ ਅਵਮੁਲਣ (Devaluation of Currency)**

ਭੁਗਤਾਨ ਸ਼ੇਸ਼ ਨੂੰ ਠੀਕ ਕਰਨ ਲਈ ਕਰੰਸੀ ਦਾ ਮੁੱਲ ਘਟਾ ਦਿੱਤਾ ਜਾਂਦਾ ਹੈ ਭਾਵ ਦੇਸ਼ ਦੀ ਕਰੰਸੀ ਦਾ ਦੂਜੇ ਦੇਸ਼ਾਂ ਦੀਆਂ ਕਰੰਸੀਆਂ ਦੇ ਮੁਕਾਬਲੇ ਮੁੱਲ ਘਟਾ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ 1996 ਵਿਚ ਭਾਰਤ ਨੇ ਆਪਣੀ ਕਰੰਸੀ ਦਾ ਦੂਜੇ ਦੇਸ਼ਾਂ ਦੀ ਕਰੰਸੀ ਦੇ ਮੁਕਾਬਲੇ ਮੁੱਲ ਘਟਾ ਦਿੱਤਾ ਸੀ। ਭਾਵ ਅਵਮੁਲਣ ਕਰ ਦਿੱਤਾ ਸੀ। ਕਰੰਸੀ ਦਾ ਮੁੱਲ ਘੱਟ ਜਾਣ ਕਰਕੇ ਵਿਦੇਸ਼ੀ ਵਸਤਾਂ ਮਹਿੰਗੀਆਂ ਅਤੇ ਸੁਦੇਸ਼ੀ ਵਸਤਾਂ ਸਸਤੀਆਂ ਹੋ ਜਾਂਦੀਆਂ ਹਨ। ਇਸ ਪ੍ਰਕਾਰ ਆਯਾਤ ਘੱਟ ਜਾਂਦੇ ਹਨ ਅਤੇ ਨਿਰਯਾਤ ਵੱਧ ਜਾਂਦੇ ਹਨ। ਘੱਟ ਵਿਕਸਿਤ ਦੇਸ਼ਾਂ ਲਈ ਇਸ ਵਿਧੀ ਦੀ ਵੀ ਕੋਈ ਬਹੁਤੀ ਮਹੱਤਤਾ ਨਹੀਂ ਭਾਵੇਂ ਇਸ ਦਾ ਸਮੇਂ ਸਮੇਂ ਪ੍ਰਯੋਗ ਕੀਤਾ ਜਾਂਦਾ ਹੈ ਕਿਉਂਕਿ (1) ਅਵਮੁਲਣ ਕਰਕੇ ਵਿਦੇਸ਼ੀ ਮੁਦਰਾ ਦੀ ਮੰਗ ਨਹੀਂ ਘੱਟਣੀ ਕਿਉਂਕਿ ਘੱਟ ਵਿਕਸਿਤ ਦੇਸ਼ ਆਰਥਿਕ ਵਿਕਾਸ ਨੂੰ ਸਾਹਮਣੇ ਰਖਦੇ ਹੋਏ ਆਯਾਤ ਘਟਾ ਨਹੀਂ ਸਕਦੇ ਜਾਂ ਇਹ ਕਹਿ ਲਵੋ ਕਿ ਦੇਸ਼ ਦੀ ਆਯਾਤ ਲਈ ਮੰਗ ਨਿਰਲਚਕ ਹੁੰਦੀ ਹੈ। (2) ਘਟ ਵਿਕਸਤ ਦੇਸ਼ ਵਿਦੇਸ਼ਾਂ ਨੂੰ ਮੁੱਖ ਤੌਰ ਤੇ ਖੇਤੀ ਵਸਤਾਂ ਭੇਜਦੇ ਹਨ ਅਤੇ ਇਨ੍ਹਾਂ ਲਈ ਆਮਦਨ ਵਿਚ ਵਾਧੇ ਨਾਲ ਮੰਗ ਵਿਚ ਵਾਧਾ ਨਹੀਂ ਹੁੰਦਾ ਭਾਵ ਵਸਤਾਂ ਲਈ ਮੰਗ ਨਿਰਲਚਕ ਹੈ ਅਤੇ ਉਸੇ ਹੱਦ ਤੱਕ ਨਿਰਯਾਤ ਵਿਚ ਕੋਈ ਵਾਧਾ ਨਹੀਂ ਹੁੰਦਾ। (3) ਘੱਟ ਵਿਕਸਤ ਦੇਸ਼ ਦੀਆਂ ਵਸਤਾਂ ਲਈ (ਖੇਤੀਬਾੜੀ ਵਸਤਾਂ ਲਈ) ਜੇ ਮੰਗ ਵਧ ਵੀ ਜਾਵੇ ਤਾਂ ਵੀ ਇਨ੍ਹਾਂ ਦੀ ਪੂਰਤੀ ਨੂੰ ਛੇਤੀ ਨਾਲ ਨਹੀਂ ਵਧਾਇਆ ਜਾ ਸਕਦਾ। ਇਸ ਲਈ ਦੇਸ਼ ਅਵਮੁਲਣ ਦਾ ਲਾਭ ਨਹੀਂ ਉਠਾ ਸਕਦਾ। (4) ਜੇ ਅਵਮੁਲਣ ਕਰਕੇ ਖੇਤੀ ਵਸਤਾਂ ਦੀ ਮੰਗ ਵਧਦੀ ਹੈ ਤਾਂ ਇਸ ਨਾਲ ਦੇਸ਼ ਵਿਚ ਕੀਮਤਾਂ ਵੱਧ ਸਕਦੀਆਂ ਹਨ। ਇਸ ਦਾ ਸਮੁੱਚੀ ਅਰਥ ਵਿਵਸਥਾ ਤੇ ਭੈੜਾ ਪ੍ਰਭਾਵ ਪੈ ਸਕਦਾ ਹੈ। (5) ਇਹ ਵੀ ਹੋ ਸਕਦਾ ਹੈ ਕਿ ਅਵਮੁਲਣ ਕਰਕੇ ਜਿਸ ਸਮੇਂ ਮੰਗ ਵਧਦੀ ਹੈ ਤਾਂ ਦੂਜੇ ਦੇਸ਼ ਇਨ੍ਹਾਂ ਤੋਂ ਪ੍ਰਭਾਵਿਤ ਹੋ ਸਕਦੇ ਹਨ ਅਤੇ ਅਜਿਹੀ ਸਥਿਤੀ ਵਿਚ ਦੇਸ਼ ਨੂੰ ਅਵਮੁਲਣ ਦਾ ਕੋਈ ਲਾਭ ਨਹੀਂ ਹੋਵੇਗਾ। (6) ਹੁਣ ਅੰਤਰ-ਰਾਸ਼ਟਰੀ ਵਪਾਰ ਲਈ ਆਰਥਿਕ ਕਾਰਨ ਹੀ ਕਾਫ਼ੀ ਨਹੀਂ। ਵਸਤਾਂ ਦਾ ਨਿਰਯਾਤ ਅਤੇ ਆਯਾਤ ਰਾਜਸੀ ਤਾਲਮੇਲ ਤੇ ਵੀ ਨਿਰਭਰ ਕਰਦਾ ਹੈ।

**(ੲ) ਅਣਸਫੀਤੀ (Deflation)**

ਅਣਸਫੀਤੀ ਹੇਠਾਂ ਸਰਕਾਰ ਜਾਣ ਬੁਝ ਕੇ ਦੇਸ਼ ਵਿਚ ਕੀਮਤ ਪੱਧਰ ਨੂੰ ਘਟਾ ਦਿੰਦੀ ਹੈ। ਦੇਸ਼ ਵਿਚ ਕੀਮਤ ਪੱਧਰ ਡਿਗਣ ਕਰਕੇ ਵਿਦੇਸ਼ਾਂ ਲਈ ਸੁਦੇਸ਼ੀ ਵਸਤਾਂ ਸਸਤੀਆਂ ਤੇ ਸੁਦੇਸ਼ ਲਈ ਵਿਦੇਸ਼ੀ ਵਸਤਾਂ ਮਹਿੰਗੀਆਂ ਹੋ ਜਾਂਦੀਆਂ ਹਨ। ਇਸ ਦੇ ਫਲਸਰੂਪ ਨਿਰਯਾਤ ਵੱਧ ਜਾਂਦੇ ਹਨ ਅਤੇ ਆਯਾਤ ਘੱਟ ਜਾਂਦੇ ਹਨ। ਇਸ ਵਿਧੀ ਦੇ ਲਾਭ ਘੱਟ ਤੇ ਹਾਨੀਆਂ ਵੱਧ ਹਨ ਕਿਉਂਕਿ ਅਣਸਫੀਤੀ ਦਾ ਦੇਸ਼ ਦੇ ਉਤਪਾਦਨ ਤੇ ਬਹੁਤ ਭੈੜਾ ਪ੍ਰਭਾਵ ਪੈਂਦਾ ਹੈ। ਇਸ ਨਾਲ ਦੇਸ਼ ਵਿਚ ਬੇਰੁਜ਼ਗਾਰੀ ਫੈਲਣ ਦਾ ਡਰ ਹੈ। ਜਿਸ ਦਾ ਹੋਰ ਵੀ ਭੈੜਾ ਪ੍ਰਭਾਵ ਹੁੰਦਾ ਹੈ। ਇਸ ਲਈ ਇਸ ਵਿਧੀ ਨੂੰ ਆਧੁਨਿਕ ਕਾਲ ਵਿਚ ਘਟ ਅਪਣਾਇਆ ਜਾਂਦਾ ਹੈ।

**(ਸ) ਨਿਰਯਾਤ ਆਯਾਤ ਕੰਟਰੋਲ (Control of Import Export)**

ਆਧੁਨਿਕ ਕਾਲ ਵਿਚ ਘੱਟ ਵਿਕਸਿਤ ਦੇਸ਼ਾਂ ਲਈ ਇਹ ਵਿਧੀ ਸਭ ਤੋਂ ਚੰਗੀ ਤੇ ਪ੍ਰਭਾਵਸ਼ਾਲੀ ਹੈ। ਨਿਰਯਾਤ ਆਯਾਤ ਦੇ ਕੰਟਰੋਲ ਲਈ ਸਰਕਾਰ ਟੈਰਿਫ ਕੋਟਾ ਜਾਂ ਐਕਸਚੇਂਜ ਕੰਟਰੋਲ ਦਾ ਅਤੇ ਦੋ ਪੱਖੀ ਵਪਾਰ (bilateral trade) ਆਦਿ ਵਿਧੀਆਂ ਦਾ ਪ੍ਰਯੋਗ ਕਰ ਸਕਦੀ ਹੈ। ਇਨ੍ਹਾਂ ਯਤਨਾਂ ਰਾਹੀਂ ਇਹ ਭਾਵੇਂ ਆਯਾਤ ਘਟਾਉ ਨੀਤੀ ਹੋਵੇ ਜਾਂ ਨਿਰਯਾਤ ਵਧਾਉ ਨੀਤੀ ਹੋਵੇ, ਨੂੰ ਠੀਕ ਤਰ੍ਹਾਂ ਨਾਲ ਅਤੇ ਲੋੜ ਅਨੁਸਾਰ ਲਾਗੂ ਕੀਤੀ ਜਾ ਸਕਦਾ

ਹੈ। ਘੱਟ ਵਿਕਸਤ ਦੇਸ਼ ਦੀਆਂ ਸਰਕਾਰਾਂ ਭੁਗਤਾਨ ਸ਼ੇਸ਼ ਨੂੰ ਠੀਕ ਕਰਨ ਲਈ ਅਤੇ ਇਸ ਨੂੰ ਸੰਤੁਲਨ ਵਿਚ ਰੱਖਣ ਲਈ ਦੋ-ਪੱਖੀ ਵਪਾਰ ਨੀਤੀ ਨੂੰ ਅਪਣਾਉਂਦੀਆਂ ਹਨ। ਦੋ-ਪੱਖੀ ਵਪਾਰ ਨੀਤੀ ਹੇਠਾਂ ਲਿਖਤੀ ਫੈਸਲਿਆਂ ਅਧੀਨ ਜਿੰਨੇ ਮੁੱਲ ਦੀਆਂ ਵਸਤਾਂ ਇਕ ਦੂਜੇ ਦੇਸ਼ਾਂ ਨੂੰ ਭੇਜਣਾ ਹੈ ਉਸੇ ਹੀ ਮੁੱਲ ਦੀਆਂ ਵਸਤਾਂ ਵਿਦੇਸ਼ਾਂ ਤੋਂ ਭਾਵ ਸੰਬੰਧਿਤ ਦੇਸ਼ਾਂ ਤੋਂ ਮੰਗਵਾਉਂਦਾ ਹੈ। ਨਿਰਯਾਤ ਨੂੰ ਵਧਾਉਣ ਲਈ ਸਰਕਾਰ ਮੌਦਰਿਕ ਨੀਤੀ ਤੇ ਵਿੱਤੀ ਨੀਤੀ ਦਾ ਵੀ ਪ੍ਰਯੋਗ ਕਰਦੀ ਹੈ। ਭਾਵ ਖਰਚ ਅਨੁਦਾਨ ਤੇ ਟੈਕਸ ਨੀਤੀ ਰਾਹੀਂ ਆਯਾਤ ਨੂੰ ਨਿਰਉਤਸ਼ਾਹ ਕਰਦੀ ਹੈ ਤੇ ਨਿਰਯਾਤ ਨੂੰ ਉਤਸ਼ਾਹ ਦਿੰਦੀ ਹੈ।

ਆਧੁਨਿਕ ਕਾਲ ਵਿਚ ਮੁੱਖ ਤੌਰ ਤੇ ਟੈਰਿਫ, ਕੋਟਾ ਸਿਸਟਮ, ਐਕਸਚੇਂਜ ਕੰਟਰੋਲ, ਆਯਾਤ ਪ੍ਰਤੀ ਸਥਾਪਨ ਅਤੇ ਨਿਰਯਾਤ ਉਤਸ਼ਾਹ ਯਤਨਾਂ ਰਾਹੀਂ ਆਯਾਤ ਤੇ ਨਿਰਯਾਤ ਨੂੰ ਵਧਾ ਘਟਾ ਕੇ ਭੁਗਤਾਨ ਸ਼ੇਸ਼ ਨੂੰ ਠੀਕ ਕੀਤਾ ਜਾਂਦਾ ਹੈ। ਇਸ ਸਮੱਸਿਆ ਨੂੰ ਮੁੱਢ ਤੋਂ ਹੀ ਰੋਕਣ ਲਈ ਅੰਤਰਰਾਸ਼ਟਰੀ ਵਪਾਰ ਲਈ ਦੋ-ਪੱਖੀ ਸਮਝੌਤੇ (Bilateral agreements) ਨੂੰ ਵੀ ਤਰਜੀਹ ਦਿੱਤੀ ਜਾਂਦੀ ਹੈ ਜਿਸ ਹੇਠਾਂ ਵਪਾਰ ਕਰਨ ਵਾਲੇ ਦੇ ਦੇਸ਼ ਆਪੋ ਵਿਚ ਇਹ ਫੈਸਲਾ ਕਰ ਲੈਂਦੇ ਹਨ ਕਿ ਜਿੰਨੇ ਮੁੱਲ ਦੀਆਂ ਇਕ ਦੇਸ਼ ਤੋਂ ਵਸਤਾਂ ਮੰਗਵਾਏਗਾ ਉਨੇ ਹੀ ਮੁੱਲ ਦੀਆਂ ਵਸਤਾਂ ਭੇਜੇਗਾ। ਇਸ ਨਾਲ ਭੁਗਤਾਨ ਸ਼ੇਸ਼ ਦੀ ਸਮੱਸਿਆ ਹੀ ਪੈਦਾ ਨਹੀਂ ਹੁੰਦੀ।

**ਸੰਖੇਪ ਉਤਰਾਂ ਵਾਲੇ ਪ੍ਰਸ਼ਨ**

(1) ਕਰੰਸੀ ਦੇ ਮੁੱਲ ਹ੍ਰਾਸ ਤੋਂ ਕੀ ਭਾਵ ਹੈ?

(2) ਭੁਗਤਾਨ ਸ਼ੇਸ਼ ਠੀਕ ਕਰਨ ਲਈ ਕੋਈ ਦੋ ਮੁੱਖ ਢੰਗ ਦੱਸੋ।

### 2.3.8 ਭਾਰਤ ਦਾ ਭੁਗਤਾਨ ਬਾਕੀ

**(India's balance of payments)**

ਭਾਰਤ ਦੇ ਭੁਗਤਾਨ ਬਾਕੀ ਦੇ ਪ੍ਰਤੀਕੂਲ (Unfavourable) ਜਾਂ ਘਾਟੇ ਦਾ ਹੋਣਾ ਇਕ ਗੰਭੀਰ ਸਮੱਸਿਆ ਹੈ। ਇਸ ਸਮੱਸਿਆ ਦੇ ਵਿਸਤਾਰ ਨਾਲ ਅਧਿਐਨ ਕਰਨ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਭੁਗਤਾਨ ਬਾਕੀ ਤੋਂ ਕੀ ਭਾਵ ਹੈ।

**ਅਰਥ (Meaning) :-** ਭੁਗਤਾਨ ਬਾਕੀ ਤੋਂ ਮਤਲਬ ਉਸ ਲੇਖੇ ਤੋਂ ਹੈ ਜਿਸ ਵਿਚ ਕਿਸੇ ਦੇਸ਼ ਦੇ ਇਕ ਨਿਸ਼ਚਿਤ ਸਮੇਂ ਵਿਚ ਹੋਰ ਦੇਸ਼ਾਂ ਨਾਲੋਂ ਹੋਣ ਵਾਲੇ ਸਾਰੇ ਆਰਥਿਕ ਲੈਣ-ਦੇਣ ਦਾ ਵਰਨਣ ਹੁੰਦਾ ਹੈ। ਕਿਸੇ ਦੇਸ਼ ਦੇ ਭੁਗਤਾਨ ਬਾਕੀ ਵਿਚ ਵਸਤੂਆਂ ਸੇਵਾਵਾਂ ਅਤੇ ਪੂੰਜੀ ਸਭ ਤਰ੍ਹਾਂ ਦੇ ਆਯਾਤ ਅਤੇ ਨਿਰਯਾਤ ਸ਼ਾਮਲ ਹੁੰਦੇ ਹਨ। ਵਪਾਰ ਬਾਕੀ ਤਾਂ ਭੁਗਤਾਨ ਬਾਕੀ ਦਾ ਸਿਰਫ ਇਕ ਭਾਗ ਹੈ। ਭੁਗਤਾਨ ਬਾਕੀ ਦੇ ਦੋ ਖਾਤੇ ਹੁੰਦੇ ਹਨ : (1) ਚਾਲੂ ਖਾਤਾ (Current Account) : ਚਾਲੂ ਖਾਤੇ ਵਿਚ (i) ਵਸਤੂਆਂ ਭਾਵ ਵਪਾਰ ਦੀਆਂ ਪ੍ਰਤੱਖ ਮਦਾਂ (Visible Items) ਦੇ ਨਿਰਯਾਤ ਅਤੇ ਆਯਾਤ ਦੇ ਅੰਤਰ ਨੂੰ ਸ਼ਾਮਲ ਕੀਤਾ ਜਾਂਦਾ ਹੈ ਅਤੇ (ii) ਸੇਵਾਵਾਂ ਜਿਵੇਂ ਬੀਮਾ, ਬੈਂਕਿੰਗ ਆਦਿ ਭਾਵ ਜਾਂ ਅਦ੍ਰਿਸ਼ ਇਕਾਈਆਂ (Invisible Items) ਦੇ ਨਿਰਯਾਤ ਜਾਂ ਆਯਾਤ ਦੇ ਅੰਤਰ ਸ਼ਾਮਲ ਕੀਤੇ ਜਾਂਦੇ ਹਨ। (2) ਪੂੰਜੀ ਖਾਤਾ (Capital Account) : ਇਸ ਦੇ ਅੰਤਰਗਤ ਪੂੰਜੀਗਤ ਭੁਗਤਾਨਾਂ ਅਤੇ ਪ੍ਰਾਪਤੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਭੁਗਤਾਨ ਬਾਕੀ ਦੇ ਅਨੁਕੂਲ ਜਾਂ ਪ੍ਰਤੀਕੂਲ ਹੁਣ ਤੋਂ ਸਾਡਾ ਭਾਵ ਚਾਲੂ ਖਾਤੇ ਦੇ ਅਨੁਕੂਲ ਜਾਂ ਪ੍ਰਤੀਕੂਲ ਹੋਣ ਤੋਂ ਹੈ। ਵਪਾਰ ਬਾਕੀ (Balance of Trade) ਵਿਚ ਕੇਵਲ ਵਸਤੂਆਂ ਭਾਵ ਦ੍ਰਿਸ਼ਮਾਨ ਮੱਦਾਂ ਦੇ ਆਯਾਤ ਅਤੇ ਨਿਰਯਾਤ ਦੇ ਅੰਤਰ ਨੂੰ ਸ਼ਾਮਲ ਕੀਤਾ ਜਾਂਦਾ ਹੈ। ਭੁਗਤਾਨ ਬਾਕੀ ਦੇ ਘਾਟੇ ਦਾ ਮਤਲਬ ਹੈ ਕਿ ਭਾਰਤ ਦੇ ਪ੍ਰਤੱਖ ਅਤੇ ਅਪ੍ਰਤੱਖ ਆਯਾਤ ਵਧੇਰੇ ਹਨ ਅਤੇ ਉਸ ਦੀ ਤੁਲਨਾ ਵਿਚ ਦ੍ਰਿਸ਼ ਅਤੇ ਅਦ੍ਰਿਸ਼ ਨਿਰਯਾਤ ਘੱਟ ਹਨ। ਭੁਗਤਾਨ ਬਾਕੀ ਦੇ ਅਨੁਕੂਲ (Favourable) ਹੋਣ ਦਾ ਅਰਥ ਹੈ ਕਿ ਭਾਰਤੀ ਵਿਦੇਸ਼ੀ ਵਪਾਰ ਲਾਭ ਦਾ ਹੈ, ਭਾਵ ਭਾਰਤ ਦੇ ਦ੍ਰਿਸ਼ ਅਤੇ ਅਦ੍ਰਿਸ਼ ਨਿਰਯਾਤ ਵੱਧ ਹਨ ਜਾਂ ਉਸ ਦੇ ਮੁਕਾਬਲੇ 'ਚ ਦ੍ਰਿਸ਼ ਅਤੇ ਅਦ੍ਰਿਸ਼ ਆਯਾਤ ਘੱਟ ਹਨ।

### 2.3.9 ਭੁਗਤਾਨ ਬਾਕੀ ਦੀਆਂ ਪ੍ਰਵਿਰਤੀਆਂ

**(Trends in balance of payments)**

ਆਜ਼ਾਦੀ ਦੇ ਬਾਅਦ ਤੋਂ ਹੀ ਭਾਰਤ ਦਾ ਭੁਗਤਾਨ ਬਾਕੀ ਅਨੁਕੂਲ ਹੋਣ ਲਗ ਪਿਆ। ਦੂਜੇ ਮਹਾਂਯੁੱਧ ਦੇ ਦੌਰਾਨ ਭਾਰਤ ਦਾ ਭੁਗਤਾਨ ਬਾਕੀ ਅਨੁਕੂਲ (Favourable) ਰਿਹਾ ਹੈ। ਯੁੱਧ ਕਾਲ ਵਿਚ ਭਾਰਤ ਨੇ ਮਿੱਤਰ

ਦੇਸ਼ਾਂ ਨੂੰ ਕਾਫ਼ੀ ਮਾਤਰਾ ਵਿਚ ਨਿਰਯਾਤ ਕੀਤੇ ਅਤੇ ਆਯਾਤ ਬਹੁਤ ਘੱਟ ਕੀਤੇ। ਇੰਗਲੈਂਡ ਦੇ ਸਟਰਲਿੰਗ ਦੇ ਰੂਪ ਵਿਚ ਭਾਰਤ ਦਾ 1.733 ਕਰੋੜ ਰੁਪਏ ਦਾ ਕਰਜ਼ਾ ਚੜ੍ਹ ਗਿਆ। ਪਰ ਵੰਡ ਦੇ ਤੁਰੰਤ ਬਾਅਦ ਭਾਰਤ ਦੇ ਨਿਰਯਾਤਾਂ ਦੀ ਬਨਿਸਬਤ ਆਯਾਤ ਕਾਫ਼ੀ ਵੱਧ ਗਏ। ਭਾਰਤ ਦੇ ਭੁਗਤਾਨ ਬਾਕੀ ਦਾ ਅਧਿਐਨ ਹੇਠ ਲਿਖੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

**(ੳ) ਪੂਰਵ ਯੋਜਨਾ ਕਾਲ (Pre-Plan Period)**: ਇਹ ਸਮਾਂ ਚਾਰ ਸਾਲਾਂ ਭਾਵ 1947 ਤੋਂ 1951 ਤੱਕ ਦਾ ਹੈ। ਇਸ ਅਵਧੀ ਵਿਚ ਭੁਗਤਾਨ ਬਾਕੀ ਦੇ ਚਾਲੂ ਖਾਤੇ ਦਾ ਕੁਲ ਘਾਟਾ 240 ਕਰੋੜ ਰੁਪਏ ਦਾ ਸੀ। ਇਸ ਘਾਟੇ ਦਾ ਪ੍ਰਮੁੱਖ ਕਾਰਣ ਸੀ, ਯੁੱਧ ਦੇ ਕਾਰਣ ਦੱਸੀ ਹੋਈ ਮੰਗ ਦਾ ਦਬਾਅ ਅਤੇ ਵੰਡ ਦੇ ਕਾਰਣ ਪਟਸਨ, ਕਪਾਹ ਅਤੇ ਅਨਾਜ ਦਾ ਆਯਾਤ 1949 ਵਿਚ ਰੁਪਏ ਦਾ ਅਵਮੁਲਣ ਕੀਤਾ ਗਿਆ। ਪਰ ਹਾਲਾਤਾਂ ਵਿਚ ਕੋਈ ਸੁਧਾਰ ਨਾ ਹੋਇਆ। 1950 ਵਿਚ ਕੋਰੀਆ ਯੁੱਧ ਸ਼ੁਰੂ ਹੋਣ ਦੇ ਕਾਰਣ ਭੁਗਤਾਨ ਬਾਕੀ ਅਨੁਕੂਲ (Favourable) ਹੋ ਗਿਆ।

**(ਅ) ਯੋਜਨਾ ਕਾਲ (Planning period) :** ਯੋਜਨਾ ਕਾਲ ਦੌਰਾਨ ਭਾਰਤ ਦੇ ਭੁਗਤਾਨ ਬਾਕੀ ਦੇ ਅਧਿਐਨ ਲਈ ਅਸੀਂ ਇਸ ਦੀ ਵੰਡ ਨਿਮਨ ਅਨੁਸਾਰ ਕਰਾਂਗੇ :–

1. **ਪਹਿਲੀ ਯੋਜਨਾ (First Plan 1951-56) :** ਇਸ ਯੋਜਨਾ ਦੀ ਮਿਆਦ ਵਿਚ ਭੁਗਤਾਨ ਬਾਕੀ ਦੇ ਚਾਲੂ ਖਾਤੇ ਦਾ ਘਾਟਾ ਸਿਰਫ 42 ਕਰੋੜ ਰੁਪਏ ਦਾ ਹੋਇਆ। ਯੋਜਨਾ ਦੇ ਪਹਿਲੇ ਸਾਲ 'ਚ ਆਯਾਤ ਵੱਧ ਜਾਣ ਦੇ ਕਾਰਨ 263 ਕਰੋੜ ਰੁਪਏ ਦਾ ਘਾਟਾ ਹੋਇਆ ਹੈ, ਪਰ ਬਾਅਦ ਵਿਚ ਦੇਸ਼ ਵਿਚ ਅਨਾਜ ਦਾ ਉਤਪਾਦਨ ਵੱਧ ਜਾਣ ਦੇ ਕਾਰਣ ਭੁਗਤਾਨ ਸੰਤੁਲਨ ਅਨੁਕੂਲ (Favourable) ਹੋ ਗਿਆ। ਇਸ ਲਈ ਯੋਜਨਾ ਦੀ ਅਵਧੀ ਵਿਚ ਕੁੱਲ ਘਾਟਾ ਘੱਟ ਹੋ ਕੇ ਸਿਰਫ 42 ਕਰੋੜ ਰੁਪਏ ਬਾਕੀ ਰਹਿ ਗਿਆ।

2. **ਦੂਜੀ ਯੋਜਨਾ (Second Plan 1956-61) :** ਇਸ ਯੋਜਨਾ ਵਿਚ ਭੁਗਤਾਨ ਬਾਕੀ ਦਾ ਘਾਟਾ ਵੱਧ ਕੇ 1,725 ਕਰੋੜ ਰੁਪਏ ਹੋ ਗਿਆ। ਇਸ ਦਾ ਮੁੱਖ ਕਾਰਨ ਮਸ਼ੀਨਾਂ, ਕੱਚਾ ਮਾਲ ਅਤੇ ਅਨਾਜ ਦਾ ਆਯਾਤ ਵਧੇਰੇ ਹੋਣਾ ਸੀ।

3. **ਤੀਜੀ ਯੋਜਨਾ (Third Plan 1961-65) :** ਇਸ ਯੋਜਨਾ ਵਿਚ ਭੁਗਤਾਨ ਬਾਕੀ ਦਾ ਘਾਟਾ ਵੱਧ ਕੇ 1,951 ਕਰੋੜ ਰੁਪਏ ਹੋ ਗਿਆ। ਇਸ ਦਾ ਮੁੱਖ ਕਾਰਨ ਅਨਾਜ ਦੀ ਕਮੀ ਅਤੇ ਚੀਨੀ ਅਤੇ ਪਾਕਿਸਤਾਨ ਦੇ ਯੁੱਧ ਸਿਟੇ ਵਜੋਂ ਯੁੱਧ ਸਮੱਗਰੀ ਦਾ ਵੱਧ ਆਯਾਤ ਹੋਣਾ ਸੀ।

4. **ਤਿੰਨ ਇਕ ਸਾਲਾ ਯੋਜਨਾਵਾਂ (Three annual plans 1966-69) :** ਇਹ ਯੋਜਨਾਵਾਂ ਦੇ ਸਮੇਂ ਦੌਰਾਨ ਭੁਗਤਾਨ ਬਾਕੀ ਦੇ ਚਾਲੂ ਖਾਤੇ ਦਾ ਘਾਟਾ ਵੱਧ ਗਿਆ। ਇਸ ਦਾ ਮੁੱਖ ਕਾਰਨ ਕਾਲ ਦੀ ਸਥਿਤੀ ਹੋਣ ਦੇ ਸਿੱਟੇ ਵਜੋਂ ਅਨਾਜ ਦੇ ਆਯਾਤ ਵਿਚ ਹੋਣ ਵਾਲਾ ਵਾਧਾ ਸੀ। ਇਸ ਸਮੇਂ ਵਿਚ ਵਿਦੇਸ਼ੀ ਕਰਜ਼ਿਆਂ ਉੱਤੇ ਵੀ ਕਾਫੀ ਵਿਆਜ ਦੇਣਾ ਪਿਆ ਸੀ।

5. **ਚੌਥੀ ਯੋਜਨਾ (Fourth Plan 1969-74) :** ਇਸ ਯੋਜਨਾ ਵਿਚ ਭੁਗਤਾਨ ਬਾਕੀ ਦਾ ਲਾਭ 100 ਕਰੋੜ ਰੁਪਏ ਦਾ ਸੀ। ਆਜਾਦੀ ਤੋਂ ਬਾਅਦ ਪਹਿਲੀ ਵਾਰ ਭੁਗਤਾਨ ਸੰਤੁਲਨ ਅਨੁਕੂਲ ਹੋਇਆ ਸੀ। ਇਸ ਦੇ ਕਈ ਕਾਰਨ ਸਨ ਜਿਵੇਂ (1) ਨਿਰਯਾਤ ਵੱਧਣ ਅਤੇ ਆਯਾਤ ਪਹਿਲੇ ਦੇ ਮੁਕਾਬਲੇ ਵਿਚ ਘੱਟ ਹੋਣ ਕਾਰਨ ਭੁਗਤਾਨ ਬਾਕੀ ਦਾ ਘਾਟਾ ਘੱਟ ਹੋ ਗਿਆ। (2) ਅਦ੍ਰਿਸ਼ ਇਕਾਈਆਂ ਤੋਂ ਹੋਣ ਵਾਲੀਆਂ ਪ੍ਰਾਪਤੀਆਂ ਵਿਚ ਕਾਫੀ ਵਾਧਾ ਹੋਇਆ ਹੈ। ਸਾਲ 1973–74 ਵਿਚ ਅਮਰੀਕਾ ਤੋਂ P.L. 480 ਦੇ ਅੰਤਰਗਤ 1.654 ਕਰੋੜ ਰੁਪਏ ਪ੍ਰਾਪਤ ਹੋਏ। ਇਸ ਦੇ ਫਲਸਰੂਪ ਵੀ ਸ਼ੁੱਧ ਪ੍ਰਾਪਤੀਆਂ ਵੱਧ ਗਈਆਂ।

6. **ਪੰਜਵੀਂ ਯੋਜਨਾ (Fifth Plan 1974-78) :** ਪੰਜਵੀਂ ਯੋਜਨਾ ਦੇ ਕਾਲ ਵਿਚ ਭੁਗਤਾਨ ਬਾਕੀ ਦਾ ਲਾਭ ਵੱਧ ਕੇ 3.082 ਕਰੋੜ ਰੁਪਏ ਹੋ ਗਿਆ। ਇਸ ਦੇ ਮੁੱਖ ਕਾਰਨ ਇਸ ਤਰ੍ਹਾਂ ਹਨ (1) ਨਿਰਯਾਤ ਵੱਧਣ ਅਤੇ ਆਯਾਤ ਉੱਤੇ ਰੋਕਾਂ ਲਗਾਉਣ ਕਾਰਨ ਵਪਾਰ ਦਾ ਬਾਕੀ ਘਾਟਾ ਪਹਿਲੇ ਦੀ ਤੁਲਨਾ ਵਿਚ ਘੱਟ ਹੋ ਗਿਆ। 1976–77 ਵਿਚ ਵਪਾਰ ਬਾਕੀ ਲਾਭ ਦਾ ਸੀ। (2) ਸਮਗਲਿੰਗ ਉੱਤੇ ਰੋਕ ਲਗਣ, ਟੂਰਿਸਟਾਂ ਦੇ ਵੱਧ ਆਉਣ, ਵਿਦੇਸ਼ਾਂ ਵਿਚ ਰਹਿਣ ਵਾਲੇ ਭਾਰਤੀਆਂ ਦੁਆਰਾ ਵਧੇਰੇ ਧਨ ਭੇਜਣ ਕਾਰਨ ਅਦ੍ਰਿਸ਼ ਇਕਾਈਆਂ ਤੋਂ ਹੋਣ ਵਾਲੀਆਂ ਪ੍ਰਾਪਤੀਆਂ ਉਹਨਾਂ ਉੱਤੇ ਕੀਤੇ ਗਏ ਖਰਚ ਤੋਂ ਵੱਧ ਗਈਆਂ। ਇਸ ਦੇ ਫਲਸਰੂਪ ਭਾਰਤ ਦਾ ਭੁਗਤਾਨ ਸੰਤੁਲਨ ਅਨੁਕੂਲ ਹੋ ਗਿਆ।

7. **ਛੇਵੀਂ ਯੋਜਨਾ (Sixth Plan 1980-85) :** ਛੇਵੀਂ ਯੋਜਨਾ ਦੀ ਮਿਆਦ ਭੁਗਤਾਨ ਸੰਤੁਲਨ ਘਾਟੇ

ਦਾ ਪ੍ਰਤੀਕੂਲ ਹੋ ਗਿਆ । ਛੇਵੀਂ ਯੋਜਨਾ 'ਚ 11,384 ਕਰੋੜ ਦਾ ਘਾਟਾ ਹੋਇਆ। ਹਰ ਸਾਲ ਦਾ ਔਸਤ ਘਾਟਾ 2,227 ਕਰੋੜ ਦਾ ਸੀ।

8. **ਸਤਵੀਂ ਯੋਜਨਾ (Seventh Plan) :** ਸੱਤਵੀਂ ਯੋਜਨਾ ਦੀ ਮਿਆਦ ਵਿਚ ਭੁਗਤਾਨ ਸੰਤੁਲਨ ਦਾ ਘਾਟਾ 38,313 ਕਰੋੜ ਰੁਪਏ ਦਾ ਸੀ। ਸੱਤਵੀਂ ਯੋਜਨਾ ਵਿਚ ਭੁਗਤਾਨ ਸੰਤੁਲਨ ਦੇ ਘਾਟੇ ਵਿਚ ਵਾਧਾ ਹੋਣ ਦਾ ਮੁੱਖ ਕਾਰਣ ਵਪਾਰ ਤੋਂ ਆਉਣ ਵਾਲੇ ਅਪ੍ਰੱਤਖ ਭੁਗਤਾਨਾਂ ਦਾ ਘੱਟ ਹੋਣਾ ਹੈ। ਖਾੜੀ ਯੁੱਧ (Gulf War) ਦੇ ਕਾਰਣ ਪੈਟਰੋਲ ਦੀਆਂ ਕੀਮਤਾਂ ਵੱਧ ਜਾਣ ਅਤੇ ਦੂਜੇ ਕਾਰਣਾਂ ਤੋਂ ਵਪਾਰ ਬਾਕੀ ਦਾ ਘਾਟਾ ਕਾਫ਼ੀ ਵੱਧ ਗਿਆ। ਇਸ ਦੇ ਸਿੱਟੇ ਵਜੋਂ ਭੁਗਤਾਨ ਬਾਕੀ ਦਾ ਘਾਟਾ ਵੀ ਵੱਧ ਗਿਆ।

9. **ਅੱਠਵੀਂ ਯੋਜਨਾ (Eighth Plan) :** ਭਾਰਤ ਦੀ ਅੱਠਵੀਂ ਯੋਜਨਾ 1990 ਵਿਚ ਆਰੰਭ ਹੋਈ ਸੀ। ਪਰ ਇਹ ਯੋਜਨਾ 1992 ਵਿਚ ਸ਼ੁਰੂ ਕੀਤੀ ਗਈ। ਇਸ ਯੁਜਨਾ ਤੋਂ ਪਹਿਲਾਂ ਦੇ ਦੋ ਸਾਲਾਂ ਬਾਅਦ 1990–91 ਅਤੇ 1991–92 ਵਿਚ ਭੁਗਤਾਨ ਬਾਕੀ ਦੇ ਚਾਲੂ ਖਾਤੇ ਦੇ ਘਾਟੇ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ। 1990–91 ਵਿਚ ਚਾਲੂ ਖਾਤੇ ਦਾ ਘਾਟਾ ਸਭ ਤੋਂ ਜ਼ਿਆਦਾ ਭਾਵ 17,368 ਕਰੋੜ ਰੁਪਏ ਸੀ। ਦੇਸ਼ ਦੀ ਵਿਦੇਸ਼ੀ ਮੁਦਰਾ ਕੋਸ਼ (Foreign Exchange Reserve) ਘੱਟ ਹੋ ਕੇ ਕੇਵਲ 4,388 ਕਰੋੜ ਰੁਪਏ ਰਹਿ ਗਏ। ਇਸ ਸਥਿਤੀ ਨੂੰ ਹੀ ਵਿਦੇਸ਼ੀ ਮੁਦਰਾ ਸੰਕਟ (Foreign Exchange Crisis) ਦੀ ਅਵਸਥਾ ਕਿਹਾ ਜਾਂਦਾ ਹੈ। ਸੰਨ 1991–92 ਵਿਚ ਖਾਤੇ ਦਾ ਘਾਟਾ ਹੋ ਕੇ 3,168 ਕਰੋੜ ਰੁਪਏ ਹੋ ਗਿਆ। ਇਸ ਦਾ ਮੁੱਖ ਕਾਰਣ ਪੂੰਜੀਗਤ ਵਸਤੂਆਂ ਦੇ ਆਯਾਤ ਵਿਚ ਹੋਣ ਵਾਲੀ ਭਾਰੀ ਘਾਟ ਸੀ।

ਅੱਠਵੀਂ ਯੋਜਨਾ ਦੇ ਪਹਿਲੇ ਸਾਲ ਭਾਵ 1992–93 ਵਿਚ ਚਾਲੂ ਖਾਤੇ ਦਾ ਘਾਟਾ ਵੱਧ ਕੇ 15,679 ਕਰੋੜ ਰੁਪਏ ਹੋ ਗਿਆ। ਇਸ ਦਾ ਮੁੱਖ ਕਾਰਣ ਇਹ ਹੈ ਕਿ ਇਕ ਸਾਲ ਆਯਾਤਾਂ ਵਿਚ 32 ਪ੍ਰਤੀਸ਼ਤ ਦਾ ਵਾਧਾ ਹੋਇਆ ਜਦੋਂ ਕਿ ਨਿਰਯਾਤਾਂ ਵਿਚ ਕੇਵਲ 22 ਪ੍ਰਤੀਸ਼ਤ ਦਾ ਵਾਧਾ ਹੋਇਆ। 1993–94 ਵਿਚ ਚਾਲੂ ਖਾਤੇ ਦਾ ਘਾਟਾ ਘੱਟ ਹੋ ਕੇ 988 ਕਰੋੜ ਰੁਪਏ ਰਹਿ ਗਿਆ। ਇਸ ਦਾ ਮੁੱਖ ਕਾਰਣ ਨਿਰਯਾਤ ਵਿਚ ਹੋਣ ਵਾਲਾ 30 ਪ੍ਰਤੀਸ਼ਤ ਦਾ ਵਾਧਾ ਸੀ। ਇਸ ਨਾਲ ਆਯਾਤ ਵਿਚ ਕੇਵਲ 15 ਪ੍ਰਤੀਸ਼ਤ ਵਾਧਾ ਹੋਇਆ।

ਸੰਖੇਪ ਵਿਚ ਯੋਜਨਾਵਾਂ ਦੀ ਅਵਧੀ ਵਿਚ ਭੁਗਤਾਨ ਬਾਕੀ ਦੇ ਚਾਲੂ ਖਾਤੇ (Current Account) ਘਾਟੇ ਨੂੰ ਅਗੇ ਲਿਖੀ ਤਾਲਿਕਾ ਰਾਹੀਂ ਸਪੱਸ਼ਟ ਕੀਤਾ ਜਾ ਸਕਦਾ ਹੈ :

**Table : India's Balance of Payments**

| Period | Balance of Payments Rs. (Crores) |
|---|---|
| First Plan (1951-56) | -42 |
| Second Plan (1956-61) | -1,725 |
| Third Plan (1961-66) | -1,951 |
| Annual Plan (1966-69) | -2,015 |
| Fourth Plan (1969-74) | + 100 (Favourable) |
| Fifth Plan (1974-78) | + 3,082 ( " ) |
| Sixth Plan (1980-85) | -11,384 |
| Seventh Plan (1985-90) | -41,047 |
| 1990-91 | -17,366 |
| Eighth Plan (1992-97) | -62,914 |
| Ninth Plan (1997-02) | -70670 |
| 2002-03 | +30660 |
| 2010-11 | -210100 |
| 2014-15 | -162950 |
| 2015-16 | -92481 |
| 2016-17 | -15296 (in US $ million) |

**Source :** Economic Survey :Various issues

ਉਪਰਲੀ ਸੂਚੀ ਤੋਂ ਭੁਗਤਾਨ ਸੰਤੁਲਨ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਦਾ ਪਤਾ ਲੱਗਦਾ ਹੈ

**2.3.10 ਭੁਗਤਾਨ ਸੰਤੁਲਨ ਦੀਆਂ ਵਿਸ਼ੇਸ਼ਤਾਈਆਂ (Features of India's balance of payments) :**

1. ਚੌਥੀ ਯੋਜਨਾ ਤੋਂ ਪਹਿਲਾਂ ਤਿੰਨ ਪੰਜ ਸਾਲਾ ਯੋਜਨਾਵਾਂ ਅਤੇ ਤਿੰਨ ਇਕ ਸਾਲਾ ਯੋਜਨਾਵਾਂ ਤਕ ਚਾਲੂ ਖਾਤੇ ਦਾ ਭੁਗਤਾਨ ਬਾਕੀ ਪ੍ਰਤੀਕੂਲ ਸੀ। ਪਹਿਲੀ ਯੋਜਨਾ 'ਚ ਭੁਗਤਾਨ ਦਾ ਘਾਟਾ ਕੇਵਲ 42 ਕਰੋੜ ਰੁਪਏ ਦਾ ਸੀ। ਤਿੰਨ ਇਕ ਸਾਲਾ ਯੋਜਨਾਵਾਂ 'ਚ ਇਹ ਵੱਧ ਕੇ 2,105 ਕਰੋੜ ਰੁਪਏ ਹੋ ਗਿਆ।
2. ਚੌਥੀ ਯੋਜਨਾ 'ਚ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਭੁਗਤਾਨ ਬਾਕੀ ਅਨੁਕੂਲ (Favourable) ਹੋਇਆ ਸੀ। ਭੁਗਤਾਨ ਬਾਕੀ ਦਾ ਲਾਭ ਵੱਧ ਕੇ 100 ਕਰੋੜ ਰੁਪਏ ਹੋ ਗਿਆ ਸੀ। ਪੰਜਵੀਂ ਯੋਜਨਾ 'ਚ ਵੀ ਭੁਗਤਾਨ ਬਾਕੀ ਅਨੁਕੂਲ ਰਿਹਾ। ਪੰਜਵੀਂ ਯੋਜਨਾ 'ਚ ਭੁਗਤਾਨ ਬਾਕੀ ਦੇ ਲਾਭ ਵੱਧ ਕੇ 3,082 ਕਰੋੜ ਰੁਪਏ ਹੋ ਗਏ। ਇਸ ਦਾ ਮੁੱਖ ਕਾਰਣ ਅਦ੍ਰਿਸ਼ ਮੱਦਾਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਦਾ ਜ਼ਿਆਦਾ ਹੋਣਾ ਸੀ।
3. ਛੇਵੀਂ ਯੋਜਨਾ 'ਚ ਭੁਗਤਾਨ ਬਾਕੀ ਦਾ ਘਾਟਾ ਵੱਧ ਕੇ 11,384 ਕਰੋੜ ਰੁਪਏ ਹੋ ਗਿਆ। ਇਸ ਯੋਜਨਾ ਦੀ ਮਿਆਦ 'ਚ ਭੁਗਤਾਨ ਸੰਤੁਲਨ ਦਾ ਹਰ ਸਾਲ ਔਸਤ ਘਾਟਾ 2,277 ਕਰੋੜ ਰੁਪਿਆ ਸੀ। ਇਸ ਦਾ ਮੁੱਖ ਕਾਰਣ ਵਪਾਰ ਬਾਕੀ ਦਾ ਵਧਦਾ ਹੋਇਆ ਘਾਟਾ ਅਤੇ ਅਪ੍ਰਤੱਖ ਬੱਚਤਾਂ (Invisible Surpluses) ਦਾ ਘੱਟ ਹੋਣਾ ਸੀ।
4. ਸੱਤਵੀਂ ਯੋਜਨਾ ਚ ਭੁਗਤਾਨ ਬਾਕੀ ਦਾ ਘਾਟਾ ਵਧ ਕੇ 38,313 ਕਰੋੜ ਰੁਪਏ ਹੋ ਗਿਆ। ਇਸ ਯੋਜਨਾ ਦੀ ਮਿਆਦ 'ਚ ਪ੍ਰਤੀ ਸਾਲ ਦਾ ਔਸਤ ਘਾਟਾ 7,662 ਕਰੋੜ ਰੁ. ਸੀ। ਸੱਤਵੀਂ ਯੋਜਨਾ ਦੇ ਨਿਰਯਾਤ ਕੁੱਲ ਘਰੇਲੂ ਉਤਪਾਦਨ (Gross Domestic Product) ਦੇ 5.2 ਪ੍ਰਤੀਸ਼ਤ ਅਤੇ ਆਯਾਤ 8.3 ਪ੍ਰਤੀਸ਼ਤ ਸਨ। ਇਸ ਤਰ੍ਹਾਂ ਵਪਾਰ ਬਾਕੀ ਦਾ ਘਾਟਾ ਕੁੱਲ ਘਰੇਲੂ ਉਤਪਾਦ ਦਾ 3.13 ਪ੍ਰਤੀਸ਼ਤ ਸੀ ਜਦੋਂ ਕਿ ਛੇਵੀਂ ਯੋਜਨਾ ਵਿਚ 3.33 ਪ੍ਰਤੀਸ਼ਤ ਹੋ ਗਿਆ। ਪਰ ਸੱਤਵੀਂ ਯੋਜਨਾ ਵਿਚ ਸ਼ੁੱਧ ਅਪ੍ਰੱਤਖ ਇਕਾਈਆਂ (Net Invisibles) ਤੋਂ ਪ੍ਰਾਪਤ ਆਮਦਨ ਕੁੱਲ ਰਾਸ਼ਟਰੀ ਉਤਪਾਦ ਦੀ 0.7 ਪ੍ਰਤੀਸ਼ਤ ਹੋ ਗਈ ਜਦ ਕਿ ਛੇਵੀਂ ਯੋਜਨਾ 1.9 ਪ੍ਰਤੀਸ਼ਤ ਸੀ। ਇਸ ਦੇ ਫਲਸਰੂਪ ਚਾਲੂ ਖਾਤੇ ਦਾ ਘਾਟਾ ਕੁੱਲ ਘਰੇਲੂ ਉਤਪਾਦ ਦਾ 1.43 ਪ੍ਰਤੀਸ਼ਤ ਤੋਂ ਵੱਧ ਕੇ 2.38 ਪ੍ਰਤੀਸ਼ਤ ਹੋ ਗਿਆ।
5. ਸਾਲ 1991–92 'ਚ ਚਾਲੂ ਖਾਤੇ ਦੇ ਘਾਟੇ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ। ਇਹ ਘਾਟਾ ਵੱਧ ਕੇ 17,368 ਕਰੋੜ ਰੁਪਏ ਦਾ ਹੋ ਗਿਆ। ਇਹ ਘਾਟਾ ਕੁੱਲ ਘਰੇਲੂ ਉਤਪਾਦ ਦਾ 3.7 ਪ੍ਰਤੀਸ਼ਤ ਸੀ। ਇਸ ਦਾ ਮੁੱਖ ਕਾਰਣ ਖਾੜੀ ਯੁੱਧ ਕਾਰਣ ਪੈਟਰੋਲ ਦੀਆਂ ਕੀਮਤਾਂ ਵਿਚ ਹੋਣ ਵਾਲਾ ਵਾਧਾ ਅਤੇ ਵਿਦੇਸ਼ਾਂ ਤੋਂ ਅਪ੍ਰੱਤਖ ਇਕਾਈਆਂ ਦੇ ਰੂਪ 'ਚ ਹੋਣ ਵਾਲੀ ਆਮਦਨ ਦਾ ਘੱਟ ਹੋਣਾ ਸੀ। ਇਸ ਦੇ ਫਲਸਰੂਪ ਵਿਦੇਸ਼ੀ ਮੁਦਰਾ ਦੀ ਨਿੱਧੀ (Foreign Exchange Reserves) ਘੱਟ ਹੋ ਕੇ 4,388 ਕਰੋੜ ਹੋ ਗਈ। 1991–92 ਵਿਚ ਚਾਲੂ ਖਾਤੇ ਵਿਚ ਘਾਟਾ ਘੱਟ ਹੋ ਕੇ 5,186 ਕਰੋੜ ਰੁਪਏ ਹੋ ਗਿਆ।
6. ਅੱਠਵੀਂ ਯੋਜਨਾ (Eighth plan) : ਅੱਠਵੀਂ ਯੋਜਨਾ ਦੇ ਪਹਿਲੇ ਸਾਲ 1992–93 ਵਿਚ ਚਾਲੂ ਖਾਤੇ ਦਾ ਘਾਟਾ ਵੱਧ ਕੇ 15,679 ਕਰੋੜ ਰੁਪਏ ਹੋ ਗਿਆ। ਪਰ 1993–94 ਵਿਚ ਘੱਟ ਹੋ ਕੇ 988 ਕਰੋੜ ਰੁਪਏ ਹੋ ਗਿਆ।

**2.3.11 ਭਾਰਤ ਦੇ ਭੁਗਤਾਨ ਸ਼ੇਸ਼ ਸੰਬੰਧੀ ਪ੍ਰਵਿਰਤੀਆਂ (Summary of Trends in India's balance of payments) ਦਾ ਸਾਰ ਇਸ ਪ੍ਰਕਾਰ ਦਿੱਤਾ ਜਾ ਸਕਦਾ ਹੈ :**

ਭਾਰਤ ਨੇ ਹਮੇਸ਼ਾ ਹੀ ਵਪਾਰੀ ਘਾਟਾ (trade deficit) ਝੇਲਿਆ ਹੈ। ਸਿਰਫ ਦੋ ਸਾਲਾਂ ਲਈ ਹੀ ਇਸ ਦਾ ਵਪਾਰ ਬਾਕੀ ਵੱਧ ਸੀ। ਚੌਥੀ ਯੋਜਨਾ ਨੂੰ ਛੱਡ ਕੇ ਵਪਾਰ ਘਾਟਾ ਲਗਾਤਾਰ ਵੱਧ ਰਿਹਾ ਹੈ। 1979–80 ਤੋਂ ਵੱਧ ਚਿੰਤਾਜਨਕ ਬਣ ਗਿਆ ਹੈ, ਜਦੋਂ ਕਿ ਇਸ ਦਾ ਸਾਲਾਨਾ ਘਾਟਾ 5000 ਕਰੋੜ ਰੁਪਏ ਟੱਪ ਗਿਆ ਸੀ। ਛੇਵੀਂ ਯੋਜਨਾ ਦੌਰਾਨ ਕੁੱਲ ਵਪਾਰ ਘਾਟਾ 30,456 ਕਰੋੜ ਰੁਪਏ ਸੀ। ਸੱਤਵੀਂ ਯੋਜਨਾ ਦੌਰਾਨ ਭੁਗਤਾਨ ਸ਼ੇਸ਼ ਦੇ ਚਾਲੂ ਖਾਤੇ ਦਾ ਘਾਟਾ 41,407 ਕਰੋੜ ਰੁਪਏ ਸੀ। ਪਰੰਤੂ ਹੁਣ ਇਹ ਵੱਧ ਕੇ 108100 ਕਰੋੜ ਹੋ ਗਿਆ ਹੈ।

### 2.3.12 ਭੁਗਤਾਨ ਸ਼ੇਸ਼ ਦੀ ਵਧਦੀ ਸਮੱਸਿਆ ਦੇ ਕਾਰਨ (Causes)

ਭੁਗਤਾਨ ਸ਼ੇਸ਼ ਦੀ ਵਧਦੀ ਸਮੱਸਿਆ ਦੇ ਹੇਠ ਲਿਖੇ ਕਾਰਣ ਦੱਸੇ ਜਾ ਸਕਦੇ ਹਨ :

1. ਨਿਰਯਾਤ ਵਿਚ ਵਾਧਾ ਹੋਣ ਦੇ ਬਾਵਜੂਦ ਭੁਗਤਾਨ ਸ਼ੇਸ਼ ਦੀ ਸਮੱਸਿਆ ਵਧੀ ਹੈ। 1985-86 ਤੋਂ 1989-90 ਤਕ ਨਿਰਯਾਤ ਦੀ ਸਾਲਾਨਾ ਵਾਧਾ ਦਰ 18.7 ਪ੍ਰਤੀਸ਼ਤ ਪ੍ਰਤੀ ਸਾਲ ਸੀ ਅਤੇ ਆਯਾਤ ਦੀ 16.8 ਪ੍ਰਤੀਸ਼ਤ ਪ੍ਰਤੀ ਸਾਲ। ਆਯਾਤ ਪਹਿਲਾਂ ਵੀ ਬਹੁਤ ਸੀ, ਇਸ ਕਰਕੇ ਇਸ ਨੇ ਨਿਰਯਾਤ ਦਰ ਦੇ ਵਾਧੇ ਦਾ ਵੀ ਅਸਰ ਨਹੀਂ ਹੁਣ ਦਿੱਤਾ ਅਤੇ (absolute terms) ਵਿਚ ਭੁਗਤਾਨ ਸ਼ੇਸ਼ ਤੇ ਘਾਟਾ ਵੱਧ ਗਿਆ।
2. ਆਯਾਤ ਉਦਾਰੀਕਰਣ ਦੀ ਨੀਤੀ, ਜਿਹੜੀ ਰਾਜੀਵ ਗਾਂਧੀ ਸਰਕਾਰ ਨੇ ਸ਼ੁਰੂ ਕੀਤੀ ਸੀ, ਦੇ ਕਾਰਣ ਸਾਡੇ ਆਯਾਤ ਬਹੁਤ ਵੱਧ ਗਏ। 1985 ਵਿਚ 3 ਸਾਲਾਂ ਲਈ ਘੋਸ਼ਿਤ ਆਯਾਤ-ਨਿਰਯਾਤ ਨੀਤੀ ਕਰਕੇ ਵੀ ਆਯਾਤ ਬਹੁਤ ਵਧੇ ਜਿਸ ਕਰਕੇ ਭੁਗਤਾਨ ਸ਼ੇਸ਼ ਤੇ ਮਾੜਾ ਅਸਰ ਪਿਆ।
3. ਸੱਤਵੀਂ ਯੋਜਨਾ ਦੇ ਦੌਰਾਨ ਜਿਹੜਾ ਸਨਅਤੀ ਵਿਕਾਸ ਹੋਇਆ, ਉਹ ਸਮਾਜ ਦੇ ਅਮੀਰ ਵਰਗਾਂ ਲਈ ਸੀ। ਉਨਾਂ ਦੀ ਆਮਦਨ ਵਿਚ ਹੁਰ ਵਾਧਾ ਹੋਇਆ ਜਿਸ ਕਰਕੇ ਉਪਭੋਗ ਵਸਤਾਂ ਦੀ ਮੰਗ ਵਧੀ ਅਤੇ ਇਨ੍ਹਾਂ ਨੂੰ ਬਣਾਉਣ ਲਈ ਵਧੇਰੇ ਆਯਾਤ ਹੋਇਆ।

ਰੁਪਏ ਦੇ ਮੁੱਲ ਵਿਚ ਬਾਕੀ ਕਰੰਸੀਆਂ ਦੇ ਮੁਕਾਬਲੇ ਗਿਰਾਵਟ ਕਰਕੇ ਵੀ ਆਯਾਤ ਵਿਚ ਵਾਧਾ ਹੋਇਆ।

ਭੁਗਤਾਨ ਸ਼ੇਸ਼ ਦੀ ਸਮੱਸਿਆ ਦਾ ਹੱਲ ਕਰਨ ਲਈ ਹੇਠ ਲਿਖੇ ਕਦਮ ਪੁੱਟੇ ਜਾਣੇ ਚਾਹੀਦੇ ਹਨ :

1. **ਆਯਾਤ ਬਣਤਰ ਵਿਚ ਤਬਦੀਲੀ** : ਇਹ ਗੱਲ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਅਸੀਂ ਆਪਣੇ ਆਯਾਤ ਕਾਫੀ ਹੱਦ ਤੱਕ ਘਟਾ ਸਕਦੇ ਹਾਂ। ਉਦਾਹਰਣ ਦੇ ਤੌਰ ਤੇ ਅਨਾਜ ਦੀ ਉਪਜ ਵਿਚ ਵਾਧਾ ਕਰਕੇ ਇਸਦੇ ਆਯਾਤ ਨੂੰ ਘਟਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਉਪਭੋਗੀ ਵਿਲਾਸ ਦੀਆਂ ਵਸਤਾਂ ਜਿਵੇਂ ਕਿ ਕਲਰ ਟੀ.ਵੀ., ਵੀ.ਸੀ.ਆਰ., ਆਦਿ ਦਾ ਆਯਾਤ ਬੰਦ ਕਰ ਦੇਣਾ ਚਾਹੀਦਾ ਹੈ। ਲੋਹਾ ਅਤੇ ਇਸਪਾਤ ਦੇ ਆਯਾਤ ਖਤਮ ਕਰਨ ਤੇ ਹੀ ਦੇਸ਼ ਨੂੰ 1000-1300 ਕਰੋੜ ਰੁਪਏ ਦੀ ਵਿਦੇਸ਼ੀ ਕਰੰਸੀ ਦੀ ਬਚਤ ਹੋ ਸਕਦੀ ਹੈ। ਇਹ ਸਾਰਾ ਕੁਝ ਤਾਂ ਹੀ ਹੋ ਸਕਦਾ ਹੈ ਜੇਕਰ ਦੇਸ਼ ਵਿਚ ਉਤਪਾਦਨ ਸਮਰਥਾ ਨੂੰ ਵਧਾਉਣ ਦੀ ਕੋਸ਼ਿਸ਼ ਕੀਤੀ ਜਾਵੇ।

2. **ਨਿਰਯਾਤ ਵਿਚ ਵਾਧਾ** : ਅਸੀਂ ਗੈਰ-ਰਵਾਇਤੀ ਵਸਤਾਂ ਜਿਵੇਂ ਕਿ ਦਸਤਕਾਰੀ ਦਾ ਸਮਾਨ, ਇੰਜਨੀਅਰਿੰਗ ਵਸਤਾਂ ਦਾ ਨਿਰਯਾਤ ਵਧਾ ਸਕਦੇ ਹਾਂ। ਜਿਨ੍ਹਾਂ ਵਸਤਾਂ ਦਾ ਅਸੀਂ ਵੱਧ ਨਿਰਯਾਤ ਕਰ ਸਕਦੇ ਹਾਂ, ਉਨ੍ਹਾਂ ਦਾ ਘਰੇਲੂ ਉਪਭੁਗ ਘਟਾਉਣ ਦਾ ਵੀ ਯਤਨ ਕੀਤਾ ਜਾ ਸਕਦਾ ਹੈ। ਇਹ ਵੀ ਜ਼ਰੂਰੀ ਹੈ ਕਿ ਨਿਰਯਾਤ ਵਸਤਾਂ ਦੀ ਕੀਮਤ ਕਾਬੂ ਵਿਚ ਰੱਖੀ ਜਾਵੇ ਤਾਂ ਜੋ ਉਹ ਅੰਤਰ-ਰਾਸ਼ਟਰੀ ਮੰਡੀ ਵਿਚ ਹੁਰ ਦੇਸ਼ਾਂ ਦੀ ਵਸਤਾਂ ਨਾਲ ਮੁਕਾਬਲਾ ਕਰ ਸਕਣ।

**ਸੰਖੇਪ ਉੱਤਰਾਂ ਵਾਲੇ ਪ੍ਰਸ਼ਨ**

1) ਭਾਰਤ ਦੇ ਭੁਗਤਾਨ ਸ਼ੇਸ਼ ਵਿਚਲੀਆਂ ਦੋ ਮੁੱਖ ਵਿਸ਼ੇਸ਼ਤਾਈਆਂ ਦੱਸੋ।
2) ਭਾਰਤ ਦੇ ਭੁਗਤਾਨ ਸ਼ੇਸ਼ ਦੀ ਵਧਦੀ ਸਮੱਸਿਆ ਦੇ ਮੁੱਖ ਕਾਰਨ ਦੱਸੋ।

### 2.3.13 ਭੁਗਤਾਨ ਸ਼ੇਸ਼ ਸਮੱਸਿਆ ਹੱਲ ਲਈ ਰੰਗਾ ਰਾਜਨ ਪੈਨਲ (Ranga Rajan Panel)

ਭੁਗਤਾਨ ਸ਼ੇਸ਼ ਦੀ ਸਮੱਸਿਆ ਨੂੰ ਹੱਲ ਕਰਨ ਲਈ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਡਾ. ਸੀ ਰੰਗਾਰਾਜਨ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ ਗਈ, ਜਿਸ ਨੇ ਜੂਨ 1993 ਵਿਚ ਆਪਣੇ ਸੁਝਾਅ ਦਿਤੇ। ਇਹ ਸੁਝਾਅ ਇਸ ਪ੍ਰਕਾਰ ਹਨ :

**(ੳ) ਵਟਾਂਦਰਾ ਦਰ ਦਾ ਏਕੀਕਰਣ (Unification of Exchange Rate) :** ਇਸ ਸੰਮਤੀ ਨੇ ਇਹ ਸਿਫਾਰਿਸ਼ ਕੀਤੀ ਸੀ ਕਿ ਇਕ ਵਾਸਤਵਿਕ ਵਟਾਂਦਰਾ ਦਰ ਦੀ ਸਥਿਤੀ ਪ੍ਰਾਪਤ ਕਰਨ ਦੇ ਲਈ ਸਾਰਿਆਂ ਟੀਚਿਆਂ ਦੇ ਲਈ ਏਕੀਕਰਣ ਕਰ ਦਿਤਾ ਜਾਵੇ। ਇਹ ਪੂਰੀ ਤਰ੍ਹਾਂ ਪਰਿਵਰਤਨ ਯੋਗ (Full Convertibility) ਦੀ ਦਿਸ਼ਾ ਵਿਚ ਇਕ ਮਹੱਤਵਪੂਰਣ ਕਦਮ ਹੋਵੇਗਾ। ਸਰਕਾਰ ਨੇ ਇਸ ਸਿਫਾਰਸ਼ ਨੂੰ ਮੰਨਦੇ ਹੋਏ ਇਕਮਿਤ ਵਟਾਂਦਰਾ ਦਰ ਪ੍ਰਣਾਲੀ (Unified Exchange Rate System) ਨੂੰ ਲਾਗੂ ਕਰ ਦਿੱਤਾ।

**(ਅ) ਵਿਦੇਸ਼ੀ ਵਟਾਂਦਰਾ ਦੀ ਸੁਰੱਖਿਅਤ ਨਿੱਧੀ ਦਾ ਟੀਚਾ (Reserve Target of Foreign Exchange) :** ਰੰਗਾ ਰਾਜਨ ਸੰਮਤੀ ਨੇ ਇਹ ਸਿਫ਼ਾਰਿਸ਼ ਵੀ ਕੀਤੀ ਸੀ ਕਿ ਆਯਾਤਾਂ ਅਤੇ ਭੁਗਤਾਨਾਂ ਦਾ ਪਹਿਲਾਂ ਤੋਂ ਹੀ ਅਨੁਮਾਨ ਲਗਾ ਕੇ ਤਿੰਨ ਮਹੀਨੇ ਦੇ ਸਮੇਂ ਦੇ ਉਪਭੋਗ ਦੀ ਜ਼ਰੂਰਤ ਨੂੰ ਧਿਆਨ ਵਿਚ ਰਖਦੇ ਹੋਏ ਸਮੇਂ-ਸਮੇਂ ਤੇ ਵਿਦੇਸ਼ੀ ਵਟਾਂਦਰਾ ਦੀ ਸੁਰੱਖਿਅਤ ਨਿੱਧੀ ਦੇ ਟੀਚੇ (Reserve Target) ਨਿਸ਼ਚਿਤ ਕਰਕੇ ਰਹਿਣਾ ਚਾਹੀਦਾ ਹੈ। ਸੁਰੱਖਿਅਤ ਨਿੱਧੀ ਨੂੰ ਨਿਊਨਤਮ ਪੱਧਰ ਤੋਂ ਥੱਲੇ ਨਹੀਂ ਆਉਣ ਦਿਤਾ ਜਾਣਾ ਚਾਹੀਦਾ ਹੈ।

**(ੲ) ਸੋਨੇ ਦਾ ਵਿਦੇਸ਼ੀ ਮੁਦਰਾ ਵਿਚ ਪਰਿਵਰਤਨ ਦਾ ਵਿਕਲਪ (Option of Converting Gold into Foreign Currency) :** ਇਸ ਸੰਮਤੀ ਨੇ ਇਹ ਵੀ ਸਿਫਾਰਿਸ਼ ਕੀਤੀ ਹੈ ਕਿ ਸੋਨੇ ਨੂੰ ਵਿਦੇਸ਼ੀ ਮੁਦਰਾ ਵਿਚ ਬਦਲਣ ਸੰਬੰਧੀ ਰਿਜ਼ਰਵ ਬੈਂਕ ਦੇ ਫੈਸਲੇ ਦੀ ਸਮੇਂ-ਸਮੇਂ ਤੇ ਸਮੀਖਿਆ (Review) ਕੀਤੀ ਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ ਇਸ ਸੰਮਤੀ ਨੇ ਇਹ ਸਿਫਾਰਸ਼ ਵੀ ਕੀਤੀ ਹੈ ਕਿ ਅਚਨਚੇਤ ਖਰਚਿਆਂ ਦੀ ਪੂਰਤੀ ਦੇ ਲਈ ਅਲਪ ਸੂਚਨਾ (Short Notices) ਤੇ ਵਿਦੇਸ਼ੀ ਮੁਦਰਾ ਵਿਚ ਬਦਲਣ ਦੇ ਲਈ ਸੋਨੇ ਦਾ ਕੁਝ ਭਾਗ ਵੱਖਰਾ ਰੱਖ ਲੈਣਾ ਚਾਹੀਦਾ ਹੈ।

**(ਸ) ਵਿਦੇਸ਼ੀ ਸਹਾਇਤਾ (External Assistance) :** ਇਸ ਸੰਮਤੀ ਨੇ ਇਹ ਸਿਫਾਰਿਸ ਵੀ ਕੀਤੀ ਸੀ ਕਿ ਵਿਦੇਸ਼ੀ ਸਹਾਇਤਾ ਦਾ 100 ਪ੍ਰਤੀਸ਼ਤ ਹੀ ਰਾਜਾਂ ਨੂੰ ਸਾਰੇ ਖੇਤਰਾਂ ਦੇ ਲਈ ਦੇ ਦਿਤਾ ਜਾਣਾ ਚਾਹੀਦਾ ਹੈ।

**(ਹ) ਵਪਾਰਿਕ ਕਰਜ਼ੇ (Commercial Borrowing) :** ਵਾਪਾਰਿਕ ਕਰਜ਼ੇ ਦੇ ਸੰਬੰਧ ਵਿਚ ਇਸ ਸੰਮਤੀ ਨੇ ਇਹ ਸਿਫਾਰਿਸ਼ ਕੀਤੀ ਸੀ ਕਿ ਪੰਜ ਸਾਲਾਂ ਤੋਂ ਘੱਟ ਸਮੇਂ ਦੇ ਵਾਪਾਰਿਕ ਕਰਜ਼ੇ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਣਾ ਚਾਹੀਦਾ। ਵਿਦੇਸ਼ੀ ਕਰਜ਼ੇ ਦੇ ਲਈ ਸਰਵਜਨਕ ਗਾਰੰਟੀ (Public Guarantee) ਬਹੁਤ ਸੋਚ ਸਮਝ ਕੇ ਦਿਤੀ ਜਾਣੀ ਚਾਹੀਦੀ ਹੈ। ਸੰਮਤੀ ਨੇ ਸੁਝਾਅ ਦਿੱਤਾ ਕਿ ਵਿਦੇਸ਼ੀ ਵਪਾਰਿਕ ਕਰਜ਼ੇ ਦੀ ਵੰਡ ਦੀ ਸਾਲਾਨਾ ਸੀਮਾ 2.0 ਕਰੋੜ ਡਾਲਰ ਨਿਰਧਾਰਤ ਕੀਤੀ ਜਾਵੇ। ਇਸ ਸੰਮਤੀ ਨੇ ਇਹ ਨਿਚੋੜ ਕੱਢਿਆ ਹੈ ਕਿ ਭਾਰਤ ਵਿਚ ਰਿਣ ਪ੍ਰਬੰਧ (Debt Management) ਦੇ ਲਈ ਕਰਜ਼ੇ ਇਕਉਟੀ ਪਰਿਵਰਤਨ (Debt Equity Conversion) ਦਾ ਕੋਈ ਵਿਕਲਪ ਨਹੀਂ ਹੈ। ਸੰਮਤੀ ਨੇ ਸਿਫਾਰਿਸ਼ ਕੀਤੀ ਸੀ ਕਿ ਪ੍ਰਯੋਗ ਤੌਰ ਤੇ ਸਵਰਨ ਬਾਂਡ ਜਾਰੀ ਕੀਤੇ ਜਾ ਸਕਦੇ ਹਨ। ਸਰਕਾਰ ਨੇ 1993-94 ਦੇ ਬਜਟ ਵਿਚ ਸਵਰਨ ਬਾਂਡ (Gold Bonds) ਜਾਰੀ ਕੀਤੇ ਸੀ।

**(ਕ) ਅਨਿਵਾਸੀ ਭਾਰਤੀ ਉਧਾਰਾਂ ਦੀ ਪਰਿਵਰਤਨਸ਼ੀਲਤਾ (Convertibility of Non-Resident Indian Borrowing) :** ਆਨਿਵਾਸੀ ਭਾਰਤੀ ਉਧਾਰਾਂ ਦੀ ਪਰਿਵਰਤਨਸ਼ੀਲਤਾ ਅਤੇ ਲਾਗਤ ਘੱਟ ਕੀਤੇ ਜਾਣ ਦੇ ਲਈ ਸੰਮਤੀ ਨੇ ਸਿਫਾਰਿਸ਼ ਕੀਤੀ ਹੈ ਕਿ ਵਿਦੇਸ਼ੀ ਮੁਦਰਾ ਅਨਿਵਾਸੀ ਖਾਤਾ ਜਮ੍ਹਾਂ ਰਕਮਾਂ (Foreign Currency Non-Resident Deposit - FCNRD) ਦੇ ਮਾਮਲੇ ਵਿਚ ਘੱਟ ਤੋਂ ਘੱਟ ਪਰਿਪਕਤਾ ਸਮਾਂ (Maturity Period) ਇਕ ਸਾਲ ਹੋਣਾ ਚਾਹੀਦਾ ਹੈ। ਅੰਤਰ-ਰਾਸ਼ਟਰੀ ਵਿਆਜ ਦਰਾਂ ਅਤੇ ਵਿਦੇਸ਼ੀ ਮੁਦਰਾ ਅਨਿਵਾਸੀ ਖਾਤਾ ਦਰਾਂ ਵਿਚ ਦੇ ਫਰਕ ਨੂੰ ਹੌਲੀ ਹੌਲੀ ਕੀਤਾ ਜਾਣਾ ਚਾਹੀਦਾ ਹੈ। ਇਹ ਸੰਮਤੀ ਇਸ ਗੱਲ ਦੇ ਪੱਖ ਵਿਚ ਹੈ ਕਿ ਮੱਧਅਵਧੀ ਨਿਵੇਸ਼ (Medium Term Investment) ਨੂੰ ਉਤਸ਼ਾਹਿਤ ਕਰਨ ਦੇ ਲਈ ਅਨਿਵਾਸੀ ਭਾਰਤੀ ਬਾਂਡ (Non-Resident Indian Bonds) ਦੇ ਬਾਜ਼ਾਰ ਵਿਕਸਿਤ ਕਰਨੇ ਚਾਹੀਦੇ ਹਨ।

**(ਖ) ਘੱਟ ਸਮੇਂ ਦੇ ਕਰਜ਼ੇ ਸੰਬੰਧੀ ਨੀਤੀ (Short Term Loan Policy) :** ਸੰਮਤੀ ਦਾ ਇਹ ਮੰਨਣਾ ਸੀ ਕਿ ਅਲਪਕਾਲੀਨ ਵਿਦੇਸ਼ੀ ਕਰਜ਼ੇ ਦੀ ਸਹਿਮਤੀ ਕੇਵਲ ਵਪਾਰ ਦੇ ਲਈ ਹੀ ਦਿਤੀ ਜਾਣੀ ਚਾਹੀਦੀ ਹੈ। ਅਪਲਕਾਲੀਨ ਵਿਦੇਸ਼ੀ ਕਰਜ਼ੇ ਦੇ ਲਈ ਇਕ ਕਾਬੂ ਪ੍ਰਣਾਲੀ (Monitoring System) ਸਥਾਪਿਤ ਕੀਤਾ ਜਾਵੇ ਤਾਂ ਕਿ ਕਿਸੀ ਸਮੇਂ ਨਿਵੇਸ਼ ਤੇ ਬਕਾਇਆ ਅਲਪਾਕਲੀਨ ਕਰਜ਼ੇ ਦੀ ਮਾਤਰਾ ਦਾ ਪਤਾ ਲਗਾਇਆ ਜਾ ਸਕੇ।

**(ਗ) ਰਾਸ਼ਟਰੀ ਨਿਵੇਸ਼ ਕਾਨੂੰਨ (National Investment Law) :** ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਦੇ ਲਈ ਸੰਮਤੀ ਇਸ ਗੱਲ ਦੇ ਪੱਖ ਵਿਚ ਸੀ ਕਿ ਲਾਭਾਂਸ਼ ਦੇ ਦੇਸ਼ ਤੋਂ ਬਾਹਰ ਵਿਦੇਸ਼ੀ ਜਾਣ, ਅਨਿਵੇਸ਼ (Disinvestment) ਅਤੇ ਵਿਦੇਸ਼ੀ ਨਾਗਰਿਕਾਂ ਨੂੰ ਰੁਜ਼ਗਾਰ ਦੇਣ ਨਾਲ ਸੰਬੰਧਿਤ ਮੌਜੂਦਾ ਨੀਤੀ ਦੇ ਰਿਵਾਜਾਂ ਨੂੰ ਕਾਨੂੰਨੀ ਰੂਪ ਦੇਣ ਦੇ ਲਈ ਇਕ ਰਾਸ਼ਟਰੀ ਨਿਵੇਸ਼ ਕਾਨੂੰਨ (National Investment Law) ਬਣਾਇਆ ਜਾਵੇ।

**(ਘ) ਮੱਧ ਮਿਆਦ ਨੀਤੀ (Medium Term Policy) :** ਮੱਧ ਅਵਧੀ ਦੇ ਲਈ ਸੰਮਤੀ ਦਾ ਇਹ ਮੰਨਣਾ ਸੀ ਕਿ ਨਿਰਯਾਤ ਵਿਚ ਘੱਟ ਤੋਂ ਘੱਟ 15 ਪ੍ਰਤੀਸ਼ਤ ਸਾਲਾਨਾ ਵਾਧਾ ਡਾਲਰਾਂ ਨੂੰ ਸੁਨਿਸ਼ਚਿਤ ਕੀਤੇ ਜਾਣ ਦਾ

ਟੀਚਾ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸੰਮਤੀ ਦਾ ਇਹ ਵਿਚਾਰ ਸੀ ਕਿ ਕੁੱਲ ਦੇਸ਼ੀ ਉਤਪਾਦ (Gross Domestic Product) ਦਾ 1.6 ਪ੍ਰਤੀਸ਼ਤ ਚਾਲੂ ਖਾਤਾ ਘਾਟਾ (Current Account Deficit) ਸ਼ੁੱਧ ਪੂੰਜੀ ਪ੍ਰਾਪਤੀਆਂ ਨੂੰ ਇਹ ਉੱਚਿਤ ਪੱਧਰ ਦੇ ਮਾਧਿਅਮ ਨਾਲ ਬਣਾਈ ਰੱਖਿਆ ਜਾ ਸਕਦਾ ਹੈ।

**ਸੰਖੇਪ ਉਤਰਾਂ ਵਾਲੇ ਪ੍ਰਸ਼ਨ**

1) ਰੰਗਾ ਰਾਜਨ ਪੈਨਲ ਵੱਲ੍ਹਂ ਭਾਰਤੀ ਭੁਗਤਾਨ ਸ਼ੇਸ਼ ਦੇ ਹੱਲ ਲਈ ਦੱਸੋ ਕੋਈ ਦੋ ਸੁਝਾਅ ਦੱਸੋ।
2) ਰੰਗਾ ਰਾਜਨ ਪੈਨਲ ਵੱਲੋਂ ਦੱਸਿਆ ਸੋਨੇ ਦਾ ਵਿਦੇਸ਼ੀ ਮੁਦਰਾ ਵਿੱਚ ਪਰਿਵਰਤਨ ਦਾ ਵਿਕਲਪ ਕੀ ਹੈ?

### 2.3.14 ਪਾਠ ਦਾ ਸਾਰ (Summary of Lesson)

ਸਾਰ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਜਿੱਥੋਂ ਤੱਕ ਭਾਰਤ ਦੇ ਭੁਗਤਾਨ ਸ਼ੇਸ਼ ਦੀ ਸਮੱਸਿਆ ਦਾ ਸਵਾਲ ਹੈ, ਇਹ ਚਾਲੂ ਭੁਗਤਾਨ ਸ਼ੇਸ਼ ਲੇਖੇ ਸੰਬੰਧੀ ਲਗਾਤਾਰ ਘਾਟੇ (deficit) ਨਾਲ ਲੜਦਾ ਰਿਹਾ ਹੈ ਅਤੇ ਇਹ ਘਾਟਾ ਸਾਲੋ ਸਾਲ ਵਧਦਾ ਰਿਹਾ ਹੈ ਅਤੇ ਇਸ ਤਰ੍ਹਾਂ ਸਰਕਾਰ ਅਰਥਸ਼ਾਸਤਰੀਆਂ ਅਤੇ ਨੀਤੀਘਾੜਿਆਂ ਲਈ ਸਰੋਕਾਰ (concern) ਦਾ ਇੱਕ ਸੰਜੀਦਾ ਕਾਰਨ ਬਣ ਗਿਆ ਹੈ। ਚਾਲੂ ਭੁਗਤਾਨ ਵਿੱਚ ਘਾਟਾ ਇਹ ਦਰਸਾਉਂਦਾ ਹੈ ਕਿ ਅਰਥ ਵਿਵਸਥਾ ਆਪਣੀ ਸਮਰੱਥਾ ਤੋਂ ਜ਼ਿਆਦਾ ਸਾਧਨਾਂ ਤੇ ਨਿਰਭਰ ਕਰ ਰਹੀ ਹੈ। ਅਰਥਾਤ ਇਹ ਜਿੰਨਾ ਬਦੇਸ਼ੀ ਸਿੱਕਾ ਹੁਣ ਕਮਾ ਰਹੀ ਹੈ, ਉਸ ਤੋਂ ਵੱਧ ਖਰਚ ਕਰ ਰਹੀ ਹੈ। ਜੇ ਅਜਿਹਾ ਘਾਟਾ ਲਗਾਤਾਰ ਰਹਿੰਦਾ ਹੈ ਤਾਂ ਇਸ ਦਾ ਭਾਵ ਇਹ ਨਿਕਲਦਾ ਹੈ ਕਿ ਅਰਥ ਵਿਵਸਥਾ ਵਿੱਚ ਕੁਝ ਮੰਲਿਕ ਖਰਾਬੀ (wrong) ਹੈ। ਇਸ ਨਾਲ ਅੰਤਰ ਰਾਸ਼ਟਰੀ ਵਿੱਤੀ ਮੰਡੀਆਂ ਵਿੱਚ ਦੇਸ਼ ਦੀ ਸ਼ਾਖ (credit worthiness) ਘਟਦੀ ਹੈ ਅਤੇ ਇਸ ਤਰ੍ਹਾਂ ਅਜਿਹੇ ਬਦੇਸ਼ੀ ਨਿਵੇਸ਼ ਦਾ ਅੰਤਰ-ਪ੍ਰਵਾਹ (inflow) ਜਿਸਦੀ ਬਹੁਤ ਜ਼ਿਆਦਾ ਲੋੜ ਹੁੰਦੀ ਹੈ, ਘਟ ਜਾਂਦਾ ਹੈ। ਇਸ ਲਈ ਇਸ ਸਮੱਸਿਆ ਦਾ ਹੱਲ ਅਰਥਾਤ ਭੁਗਤਾਨ ਸ਼ੇਸ਼ ਵਿੱਚ ਘਾਟੇ ਨੂੰ ਪੂਰਨ ਲਈ ਉਪਰਾਲੇ ਕਰਨੇ ਅਤੀ ਜ਼ਰੂਰੀ ਹੁੰਦੇ ਹਨ।

### 2.3.15 ਪੜ੍ਹਨ ਯੋਗ ਪੁਸਤਕਾਂ


1. Gaurav Datt and Ashwani Mahajan : Dutt & Sudharam Indian Economy (Latest Edition)
2. Mishra and Puri : Indian Economy (Latest Edition)
3. T.R. Jain : Indian Economy (Latest Edition)

ਪਾਠ ਨੰਬਰ : 2.4 **ਲੇਖਕ: ਡਾ. ਅਨੁਪਮਾ**

## ਭਾਰਤੀ ਯੋਜਨਾਬੰਦੀ: ਉਦੇਸ਼ ਅਤੇ ਮੁਲਾਂਕਣ

**ਪਾਠ ਦੀ ਬਣਤਰ:** ਇਸ ਪਾਠ ਦੀ ਬਣਤਰ ਇਸ ਪ੍ਰਕਾਰ ਹੈ:

**ਪਾਠ ਦੇ ਉਦੇਸ਼**

**I. ਭੂਮਿਕਾ**

**II. ਭਾਰਤ ਵਿੱਚ ਯੋਜਨਾਬੰਦੀ ਦੀ ਲੋੜ**

**III. ਭਾਰਤ ਵਿੱਚ ਯੋਜਨਾਬੰਦੀ ਦੇ ਉਦੇਸ਼**

1. ਤੇਜ਼ ਦਰ ਨਾਲ ਆਰਥਿਕ ਵਿਕਾਸ
2. ਬੇਰੁਜ਼ਗਾਰੀ ਦਾ ਖਾਤਮਾ
3. ਆਤਮ ਨਿਰਭਰਤਾ ਦੀ ਪ੍ਰਾਪਤੀ
4. ਆਰਥਿਕ ਅਸਮਾਨਤਾਵਾਂ ਵਿੱਚ ਕਮੀ
5. ਗਰੀਬੀ ਦਾ ਖਾਤਮਾ
6. ਆਧੁਨਿਕੀਕਰਨ

**IV. ਯੋਜਨਾਬੰਦੀ ਦਾ ਮੁਲਾਂਕਣ**

**V. ਮੂਲ ਧਾਰਨਾਵਾਂ**

**VI. ਸਾਰ**

**ਪ੍ਰਸਤਾਵਿਤ ਪੁਸਤਕਾਂ ਅਤੇ ਹੋਰ ਦਸਤਾਵੇਜ਼**

**ਛੋਟੇ ਉੱਤਰਾਂ ਵਾਲੇ ਪ੍ਰਸ਼ਨ**

**ਵੱਡੇ ਉੱਤਰਾਂ ਵਾਲੇ ਪ੍ਰਸ਼ਨ**

**ਇਸ ਪਾਠ ਦੇ ਉਦੇਸ਼:** ਇਸ ਪਾਠ ਦੇ ਹੇਠ ਲਿਖੇ ਮੂਲ ਉਦੇਸ਼ ਹਨ:

1. ਕਿਸੇ ਵਿਕਾਸਸ਼ੀਲ ਅਰਥਵਿਵਸਥਾ ਵਿੱਚ ਯੋਜਨਾਬੰਦੀ ਦੀ ਲੋੜ ਬਾਰੇ ਚਾਨਣਾ ਪਾਉਣਾ;
2. ਭਾਰਤ ਵਿੱਚ ਯੋਜਨਾਬੰਦੀ ਦੇ ਮੂਲ ਉਦੇਸ਼ਾਂ ਅਤੇ ਉਹਨਾਂ ਵਿੱਚ ਸਮੇਂ ਨਾਲ ਆਈਆਂ ਤਬਦੀਲੀਆਂ ਬਾਰੇ ਜਾਣੂ ਕਰਾਉਣਾ;
3. ਭਾਰਤੀ ਅਰਥਵਿਵਸਥਾ ਉੱਪਰ ਯੋਜਨਾਬੰਦੀ ਦੇ ਪ੍ਰਭਾਵਾਂ ਨੂੰ ਸਮਝਣਾ; ਅਤੇ
4. ਭਾਰਤੀ ਯੋਜਨਾਬੰਦੀ ਦੀਆਂ ਪ੍ਰਾਪਤੀਆਂ ਅਤੇ ਅਸਫਲਤਾਵਾਂ ਦੀ ਚਰਚਾ ਕਰਨਾ।

**I. ਭੂਮਿਕਾ**: ਆਜਾਦੀ ਦੇ ਸਮੇਂ ਭਾਰਤ ਦੀ ਅਰਥਵਿਵਸਥਾ ਬੇਹੱਦ ਪਿਛੜੀ ਹੋਈ ਅਤੇ ਖੰਡਿਤ ਅਰਥਵਿਵਸਥਾ ਸੀ ਜੋ ਕਿ ਲੰਬੇ ਸਮੇਂ ਤੋਂ ਖੜ੍ਹੋਤ ਦਾ ਸ਼ਿਕਾਰ ਰਹੀ ਸੀ। ਅਸਲ ਵਿੱਚ ਭਾਰਤੀ ਅਰਥਵਿਵਸਥਾ ਦਾ ਵਿਕਾਸ ਇਸਦੀਆਂ ਆਪਣੀਆਂ ਲੋੜਾਂ ਦੀ ਬਜਾਇ ਅੰਗਰੇਜ਼ੀ ਸਾਮਰਾਜ ਦੀਆਂ ਲੋੜਾਂ ਦੇ ਤਹਿਤ ਹੋਇਆ ਸੀ। ਇਸਦਾ

ਉਦਯੋਗਿਕ ਆਧਾਰ ਲੋਹੇ ਇਸਪਾਤ ਅਤੇ ਬਾਗ਼ਬਾਨੀ ਦੇ ਖੇਤਰਾਂ ਤੱਕ ਸੀਮਿਤ ਸੀ। ਵੱਡੇ ਅਤੇ ਬੁਨਿਆਦੀ ਉਦਯੋਗਾਂ ਦੀ ਘਾਟ ਅਤੇ ਛੋਟੇ ਉਦਯੋਗਾਂ ਦੀ ਤਬਾਹੀ ਦੇ ਕਾਰਨ ਲੋੜ ਤੋਂ ਕਿਤੇ ਵੱਧ ਜਨਸੰਖਿਆ ਖੇਤੀ ਉੱਪਰ ਨਿਰਭਰ ਸੀ। ਜਮੀਨ ਦੀ ਮਾਲਕੀ ਕੁਝ ਹੱਥਾਂ ਵਿੱਚ ਕੇਂਦਰਿਤ ਹੋਣ ਸਦਕਾ, ਸਿੰਜਾਈ ਦੀਆਂ ਸਹੂਲਤਾਂ ਦੀ ਕਮੀ ਅਤੇ ਕੁਦਰਤ ਉੱਪਰ ਨਿਰਭਰਤਾ ਕਾਰਨ ਅਤੇ ਤਕਨੀਕੀ ਪਿਛੜੇਪਨ ਦੇ ਕਾਰਨ ਖੇਤੀ ਉਤਪਾਦਕਤਾ ਦਾ ਪੱਧਰ ਬਹੁਤ ਨੀਂਵਾ ਸੀ। 1947 ਦਾ ਭਾਰਤ ਗਰੀਬੀ, ਅਸਮਾਨਤਾ, ਅਨਪੜ੍ਹਤਾ ਅਤੇ ਗਤੀਹੀਣਤਾ ਆਦਿ ਸਮੱਸਿਆਵਾਂ ਨਾਲ ਗ੍ਰਸਤ ਸੀ। ਇਹਨਾਂ ਸਮੱਸਿਆਵਾਂ ਨਾਲ ਨਜਿੱਠਣ ਲਈ ਨਾ ਕੇਵਲ ਵੱਡੇ ਪੱਧਰ ਦੇ ਯਤਨਾਂ ਅਤੇ ਇਹਨਾਂ ਯਤਨਾਂ ਨੂੰ ਲੰਬੇ ਸਮੇਂ ਤੱਕ ਬਰਕਰਾਰ ਰੱਖਣ ਦੀ ਲੋੜ ਸੀ ਬਲਕਿ ਇਸ ਦੇ ਨਾਲ ਨਾਲ ਸਰਵਪੱਖੀ ਵਿਕਾਸ ਲਈ ਸਹੀ ਆਰਥਿਕ-ਰਾਜਨੀਤਿਕ ਮਾਡਲ ਦੀ ਚੋਣ ਕਰਨਾ ਵੀ ਜ਼ਰੂਰੀ ਸੀ।

ਭਾਰਤੀ ਲੀਡਰਸ਼ਿਪ ਦਾ ਮਕਸਦ ਲੋਕਤੰਤਰਿਕ ਸਮਾਜਵਾਦ ਦੀ ਸਥਾਪਨਾ ਕਰਨ ਦਾ ਸੀ। ਇਸ ਮਕਸਦ ਦੀ ਪੂਰਤੀ ਲਈ ਇਕ ਮਿਸ਼ਰਿਤ ਅਰਥਵਿਵਸਥਾ ਦੀ ਸਥਾਪਨਾ ਦਾ ਮਾਰਗ ਅਪਣਾਇਆ ਗਿਆ ਤਾਂ ਕਿ ਪੂੰਜੀਵਾਦ ਅਤੇ ਸਮਾਜਵਾਦ ਦੋਵਾਂ ਦੇ ਗੁਣਾਂ ਦਾ ਲਾਭ ਉਠਾਇਆ ਜਾ ਸਕੇ ਅਤੇ ਇਹਨਾਂ ਦੇ ਔਗੁਣਾਂ ਤੋਂ ਬਚਿਆ ਜਾ ਸਕੇ। ਭਾਰਤ ਦੀ ਆਜਾਦੀ ਸਮੇਂ ਸਾਡੇ ਸਾਹਮਣੇ ਰੂਸ ਦਾ ਆਦਰਸ਼ ਮੌਜੂਦ ਸੀ ਜਿੱਥੇ ਕਿ ਸਮਾਜਵਾਦ ਦੀ ਸਫਲਤਾ ਨੇ ਇਹ ਸਾਬਿਤ ਕਰ ਦਿੱਤਾ ਕਿ ਸਾਂਝੀ ਮਲਕੀਅਤ, ਆਰਥਿਕ ਬਰਾਬਰੀ ਅਤੇ ਸਰਕਾਰੀ ਯੋਜਨਾਬੰਦੀ ਰਾਹੀਂ ਅਲਪਕਾਲ ਵਿੱਚ ਘੱਟ ਵਿਕਸਿਤ ਅਰਥਵਿਵਸਥਾ ਨੂੰ ਵਿਕਸਿਤ ਕਰਨਾ ਸੰਭਵ ਸੀ ਪਰ ਇਸ ਅਰਥਵਿਵਸਥਾ ਵਿੱਚ ਤਾਨਾਸ਼ਾਹੀ ਦੇ ਅੰਸ਼ ਹੋਣ ਕਾਰਨ ਵਿਅਕਤੀਗਤ ਆਜਾਦੀ ਅਤੇ ਨਿਜੀ ਉਦਮ ਦੀ ਘਾਟ ਸੀ। ਦੂਜੇ ਪਾਸੇ ਲੋਕਤੰਤਰਿਕ ਪੂੰਜੀਵਾਦੀ ਦੇਸ਼ਾਂ ਦੀ ਬੁਨਿਆਦ ਵਿਅਕਤੀਗਤ ਸੁਤੰਤਰਤਾ, ਨਿਜੀ ਮਲਕੀਅਤ ਲਾਭ ਦੀ ਪ੍ਰੇਰਣਾ ਅਤੇ ਬਾਜ਼ਾਰ ਪ੍ਰਣਾਲੀ ਉੱਪਰ ਟਿਕੀ ਹੋਈ ਸੀ ਜਿਸ ਕਾਰਨ ਇਹਨਾਂ ਵਿੱਚ ਆਰਥਿਕ ਸਮਾਨਤਾ ਦੀ ਘਾਟ ਸੀ। 1929 ਦੇ ਆਰਥਿਕ ਮੰਦੇ ਨੇ ਇਸ ਵਿਵਸਥਾ ਦੀਆਂ ਕਮੀਆਂ ਨੂੰ ਹੋਰ ਉਜਾਗਰ ਕਰ ਦਿੱਤਾ। ਭਾਰਤ ਦੇ ਮਿਸ਼ਰਿਤ ਅਰਥਵਿਵਸਥਾ ਦੇ ਮਾਡਲ ਦੀ ਚੋਣ ਇਹਨਾਂ ਦੋਹਾਂ ਅਰਥਵਿਵਸਥਾਵਾਂ ਦੇ ਚੰਗੇ ਮਾੜੇ ਤਜ਼ਰਬਿਆਂ ਤੋਂ ਪ੍ਰਭਾਵਿਤ ਸੀ। ਇਸ ਚੋਣ ਨੂੰ ਪ੍ਰਭਾਵਿਤ ਕਰਨ ਵਾਲਾ ਸਭ ਤੋਂ ਮਹੱਤਵਪੂਰਨ ਕਾਰਨ ਭਾਰਤੀ ਸੰਵਿਧਾਨ ਵਿੱਚ ਦਰਜ ਰਾਜ ਦੀ ਨੀਤੀ ਦੇ ਨਿਰਦੇਸ਼ ਸਿਧਾਂਤ (Directive Principles) ਹਨ ਜਿਹਨਾਂ ਦੇ ਅਨੁਸਾਰ ਸਰਕਾਰ ਦਾ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਦੇਸ਼ ਦੀ ਗਰੀਬ ਜਨਤਾ ਦਾ ਜੀਵਨ ਪੱਧਰ ਉੱਚਾ ਚੁੱਕਿਆ ਜਾ ਸਕੇ, ਸਾਧਨਾਂ ਦੀ ਮਲਕੀਅਤ ਸਰਵਜਨਕ ਭਲਾਈ ਦੇ ਅਨੁਸਾਰੀ ਹੋਵੇ ਅਤੇ ਅਜਿਹੀ ਵਿਵਸਥਾ ਦੀ ਸਥਾਪਨਾ ਕੀਤੀ ਜਾ ਸਕੇ ਜਿਹੜੀ ਅਸਮਾਨਤਾਵਾਂ ਨੂੰ ਦੂਰ ਕਰ ਸਕੇ। ਸਪਸ਼ਟ ਤੌਰ ਤੇ ਇਹ ਦਿਸ਼ਾ ਨਿਰਦੇਸ਼ ਸਮਾਜਵਾਦ ਦੇ ਉਦੇਸ਼, ਸ਼ਕਤੀਸ਼ਾਲੀ ਸਰਵਜਨਕ ਖੇਤਰ ਅਤੇ ਸਾਧਨਾਂ ਦੀ ਸਰਵਜਨਕ ਮਾਲਕੀ ਦੀ ਵਕਾਲਤ ਕਰਦੇ ਹਨ ਤਾਂ ਕਿ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਬਰਾਬਰੀ ਉੱਪਰ ਆਧਾਰਿਤ ਸਮਾਜ ਦੀ ਸਥਾਪਨਾ ਕੀਤੀ ਜਾ ਸਕੇ। ਪਰ ਇਸਦੇ ਨਾਲ ਨਾਲ ਭਾਰਤੀ ਸੰਵਿਧਾਨ ਵਿੱਚ ਨਿਜੀ ਸੰਪਤੀ ਦੇ ਅਧਿਕਾਰ ਨੂੰ ਮੌਲਿਕ ਅਧਿਕਾਰਾਂ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਕਾਰਨ ਭਾਰਤੀ ਅਰਥਵਿਵਸਥਾ ਵਿੱਚ ਬਾਜ਼ਾਰ ਪ੍ਰਣਾਲੀ ਨੂੰ ਮਹੱਤਵਪੂਰਨ ਸਥਾਨ ਦਿੱਤਾ ਗਿਆ ਹੈ। ਬਜ਼ਾਰ ਪ੍ਰਣਾਲੀ 'ਲੋਕਤੰਤਰੀ ਸਮਾਜਵਾਦ' ਦੀ ਨੀਤੀ ਦਾ ਅਨਿਖੜਵਾਂ ਅੰਗ ਹੈ ਕਿਉਂਕਿ ਇਹ ਵਿਅਕਤੀਗਤ ਆਰਥਿਕ ਆਜਾਦੀ ਦੀ ਪ੍ਰਤੀਨਿਧਤਾ ਕਰਦੀ ਹੈ। ਭਾਰਤ ਦੀ ਰਣਨੀਤੀ ਇਸ ਤੱਥ ਦੀ ਪਛਾਣ ਕਰਦੀ ਹੈ ਕਿ ਲਾਭ ਦੀ ਪ੍ਰੇਰਣਾ ਤੋਂ ਪ੍ਰਭਾਵਿਤ ਨਿਜੀ ਉੱਦਮ ਅਤੇ ਨਿਜੀ ਖੇਤਰ ਆਰਥਿਕ ਵਿਕਾਸ ਦੀ ਪ੍ਰਕ੍ਰਿਆ ਵਿੱਚ ਅਹਿਮ ਰੋਲ ਅਦਾ ਕਰ ਸਕਦੇ ਹਨ।

**II. ਭਾਰਤ ਵਿੱਚ ਯੋਜਨਾਬੰਦੀ ਦੀ ਲੋੜ:** ਭਾਰਤ ਵਿੱਚ ਯੋਜਨਾਬੰਦੀ ਦੀ ਲੋੜ ਅਤੇ ਮਹੱਤਵ ਨੂੰ ਸਮਝਣ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਆਰਥਿਕ ਯੋਜਨਾਬੰਦੀ ਦਾ ਕੀ ਅਰਥ ਹੈ? ਸੀਮਿਤ ਸ਼ਬਦਾਂ ਵਿੱਚ ਆਰਥਿਕ ਯੋਜਨਾਬੰਦੀ ਦਾ ਅਰਥ ਹੈ ਉਤਪਾਦਨ ਅਤੇ ਸਾਧਨਾਂ ਦੀ ਵੰਡ ਨੂੰ ਸੋਚੇ ਸਮਝੇ ਅਤੇ ਸੁਚੇਤ ਯਤਨ

ਰਾਹੀਂ ਪ੍ਰਭਾਵਿਤ ਕਰਨਾ ਤਾਂ ਕਿ ਮੰਗ ਅਤੇ ਪੂਰਤੀ ਵਿੱਚ ਉਚਿਤ ਸੰਤੁਲਨ ਪੈਦਾ ਕੀਤਾ ਜਾ ਸਕੇ। ਇਸ ਦੇ ਤਹਿਤ ਕੁਝ ਮਿੱਥੇ ਹੋਏ ਟੀਚਿਆਂ ਦੀ ਪ੍ਰਾਪਤੀ ਲਈ ਬਾਜ਼ਾਰ ਪ੍ਰਣਾਲੀ ਵਿੱਚ ਦਖ਼ਲਅੰਦਾਜ਼ੀ ਕੀਤੀ ਜਾਂਦੀ ਹੈ ਤਾਂ ਜੋ ਉਤਪਾਦਨ, ਉਪਭੋਗ, ਵੰਡ ਆਦਿ ਆਰਥਿਕ ਕ੍ਰਿਆਵਾਂ ਨੂੰ ਇੱਕ ਨਿਸ਼ਚਿਤ ਤਰੀਕੇ ਨਾਲ ਪ੍ਰਭਾਵਿਤ ਕੀਤਾ ਜਾ ਸਕੇ। ਆਰਥਿਕ ਯੋਜਨਾਬੰਦੀ ਉਹ ਪ੍ਰਕ੍ਰਿਆ ਹੈ ਜਿਸ ਵਿੱਚ ਸੰਗਠਿਤ ਯਤਨ ਰਾਹੀਂ ਵੱਖੋ-ਵੱਖਰੀਆਂ ਆਰਥਿਕ ਕ੍ਰਿਆਵਾਂ ਵਿੱਚ ਤਾਲਮੇਲ ਪੈਦਾ ਕੀਤਾ ਜਾਂਦਾ ਹੈ ਤਾਂ ਕਿ ਇੱਕ ਨਿਸ਼ਚਿਤ ਸਮੇਂ ਦੌਰਾਨ ਕਿਸੇ ਸਮਾਜ ਦੇ ਸੀਮਿਤ ਸਾਧਨਾਂ ਦੀ ਕੁਸ਼ਲਤਮ ਵਰਤੋਂ ਰਾਹੀਂ ਸਮਾਜਿਕ ਕਲਿਆਣ ਨੂੰ ਅਧਿਕਤਮ ਕੀਤਾ ਜਾ ਸਕੇ। ਆਰਥਿਕ ਨਿਯੋਜਨ ਵਿੱਚ ਪ੍ਰਾਪਤ ਸਾਧਨਾਂ ਦੇ ਆਧਾਰ ਤੇ ਸਮਾਂਬੱਧ ਉਦੇਸ਼ ਮਿੱਥੇ ਜਾਂਦੇ ਹਨ ਜਿਹਨਾਂ ਦੀ ਪ੍ਰਾਪਤੀ ਲਈ ਵੱਖੋ-ਵੱਖਰੇ ਖੇਤਰਾਂ ਲਈ ਟੀਚੇ ਅਤੇ ਪ੍ਰਾਥਮਿਕਤਾਵਾਂ ਤੈਅ ਕੀਤੀਆਂ ਜਾਂਦੀਆਂ ਹਨ। ਯੋਜਨਾ ਨੂੰ ਅਮਲੀ ਰੂਪ ਦੇਣ ਲਈ ਲੋੜੀਂਦੇ ਸਾਧਨਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ, ਪ੍ਰਬੰਧਕੀ ਢਾਂਚੇ ਦਾ ਨਿਰਮਾਣ ਕੀਤਾ ਜਾਂਦਾ ਹੈ ਅਤੇ ਸਮੇਂ-ਸਮੇਂ ਸਿਰ ਯੋਜਨਾ ਦੀਆਂ ਸਫ਼ਲਤਾਵਾਂ, ਅਸਫ਼ਲਤਾਵਾਂ ਅਤੇ ਤਰੁੱਟੀਆਂ ਦਾ ਮੁਲਾਂਕਣ ਕੀਤਾ ਜਾਂਦਾ ਹੈ।

ਗਰੀਬੀ ਦੇ ਕੁਚੱਕਰ ਵਿੱਚ ਫਸੀਆਂ ਅਰਥਵਿਵਸਥਾਵਾਂ ਦੇ ਤੇਜ਼ ਆਰਥਿਕ ਵਿਕਾਸ ਲਈ ਆਰਥਿਕ ਯੋਜਨਾਬੰਦੀ ਦੀ ਨੀਤੀ ਬਹੁਤ ਲਾਭਦਾਇਕ ਸਾਬਿਤ ਹੋ ਸਕਦੀ ਹੈ। ਇਸ ਲੋੜ ਨੂੰ ਪਹਿਚਾਣਦੇ ਹੋਏ ਭਾਰਤੀ ਰਾਸ਼ਟਰੀ ਕਾਂਗਰਸ ਨੇ 1938 ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਹੇਠ ਰਾਸ਼ਟਰੀ ਨਿਯੋਜਨ ਕਮੇਟੀ ਦਾ ਗਠਨ ਕੀਤਾ। ਇਸ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਤੇ ਭਾਰਤ ਵਿੱਚ ਮਿਸ਼ਰਿਤ ਅਰਥਵਿਵਸਥਾ ਅਤੇ ਆਰਥਿਕ ਯੋਜਨਾਬੰਦੀ ਦੇ ਮਾਰਗ ਦੀ ਚੋਣ ਕੀਤੀ ਗਈ ਅਤੇ 1950 ਵਿੱਚ ਭਾਰਤੀ ਯੋਜਨਾ ਆਯੋਗ ਦੀ ਸਥਾਪਨਾ ਕੀਤੀ ਗਈ। ਭਾਰਤ ਵਿੱਚ ਯੋਜਨਾਬੰਦੀ ਦੀ ਨੀਤੀ ਨਿਮਨਲਿਖਿਤ ਲੋੜਾਂ ਤੇ ਆਧਾਰਿਤ ਸੀ:

1. **ਤੇਜ਼ ਆਰਥਿਕ ਵਿਕਾਸ ਲਈ:** ਅਨੇਕਾਂ ਅਰਥਸ਼ਾਸਤਰੀ ਆਰਥਿਕ ਵਿਕਾਸ ਨੂੰ ਸਭਨਾਂ ਰੋਗਾਂ ਦੀ ਦਵਾ ਮੰਨਦੇ ਹਨ। ਭਾਵੇਂ ਇਹ ਗੱਲ ਪੂਰੀ ਤਰ੍ਹਾਂ ਨਾਲ ਠੀਕ ਨਹੀਂ ਪਰ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗਰੀਬੀ ਭੁੱਖਮਰੀ, ਬਿਮਾਰੀ ਅਤੇ ਅਨੇਕਾਂ ਸਮਾਜਿਕ ਸਮੱਸਿਆਵਾਂ ਦਾ ਵੱਡਾ ਕਾਰਨ ਅਲਪਵਿਕਸਿਤਤਾ ਹੈ। ਆਜਾਦੀ ਸਮੇਂ ਭਾਰਤ ਦੀ ਬਹੁਤੀ ਜਨਸੰਖਿਆ ਇਹਨਾਂ ਸਮੱਸਿਆਵਾਂ ਦਾ ਸ਼ਿਕਾਰ ਸੀ ਜਿਹਨਾਂ ਨੂੰ ਦੂਰ ਕਰਨ ਲਈ ਸਿਰਫ਼ ਧਨ ਅਤੇ ਆਮਦਨ ਦੀ ਸਮਾਨ ਵੰਡ ਹੀ ਕਾਫ਼ੀ ਨਹੀਂ ਸੀ। ਇਸ ਨਿਸ਼ਾਨੇ ਦੀ ਪੂਰਤੀ ਲਈ ਰਾਸ਼ਟਰੀ ਆਮਦਨ ਵਿੱਚ ਤੇਜ਼ ਅਤੇ ਨਿਰੰਤਰ ਵਾਧਾ ਕਰਨਾ ਜ਼ਰੂਰੀ ਸੀ ਤਾਂ ਕਿ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾ ਸਕੇ। ਭਾਰਤ ਦੇ ਆਰਥਿਕ ਵਿਕਾਸ ਵਿੱਚ ਅਨੇਕਾਂ ਰੁਕਾਵਟਾਂ ਸਨ ਜਿਵੇਂ ਕਿ ਘੱਟ ਪ੍ਰਤੀ ਵਿਅਕਤੀ ਆਮਦਨ ਕਾਰਨ ਬੱਚਤ ਅਤੇ ਨਿਵੇਸ਼ ਦੀ ਕਮੀ, ਉਦਯੋਗਾਂ ਦੀ ਘਾਟ, ਕੁਸ਼ਲ ਉੱਦਮੀਆਂ ਦੀ ਘਾਟ, ਪ੍ਰਬੰਧਕੀ ਅਤੇ ਪ੍ਰਸ਼ਾਸਨਿਕ ਢਾਂਚੇ ਦੀ ਕਮੀ ਆਦਿ। ਇਹਨਾਂ ਰੁਕਾਵਟਾਂ ਨੂੰ ਦੂਰ ਕਰਨ ਲਈ ਆਰਥਿਕ ਯੋਜਨਾਬੰਦੀ ਦੀ ਜ਼ਰੂਰਤ ਸੀ ਤਾਂ ਕਿ ਸਾਧਨਾਂ ਦੀ ਉਪਲਬਧਤਾ ਅਤੇ ਦੇਸ਼ ਦੀ ਪ੍ਰਾਥਮਿਕਤਾਵਾਂ ਦੇ ਆਧਾਰ ਤੇ ਥੋੜ੍ਹੇ ਅਤੇ ਲੰਬੇ ਸਮੇਂ ਦੇ ਟੀਚੇ ਨਿਰਧਾਰਿਤ ਕੀਤੇ ਜਾ ਸਕਣ, ਸੀਮਿਤ ਸਾਧਨਾਂ ਦੀ ਕੁਸ਼ਲ ਵੰਡ ਅਤੇ ਵਰਤੋਂ ਕੀਤੀ ਜਾ ਸਕੇ ਅਤੇ ਵਰਤਮਾਨ ਅਤੇ ਭਵਿੱਖ ਦੀਆਂ ਲੋੜਾਂ ਵਿੱਚ ਸਹੀ ਸੰਤੁਲਨ ਕਾਇਮ ਕੀਤਾ ਜਾ ਸਕੇ।

2. **ਤੇਜ਼ ਉਦਯੋਗੀਕਰਨ ਲਈ:** ਭਾਰਤ ਦੀ ਅਲਪਵਿਕਸਿਤਤਾ ਦਾ ਇੱਕ ਵੱਡਾ ਕਾਰਨ ਉਦਯੋਗਾਂ ਦੀ ਵਿਸ਼ੇਸ਼ਕਰ ਬੁਨਿਆਦੀ ਅਤੇ ਭਾਰੀ ਉਦਯੋਗਾਂ ਦੀ ਕਮੀ ਸੀ। ਇਹਨਾਂ ਉਦਯੋਗਾਂ ਦਾ ਵਿਕਾਸ ਨਾਂ ਕੇਵਲ ਤੇਜ ਵਿਕਾਸ ਲਈ ਲੋੜੀਂਦੇ ਮੂਲ ਢਾਂਚੇ ਦੇ ਨਿਰਮਾਣ ਲਈ ਬਲਕਿ ਛੋਟੇ ਅਤੇ ਕੁਟੀਰ ਉਦਯੋਗਾਂ ਦੇ ਵਿਕਾਸ ਅਤੇ ਖੇਤੀ ਦੇ ਵਿਕਾਸ ਲਈ ਆਧਾਰ ਤਿਆਰ ਕਰਨ ਲਈ ਜ਼ਰੂਰੀ ਸਮਝਿਆ ਜਾਂਦਾ ਹੈ। ਆਰਥਿਕ ਯੋਜਨਾਬੰਦੀ ਰਾਹੀਂ ਭਾਰੀ ਅਤੇ ਬੁਨਿਆਦੀ ਉਦਯੋਗਾਂ ਦਾ ਵਿਕਾਸ ਤਰਤੀਬਬੱਧ ਤਰੀਕੇ ਨਾਲ ਕੀਤਾ ਜਾ ਸਕਦਾ ਹੈ। ਇਹਨਾਂ

ਖੇਤਰਾਂ ਨੂੰ ਵਿਕਸਿਤ ਕਰਨ ਲਈ ਸਰਕਾਰੀ ਨਿਵੇਸ਼ ਲਈ ਸਰਕਾਰੀ ਨਿਵੇਸ਼ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ ਕਿਉਂਕਿ ਇੱਕ ਤਾਂ ਨਿਜੀ ਖੇਤਰ ਵਿੱਚ ਭਾਰੀ ਨਿਵੇਸ਼ ਕਰਨ ਦੀ ਸਮਰੱਥਾ ਨਹੀਂ ਹੁੰਦੀ, ਦੂਜੇ ਇਹਨਾਂ ਖੇਤਰਾਂ ਨੂੰ ਲਾਭ ਦੇ ਉਦੇਸ਼ ਨਾਲ ਚਲਾਉਣਾ ਅਰਥਵਿਵਸਥਾ ਲਈ ਫ਼ਾਇਦੇਮੰਦ ਨਹੀਂ ਹੁੰਦਾ। ਯੋਜਨਾਬੰਦੀ ਦੇ ਤਹਿਤ ਇਹਨਾਂ ਖੇਤਰਾਂ ਦੇ ਵਿਕਾਸ ਲਈ ਲੰਬੇ ਸਮੇਂ ਦੀ ਯੋਜਨਾ ਤਿਆਰ ਕੀਤੀ ਜਾਂਦੀ ਹੈ, ਜਨਤਕ ਕਰਜਿਆਂ, ਘਾਟੇ ਦੀ ਵਿੱਤ ਵਿਵਸਥਾ ਅਤੇ ਵਿਦੇਸ਼ੀ ਪੂੰਜੀ ਰਾਹੀਂ ਲੋੜੀਂਦੇ ਸਾਧਨਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਉਤਪਾਦਨ ਅਤੇ ਕੀਮਤਾਂ ਸੰਬੰਧੀ ਫ਼ੈਸਲੇ ਲਾਭ ਦੀ ਬਜਾਇ ਲੋਕ ਹਿਤ ਨੂੰ ਧਿਆਨ ਵਿੱਚ ਰੱਖ ਕੇ ਕੀਤੇ ਜਾਂਦੇ ਹਨ। ਉਹਨਾਂ ਖੇਤਰਾਂ ਵਿੱਚ ਨਿਵੇਸ਼ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ ਜਿਹਨਾਂ ਦੇ ਅਗੇਤਰੇ ਅਤੇ ਪਿਛੇਤਰੇ ਸੰਬੰਧ ਅਧਿਕਤਮ ਹੋਣ। ਭਾਰਤ ਵਿੱਚ ਤੇਜ਼ ਆਰਥਿਕ ਵਿਕਾਸ ਲਈ ਉਦਯੋਗੀਕਰਨ ਦੀ, ਉਦਯੋਗੀਕਰਨ ਲਈ ਭਾਰੀ ਅਤੇ ਬੁਨਿਆਦੀ ਉਦਯੋਗਾਂ ਦੀ ਅਤੇ ਇਹਨਾਂ ਉਦਯੋਗਾਂ ਦੇ ਵਿਕਾਸ ਲਈ ਸਰਵਜਨਕ ਨਿਵੇਸ਼ ਅਤੇ ਆਰਥਿਕ ਯੋਜਨਾਬੰਦੀ ਦੀ ਲੋੜ ਸੀ।

3. **ਬਾਜ਼ਾਰ ਪ੍ਰਣਾਲੀ ਦੀਆਂ ਖਾਮੀਆਂ ਕਾਰਨ:** ਆਰਥਿਕ ਵਿਕਾਸ ਅਤੇ ਸਮਾਜਿਕ ਕਲਿਆਣ ਵਰਗੇ ਮਹੱਤਵਪੂਰਨ ਉਦੇਸ਼ਾਂ ਨੂੰ ਹਾਸਲ ਕਰਨ ਲਈ ਬਾਜ਼ਾਰ ਪ੍ਰਣਾਲੀ ਉੱਪਰ ਨਿਰਭਰ ਨਹੀਂ ਕੀਤਾ ਜਾ ਸਕਦਾ, ਖਾਸ ਕਰਕੇ ਘੱਟ ਵਿਕਸਿਤ ਦੇਸ਼ਾਂ ਵਿੱਚ ਜਿੱਥੇ ਮੰਡੀ ਵਿੱਚ ਹਰ ਕਿਸਮ ਦੀਆਂ ਅਪੂਰਣਤਾਵਾਂ ਪਾਈਆਂ ਜਾਂਦੀਆਂ ਹਨ। ਬਾਜ਼ਾਰ ਪ੍ਰਣਾਲੀ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਸ ਵਿੱਚ ਵੱਖੋ-ਵੱਖਰੇ ਖੇਤਰਾਂ ਵਿੱਚ ਨਿਵੇਸ਼ ਦੀ ਵੰਡ ਸਮਾਜਿਕ ਲਾਭ ਨੂੰ ਅਧਿਕਤਮ ਕਰਨ ਦੀ ਬਜਾਇ ਨਿਜੀ ਮੁਨਾਫ਼ੇ ਨੂੰ ਅਧਿਕਤਮ ਕਰਨ ਦੇ ਉਦੇਸ਼ ਨਾਲ ਕੀਤੀ ਜਾਂਦੀ ਹੈ। ਇਸ ਕਾਰਨ ਭਾਰੀ ਅਤੇ ਬੁਨਿਆਦੀ ਉਦਯੋਗਾਂ ਅਤੇ ਸਮਾਜਿਕ ਉਪਰੀ ਪੂੰਜੀ ਦਾ ਵਿਕਾਸ ਅਰਥਵਿਵਸਥਾ ਦੀਆਂ ਜ਼ਰੂਰਤਾਂ ਦੇ ਅਨੁਸਾਰ ਨਹੀਂ ਹੁੰਦਾ। ਇਹਨਾਂ ਖੇਤਰਾਂ ਵਿੱਚ ਨਿਜੀ ਨਿਵੇਸ਼ ਏਕਾਧਿਕਾਰੀ ਪ੍ਰਵਿਰਤੀਆਂ ਨੂੰ ਵੀ ਜਨਮ ਦਿੰਦਾ ਹੈ। ਮੰਡੀ ਅਰਥਵਿਵਸਥਾ ਦੀਆਂ ਇਹਨਾਂ ਖਾਮੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਵਿੱਚ ਮਿਸ਼ਰਿਤ ਅਰਥਵਿਵਸਥਾ ਨੂੰ ਅਪਨਾਉਣਾ ਜ਼ਰੂਰੀ ਸੀ ਤਾਂ ਕਿ ਮਹੱਤਵਪੂਰਣ ਉਦਯੋਗਾਂ ਨੂੰ ਸਰਵਜਨਕ ਖੇਤਰ ਦੇ ਅਧੀਨ ਇੱਕ ਯੋਜਨਾਬੱਧ ਤਰੀਕੇ ਨਾਲ ਵਿਕਸਿਤ ਕੀਤਾ ਜਾ ਸਕੇ। ਆਰਥਿਕ ਯੋਜਨਾਬੰਦੀ ਰਾਹੀਂ ਸਰਵਜਨਕ ਖੇਤਰ ਦੇ ਉਦਯੋਗਾਂ ਦਾ ਵਿਕਾਸ ਲੰਬੇ ਸਮੇਂ ਦੀ ਰਣਨੀਤੀ ਦੇ ਤਹਿਤ ਕੀਤਾ ਜਾ ਸਕਦਾ ਹੈ, ਨਿਵੇਸ਼ ਵਿੱਚ ਬਿਹਤਰ ਤਾਲਮੇਲ ਪੈਦਾ ਕੀਤਾ ਜਾ ਸਕਦਾ ਹੈ, ਸੀਮਿਤ ਸਾਧਨਾਂ ਦਾ ਇਸ਼ਟਤਮ ਉਪਯੋਗ ਕੀਤਾ ਜਾ ਸਕਦਾ ਹੈ ਅਤੇ ਲੋਕ ਹਿੱਤਾਂ ਦੀ ਰਾਖੀ ਕੀਤੀ ਜਾ ਸਕਦੀ ਹੈ।

4. **ਪੂਰਣ ਰੁਜ਼ਗਾਰ ਦੀ ਸਥਾਪਨਾ ਲਈ:** ਭਾਰਤ ਦੀ ਵਿਸ਼ਾਲ ਜਨਸੰਖਿਆ ਦੇ ਮੁਕਾਬਲਤਨ ਉਦਯੋਗਿਕ ਖੇਤਰ ਬਹੁਤ ਛੋਟਾ ਸੀ ਜਿਸ ਕਾਰਨ ਬਹੁਤੇ ਲੋਕ ਖੇਤੀ ਉੱਪਰ ਨਿਰਭਰ ਕਰਦੇ ਸਨ। ਇਸ ਖੇਤਰ ਵਿੱਚ ਭਾਰੀ ਮਾਤਰਾ ਵਿੱਚ ਛਿਪੀ ਹੋਈ ਬੇਰੁਜ਼ਗਾਰੀ ਪਾਈ ਜਾਂਦੀ ਸੀ। ਇਸ ਕਿਸਮ ਦੀ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਸਿਰਫ਼ ਉਦਯੋਗਿਕ ਖੇਤਰ ਅਤੇ ਸੇਵਾ ਖੇਤਰ ਦਾ ਵਿਕਾਸ ਕਰਨਾ ਹੀ ਕਾਫ਼ੀ ਨਹੀਂ ਹੁੰਦਾ ਬਲਕਿ ਇਸ ਸਮੱਸਿਆ ਦੇ ਹਲ ਲਈ ਲੰਬੇ ਸਮੇਂ ਦੀ ਯੋਜਨਾ ਅਤੇ ਅਰਥਵਿਵਸਥਾ ਦੇ ਸਮੁੱਚੇ ਵਿਕਾਸ ਲਈ ਚੌਹ-ਤਰਫ਼ਾ ਯਤਨਾਂ ਦੀ ਤੀਬਰ ਲੋੜ ਹੁੰਦੀ ਹੈ। ਪੂੰਜੀ ਪ੍ਰਧਾਨ ਅਤੇ ਭਾਰੀ ਉਦਯੋਗਾਂ ਦਾ ਵਿਕਾਸ ਸ਼ੁਰੂ ਵਿੱਚ ਇਸ ਸਮੱਸਿਆ ਦੇ ਹਲ ਵਿੱਚ ਬਹੁਤਾ ਸਹਾਇਕ ਨਹੀਂ ਹੁੰਦਾ ਪਰ ਲੰਬੇ ਸਮੇਂ ਵਿੱਚ ਇਹਨਾਂ ਉਦਯੋਗਾਂ ਦੇ ਕਾਰਨ ਪੂੰਜੀ ਪਦਾਰਥਾਂ ਦੀ ਪੈਦਾਵਾਰ ਵਿੱਚ ਵਾਧੇ ਦੇ ਅਸਰ ਦਿਖਾਈ ਦਿੰਦੇ ਹਨ। ਉਤਪਾਦਕੀ ਵਸਤਾਂ ਵਿੱਚ ਵਾਧੇ ਰਾਹੀਂ ਇੱਕ ਪਾਸੇ ਖੇਤੀ ਉਤਪਾਦਕਤਾ ਵਿੱਚ ਵਾਧਾ ਕੀਤਾ ਜਾ ਸਕਦਾ ਹੈ ਅਤੇ ਛੁਪੇ ਹੋਏ ਬੇਰੁਜ਼ਗਾਰਾਂ ਨੂੰ ਖੇਤੀ ਖੇਤਰ ਵਿੱਚੋਂ ਹਟਾਇਆ ਜਾ ਸਕਦਾ ਹੈ, ਦੂਜੇ ਪਾਸੇ ਕਿਰਤ ਪ੍ਰਧਾਨ ਤਕਨੀਕਾਂ ਤੇ ਆਧਾਰਿਤ ਉਪਭੋਗੀ ਵਸਤਾਂ ਦੀ ਪੈਦਾਵਾਰ ਕਰਨ ਛੋਟੇ

ਉਦਯੋਗਾਂ ਦੀ ਸਥਾਪਨਾ ਰਾਹੀਂ ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਸਮਾਜਿਕ ਉਪਰੀ ਪੂੰਜੀ ਵਿੱਚ ਨਿਵੇਸ਼ ਰਾਹੀਂ ਵੀ ਬੇਰੁਜ਼ਗਾਰੀ ਨੂੰ ਦੂਰ ਕੀਤਾ ਜਾ ਸਕਦਾ ਹੈ। ਆਧੁਨਿਕੀਕਰਨ ਅਤੇ ਪੂਰਨ ਰੋਜ਼ਗਾਰ ਦੇ ਉਦੇਸ਼ਾਂ ਨੂੰ ਇੱਕੋ ਸਮੇਂ ਹਾਸਿਲ ਕਰਨਾ ਬੜਾ ਮੁਸ਼ਕਿਲ ਕੰਮ ਹੈ ਜਿਸਨੂੰ ਠੋਸ ਯੋਜਨਾਬੰਦੀ ਰਾਹੀਂ ਹੀ ਨੇਪਰੇ ਚਾੜ੍ਹਿਆ ਜਾ ਸਕਦਾ ਹੈ।

5. **ਸਾਧਨਾਂ ਦੇ ਪ੍ਰਬੰਧ ਲਈ:** ਘੱਟ ਵਿਕਸਿਤ ਦੇਸ਼ਾਂ ਵਿੱਚ ਗਰੀਬੀ ਦੇ ਕੁਚੱਕਰ ਨੂੰ ਤੋੜਨ ਲਈ ਭਾਰੀ ਨਿਵੇਸ਼ ਦੀ ਜ਼ਰੂਰਤ ਹੁੰਦੀ ਹੈ ਪਰ ਘਰੇਲੂ ਬੱਚਤਾਂ ਦੀ ਕਮੀ ਕਾਰਨ ਨਿਵੇਸ਼ ਵਿੱਚ ਵਾਧਾ ਕਰਨਾ ਸੰਭਵ ਨਹੀ ਹੁੰਦਾ। 1950-51 ਵਿੱਚ ਭਾਰਤ ਦੀ ਕੁਲ ਘਰੇਲੂ ਬੱਚਤ ਦਰ ਅਤੇ ਪੂੰਜੀ ਨਿਰਮਾਣ ਦਰ 8 ਪ੍ਰਤੀਸ਼ਤ ਤੋਂ ਘੱਟ ਸੀ ਜਦਕਿ 5 ਪ੍ਰਤੀਸ਼ਤ ਵਿਕਾਸ ਦਰ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ 20 ਪ੍ਰਤੀਸ਼ਤ ਦੀ ਦਰ ਨਾਲ ਪੂੰਜੀ ਨਿਰਮਾਣ ਕਰਨ ਦੀ ਲੋੜ ਸੀ। ਪੂੰਜੀ ਨਿਰਮਾਣ ਦੀ ਦਰ ਵਿੱਚ ਵਾਧਾ ਕਰਨ ਲਈ ਲੋੜੀਂਦੇ ਸਾਧਨਾਂ ਦਾ ਪ੍ਰਬੰਧ ਕਰਨ ਲਈ ਉਚਿਤ ਰਾਜਕੋਸ਼ੀ ਅਤੇ ਮੁਦਰਿਕ ਨੀਤੀਆਂ ਤੋਂ ਇਲਾਵਾ ਆਰਥਿਕ ਯੋਜਨਾਬੰਦੀ, ਭਾਰੀ ਸਰਵਜਨਕ ਨਿਵੇਸ਼ ਅਤੇ ਦੂਰ ਦ੍ਰਿਸ਼ਟੀ ਦੀ ਜ਼ਰੂਰਤ ਸੀ। ਮੁਢਲੇ ਚਰਨ ਵਿੱਚ ਘਾਟੇ ਦੀ ਵਿਵਸਥਾ, ਸਸਤੀ ਮੁਦਰਾ ਨੀਤੀ ਅਤੇ ਪੂੰਜੀ ਦੇ ਆਯਾਤ ਰਾਹੀਂ ਵੱਡੇ ਪੱਧਰ ਤੇ ਨਿਵੇਸ਼ ਕਰਨਾ ਜ਼ਰੂਰੀ ਸੀ ਤਾਂ ਕਿ ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧਾ ਕਰਕੇ ਬੱਚਤ ਦਰ ਵਿੱਚ ਸੁਧਾਰ ਕੀਤਾ ਜਾ ਸਕੇ। ਇਸ ਦੇ ਨਾਲੋ ਨਾਲ ਬੈਂਕਾਂ ਦੇ ਵਿਸਥਾਰ ਰਾਹੀਂ ਬੱਚਤਾਂ ਨੂੰ ਇਕੱਠਾ ਕਰਨ ਅਤੇ ਨਿਵੇਸ਼ ਕਰਨ ਦੀ ਲੋੜ ਸੀ। ਅਰਥਵਿਵਸਥਾ ਵਿੱਚ ਇਸ ਤਰ੍ਹਾਂ ਦੀਆਂ ਬੁਨਿਆਦੀ ਤਬਦੀਲੀਆਂ ਸਰਕਾਰ ਦੇ ਯਤਨਾਂ ਬਿਨਾਂ ਸੰਭਵ ਨਹੀਂ ਹੁੰਦੀਆਂ। ਸਰਕਾਰੀ ਯੋਜਨਾਬੰਦੀ ਦੀ ਭੂਮਿਕਾ ਸਿਰਫ਼ ਵਿਤੀ ਸਾਧਨਾਂ ਤੱਕ ਹੀ ਸੀਮਿਤ ਨਹੀਂ ਹੁੰਦੀ। ਨਿਵੇਸ਼ ਦੀ ਵੱਖੋ-ਵੱਖਰੇ ਖੇਤਰਾਂ ਵਿੱਚ ਵੰਡ ਕਰਨ, ਪ੍ਰਾਥਮਿਕਤਾਵਾਂ ਦਾ ਨਿਰਧਾਰਨ ਕਰਨ, ਭੌਤਿਕ ਪੂੰਜੀ ਦਾ ਪ੍ਰਬੰਧ ਕਰਨ ਅਤੇ ਸਹੀ ਤਕਨੀਕਾਂ ਦੀ ਚੋਣ ਕਰਨ ਵਿੱਚ ਸਰਕਾਰੀ ਯੋਜਨਾਬੰਦੀ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ।

6. **ਭੁਗਤਾਨ ਸੰਤੁਲਨ ਵਿੱਚ ਸੁਧਾਰ ਲਈ:** ਆਜਾਦੀ ਸਮੇਂ ਭਾਰਤੀ ਅਰਥਵਿਵਸਥਾ ਲੰਬੇ ਸਮੇਂ ਤੋਂ ਭੁਗਤਾਨ ਸੰਤੁਲਨ ਦੇ ਘਾਟੇ ਦਾ ਸ਼ਿਕਾਰ ਸੀ ਜੋ ਕੱਚੇ ਮਾਲ ਦਾ ਨਿਰਯਾਤ ਅਤੇ ਤਿਆਰ ਵਸਤਾਂ ਦਾ ਆਯਾਤ ਕਰਦੀ ਸੀ। ਵਪਾਰ ਸੰਤੁਲਨ ਵਿੱਚ ਘਾਟੇ ਦਾ ਵੱਡਾ ਕਾਰਨ ਵਪਾਰ ਦੀਆਂ ਸ਼ਰਤਾਂ ਦਾ ਪ੍ਰਤੀਕੂਲ ਹੋਣਾ ਸੀ। ਭੁਗਤਾਨ ਸੰਤੁਲਨ ਵਿੱਚ ਸੁਧਾਰ ਲਈ ਸਭ ਤੋਂ ਪਹਿਲੀ ਜ਼ਰੂਰਤ ਸੀ ਕਿ ਕੱਚੇ ਮਾਲ ਦਾ ਨਿਰਯਾਤ ਕਰਨ ਦੀ ਬਜਾਇ ਇਸ ਦੀ ਵਰਤੋਂ ਘਰੇਲੂ ਮੰਡੀ ਵਿੱਚ ਤਿਆਰ ਵਸਤਾਂ ਦਾ ਉਤਪਾਦਨ ਕਰਨ ਲਈ ਕੀਤੀ ਜਾਵੇ ਅਤੇ ਆਯਾਤ ਪ੍ਰਤੀਸਥਾਪਨ ਕੀਤਾ ਜਾ ਸਕੇ। ਪਰ ਪੂੰਜੀ ਦੀ ਕਮੀ ਕਾਰਨ ਅਜਿਹੇ ਉਦਯੋਗਾਂ ਦੀ ਘਾਟ ਸੀ ਜੋ ਕੱਚੇ ਮਾਲ ਦੀ ਵਰਤੋਂ ਕਰ ਸਕਣ। ਇਸ ਲਈ ਸੀਮਿਤ ਮੁਦਰਾ ਦੀ ਵਰਤੋਂ ਬਾਰੇ ਨਿਰਣਾ ਕਰਨ ਲੱਗਿਆਂ ਅਜਿਹੇ ਉਦਯੋਗਾਂ ਦੀ ਸਥਾਪਨਾ ਲਈ ਲੋੜੀਂਦੀ ਮਸ਼ੀਨਰੀ ਦੇ ਆਯਾਤ ਨੂੰ ਤਰਜ਼ੀਹ ਦੇਣੀ ਜ਼ਰੂਰੀ ਸੀ। ਆਯਾਤ ਪ੍ਰਤੀਸਥਾਪਨ ਦੀ ਨੀਤੀ ਰਾਹੀਂ ਉਪਭੋਗੀ ਵਸਤਾਂ ਦੇ ਆਯਾਤ ਵਿੱਚ ਕਮੀ ਕਰਕੇ ਵਿਦੇਸ਼ੀ ਮੁਦਰਾ ਦੀ ਬੱਚਤ ਕੀਤੀ ਜਾ ਸਕਦੀ ਸੀ ਅਤੇ ਇਸਦਾ ਇਸਤੇਮਾਲ ਉਦਯੋਗੀਕਰਨ ਲਈ ਲੋੜੀਂਦੇ ਪੂੰਜੀ ਪਦਾਰਥਾਂ ਦੇ ਆਯਾਤਾਂ ਲਈ ਕੀਤਾ ਜਾ ਸਕਦਾ ਸੀ। ਦੂਜੇ ਪਾਸੇ ਨਿਰਮਿਤ ਵਸਤਾਂ ਦੇ ਨਿਰਯਾਤ ਵਿੱਚ ਵਾਧਾ ਕਰਨ ਲਈ ਅਜਿਹੇ ਖੇਤਰਾਂ ਦੀ ਪਛਾਣ ਕਰਨ ਅਤੇ ਇਹਨਾਂ ਦਾ ਵਿਕਾਸ ਕਰਨ ਦੀ ਲੋੜ ਸੀ। ਇਹਨਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਆਯਾਤ-ਨਿਰਯਾਤ ਕਰਾਂ, ਸਬਸਿਡੀਆਂ, ਵਿਦੇਸ਼ੀ ਮੁਦਰਾ ਦੀ ਰਾਸ਼ਨਿੰਗ ਆਦਿ ਕਾਫ਼ੀ ਅਸਰਦਾਰ ਸਾਬਿਤ ਹੋ ਸਕਦੇ ਹਨ ਪਰ ਸਭ ਤੋਂ ਵੱਡੀ ਜ਼ਰੂਰਤ ਇਸ ਖੇਤਰ ਵਿੱਚ ਉਚਿਤ ਨਿਯੋਜਨ ਦੀ ਹੈ ਤਾਂ ਜੋ ਆਯਾਤ

ਪ੍ਰਤੀਸਥਾਪਨ ਕਰਨ ਵਾਲੇ ਉਦਯੋਗਾਂ ਅਤੇ ਨਿਰਯਾਤ ਖੇਤਰ ਦਾ ਤੇਜ਼ ਵਿਕਾਸ ਕੀਤਾ ਜਾ ਸਕੇ ਅਤੇ ਭੁਗਤਾਨ ਬਕਾਏ ਵਿੱਚ ਸੰਤੁਲਨ ਰੱਖਿਆ ਜਾ ਸਕੇ।

7. **ਸਮਾਜਿਕ ਉਪਰੀ ਪੂੰਜੀ ਦੇ ਵਿਕਾਸ ਲਈ:** ਸਮਾਜਿਕ ਉਪਰੀ ਪੂੰਜੀ ਦੀ ਕਮੀ ਭਾਰਤ ਦੇ ਪਿਛੜੇਪਣ ਦਾ ਵੱਡਾ ਕਾਰਨ ਸੀ। ਸੜਕਾਂ, ਰੇਲਾਂ, ਬੰਦਰਗਾਹਾਂ, ਬਿਜਲੀ, ਸੰਚਾਰ, ਸਿੰਜਾਈ ਸਾਧਨਾਂ, ਸਿੱਖਿਆ ਅਤੇ ਸਿਹਤ ਸੇਵਾਵਾਂ ਆਦਿ ਬਿਨਾਂ ਆਰਥਿਕ ਵਿਕਾਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹਨਾਂ ਖੇਤਰਾਂ ਵਿੱਚ ਭਾਰੀ ਨਿਵੇਸ਼ ਦੀ ਲੋੜ ਕਾਰਨ ਅਤੇ ਲਾਭ ਦੀ ਨੀਵੀਂ ਦਰ ਕਾਰਨ ਨਿਜੀ ਉੱਦਮੀ ਨਿਵੇਸ਼ ਕਰਨ ਦੇ ਇੱਛੁਕ ਨਹੀਂ ਹੁੰਦੇ। ਇਸੇ ਕਾਰਨ ਸਮਾਜਿਕ ਉਪਰੀ ਪੂੰਜੀ ਦੇ ਵਿਕਾਸ ਲਈ ਸਰਵਜਨਕ ਨਿਵੇਸ਼ ਬਹੁਤ ਮਹੱਤਵਪੂਰਨ ਹੁੰਦਾ ਹੈ। ਘੱਟ ਵਿਕਸਿਤ ਦੇਸ਼ਾਂ ਦੀਆਂ ਸਰਕਾਰਾਂ ਕੋਲ ਵੀ ਇੰਨੇ ਸਾਧਨ ਨਹੀਂ ਹੁੰਦੇ ਕਿ ਇੱਕੋ ਸਮੇਂ ਸਾਰੇ ਖੇਤਰਾਂ ਵਿੱਚ ਲੋੜੀਂਦਾ ਨਿਵੇਸ਼ ਕੀਤਾ ਜਾ ਸਕੇ। ਆਰਥਿਕ ਯੋਜਨਾਬੰਦੀ ਸਮਾਜਿਕ ਉਪਰੀ ਪੂੰਜੀ ਦੇ ਲੰਬੇ ਸਮੇਂ ਦੇ ਵਿਕਾਸ ਕਾਰਜ ਨੂੰ ਅਰਥਵਿਵਸਥਾ ਦੀ ਜ਼ਰੂਰਤ, ਸਮਰੱਥਾ ਅਤੇ ਪ੍ਰਾਥਮਿਕਤਾਵਾਂ ਅਨੁਸਾਰ ਤਰਤੀਬਬੱਧ ਢੰਗ ਨਾਲ ਮੁਕੰਮਲ ਕਰਨ ਵਿੱਚ ਵੱਡਾ ਯੋਗਦਾਨ ਪਾ ਸਕਦੀ ਹੈ।

8. **ਸਮਾਜਿਕ ਕਲਿਆਣ ਦੇ ਉਦੇਸ਼ ਲਈ:** ਸਮਾਜਿਕ ਕਲਿਆਣ ਬਹੁਤ ਹੱਦ ਤੱਕ ਆਰਥਿਕ ਕਲਿਆਣ ਉੱਪਰ ਨਿਰਭਰ ਕਰਦਾ ਹੈ। ਆਰਥਿਕ ਕਲਿਆਣ ਤਾਂ ਹੀ ਸੰਭਵ ਹੈ ਜੇਕਰ ਰੋਟੀ, ਕਪੜਾ, ਮਕਾਨ ਦੀਆਂ ਬੁਨਿਆਦੀ ਜ਼ਰੂਰਤਾਂ ਤੋਂ ਇਲਾਵਾ ਚੰਗੇਰੀ ਸਿੱਖਿਆ ਅਤੇ ਸਿਹਤ ਸੇਵਾਵਾਂ ਆਮ ਲੋਕਾਂ ਨੂੰ ਉਪਲਬਧ ਹੋਣ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਜ਼ਰੂਰੀ ਹੈ ਕਿ ਪ੍ਰਤੀ ਵਿਅਕਤੀ ਆਮਦਨ ਦਾ ਪੱਧਰ ਉੱਚਾ ਚੁੱਕਿਆ ਜਾਵੇ, ਆਮਦਨ ਅਤੇ ਧਨ ਦੀ ਵੰਡ ਸਮਾਨ ਹੋਵੇ ਅਤੇ ਸਾਰਿਆਂ ਨੂੰ ਵਿਕਾਸ ਦੇ ਬਰਾਬਰ ਮੌਕੇ ਹਾਸਿਲ ਹੋਣ। ਅਰਥਵਿਵਸਥਾ ਦੇ ਸਭ ਤੋਂ ਮਹੱਤਵਪੂਰਣ ਖੇਤਰਾਂ ਵਿੱਚ ਸਰਵਜਨਕ ਖੇਤਰ ਦੀ ਪ੍ਰਧਾਨਤਾ ਅਤੇ ਸਾਧਨਾਂ ਦੀ ਵਰਤੋਂ ਸਰਵਜਨਕ ਕਲਿਆਣ ਲਈ ਕੀਤੇ ਬਿਨਾਂ ਇਸ ਉਦੇਸ਼ ਦੀ ਪੂਰਤੀ ਸੰਭਵ ਨਹੀਂ ਹੁੰਦੀ। ਪਰ ਸਰਵਜਨਕ ਖੇਤਰ ਦੀ ਪ੍ਰਧਾਨਤਾ ਆਪਣੇ ਆਪ ਵਿੱਚ ਕਾਫ਼ੀ ਨਹੀਂ ਹੁੰਦੀ, ਇਸਦੇ ਨਾਲ ਸਟੀਕ ਯੋਜਨਾਬੰਦੀ ਦੀ ਜ਼ਰੂਰਤ ਹੁੰਦੀ ਹੈ ਤਾਂ ਕਿ ਸੀਮਿਤ ਸਾਧਨਾਂ ਦੀ ਕੁਸ਼ਲ ਵਰਤੋਂ ਰਾਹੀਂ ਮਿੱਥੇ ਟੀਚੇ ਪ੍ਰਾਪਤ ਕੀਤੇ ਜਾ ਸਕਣ।

**III. ਭਾਰਤ ਵਿੱਚ ਯੋਜਨਾਬੰਦੀ ਦੇ ਉਦੇਸ਼:** 1951 ਵਿੱਚ ਪਹਿਲੀ ਪੰਜ ਸਾਲਾ ਯੋਜਨਾ ਦੇ ਨਾਲ ਭਾਰਤ ਵਿੱਚ ਆਰਥਿਕ ਨਿਯੋਜਨ ਦੀ ਦਿਸ਼ਾ ਵੱਲ ਪਹਿਲਾ ਕਦਮ ਪੁੱਟਿਆ ਗਿਆ। ਤੀਜੀ ਯੋਜਨਾ ਤੋਂ ਬਾਅਦ ਤਿੰਨ ਸਾਲਾਂ ਦੀ 'ਯੋਜਨਾਬੰਦੀ ਦੀ ਛੁੱਟੀ' (Plan Holiday) ਨੂੰ ਛੱਡ ਕੇ ਇਹ ਸਿਲਸਿਲਾ ਨਿਰਵਿਘਨ ਜ਼ਾਰੀ ਰਿਹਾ ਹੈ। ਹੁਣ ਤੀਕ ਗਿਆਰਾ ਪੰਜ ਸਾਲਾ ਯੋਜਨਾਵਾਂ ਪੂਰੀਆਂ ਕੀਤੀਆਂ ਜਾ ਚੁੱਕੀਆਂ ਹਨ। ਲੋਕਤੰਤਰੀ ਸਮਾਜਵਾਦ ਦਾ ਉਦੇਸ਼ ਯੋਜਨਾਬੰਦੀ ਦਾ ਸਭ ਤੋਂ ਅਹਿਮ ਨਿਰਧਾਰਕ ਰਿਹਾ ਹੈ ਜਿਸ ਕਾਰਨ ਅਰਥਵਿਵਸਥਾ ਵਿੱਚ ਸਰਵਜਨਕ ਖੇਤਰ ਅਤੇ ਨਿਜੀ ਖੇਤਰ ਦੋਵਾਂ ਦੇ ਮਹੱਤਵ ਨੂੰ ਸਵੀਕਾਰਿਆ ਗਿਆ ਹੈ। ਇਸ ਕਾਰਨ ਭਾਰਤੀ ਯੋਜਨਾਬੰਦੀ ਵਿੱਚ ਸਮਾਜਵਾਦੀ ਯੋਜਨਾਬੰਦੀ ਜਾਂ ਆਦੇਸ਼ ਰਾਹੀਂ ਯੋਜਨਾਬੰਦੀ (Socialist Planning ਜਾਂ Planning by Control) ਅਤੇ ਪੂੰਜੀਵਾਦੀ ਯੋਜਨਾਬੰਦੀ ਜਾਂ ਪ੍ਰੇਰਣਾ ਰਾਹੀਂ ਯੋਜਨਾਬੰਦੀ (Capitalistic Planning ਜਾਂ Planning by Inducement) ਦੋਵਾਂ ਦੇ ਅੰਸ਼ ਹਨ। ਇਹ ਯੋਜਨਾਬੰਦੀ ਨਿਰੋਲ ਆਰਥਿਕ ਉਦੇਸ਼ਾਂ ਦੀ ਬਜਾਇ ਸਮਾਜਿਕ ਉਦੇਸ਼ਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਂਦੀ ਹੈ। ਭਾਰਤੀ ਯੋਜਨਾਬੰਦੀ ਦੇ ਉਦੇਸ਼ਾਂ ਨੂੰ ਮੁੱਖ ਤੌਰ ਤੇ ਛੇ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:-

1. ਤੇਜ਼ ਦਰ ਨਾਲ ਆਰਥਿਕ ਵਿਕਾਸ
2. ਬੇਰੁਜ਼ਗਾਰੀ ਦਾ ਖਾਤਮਾ

3. ਆਤਮ ਨਿਰਭਰਤਾ ਦੀ ਪ੍ਰਾਪਤੀ
4. ਆਰਥਿਕ ਅਸਮਾਨਤਾਵਾਂ ਵਿੱਚ ਕਮੀ
5. ਗਰੀਬੀ ਦਾ ਖਾਤਮਾ
6. ਆਧੁਨਿਕੀਕਰਨ

ਸਮੁੱਚੀ ਯੋਜਨਾਬੰਦੀ ਵਿੱਚ ਉਪਰੋਕਤ ਦੱਸੇ ਉਦੇਸ਼ਾਂ ਦੀ ਪ੍ਰਧਾਨਤਾ ਰਹੀ ਹੈ। ਹਾਲਾਂਕਿ ਸਮੇਂ, ਦ੍ਰਿਸ਼ਟੀਕੋਣ, ਪ੍ਰਸਥਿਤੀਆਂ ਦੇ ਨਾਲ ਇਹਨਾਂ ਉਦੇਸ਼ਾਂ ਦਾ ਤੁਲਨਾਤਮਕ ਮਹੱਤਵ ਬਦਲਦਾ ਰਿਹਾ ਹੈ। ਸੱਤਵੀਂ ਯੋਜਨਾ ਤੋਂ ਬਾਅਦ ਯੋਜਨਾਬੰਦੀ ਦੀ ਰਣਨੀਤੀ ਅਤੇ ਮਹੱਤਵ ਵਿੱਚ ਵੱਡੇ ਪੱਧਰ ਤੇ ਤਬਦੀਲੀ ਹੋਈ ਹੈ। 1991 ਦੇ ਆਰਥਿਕ ਸੁਧਾਰਾਂ ਤੋਂ ਬਾਅਦ ਨਿਜੀ ਖੇਤਰ ਦੇ ਮੁਕਾਬਲੇ ਸਰਵਜਨਕ ਖੇਤਰ ਦੀ ਭੂਮਿਕਾ ਬਹੁਤ ਸੀਮਿਤ ਕੀਤੀ ਗਈ ਹੈ ਅਤੇ ਕੇਂਦਰੀ ਯੋਜਨਾਬੱਧ ਅਰਥਵਿਵਸਥਾ ਨੂੰ ਮੰਡੀ ਅਰਥਵਿਵਸਥਾ ਵਿੱਚ ਤਬਦੀਲ ਕਰਨ ਦੀ ਪ੍ਰਕ੍ਰਿਆ ਤੇਜ਼ ਕੀਤੀ ਗਈ ਹੈ। ਸਮਾਜਵਾਦ ਦੀ ਸਥਾਪਨਾ ਦੇ ਨਾਅਰੇ ਦੀ ਥਾਂ 'ਨਿਆਂਪੂਰਣ ਵਿਕਾਸ' (Growth with Justice) ਦੇ ਨਾਅਰੇ ਨੇ ਮੱਲ ਲਈ ਹੈ। ਵਿਸ਼ਵੀਕਰਣ ਦੇ ਦੌਰ ਵਿੱਚ ਤੇਜ਼ ਆਰਥਿਕ ਵਿਕਾਸ ਦਾ ਮਹੱਤਵ ਵਧਿਆ ਹੈ ਅਤੇ ਆਤਮ ਨਿਰਭਰਤਾ ਦੀ ਅਹਿਮੀਅਤ ਘਟੀ ਹੈ। ਵੱਖੋ-ਵੱਖਰੀਆਂ ਯੋਜਨਾਵਾਂ ਵਿੱਚ ਉੱਪਰ ਲਿਖੇ ਉਦੇਸ਼ਾਂ ਅਤੇ ਇਹਨਾਂ ਨੂੰ ਹਾਸਲ ਕਰਨ ਦੇ ਯਤਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

**1. ਤੇਜ਼ ਦਰ ਨਾਲ ਆਰਥਿਕ ਵਿਕਾਸ:** ਤੇਜ਼ ਆਰਥਿਕ ਵਿਕਾਸ ਹਰ ਯੋਜਨਾ ਦਾ ਮੁੱਖ ਉਦੇਸ਼ ਰਿਹਾ ਹੈ ਕਿਉਂਕਿ ਇਸਦੇ ਰਾਹੀਂ ਗਰੀਬੀ ਅਤੇ ਬੇਰੁਜ਼ਗਾਰੀ ਨੂੰ ਵੀ ਦੂਰ ਕੀਤਾ ਜਾ ਸਕਦਾ ਹੈ। ਪਹਿਲੀ ਪੰਜ ਸਾਲਾ ਯੋਜਨਾ ਦਾ ਮੁੱਖ ਉਦੇਸ਼ ਵੰਡ ਅਤੇ ਦੂਜੀ ਸੰਸਾਰ ਜੰਗ ਤੋਂ ਪ੍ਰਭਾਵਿਤ ਅਰਥਵਿਵਸਥਾ ਦਾ ਮੁੜ ਵਸੇਵਾਂ ਸੀ। ਇਸ ਯੋਜਨਾ ਦੇ ਕੁਲ ਖਰਚ ਦਾ 27 ਪ੍ਰਤੀਸ਼ਤ ਆਵਾਜਾਈ ਅਤੇ ਸੰਚਾਰ, 23 ਪ੍ਰਤੀਸ਼ਤ ਸਮਾਜਿਕ ਸੇਵਾਵਾਂ, 17 ਪ੍ਰਤੀਸ਼ਤ ਸਮਾਜਿਕ ਸਹੂਲਤਾਂ ਅਤੇ 16 ਪ੍ਰਤੀਸ਼ਤ ਖੇਤੀ ਅਤੇ ਸੰਬੰਧਿਤ ਕ੍ਰਿਆਵਾਂ ਦੇ ਹਿੱਸੇ ਆਇਆ। ਇਸ ਯੋਜਨਾ ਦੇ ਰਾਸ਼ਟਰੀ ਆਮਦਨ ਵਿੱਚ 2.1 ਪ੍ਰਤੀਸ਼ਤ ਸਾਲਾਨਾ ਵਾਧੇ ਦੇ ਉਦੇਸ਼ ਦੇ ਮੁਕਾਬਲੇ ਅਸਲ ਵਾਧੇ ਦੀ ਦਰ 4.2 ਪ੍ਰਤੀਸ਼ਤ ਸਾਲਾਨਾ ਰਹੀ। ਇਸ ਯੋਜਨਾ ਦੀ ਸਫ਼ਲਤਾ ਵਿੱਚ ਖੇਤੀ, ਖਣਨ ਅਤੇ ਛੋਟੇ ਉਦਯੋਗਾਂ ਦਾ ਯੋਗਦਾਨ ਮਹੱਤਵਪੂਰਣ ਸੀ।

ਦੂਜੀ ਅਤੇ ਤੀਜੀ ਯੋਜਨਾ ਦਾ ਖਾਕਾ 'ਮਾਹਲਨੋਬਿਸ ਮਾਡਲ' ਦੇ ਆਧਾਰ ਤੇ ਉਲੀਕਿਆ ਗਿਆ। ਇਸ ਮਾਡਲ ਅਨੁਸਾਰ ਤੇਜ਼ ਆਰਥਿਕ ਵਿਕਾਸ ਲਈ ਉਦਯੋਗੀਕਰਨ ਅਤੇ ਉਦਯੋਗੀਕਰਨ ਲਈ ਬੁਨਿਆਦੀ ਅਤੇ ਭਾਰੀ ਉਦਯੋਗਾਂ ਜਿਵੇਂ ਲੋਹਾ ਇਸਪਾਤ, ਇੰਜੀਨੀਅਰਿੰਗ, ਰਸਾਇਣ, ਖਣਨ, ਊਰਜਾ, ਆਵਾਜ਼ਾਈ ਅਤੇ ਸੰਚਾਰ ਆਦਿ ਦਾ ਵਿਕਾਸ ਸਰਵਜਨਕ ਖੇਤਰ ਦੇ ਅਧੀਨ ਕਰਨ ਦੀ ਨੀਤੀ ਅਪਣਾਈ ਗਈ। ਦੂਜੀ ਯੋਜਨਾ ਵਿੱਚ 4.5 ਪ੍ਰਤੀਸ਼ਤ ਸਾਲਾਨਾ ਵਿਕਾਸ ਦਰ ਦਾ ਟੀਚਾ ਰੱਖਿਆ ਗਿਆ। ਪਹਿਲੀ ਯੋਜਨਾ ਵਿੱਚ 4 ਪ੍ਰਤੀਸ਼ਤ ਦੇ ਮੁਕਾਬਲੇ ਇਸ ਯੋਜਨਾ ਵਿੱਚ 20 ਪ੍ਰਤੀਸ਼ਤ ਸਾਧਨ ਉਦਯੋਗਿਕ ਅਤੇ ਆਵਾਜਾਈ ਅਤੇ ਸੰਚਾਰ ਦੇ ਖੇਤਰਾਂ ਅਤੇ 14.6 ਪ੍ਰਤੀਸ਼ਤ ਹਿੱਸਾ ਊਰਜਾ ਦੇ ਵਿਕਾਸ ਦੇ ਹਿੱਸੇ ਆਇਆ। ਇਸ ਸਮੇਂ ਦੌਰਾਨ ਰਸਾਇਣ, ਮਸ਼ੀਨਾਂ, ਕਾਗਜ਼, ਰਸਾਇਣਕ ਖਾਦਾਂ, ਚੀਨੀ, ਕੱਪੜਾ ਉਦਯੋਗ ਅਤੇ ਪੈਟਰੋ-ਰਸਾਇਣ ਉਦਯੋਗਾਂ ਦੀ ਨੀਂਹ ਮਜਬੂਤ ਹੋਈ ਪਰ ਜੰਗ, ਖਰਾਬ ਮੌਸਮ ਅਤੇ ਵਿਦੇਸ਼ੀ ਮੁਦਰਾ ਦੇ ਸੰਕਟ ਕਾਰਨ 5.6 ਪ੍ਰਤੀਸ਼ਤ ਸਾਲਾਨਾ ਵਿਕਾਸ ਦੇ ਟੀਚੇ ਦੇ ਮੁਕਾਬਲੇ ਅਸਲ ਵਿਕਾਸ ਦਰ ਕੇਵਲ 2.6 ਪ੍ਰਤੀਸ਼ਤ ਸਾਲਾਨਾ ਰਹੀ।

ਚੌਥੀ ਯੋਜਨਾ ਤਿੰਨ ਸਾਲਾਂ ਦੀ ਯੋਜਨਾਬੰਦੀ ਦੀ ਛੁੱਟੀ ਤੋਂ ਬਾਅਦ 1969 ਵਿੱਚ ਸ਼ੁਰੂ ਕੀਤੀ ਗਈ। ਇਸ ਯੋਜਨਾ ਦਾ ਮੁੱਖ ਉਦੇਸ਼ 'ਸਥਿਰਤਾ ਸਹਿਤ ਵਿਕਾਸ' (Growth with stability) ਕਰਨਾ ਸੀ। ਆਰਥਿਕ

ਵਿਕਾਸ, ਆਤਮ ਨਿਰਭਰਤਾ ਅਤੇ ਆਰਥਿਕ ਉਦੇਸ਼ਾਂ ਦੀ ਪ੍ਰਾਪਤੀ ਲਈ ਖੇਤੀ ਉਤਪਾਦਨ ਅਤੇ ਉਤਪਾਦਕਤਾ ਵਿੱਚ ਵਾਧੇ ਦੇ ਮਹੱਤਵ ਨੂੰ ਪਛਾਣਦੇ ਹੋਏ ਇਸ ਯੋਜਨਾ ਵਿੱਚ ਖੇਤੀ ਖੇਤਰ ਦੇ ਵਿਕਾਸ ਨੂੰ ਤਰਜ਼ੀਹ ਦਿੱਤੀ ਗਈ ਜਿਸ ਕਾਰਨ ਦੇਸ਼ ਵਿੱਚ ਹਰੀ ਕ੍ਰਾਂਤੀ ਦੇ ਦੌਰ ਦੀ ਸ਼ੁਰੂਆਤ ਹੋਈ। ਅਨਾਜ ਸੁਰੱਖਿਆ ਦੇ ਨਾਲ ਨਾਲ 5.7 ਪ੍ਰਤੀਸ਼ਤ ਸਾਲਾਨਾ ਵਿਕਾਸ ਦਰ ਦਾ ਟੀਚਾ ਪ੍ਰਾਪਤ ਕਰਨ ਲਈ 6260 ਕਰੋੜ ਰੁਪਏ (ਕੁਲ ਖਰਚ ਦਾ 39 ਪ੍ਰਤੀਸ਼ਤ) ਖੇਤੀ, ਸਿੰਜਾਈ ਅਤੇ ਊਰਜਾ ਦੇ ਵਿਕਾਸ ਲਈ ਖਰਚ ਕੀਤੇ ਗਏ। ਪਰ ਹਰੀ ਕ੍ਰਾਂਤੀ ਦਾ ਪ੍ਰਭਾਵ ਕੇਵਲ ਕਣਕ ਦੇ ਉਤਪਾਦਨ ਅਤੇ ਪੰਜਾਬ ਅਤੇ ਹਰਿਆਣਾ ਤੱਕ ਹੀ ਸੀਮਿਤ ਰਿਹਾ। ਇਸ ਯੋਜਨਾ ਵਿੱਚ ਆਰਥਿਕ ਵਿਕਾਸ ਦੀ ਦਰ ਕੇਵਲ 3.3 ਪ੍ਰਤੀਸ਼ਤ ਸਾਲਾਨਾ ਰਹੀ। ਆਰਥਿਕ ਸਥਿਰਤਾ ਦੇ ਉਦੇਸ਼ ਪੱਖੋਂ ਵੀ ਇਹ ਯੋਜਨਾ ਨਾਕਾਮ ਰਹੀ। ਇਸਦੇ ਅੰਤਿਮ ਵਰ੍ਹੇ ਦੌਰਾਨ ਕੀਮਤ ਪੱਧਰ ਆਪਣੇ ਸਿਖਰ ਤੇ ਸੀ।

ਆਰਥਿਕ ਅਸਥਿਰਤਾ ਦਾ ਸਿਲਸਿਲਾ ਪੰਜਵੀ ਯੋਜਨਾ ਵਿੱਚ ਵੀ ਜਾਰੀ ਰਿਹਾ। ਇਸ ਯੋਜਨਾ ਵਿੱਚ 5.5 ਪ੍ਰਤੀਸ਼ਤ ਵਿਕਾਸ ਦੀ ਦਰ ਦਾ ਟੀਚਾ ਰੱਖਿਆ ਗਿਆ ਜੋ ਅੰਤਰਰਾਸ਼ਟਰੀ ਤੇਲ ਸੰਕਟ ਅਤੇ ਸੋਕੇ ਦੇ ਕਾਰਨ ਘਟਾ ਕੇ 4.4 ਪ੍ਰਤੀਸ਼ਤ ਕਰ ਦਿੱਤਾ ਗਿਆ। ਯੋਜਨਾ ਦੇ ਪਹਿਲੇ ਅਤੇ ਤੀਜੇ ਸਾਲ ਵਿਕਾਸ ਦੀ ਦਰ 1.5 ਪ੍ਰਤੀਸ਼ਤ ਜਾਂ ਇਸ ਤੋਂ ਵੀ ਘੱਟ ਰਹੀ ਜਦ ਕਿ ਦੂਜੇ ਸਾਲ ਇਹ ਦਰ 9.8 ਪ੍ਰਤੀਸ਼ਤ ਅਤੇ ਚੌਥੇ ਸਾਲ 8.6 ਪ੍ਰਤੀਸ਼ਤ ਰਹੀ। ਸਮੁੱਚੇ ਤੌਰ ਤੇ ਇਸ ਯੋਜਨਾ ਦੇ ਚਾਰ ਸਾਲਾਂ ਦੌਰਾਨ ਆਰਥਿਕ ਵਿਕਾਸ ਦੀ ਸਾਲਾਨਾ ਦਰ 4.9 ਪ੍ਰਤੀਸ਼ਤ ਰਹੀ ਜੋ ਕਿ ਪਿਛਲੀਆਂ ਦੋ ਯੋਜਨਾਵਾਂ ਦੇ ਮੁਕਾਬਲਤਨ ਕਾਫ਼ੀ ਬਿਹਤਰ ਰਹੀ। ਜਨਤਾ ਪਾਰਟੀ ਨੇ ਸੱਤਾ ਵਿੱਚ ਆਉਂਦਿਆਂ ਹੀ ਇਸ ਯੋਜਨਾ ਦਾ ਤਿਆਗ ਕਰ ਦਿੱਤਾ ਅਤੇ ਜਨਤਾ ਯੋਜਨਾ (1978-83) ਲਾਗੂ ਕਰ ਦਿੱਤੀ। ਜਨਤਾ ਯੋਜਨਾ ਵਿੱਚ ਪੇਂਡੂ ਖੇਤਰ ਅਤੇ ਛੋਟੇ ਅਤੇ ਕੁਟੀਰ ਉਦਯੋਗਾਂ ਦੇ ਵਿਕਾਸ ਨੂੰ ਪ੍ਰਮੁੱਖਤਾ ਦਿੱਤੀ ਗਈ। ਇਸ ਯੋਜਨਾ ਦਾ ਕਾਰਜਕਾਲ ਬਹੁਤ ਹੀ ਸੀਮਿਤ ਰਿਹਾ। 1979 ਵਿੱਚ ਜਨਤਾ ਸਰਕਾਰ ਦੇ ਡਿੱਗਣ ਨਾਲ ਇਸ ਯੋਜਨਾ ਦਾ ਵੀ ਤਿਆਗ ਕਰ ਦਿੱਤਾ ਗਿਆ।

ਕਾਂਗਰਸ ਸਰਕਾਰ ਦੇ ਮੁੜ ਸੱਤਾ ਵਿੱਚ ਆ ਕੇ ਛੇਵੀਂ ਪੰਜ ਸਾਲਾਂ ਨੂੰ ਨਵੇਂ ਸਿਰੇ ਤੋਂ ਲਾਗੂ ਕੀਤਾ। 5.2 ਪ੍ਰਤੀਸ਼ਤ ਸਾਲਾਨਾ ਆਰਥਿਕ ਵਿਕਾਸ ਦੀ ਦਰ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਅਰਥਵਿਵਸਥਾ ਵਿੱਚ ਤਕਨੀਕੀ ਆਧੁਨਿਕੀਕਰਨ ਰਾਹੀਂ ਉਤਪਾਦਕਤਾ ਵਿੱਚ ਵਾਧੇ ਅਤੇ ਸਾਧਨਾਂ ਦੀ ਕੁਸ਼ਲ ਵਰਤੋਂ ਨੂੰ ਸਭ ਤੋਂ ਮਹੱਤਵਪੂਰਨ ਸਥਾਨ ਦਿੱਤਾ ਗਿਆ। ਇਸ ਤੋਂ ਇਲਾਵਾ ਨਿਵੇਸ਼ ਦੀ ਮਾਤਰਾ ਵਿੱਚ ਵਾਧਾ ਕਰਨਾ, ਨਿਵੇਸ਼ ਦੀ ਵੰਡ ਨੂੰ ਆਰਥਿਕ ਵਿਕਾਸ ਦੇ ਅਨੁਸਾਰੀ ਬਨਾਉਣ ਅਤੇ ਭੁਗਤਾਨ ਸੰਤੁਲਨ ਵਿੱਚ ਸੁਧਾਰ ਕਰਨ ਤੇ ਜ਼ੋਰ ਦਿੱਤਾ ਗਿਆ। ਊਰਜਾ ਦੀ ਕਮੀ ਨੂੰ ਪੂਰਾ ਕਰਨ ਲਈ ਯੋਜਨਾ ਦੇ ਕੁੱਲ ਖਰਚ ਦਾ 28 ਪ੍ਰਤੀਸ਼ਤ ਹਿੱਸਾ ਇਸ ਖੇਤਰ ਦੇ ਵਿਕਾਸ ਲਈ ਇਸਤੇਮਾਲ ਕੀਤਾ ਗਿਆ। ਖੇਤੀ ਖੇਤਰ ਅਤੇ ਸੇਵਾਵਾਂ ਦੇ ਖੇਤਰ ਦੀ ਵਧੀਆ ਕਾਰਗੁਜ਼ਾਰੀ ਕਾਰਨ ਇਸ ਯੋਜਨਾ ਵਿੱਚ ਵਿਕਾਸ ਅਤੇ ਨਿਵੇਸ਼ ਦੇ ਨਿਰਧਾਰਿਤ ਟੀਚਿਆਂ ਦੀ ਪੂਰਤੀ ਸੰਭਵ ਹੋ ਸਕੀ। ਖੇਤੀ ਖੇਤਰ ਦੀ 4.3 ਪ੍ਰਤੀਸ਼ਤ ਸਾਲਾਨਾ ਵਿਕਾਸ ਦਰ 3.8 ਪ੍ਰਤੀਸ਼ਤ ਪ੍ਰਤੀ ਸਾਲ ਦੇ ਨਿਰਧਾਰਿਤ ਟੀਚੇ ਤੋਂ ਜਿਆਦਾ ਸੀ।

ਸੱਤਵੀਂ ਯੋਜਨਾ ਵਿੱਚ 5 ਪ੍ਰਤੀਸ਼ਤ ਸਾਲਾਨਾ ਵਿਕਾਸ ਦਰ ਦਾ ਟੀਚਾ ਖੇਤੀ ਖੇਤਰ ਵਿੱਚ 4 ਪ੍ਰਤੀਸ਼ਤ ਅਤੇ ਉਦਯੋਗਿਕ ਖੇਤਰ ਵਿੱਚ 7 ਪ੍ਰਤੀਸ਼ਤ ਸਾਲਾਨਾ ਵਿਕਾਸ ਦੀ ਦਰ ਦੇ ਅਨੁਮਾਨ ਉੱਪਰ ਆਧਾਰਿਤ ਸੀ। ਪਹਿਲੇ ਤਿੰਨ ਸਾਲਾਂ ਵਿੱਚ ਔਸਤ ਸਾਲਾਨਾ ਵਿਕਾਸ ਦਰ 3.5 ਪ੍ਰਤੀਸ਼ਤ ਦੇ ਲਗਭਗ ਰਹਿਣ ਦੇ ਬਾਵਜੂਦ ਪਿਛਲੇ ਦੋ ਸਾਲਾਂ ਵਿੱਚ ਖੇਤੀ ਉਤਪਾਦਨ ਵਿੱਚ ਜਬਰਦਸਤ ਵਾਧੇ ਕਾਰਨ ਸਮੁੱਚੀ ਯੋਜਨਾ ਦੌਰਾਨ ਸਾਲਾਨਾ ਵਾਧੇ ਦੀ ਦਰ 5.5 ਪ੍ਰਤੀਸ਼ਤ ਰਹੀ। ਤੇਜ਼ ਆਰਥਿਕ ਵਿਕਾਸ ਦੇ ਬਾਵਜੂਦ ਅਰਥਵਿਵਸਥਾ ਦਿਨੋ ਦਿਨ ਗੰਭੀਰ

ਆਰਥਿਕ ਸੰਕਟ ਦਾ ਸ਼ਿਕਾਰ ਹੁੰਦੀ ਜਾ ਰਹੀ ਸੀ। ਵਿਸ਼ਾਲ ਵਿੱਤੀ ਘਾਟਾ, ਭੁਗਤਾਨ ਸੰਤੁਲਨ ਵਿੱਚ ਨਿਰੰਤਰ ਨਿਘਾਰ ਅਤੇ ਵਧਦੀਆਂ ਕੀਮਤਾਂ ਦੇਸ਼ ਦੀ ਵਿਗੜਦੀ ਆਰਥਿਕ ਸਿਹਤ ਦਾ ਸੂਚਕ ਸਨ।

ਦੇਸ਼ ਵਿੱਚ ਰਾਜਨੀਤਿਕ ਅਸਥਿਰਤਾ ਕਾਰਨ ਅੱਠਵੀਂ ਯੋਜਨਾ 1 ਅਪ੍ਰੈਲ 1990 ਦੀ ਬਜਾਇ 1 ਅਪ੍ਰੈਲ 1992 ਵਿੱਚ ਹੀ ਲਾਗੂ ਕੀਤੀ ਜਾ ਸਕੀ। 1990-91 ਵਿੱਚ ਘਰੇਲੂ ਉਤਪਾਦਨ ਵਿੱਚ ਵਾਧੇ ਦੀ ਦਰ 3.4 ਪ੍ਰਤੀਸ਼ਤ ਅਤੇ 1991-92 ਵਿੱਚ ਕੇਵਲ 0.8 ਪ੍ਰਤੀਸ਼ਤ ਸੀ। ਇਸ ਸਾਲ ਖੇਤੀ ਅਤੇ ਉਦਯੋਗਿਕ ਖੇਤਰ ਦੀ ਵਿਕਾਸ ਦਰ ਰਿਣਾਤਮਕ ਪਾਈ ਗਈ। ਆਰਥਿਕ ਸੰਕਟ ਨਾਲ ਸਿਝਣ ਅਤੇ ਅਰਥਵਿਵਸਥਾ ਨੂੰ ਨਵੀਂ ਸੇਧ ਦੇਣ ਲਈ ਵਿੱਤ ਮੰਤਰੀ ਮਨਮੋਹਣ ਸਿੰਘ ਦੀ ਰਹਿਨੁਮਾਈ ਹੇਠ ਸੰਸਾਰੀਕਰਨ, ਨਿਜੀਕਰਨ ਅਤੇ ਉਦਾਰੀਕਰਨ ਦੀ ਨਵੀਂ ਆਰਥਿਕ ਨੀਤੀ ਹੋਂਦ ਵਿੱਚ ਆਈ। ਪਹਿਲੇ ਤਿੰਨ ਸਾਲ ਆਰਥਿਕ ਵਿਕਾਸ ਦਰ ਨਿਰਧਾਰਿਤ 5.6 ਪ੍ਰਤੀਸ਼ਤ ਪ੍ਰਤੀ ਸਾਲ ਦੀ ਦਰ ਉੱਪਰ ਰਹਿਣ ਤੋਂ ਬਾਅਦ ਯੋਜਨਾ ਦੇ ਅੰਤਲੇ ਦੋ ਸਾਲਾਂ ਵਿੱਚ 7.4 ਪ੍ਰਤੀਸ਼ਤ ਸਾਲਾਨਾ ਰਹੀ। ਜਿਸ ਕਾਰਨ ਸਮੁੱਚੀ ਯੋਜਨਾ ਵਿੱਚ ਸਾਲਾਨਾ ਵਿਕਾਸ ਦਰ 6.7 ਪ੍ਰਤੀਸ਼ਤ ਸਾਲਾਨਾ ਸੀ। ਆਰਥਿਕ ਵਿਕਾਸ ਵਿੱਚ ਇਸ ਹੈਰਾਨੀਜਨਕ ਵਾਧੇ ਨੂੰ ਨਵੀਂ ਆਰਥਿਕ ਨੀਤੀ ਦੀ ਸਫ਼ਲਤਾ ਦੇ ਤੌਰ ਤੇ ਪੇਸ਼ ਕੀਤਾ ਗਿਆ।

ਅੱਠਵੀਂ ਯੋਜਨਾ ਦੀ ਸਫ਼ਲਤਾ ਨੂੰ ਦੇਖਦੇ ਹੋਏ ਨੌਵੀਂ ਯੋਜਨਾ ਵਿੱਚ ਵਿਕਾਸ ਦਾ ਟੀਚਾ 6.5 ਪ੍ਰਤੀਸ਼ਤ ਪ੍ਰਤੀ ਸਾਲ ਮਿੱਥਿਆ ਗਿਆ ਪਰ ਅਸਲ ਵਿੱਚ ਵਿਕਾਸ ਦੀ ਦਰ ਕੇਵਲ 5.5 ਪ੍ਰਤੀਸ਼ਤ ਰਹੀ। ਯੋਜਨਾ ਕਮਿਸ਼ਨ ਅਨੁਸਾਰ ਆਰਥਿਕ ਵਿਕਾਸ ਦੀ ਦਰ ਦੀ ਕਮੀ ਦਾ ਮੁੱਖ ਕਾਰਨ ਖੇਤੀ ਖੇਤਰ ਦਾ ਸੰਕਟ ਸੀ ਜਿਸਦਾ ਮਾੜਾ ਪ੍ਰਭਾਵ ਉਦਯੋਗਿਕ ਵਸਤਾਂ ਦੀ ਘੱਟ ਮੰਗ ਕਾਰਨ ਉਦਯੋਗਿਕ ਖੇਤਰ ਵਿੱਚ ਵੀ ਮਹਿਸੂਸ ਕੀਤਾ ਗਿਆ। ਵਿਸ਼ਵ ਬਾਜ਼ਾਰ ਵਿੱਚ ਮੰਦੀ ਦੇ ਪ੍ਰਭਾਵ ਕਾਰਨ ਵੀ ਨਿਰਯਾਤ ਖੇਤਰ ਅਤੇ ਫ਼ਲਸਰੂਪ ਆਰਥਿਕ ਵਿਕਾਸ ਦੀ ਦਰ ਕਮਜ਼ੋਰ ਰਹੀ।

ਦਸਵੀਂ ਯੋਜਨਾ ਵਿੱਚ 8 ਪ੍ਰਤੀਸ਼ਤ ਸਾਲਾਨਾ ਵਿਕਾਸ ਦਾ ਉਦੇਸ਼ ਰੱਖਿਆ ਗਿਆ। ਇਸ ਯੋਜਨਾ ਦੇ ਪਹਿਲੇ ਚਾਰ ਸਾਲ ਔਸਤ ਸਾਲਾਨਾ ਵਿਕਾਸ ਦਰ 8.7 ਪ੍ਰਤੀਸ਼ਤ ਰਹੀ ਪਰ ਆਖਰੀ ਸਾਲ ਆਰਥਿਕ ਵਿਕਾਸ ਪੱਖੋਂ ਕਮਜ਼ੋਰ ਵਰ੍ਹਾ ਰਹਿਣ ਕਾਰਨ ਕੁਲ ਘਰੇਲੂ ਉਤਪਾਦਨ ਵਿੱਚ ਵਾਧੇ ਦੀ ਸਾਲਾਨਾ ਦਰ ਹੇਠਾਂ ਸਰਕ ਕੇ 7.8 ਪ੍ਰਤੀਸ਼ਤ ਹੋ ਗਈ। ਪਰ ਸਮੁੱਚੇ ਰੂਪ ਵਿੱਚ ਆਰਥਿਕ ਵਿਕਾਸ ਦੇ ਪੱਖ ਤੋਂ ਇਸ ਯੋਜਨਾ ਦੀ ਸਫ਼ਲਤਾ ਕਾਰਨ ਭਾਰਤੀ ਅਰਥਵਿਵਸਥਾ ਸਭ ਤੋਂ ਤੇਜ ਦਰ ਨਾਲ ਵਿਕਾਸ ਕਰਨ ਵਾਲੀਆਂ ਅਰਥਵਿਵਸਥਾਵਾਂ ਵਿੱਚ ਸ਼ਾਮਲ ਹੋ ਗਈ।

ਗਿਆਰਵੀਂ ਪੰਜ ਸਾਲਾ ਯੋਜਨਾ ਵਿੱਚ 9 ਪ੍ਰਤੀਸ਼ਤ ਸਾਲਾਨਾ ਵਿਕਾਸ ਦਰ ਦਾ ਉਦੇਸ਼ ਪਿਛਲੀ ਯੋਜਨਾ ਦੀ ਸਫ਼ਲਤਾ ਤੋਂ ਪ੍ਰਭਾਵਿਤ ਸੀ। ਪਿਛਲੀਆਂ ਤਿੰਨ ਯੋਜਨਾਵਾਂ ਦੀ ਤਰ੍ਹਾਂ ਇਸ ਯੋਜਨਾ ਦਾ ਮੁੱਖ ਉਦੇਸ਼ ਬੁਨਿਆਦੀ ਢਾਂਚੇ ਅਤੇ ਊਰਜਾ ਖੇਤਰ ਦਾ ਤੇਜ ਵਿਕਾਸ ਕਰਨਾ ਸੀ ਤਾਂ ਕਿ ਘਰੇਲੂ ਨਿਜੀ ਨਿਵੇਸ਼ ਅਤੇ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਪਹਿਲੇ ਸਾਲ ਵਿੱਚ 9.3 ਪ੍ਰਤੀਸ਼ਤ ਆਰਥਿਕ ਵਿਕਾਸ ਦੀ ਦਰ ਮਿੱਥੇ ਟੀਚੇ ਤੋਂ ਵੱਧ ਸੀ। ਤੀਜੇ ਅਤੇ ਚੌਥੇ ਸਾਲ ਵਿੱਚ ਇਹ ਦਰ 8.4 ਪ੍ਰਤੀਸ਼ਤ ਰਹੀ ਜੋ ਕਿ ਸੰਤੋਸ਼ਜਨਕ ਸੀ ਪਰ ਦੂਜੇ ਸਾਲ (6.7 ਪ੍ਰਤੀਸ਼ਤ) ਅਤੇ ਪੰਜਵੇਂ ਸਾਲ (6.5 ਪ੍ਰਤੀਸ਼ਤ ਦਾ ਅਨੁਮਾਨ ਸੀ ਜੋ ਕਿ ਬਾਅਦ ਵਿੱਚ ਗਿਰ ਕੇ 5.3 ਪ੍ਰਤੀਸ਼ਤ ਆ ਗਈ। ਅੰਤਰਰਾਸ਼ਟਰੀ ਮੁਦਰਕ ਫੰਡ ਦੇ ਅਨੁਮਾਨ ਇਸਨੂੰ ਕੇਵਲ 4.9 ਪ੍ਰਤੀਸ਼ਤ ਤੱਕ ਹੀ ਦਰਸਾਉਂਦੇ ਹਨ) ਵਿੱਚ ਮਾੜੀ ਕਾਰਗੁਜ਼ਾਰੀ ਕਾਰਨ ਇਸ ਯੋਜਨਾ ਦੀ ਸਾਲਾਨਾ ਵਿਕਾਸ ਦਰ ਲਗਭਗ 7.9 ਪ੍ਰਤੀਸ਼ਤ ਰਹੀ।

ਹੁਣ ਵਿਸ਼ਵ ਮੰਦੀ ਦੇ ਪ੍ਰਭਾਵ ਭਾਰਤ ਵਿੱਚ ਵੀ ਉਜਾਗਰ ਹੋਣ ਕਾਰਨ ਅਤੇ ਮੂਲ ਢਾਂਚੇ ਦੀਆਂ ਕਮੀਆਂ ਕਾਰਨ ਭਾਰਤੀ ਉਦਯੋਗਿਕ ਖੇਤਰ ਦਾ ਵਿਕਾਸ ਬਹੁਤਾ ਤਸੱਲੀਬਖ਼ਸ਼ ਨਹੀਂ ਹੈ। ਇਸ ਲਈ ਇਸ ਯੋਜਨਾ ਵਿੱਚ ਪਿਛਲੀ ਯੋਜਨਾ ਦੀ 7.9 ਪ੍ਰਤੀਸ਼ਤ ਸਾਲਾਨ ਵਿਕਾਸ ਦੀ ਦਰ ਨੂੰ ਬਰਕਰਾਰ ਰੱਖਣਾ ਆਸਾਨ ਨਹੀਂ ਜਾਪਦਾ। ਦੂਜੇ ਪਾਸੇ ਯੂਰਪੀ ਯੂਨੀਅਨ ਦੇ ਸੰਕਟ ਕਾਰਨ ਸਾਡੇ ਨਿਰਯਾਤ ਨਿਰੰਤਰ ਘਟ ਰਹੇ ਹਨ ਅਤੇ ਵਿਦੇਸ਼ੀ ਨਿਵੇਸ਼ ਦੀ ਦਰ ਵੀ ਘਟੀ ਹੈ। ਇਸ ਸਮੇਂ ਵਿਸ਼ਾਲ ਵਿੱਤੀ ਘਾਟਾ ਅਤੇ ਉੱਚੀਆਂ ਕੀਮਤਾਂ ਸਾਡੀ ਅਰਥਵਿਵਸਥਾ ਸਾਹਮਣੇ ਵੱਡੀਆਂ ਚੁਣੌਤੀਆ ਹਨ।

**2. ਬੇਰੁਜ਼ਗਾਰੀ ਦਾ ਖਾਤਮਾ:** ਬੇਰੁਜ਼ਗਾਰੀ ਵਿੱਚ ਖਾਤਮੇ ਰਾਹੀਂ ਨਾ ਕੇਵਲ ਮਨੁੱਖੀ ਊਰਜਾ ਨੂੰ ਸਹੀ ਅਤੇ ਉਤਪਾਦਕੀ ਕੰਮਾਂ ਵਿੱਚ ਇਸਤੇਮਾਲ ਕੀਤਾ ਜਾ ਸਕਦਾ ਹੈ ਸਗੋਂ ਗਰੀਬੀ ਅਤੇ ਅਸਮਾਨਤਾ ਵੀ ਘਟਾਈ ਜਾ ਸਕਦੀ ਹੈ। ਭਾਰਤ ਵਿੱਚ ਧਨ ਦੀ ਅਸਮਾਨ ਵੰਡ ਕਾਰਨ ਬਹੁਤੀ ਜਨਸੰਖਿਆ ਉਤਪਾਦਕੀ ਸਾਧਨਾਂ ਤੋਂ ਵਾਂਝੀ ਹੈ ਅਤੇ ਜੀਵਨ ਨਿਰਵਾਹ ਲਈ ਰੁਜ਼ਗਾਰ ਤੋਂ ਪ੍ਰਾਪਤ ਆਮਦਨ ਉੱਪਰ ਨਿਰਭਰ ਕਰਦੀ ਹੈ। ਬੇਰੁਜ਼ਗਾਰੀ ਦੇ ਬੁਰੇ ਪ੍ਰਭਾਵ ਕੇਵਲ ਆਰਥਿਕ ਖੇਤਰ ਹੀ ਸੀਮਿਤ ਨਹੀਂ ਬਲਕਿ ਰਾਜਨੀਤਿਕ, ਸਮਾਜਿਕ ਅਤੇ ਮਾਨਸਿਕ ਵਿਗਾੜਾਂ ਦਾ ਵੀ ਕਾਰਨ ਬਣਦੇ ਹਨ।

ਭਾਰਤ ਦੀਆਂ ਸਾਰੀਆਂ ਯੋਜਨਾਵਾਂ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਅਤੇ ਇਸਦੇ ਖ਼ਾਤਮੇ ਦੀ ਲੋੜ ਨੂੰ ਪਹਿਚਾਣਿਆ ਗਿਆ ਹੈ। ਪਰ ਰੁਜ਼ਗਾਰ ਦੇ ਮੌਕਿਆਂ ਵਿੱਚ ਮੰਗ ਅਨੁਸਾਰ ਵਾਧਾ ਕਿਸੇ ਵੀ ਯੋਜਨਾ ਦਾ ਮੁੱਖ ਮੁੱਦਾ ਨਹੀਂ ਰਿਹਾ। ਬੇਰੁਜ਼ਗਾਰੀ ਦੇ ਖਾਤਮੇ ਲਈ ਠੋਸ ਰੁਜ਼ਗਾਰ ਦੀ ਨੀਤੀ ਦੀ ਜ਼ਰੂਰਤ ਹੁੰਦੀ ਹੈ ਜੋ ਕਿ ਵੱਖ-ਵੱਖ ਖੇਤਰਾਂ ਅਤੇ ਖਿੱਤਿਆਂ ਵਿੱਚ ਰੁਜ਼ਗਾਰ ਵਿੱਚ ਵਾਧੇ ਸੰਬੰਧੀ ਟੀਚਿਆਂ ਦਾ ਨਿਰਧਾਰਣ ਕਰਕੇ ਲੋੜੀਂਦੀ ਰਣਨੀਤੀ ਤਿਆਰ ਕਰੇ। ਪਰੰਤੂ ਭਾਰਤ ਵਿੱਚ ਆਰਥਿਕ ਵਿਕਾਸ ਯੋਜਨਾਬੰਦੀ ਦਾ ਮਹੱਤਵਪੂਰਨ ਉਦੇਸ਼ ਰਿਹਾ ਹੈ ਅਤੇ ਇਹ ਸਮਝਿਆ ਜਾਂਦਾ ਰਿਹਾ ਹੈ ਕਿ ਆਰਥਿਕ ਵਿਕਾਸ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਆਪਣੇ ਆਪ ਦੂਰ ਹੋ ਜਾਵੇਗੀ। ਆਰਥਿਕ ਵਿਕਾਸ ਅਤੇ ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧੇ ਵਿਚਲਾ ਅੰਤਰ-ਸੰਬੰਧ ਤਕਨੀਕਾਂ ਦੀ ਚੋਣ ਤੋਂ ਇਲਾਵਾ ਕਈ ਤੱਤਾਂ ਤੇ ਨਿਰਭਰ ਕਰਦਾ ਹੈ। ਭਾਰਤੀ ਯੋਜਨਾਬੰਦੀ ਇਸ ਪੱਖੋਂ ਕਾਫ਼ੀ ਦੋਸ਼ਪੂਰਣ ਰਹੀ ਹੈ।

ਪਹਿਲੀਆਂ ਤਿੰਨ ਪੰਜ ਸਾਲਾ ਯੋਜਨਾਵਾਂ ਅਤੇ ਤਿੰਨ ਸਾਲਾਨਾ ਯੋਜਨਾਵਾਂ ਦੇ ਸਮੇਂ (1951 ਤੋਂ ਲੈ ਕੇ 1969 ਤੱਕ) ਦੌਰਾਨ ਰੁਜ਼ਗਾਰ ਦੇ ਮੌਕਿਆਂ ਨੂੰ ਪੈਦਾ ਕਰਨ ਸੰਬੰਧੀ ਵਿਸ਼ੇਸ਼ ਨੀਤੀ ਦੀ ਘਾਟ ਸੀ ਇਸ ਸਮੇਂ ਦੌਰਾਨ 4.25 ਕਰੋੜ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਦੇ ਬਾਵਜੂਦ ਬੇਰੁਜ਼ਗਾਰੀ ਦੀ ਦਰ ਜੋ ਕਿ 1956 ਵਿੱਚ 2.9 ਪ੍ਰਤੀਸ਼ਤ ਸੀ, 1969 ਵਿੱਚ ਵਧ ਕੇ 9.6 ਪ੍ਰਤੀਸ਼ਤ ਹੋ ਗਈ। ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਕਿਰਤ ਸ਼ਕਤੀ ਵਿੱਚ ਵਾਧਾ ਕਿਰਤ ਸ਼ਕਤੀ ਵਿੱਚ ਵਾਧੇ ਤੋਂ ਘੱਟ ਹੋਣ ਕਾਰਨ ਬੇਰੁਜ਼ਗਾਰਾਂ ਦੀ ਸੰਖਿਆ ਪਹਿਲੀ ਯੋਜਨਾ ਦੇ ਅੰਤ ਵਿੱਚ 53 ਲੱਖ ਤੋਂ ਵਧ ਕੇ ਚੌਥੀ ਯੋਜਨਾ ਦੇ ਆਰੰਭ ਵਿੱਚ 2.3 ਕਰੋੜ ਤਕ ਪਹੁੰਚ ਗਈ।

ਚੌਥੀ ਯੋਜਨਾ ਵਿੱਚ ਪਹਿਲੀ ਵਾਰ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਭਗਵਤੀ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਤੇ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ। ਪੇਂਡੂ ਖੇਤਰ ਵਿੱਚ ਬਿਜਲੀਕਰਨ, ਮਕਾਨਾਂ ਦੀ ਉਸਾਰੀ, ਛੋਟੇ ਪੱਧਰ ਦੀਆਂ ਸਿੰਜਾਈ ਸਹੂਲਤਾਂ, ਪਸ਼ੂ ਪਾਲਨ, ਪੋਲਟਰੀ ਆਦਿ ਦੇ ਵਿਕਾਸ ਰਾਹੀਂ ਪੇਂਡੂ ਬੇਰੁਜ਼ਗਾਰੀ ਨੂੰ ਦੂਰ ਕਰਨ ਦੇ ਉਪਰਾਲੇ ਕੀਤੇ ਗਏ। ਪੜ੍ਹੇ ਲਿਖੇ ਬੇਰੁਜ਼ਗਾਰਾਂ ਲਈ 1973-74 ਵਿੱਚ 'ਅੱਧਾ ਮਿਲੀਅਨ ਨੌਕਰੀਆਂ' ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਪੰਜਵੀਂ ਯੋਜਨਾ ਵਿੱਚ ਪੇਂਡੂ ਖੇਤਰ ਦੇ ਭੂਮੀਹੀਣ ਕਾਮਿਆਂ ਵਿੱਚ ਮੌਸਮੀ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਦੂਰ ਕਰਨ ਲਈ 'ਕੰਮ ਬਦਲੇ ਅਨਾਜ' ਸਕੀਮ ਸ਼ੁਰੂ ਕੀਤੀ ਗਈ। ਇਸ ਕਿਰਤ ਸ਼ਕਤੀ ਦਾ ਇਸਤੇਮਾਲ ਪੇਂਡੂ ਖੇਤਰ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕਰਨ

ਦੀ ਜ਼ਿੰਮੇਵਾਰੀ ਰਾਜ ਸਰਕਾਰ ਅਤੇ ਅਨਾਜ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਸੀ। ਛੇਵੀਂ ਯੋਜਨਾ ਵਿੱਚ ਪੇਂਡੂ ਬੇਰੁਜ਼ਗਾਰੀ ਅਤੇ ਅਰਧਬੇਰੁਜ਼ਗਾਰੀ ਨੂੰ ਘੱਟ ਕਰਨ ਦੇ ਉਦੇਸ਼ ਨਾਲ ਰਾਸ਼ਟਰੀ ਗ੍ਰਾਮੀਣ ਰੋਜਗਾਰ ਪ੍ਰੋਗਰਾਮ (NREP) ਨੂੰ ਵੱਡੇ ਪੱਧਰ ਤੇ ਲਾਗੂ ਕੀਤਾ ਗਿਆ। ਇਹ ਪ੍ਰੋਗਰਾਮ 'ਕੰਮ ਬਦਲੇ ਅਨਾਜ' ਸਕੀਮ ਦਾ ਹੀ ਬਦਲਵਾਂ ਪਰ ਵਿਸਤ੍ਰਿਤ ਰੂਪ ਸੀ। ਇਸ ਯੋਜਨਾ ਵਿੱਚ ਰੁਜ਼ਗਾਰ ਦੀ ਦਰ ਵਿੱਚ 4.32 ਪ੍ਰਤੀਸ਼ਤ ਸਾਲਾਨਾ ਵਾਧਾ ਹੋਇਆ। ਪਰ ਇਸਦੇ ਬਾਵਜੂਦ ਸਾਧਾਰਣ ਬੇਰੁਜ਼ਗਾਰਾਂ (ਸਾਲ ਵਿੱਚ ਵਧੇਰੇ ਸਮਾਂ ਕੰਮ ਤੋਂ ਵਾਂਝੇ ਰਹਿਣ ਵਾਲੇ) ਦੀ ਸੰਖਿਆ ਯੋਜਨਾ ਦੇ ਆਰੰਭ ਵਿੱਚ 1.2 ਕਰੋੜ ਤੋਂ ਵਧ ਕੇ ਯੋਜਨਾ ਦੇ ਅੰਤ ਸਮੇਂ 1.39 ਕਰੋੜ ਤੱਕ ਪਹੁੰਚ ਗਈ।

ਸੱਤਵੀਂ ਯੋਜਨਾ ਵਿੱਚ ਸੰਗਠਿਤ ਪੇਂਡੂ ਵਿਕਾਸ ਪ੍ਰੋਗਰਾਮ (IRDP) ਅਤੇ ਪੇਂਡੂ ਭੂਮੀਹੀਣ ਰੁਜ਼ਗਾਰ ਗਰੰਟੀ ਪ੍ਰੋਗਰਾਮ (RLEGP) ਦੇ ਰਾਹੀਂ ਪੇਂਡੂ ਬੇਰੁਜ਼ਗਾਰੀ ਅਤੇ ਅਰਧਬੇਰੁਜ਼ਗਾਰੀ ਦੇ ਖਾਤਮੇ ਲਈ ਯਤਨ ਤੇਜ਼ ਕਰ ਦਿੱਤੇ ਗਏ। ਬਾਅਦ ਵਿੱਚ ਇਹਨਾਂ ਪ੍ਰੋਗਰਾਮਾਂ ਦੀ ਜਗ੍ਹਾ ਜਵਾਹਰ ਰੁਜ਼ਗਾਰ ਯੋਜਨਾ (JRY) ਨੇ ਲੈ ਲਈ। ਪੇਂਡੂ ਖੇਤਰ ਵਿੱਚ ਸਵੈ ਰੁਜ਼ਗਾਰ ਨੂੰ ਉਤਸ਼ਾਹਿਤ ਕਰਨ ਲਈ ਪੇਂਡੂ ਨੌਜਵਾਨਾਂ ਵਿੱਚ ਸਵੈ ਰੁਜ਼ਗਾਰ ਲਈ ਸਿਖਲਾਈ (TRYSEM) ਯੋਜਨਾ ਆਰੰਭ ਕੀਤੀ ਗਈ। ਇਹ ਯਤਨ ਸ਼ਲਾਘਾਯੋਗ ਤਾਂ ਸਨ ਪਰ ਕਾਫ਼ੀ ਨਹੀਂ ਸਨ। ਯੋਜਨਾ ਆਯੋਗ ਅਨੁਸਾਰ 1990 ਵਿੱਚ ਸਾਧਾਰਣ ਸਟੇਟੱਸ ਤੇ ਬੇਰੁਜ਼ਗਾਰੀ ਦੀ ਮਾਤਰਾ 1.3 ਕਰੋੜ ਅਤੇ ਦੈਨਿਕ ਸਟੇਟੱਸ ਤੇ ਬੇਰੁਜ਼ਗਾਰਾਂ ਦੀ ਸੰਖਿਆ 2 ਕਰੋੜ ਸੀ।

ਰਾਸ਼ਟਰੀ ਨਮੂਨਾ ਸਰਵੇਖਣ ਸੰਗਠਨ (NSSO) ਦੀ 2004-05 ਦੀ ਰਿਪੋਰਟ ਅਨੁਸਾਰ 1999-2000 ਤੋਂ 2004-05 ਦੇ ਵਕਫ਼ੇ ਦੌਰਾਨ 4.7 ਕਰੋੜ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਗਏ ਜੋ ਕਿ 1993-94 ਤੋਂ 1999-2000 ਤੱਕ ਦੇ ਵਕਫ਼ੇ ਦੇ ਮੁਕਬਲੇ ਦੁਗਣੇ ਸਨ। 1999-2000 ਤੋਂ 2004-05 ਵਿੱਚ ਰੁਜ਼ਗਾਰ ਦੇ ਮੌਕਿਆਂ ਵਿੱਚ ਸਾਲਾਨਾ ਵਾਧਾ 93 ਲੱਖ ਸੀ। ਇਸ ਸਮੇਂ ਦੌਰਾਨ ਰੁਜ਼ਗਾਰ ਵਿੱਚ ਸਾਲਾਨਾ ਵਾਧੇ ਦੀ ਦਰ 2.84 ਪ੍ਰਤੀਸ਼ਤ ਦੇ ਨਿਰਧਾਰਿਤ ਟੀਚੇ ਤੋਂ ਜਿਆਦਾ ਸੀ ਫਿਰ ਵੀ ਬੇਰੁਜ਼ਗਾਰੀ ਦੀ ਦਰ 1999-2000 ਵਿੱਚ 7.3 ਪ੍ਰਤੀਸ਼ਤ ਦੇ ਮੁਕਾਬਲੇ 2004-05 ਵਿੱਚ 8.3 ਪ੍ਰਤੀਸ਼ਤ ਸੀ।

NSSO ਦੇ 64ਵੇਂ ਦੌਰ ਦੇ ਅੰਕੜਿਆਂ ਅਨੁਸਾਰ 2004-05 ਦੇ ਮੁਕਾਬਲੇ 2007-08 ਵਿੱਚ ਕਿਰਤ ਸ਼ਕਤੀ ਵਿੱਚ 80 ਲੱਖ ਦਾ ਵਾਧਾ ਹੋਇਆ ਜਦ ਕਿ ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਕੇਵਲ 40 ਲੱਖ ਸੀ। ਤੇਜ਼ ਆਰਥਿਕ ਵਿਕਾਸ ਦੇ ਮੁਕਾਬਲੇ ਰੁਜ਼ਗਾਰ ਵਿੱਚ ਇਹ ਵਾਧਾ ਕਾਫ਼ੀ ਘੱਟ ਸੀ। ਪੇਂਡੂ ਬੇਰੁਜ਼ਗਾਰੀ ਦੀ ਸਮੱਸਿਆ ਦੇ ਸਥਾਈ ਹੱਲ ਲਈ ਸਿਤੰਬਰ 2005 ਵਿੱਚ ਰਾਸ਼ਟਰੀ ਰੁਜ਼ਗਾਰ ਗਾਰੰਟੀ ਐਕਟ ਹੋਂਦ ਵਿੱਚ ਆਇਆ। ਇਸ ਨੂੰ ਪਹਿਲੇ ਚਰਨ ਵਿੱਚ ਦੇਸ਼ ਦੇ 200 ਸਭ ਤੋਂ ਪਛੜੇ ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਗਿਆ। ਫਿਰ ਅਕਤੂਬਰ 2009 ਵਿੱਚ ਇਸ ਐਕਟ ਅਧੀਨ ਮਹਾਤਮਾ ਗਾਂਧੀ ਪੇਂਡੂ ਰੁਜ਼ਗਾਰ ਗਰੰਟੀ ਸਕੀਮ (MGNREGS) ਨੂੰ ਦੇਸ਼ ਦੇ ਸਾਰੇ ਪੇਂਡੂ ਖੇਤਰਾਂ ਵਿੱਚ ਲਾਗੂ ਕਰ ਦਿੱਤਾ ਗਿਆ। ਇਹ ਪੇਂਡੂ ਸਕੀਮ ਹਰੇਕ ਪੇਂਡੂ ਪਰਿਵਾਰ ਦੇ ਇੱਕ ਬਾਲਗ਼ ਮੈਂਬਰ ਨੂੰ ਪ੍ਰਤੀ ਦਿਨ ਮਜ਼ਦੂਰੀ ਦੇ ਆਧਾਰ ਤੇ ਸਾਲ ਵਿੱਚ 100 ਦਿਨਾਂ ਲਈ ਸ਼ਰੀਰਕ ਕਿਰਤ ਦਾ ਮੌਕਾ ਪ੍ਰਦਾਨ ਕਰਦੀ ਹੈ। ਇਸ ਸਕੀਮ ਅਧੀਨ ਪੈਦਾ ਕੀਤੇ ਕੁਲ ਰੁਜ਼ਗਾਰ ਮੌਕਿਆਂ ਦਾ 33 ਪ੍ਰਤੀਸ਼ਤ ਔਰਤਾਂ ਲਈ ਰਾਖਵਾਂ ਹੈ। ਇਸ ਐਕਟ ਅਨੁਸਾਰ ਸਾਲ ਵਿੱਚ 100 ਦਿਨਾਂ ਦਾ ਰੁਜ਼ਗਾਰ ਕਿਸੇ ਵੀ ਮਜ਼ਦੂਰ ਦਾ ਕਾਨੂੰਨੀ ਹੱਕ ਹੈ। ਇਸ ਸਕੀਮ ਦੇ ਤਹਿਤ ਕਿਰਤ ਸ਼ਕਤੀ ਦੀ ਵਰਤੋਂ ਪਾਣੀ ਦੀ ਸੰਭਾਲ, ਸੜਕਾਂ ਦੇ ਨਿਰਮਾਣ, ਜੰਗਲਾਂ ਅਧੀਨ ਖੇਤਰਫ਼ਲ ਵਿੱਚ ਵਾਧਾ ਆਦਿ ਕਾਰਜਾਂ ਲਈ ਕੀਤੀ ਜਾਂਦੀ ਹੈ। 2006-07 ਵਿੱਚ 2.1 ਕਰੋੜ, 2008-09 ਵਿੱਚ 4.26 ਕਰੋੜ, 2009-10 ਵਿੱਚ 5.26 ਅਤੇ 2010-11 ਵਿੱਚ 5.49 ਕਰੋੜ ਪਰਿਵਾਰਾਂ ਨੇ ਇਸ

ਸਕੀਮ ਦਾ ਲਾਭ ਉਠਾਇਆ। NSSO ਦੇ 66ਵੇਂ ਦੌਰ ਅਨੁਸਾਰ ਦੈਨਿਕ ਸਟੇਟਸ ਦੇ ਆਧਾਰ ਤੇ ਬੇਰੁਜ਼ਗਾਰਾਂ ਦੀ ਗਿਣਤੀ 2004-05 ਵਿੱਚ 3.32 ਕਰੋੜ ਤੋਂ ਘਟ ਕੇ 2009-10 ਵਿੱਚ 2.81 ਕਰੋੜ ਰਹਿ ਗਈ। ਇਸ ਵਿੱਚ ਲਗਭਗ ਪੇਂਡੂ ਬੇਰੁਜ਼ਗਾਰਾਂ ਦੀ ਸੰਖਿਆ ਲਗਭਗ 2.1 ਕਰੋੜ ਸੀ। ਇਸ ਲਈ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਜੜੋਂ ਖਤਮ ਕਰਨ ਲਈ ਰੁਜ਼ਗਾਰ ਦੈ ਮੌਕਿਆਂ ਵਿੱਚ ਤਕਰੀਬਨ 3 ਪ੍ਰਤੀਸ਼ਤ ਸਾਲਾਨਾ ਵਾਧੇ ਦੀ ਲੋੜ ਪਵੇਗੀ ਜਿਹਨਾਂ ਵਿੱਚੋਂ ਪੇਂਡੂ ਖੇਤਰ ਵਿੱਚ ਵਧੇਰੇ ਮੌਕੇ ਪ੍ਰਦਾਨ ਕਰਨ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ।

**3. ਆਤਮ-ਨਿਰਭਰਤਾ ਦੀ ਪ੍ਰਾਪਤੀ:** ਭਾਰਤੀ ਯੋਜਨਾਬੰਦੀ ਵਿੱਚ ਮਹਾਲਾਨੋਬਿਸ ਮਾਡਲ ਨੂੰ ਅਪਨਾਉਣਾ, ਆਤਮ ਨਿਰਭਰਤਾ ਦੀ ਦਿਸ਼ਾ ਵੱਲ ਪਹਿਲਾ ਵੱਡਾ ਯਤਨ ਸੀ। ਦੂਜੀ ਅਤੇ ਤੀਜੀ ਯੋਜਨਾ ਵਿੱਚ ਲੋਹਾ ਇਸਪਾਤ, ਇੰਜੀਨੀਅਰਿੰਗ, ਭਾਰੀ ਬਿਜਲੀ ਉਪਕਰਨ, ਖਣਨ, ਧਾਤੂ ਅਤੇ ਭਾਰੀ ਰਸਾਇਣਕ ਉਦਯੋਗ ਆਦਿ ਦਾ ਵਿਕਾਸ ਜੰਗੀ ਪੱਧਰ ਤੇ ਕੀਤਾ ਗਿਆ ਤਾਂ ਜੋ ਮੱਧਮ ਅਤੇ ਛੋਟੇ ਉਦਯੋਗਾਂ ਲਈ ਲੋੜੀਂਦੀ ਆਧੁਨਿਕ ਮਸ਼ੀਨਰੀ, ਔਜ਼ਾਰ ਅਤੇ ਮੱਧਵਰਤੀ ਵਸਤਾਂ ਦਾ ਉਤਪਾਦਨ ਘਰੇਲੂ ਮੰਡੀ ਵਿੱਚ ਕੀਤਾ ਜਾ ਸਕੇ। ਇਸ ਨੀਤੀ ਦਾ ਮਕਸਦ ਉਦਯੋਗਿਕ ਆਧਾਰ ਨੂੰ ਵਿਸ਼ਾਲ ਕਰਕੇ ਕੱਚੇ ਮਾਲ ਦਾ ਇਸਤੇਮਾਲ ਘਰੇਲੂ ਮੰਡੀ ਵਿੱਚ ਕਰਨਾ ਅਤੇ ਤਿਆਰ ਵਸਤਾਂ ਦੇ ਆਯਾਤ ਵਿੱਚ ਕਮੀ ਕਰਨਾ ਸੀ। ਪਰ ਇਸ ਸਮੇਂ ਵਿੱਚ ਵਿਦੇਸ਼ੀ ਪੂੰਜੀ ਅਤੇ ਅਨਾਜ ਦੇ ਆਯਾਤ ਵਿੱਚ ਵਾਧੇ ਕਾਰਨ ਭੁਗਤਾਨ ਸੰਤੁਲਨ ਦੀ ਸਥਿਤੀ ਵਿੱਚ ਨਿਘਾਰ ਆਇਆ।

ਦੂਜੇ ਦੇਸ਼ਾਂ ਉੱਤੇ ਆਰਥਿਕ ਨਿਰਭਰਤਾ ਰਾਜਨੀਤਿਕ ਸੁਤੰਤਰਤਾ ਵਿੱਚ ਰੁਕਾਵਟ ਬਣਦੀ ਹੈ। ਇਸ ਤੱਥ ਨੂੰ ਧਿਆਨ ਵਿੱਚ ਰੱਖਦੇ ਹੋਏ ਚੌਥੀ ਯੋਜਨਾ ਵਿੱਚ ਅਨਾਜ ਦੇ ਉਤਪਾਦਨ ਨੂੰ ਵਧਾਉਣ ਲਈ 'ਹਰੀ ਕ੍ਰਾਂਤੀ' ਦੀ ਨੀਂਹ ਰੱਖੀ ਗਈ ਤਾਂ ਕਿ ਅਮਰੀਕਾ ਤੋਂ ਕਣਕ ਦੇ ਰਿਆਇਤੀ ਆਯਾਤ ਤੋਂ ਛੁਟਕਾਰਾ ਪਾਇਆ ਜਾ ਸਕੇ। ਪਰ ਇਸ ਯੋਜਨਾ ਦੇ ਆਖਰੀ ਸਾਲ ਦੌਰਾਨ ਸੋਕੇ ਦੀ ਵਜਾਹ ਕਾਰਨ ਅਨਾਜ ਦੇ ਆਯਾਤ ਵਧ ਗਏ ਅਤੇ ਭੁਗਤਾਨ ਸੰਤੁਲਨ ਦੀ ਸਮੱਸਿਆ ਹੋਰ ਗੰਭੀਰ ਹੋ ਗਈ। ਛੇਵੀਂ ਯੋਜਨਾ ਦਾ ਅਹਿਮ ਮਕਸਦ ਭੁਗਤਾਨ ਸੰਤੁਲਨ ਦੀ ਸਮੱਸਿਆ ਨਾਲ ਨਜਿੱਠਣਾ ਸੀ। ਨਿਰਯਾਤਾਂ ਨੂੰ ਪ੍ਰੋਤਸ਼ਾਹਿਤ ਕਰਨਾ ਅਤੇ ਆਯਾਤ ਦਾ ਪ੍ਰਤੀਸਥਾਪਨ ਕਰਨਾ ਇਸ ਯੋਜਨਾ ਦੀ ਰਣਨੀਤੀ ਦਾ ਧੁਰਾ ਸੀ।

ਸੱਤਵੀਂ ਯੋਜਨਾ ਵਿੱਚ ਨਿਜੀਕਰਣ ਅਤੇ ਉਦਾਰੀਕਰਣ ਦੀ ਨੀਤੀ ਦਾ ਮੁੱਢ ਬੱਝਿਆ। ਆਤਮਨਿਰਭਰਤਾ ਦੀ ਬਜਾਇ ਅੰਤਰਨਿਰਭਰਤਾ ਦਾ ਮਹੱਤਵ ਵਧ ਗਿਆ। ਵਿਦੇਸ਼ੀ ਵਪਾਰ ਨੂੰ ਉਤਸ਼ਾਹਿਤ ਕਰਨ ਲਈ ਆਯਾਤਾਂ ਉੱਪਰ ਪਾਬੰਦੀਆਂ ਦਾ ਦਾਇਰਾ ਸੀਮਿਤ ਕਰ ਦਿੱਤਾ ਗਿਆ। ਅੱਠਵੀਂ ਯੋਜਨਾ ਵਿੱਚ 'ਨਵੀਂ ਆਰਥਿਕ ਨੀਤੀ' ਹੋਂਦ ਵਿੱਚ ਆਈ ਜਿਸਦਾ ਉਦੇਸ਼ ਭਾਰਤੀ ਅਰਥਵਿਵਸਥਾ ਦਾ ਵਿਸ਼ਵ ਅਰਥਚਾਰੇ ਨਾਲ ਏਕੀਕਰਨ ਕਰਨਾ ਸੀ। ਵਿਸ਼ਵ ਵਪਾਰ ਸੰਗਠਨ ਦਾ ਮੈਂਬਰ ਬਣਨ ਤੋਂ ਬਾਅਦ ਭਾਰਤ ਵਿੱਚ ਬਹੁਤੇ ਖੇਤਰਾਂ ਵਿੱਚ ਵਿਦੇਸ਼ੀ ਪੂੰਜੀ ਅਤੇ ਵਿਦੇਸ਼ੀ ਵਸਤਾਂ ਅਤੇ ਸੇਵਾਵਾਂ ਦੀ ਆਮਦ ਦਾ ਰਾਹ ਪੱਧਰਾ ਹੋ ਗਿਆ। ਅੱਠਵੀਂ ਯੋਜਨਾ ਤੋਂ ਬਾਅਦ ਆਤਮਨਿਰਭਰਤਾ ਦਾ ਉਦੇਸ਼ ਲਗਭਗ ਤਿਆਗ ਦਿੱਤਾ ਗਿਆ। ਊਰਜਾ ਦੀਆਂ ਵਧਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੈਟਰੋਲੀਅਮ ਪਦਾਰਥਾਂ ਅਤੇ ਕੋਲੇ ਦੇ ਆਯਾਤਾਂ ਉੱਪਰ ਵਧਦੀ ਨਿਰਭਰਤਾ ਭਾਰਤ ਦੀ ਸਵੈ ਨਿਰਭਰਤਾ ਦੇ ਉਦੇਸ਼ ਲਈ ਵੱਡੀ ਚੁਣੌਤੀ ਹਨ।

**4. ਆਰਥਿਕ ਅਸਮਾਨਤਾਵਾਂ ਵਿੱਚ ਕਮੀ:** ਭਾਰਤੀ ਸੰਵਿਧਾਨ ਵਿੱਚ ਸਮਾਜਵਾਦੀ ਸਮਾਜ ਦੀ ਸਥਾਪਨਾ ਦਾ ਉਦੇਸ਼ ਆਰਥਿਕ ਯੋਜਨਾਬੰਦੀ ਤੱਕ ਪਹੁੰਚਦੇ ਪਹੁੰਚਦੇ ਸੁੰਗੜ ਕੇ ਆਰਥਿਕ ਅਸਮਾਨਤਾਵਾਂ ਵਿੱਚ ਕਮੀ ਦੇ ਉਦੇਸ਼ ਵਿੱਚ ਤਬਦੀਲ ਹੋ ਕੇ ਰਹਿ ਗਿਆ। ਇੱਕ ਰਿਵਾਇਤ ਦੀ ਤਰ੍ਹਾਂ ਇਸ ਉਦੇਸ਼ ਨੂੰ ਹਰ ਯੋਜਨਾ ਦੇ ਮੁੱਖ ਉਦੇਸ਼ਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਪਰ ਇਸ ਉਦੇਸ਼ ਦੀ ਮਹੱਤਵਹੀਣਤਾ ਦਾ ਅੰਦਾਜ਼ਾ ਇਸ ਤੱਥ ਤੋਂ

ਲਗਾਇਆ ਜਾ ਸਕਦਾ ਹੈ ਕਿ ਮੁਢਲੀਆਂ ਯੋਜਨਾਵਾਂ ਦੇ ਖਰੜਿਆਂ ਵਿੱਚ ਨਾਂ ਤਾਂ ਆਮਦਨ ਅਤੇ ਧਨ ਦੀ ਵੰਡ ਵਿੱਚ ਅਸਮਾਨਤਾਵਾਂ ਸੰਬੰਧੀ ਅੰਕੜੇ ਪ੍ਰਕਾਸ਼ਿਤ ਕੀਤੇ ਗਏ ਅਤੇ ਨਾ ਹੀ ਇਹਨਾਂ ਨੂੰ ਘੱਟ ਕਰਨ ਲਈ ਟੀਚੇ ਨਿਰਧਾਰਿਤ ਕੀਤੇ ਗਏ ਅਤੇ ਨਾ ਹੀ ਇਸ ਸੰਬੰਧੀ ਕੋਈ ਵਿਸ਼ੇਸ਼ ਯੋਜਨਾ ਤਿਆਰ ਕੀਤੀ ਗਈ। ਚੌਥੀ ਯੋਜਨਾ ਵਿੱਚ ਇਹ ਸਵੀਕਾਰ ਕੀਤਾ ਗਿਆ ਕਿ ਸਿਰਫ ਰਾਜਕੋਸ਼ੀ ਨੀਤੀ ਆਰਥਿਕ ਅਸਮਾਨਤਾਵਾਂ ਨੂੰ ਦੂਰ ਕਰਨ ਲਈ ਕਾਫੀ ਨਹੀਂ। ਪਰ ਇਸ ਦੇ ਬਾਵਜੂਦ ਇਸ ਯੋਜਨਾ ਵਿੱਚ ਰੁਜ਼ਗਾਰ ਵਿੱਚ ਵਾਧਾ ਅਤੇ ਗਰੀਬੀ ਨੂੰ ਦੂਰ ਕਰਨ ਸੰਬੰਧੀ ਹੀ ਟੀਚੇ ਨਿਰਧਾਰਿਤ ਕੀਤੇ ਗਏ। ਭਾਰਤੀ ਯੋਜਨਾਬੰਦੀ ਇਸ ਭਰਮ ਦਾ ਸ਼ਿਕਾਰ ਰਹੀ ਹੈ ਕਿ ਆਰਥਿਕ ਵਿਕਾਸ ਨਾਲ ਰੁਜ਼ਗਾਰ ਦਾ ਪੱਧਰ ਵਧੇਗਾ ਅਤੇ ਅਸਮਾਨਤਾਵਾਂ ਵਿੱਚ ਕਮੀ ਹੋਵੇਗੀ।

ਪੇਂਡੂ ਖੇਤਰ ਵਿੱਚ ਭੂਮੀ ਦੀ ਮਾਲਕੀ ਕੁਝ ਹੱਥਾਂ ਵਿੱਚ ਕੇਂਦਰਿਤ ਹੋਣਾ ਭਾਰਤ ਵਿੱਚ ਅਸਮਾਨਤਾਵਾਂ ਦਾ ਮੁੱਖ ਕਾਰਨ ਹਨ। ਇਹਨਾਂ ਅਸਮਾਨਤਾਵਾਂ ਨੂੰ ਦੂਰ ਕਰਨ ਲਈ ਭੂਮੀ ਸੁਧਾਰ ਸਭ ਤੋਂ ਵੱਡਾ ਉਪਰਾਲਾ ਕਹੇ ਜਾ ਸਕਦੇ ਹਨ ਪਰ ਰਾਜਨੀਤਿਕ ਇੱਛਾ ਸ਼ਕਤੀ ਕਾਰਨ ਅਤੇ ਪ੍ਰਸ਼ਾਸਨਿਕ ਖਾਮੀਆਂ ਕਾਰਨ ਅੱਜ ਵੀ ਭੂਮੀ ਦੀ ਮਾਲਕੀ ਮੁੱਠੀ ਭਰ ਵੱਡੇ ਜ਼ਿਮੀਂਦਾਰਾਂ ਤੱਕ ਸੀਮਿਤ ਹੈ।

ਛੇਵੀਂ ਯੋਜਨਾ ਇਸ ਉਮੀਦ ਉੱਤੇ ਟਿਕੀ ਹੋਈ ਸੀ ਕਿ ਰਾਜਕੋਸ਼ੀ ਨੀਤੀ (ਪ੍ਰਗਤੀਸ਼ੀਲ ਕਰ ਪ੍ਰਣਾਲੀ ਅਤੇ ਸਰਵਜਨਕ ਖਰਚ), ਉਦਯੋਗਿਕ ਲਾਇਸੈਂਸਿੰਗ, ਏਕਾਧਿਕਾਰੀ ਪ੍ਰਵਿਰਤੀਆਂ ਦੇ ਖਾਤਮੇ ਲਈ ਕਾਨੂੰਨ ਅਤੇ ਰੁਜ਼ਗਾਰ ਵਿੱਚ ਵਾਧੇ ਰਾਹੀਂ ਆਰਥਿਕ ਅਸਮਾਨਤਾਵਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਪਰ ਅਸਲ ਵਿੱਚ ਏਕਾਧਕਾਰੀ ਪ੍ਰਵਿਰਤੀਆਂ ਦੀ ਰੋਕਥਾਮ ਵਾਲੇ ਕਾਨੂੰਨ ਬੇਅਸਰ ਸਾਬਿਤ ਹੋਏ; ਲਾਇਸੈਂਸਿੰਗ ਪ੍ਰਣਾਲੀ ਦਾ ਲਾਭ ਛੋਟੇ ਉਦਯੋਗਪਤੀਆਂ ਦੀ ਬਜਾਇ ਵੱਡੇ ਉਦਯੋਗਿਕ ਘਰਾਣਿਆਂ ਨੇ ਉਠਾਇਆ ਹੈ। ਪ੍ਰਗਤੀਸ਼ੀਲ ਕਰ ਪ੍ਰਣਾਲੀ ਕਾਰਨ ਅਸਮਾਨਤਾਵਾਂ ਤਾਂ ਘੱਟ ਨਹੀਂ ਹੋਈਆਂ ਪਰ ਕਾਲੇ ਧਨ ਦੀ ਮਾਤਰਾ ਵਿੱਚ ਵਾਧਾ ਜ਼ਰੂਰ ਹੋਇਆ ਹੈ। ਏ. ਬਾਗ਼ਚੀ ਤਾਂ ਇੱਥੋਂ ਤੱਕ ਕਹਿੰਦਾ ਹੈ ਕਿ ਭਾਰਤੀ ਕਰ ਪ੍ਰਣਾਲੀ ਅਸਲ ਵਿੱਚ ਪ੍ਰਗਤੀਸ਼ੀਲ ਹੈ ਹੀ ਨਹੀਂ। ਇਸਦੇ ਕਾਰਨ ਆਮਦਨ ਦੀ ਵੰਡ ਅਮੀਰ ਲੋਕਾਂ ਦੇ ਪੱਖ ਵਿੱਚ ਹੁੰਦੀ ਰਹੀ ਹੈ।

ਸੱਤਵੀਂ ਯੋਜਨਾ ਵਿੱਚ ਅਸਮਾਨਤਾਵਾਂ ਦਾ ਜ਼ਿਕਰ ਤੱਕ ਨਹੀਂ ਮਿਲਦਾ। ਅੱਠਵੀਂ ਯੋਜਨਾ ਵਿੱਚ ਤਾਂ ਮੰਡੀ ਤੰਤਰ ਦੀ ਪ੍ਰਧਾਨਤਾ ਕਾਰਨ ਅਸਮਾਨਤਾਵਾਂ ਪ੍ਰਤੀ ਦ੍ਰਿਸ਼ਟੀਕੋਣ ਹੀ ਬਦਲ ਗਿਆ। ਆਰਥਿਕ ਵਿਕਾਸ ਇੱਕੋ ਇੱਕ ਮਹੱਤਵਪੂਰਣ ਉਦੇਸ਼ ਬਣ ਗਿਆ। ਮੰਡੀ ਤੰਤਰ ਦੇ ਸਮਰਥਕ ਤੇਜ਼ ਆਰਥਿਕ ਵਿਕਾਸ ਲਈ ਅਸਮਾਨਤਾਵਾਂ ਨੂੰ ਵਧਾਉਣ ਵਿੱਚ ਵਿਸ਼ਵਾਸ ਰੱਖਦੇ ਹਨ। ਅੱਠਵੀਂ ਯੋਜਨਾ ਤੋਂ ਬਾਅਦ ਕਰ ਪ੍ਰਣਾਲੀ ਵੀ ਅਮੀਰ ਵਰਗ ਦੀਆਂ ਇੱਛਾਵਾਂ ਦੇ ਅਨੁਸਾਰੀ ਰਹੀ ਹੈ।

ਭਾਰਤ ਵਿੱਚ ਵਧਦੀਆਂ ਅਸਮਾਨਤਾਵਾਂ ਦਾ ਅੰਦਾਜ਼ਾ ਹੇਠ ਲਿਖੇ ਅੰਕੜਿਆਂ ਤੋਂ ਲਗਾਇਆ ਜਾ ਸਕਦਾ ਹੈ। 2004-05 ਦੇ ਅੰਕੜਿਆਂ ਅਨੁਸਾਰ ਧਨ ਦੀ ਮਾਲਕੀ ਪੱਖੋਂ ਉਪਰਲੇ 20 ਪ੍ਰਤੀਸ਼ਤ ਲੋਕ 45 ਪ੍ਰਤੀਸ਼ਤ ਤੋਂ ਵਧ ਧਨ ਤੇ ਕਾਬਜ ਸਨ ਜਦਕਿ ਹੇਠਲੇ 20 ਪ੍ਰਤੀਸ਼ਤ ਲੋਕਾਂ ਦਾ ਹਿੱਸਾ ਕੇਵਲ 8 ਪ੍ਰਤੀਸ਼ਤ ਸੀ। ਹੇਠਲੇ ਅਤੇ ਉਪਰਲੇ ਵਰਗ ਦੀਆਂ ਮਜ਼ਦੂਰੀ ਦੀਆਂ ਦਰਾਂ ਵਿੱਚ ਅੰਤਰ ਵਧਿਆ ਹੈ। OECD ਦੀ ਦਿਸੰਬਰ 2011 ਦੀ ਰਿਪੋਰਟ ਅਨੁਸਾਰ ਉਪਰਲੇ 10 ਪ੍ਰਤੀਸ਼ਤ ਮਜ਼ਦੂਰ ਵਰਗ ਦੀ ਔਸਤ ਮਜਦੂਰੀ ਦੀ ਦਰ ਹੇਠਲੇ 10 ਪ੍ਰਤੀਸ਼ਤ ਨਾਲੋਂ 12 ਗੁਣਾ ਹੈ ਅਤੇ ਪਿਛਲੇ ਵੀਹ ਸਾਲਾਂ ਵਿੱਚ ਇਹ ਅੰਤਰ ਦੁਗਣਾ ਹੋਇਆ ਹੈ। 2010-11 ਵਿੱਚ ਭਾਰਤ ਦੇ 100 ਸਭ ਤੋਂ ਅਮੀਰ ਵਿਅਕਤੀਆ ਦੀ ਆਮਦਨ ਦੇਸ਼ ਦੇ ਕੁਲ ਘਰੇਲੂ ਉਤਪਾਦ ਦੇ 17 ਪ੍ਰਤੀਸ਼ਤ ਦੇ ਬਰਾਬਰ ਸੀ ਨਵੀਂ ਆਰਥਿਕ ਨੀਤੀ ਕਾਰਨ ਭਾਰਤ ਨੇ ਨਵੀਆਂ ਬੁਲੰਦੀਆਂ ਨੂੰ ਛੂਹਿਆ ਜਾਂ ਨਹੀਂ, ਇਹ ਬਹਿਸ ਦਾ ਮੁੱਦਾ ਹੋ ਸਕਦਾ ਹੈ ਪਰ ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਆਰਥਿਕ ਅਸਮਾਨਤਾਵਾਂ ਸਿਖਰ ਨੂੰ ਛੂਹ ਰਹੀਆਂ ਹਨ।

**5. ਗਰੀਬੀ ਦਾ ਖਾਤਮਾ:** ਭਾਰਤ ਅਤੇ ਚੀਨ ਦੇ ਆਰਥਿਕ ਵਿਕਾਸ ਮਾਡਲਾਂ ਵਿੱਚ ਇੱਕ ਅਹਿਮ ਅੰਤਰ ਇਹ ਹੈ ਕਿ ਚੀਨੀ ਵਿਕਾਸ ਮਾਡਲ 'ਹੇਠਾਂ ਤੋਂ ਉਤਾਂਹ ਵੱਲ' ਦੀ ਨੀਤੀ ਤੇ ਆਧਾਰਿਤ ਸੀ ਜਿਸ ਵਿੱਚ ਛੋਟੇ ਅਤੇ ਕੁਟੀਰ ਉਦਯੋਗਾਂ ਅਤੇ ਪੇਂਡੂ ਖੇਤਰ ਵਿਸ਼ੇਸ਼ਕਰ ਖੇਤੀ ਖੇਤਰ ਦੇ ਵਿਕਾਸ ਨੂੰ ਤਰਜ਼ੀਹ ਦਿੱਤੀ ਗਈ। ਇਸ ਨੀਤੀ ਸਦਕਾ ਚੀਨ ਨੇ ਸਫਲਤਾ ਪੂਰਵਕ ਗਰੀਬੀ ਦੇ ਅਸਰ ਨੂੰ ਘਟਾਇਆ। ਇਸ ਦੇ ਉਲਟ ਭਾਰਤੀ ਯੋਜਨਾਬੰਦੀ ਵਿੱਚ ਭਾਰੀ ਅਤੇ ਬੁਨਿਆਦੀ ਉਦਯੋਗਾਂ ਦੇ ਵਿਕਾਸ ਨੂੰ ਪਹਿਲ ਦਿੱਤੀ ਗਈ। ਪਹਿਲੀਆਂ ਤਿੰਨ ਯੋਜਨਾਵਾਂ ਵਿੱਚ ਪੇਂਡੂ ਖੇਤਰ ਵਿੱਚ ਨਾਂ ਮਾਤਰ ਵਿਕਾਸ ਹੋਇਆ ਜਿਸ ਕਾਰਨ ਗਰੀਬ ਵਰਗ ਦੀ ਆਰਥਿਕ ਹਾਲਤ ਵਿੱਚ ਕੋਈ ਸੁਧਾਰ ਨਹੀਂ ਹੋ ਸਕਿਆ। ਅਨਾਜ ਦੀਆਂ ਵਧਦੀਆਂ ਕੀਮਤਾਂ ਨੇ ਇਸ ਵਰਗ ਦੀ ਹਾਲਤ ਹੋਰ ਖਸਤਾ ਕਰ ਦਿੱਤੀ।

ਪੰਜਵੀਂ ਪੰਜ ਸਾਲਾ ਯੋਜਨਾ ਵਿੱਚ ਪਹਿਲੀ ਵਾਰੀ ਗਰੀਬੀ ਨੂੰ ਦੂਰ ਕਰਨ ਦਾ ਉਦੇਸ਼ ਯੋਜਨਾਬੰਦੀ ਦਾ ਹਿੱਸਾ ਬਣਿਆ। ਪਹਿਲੀਆਂ ਯੋਜਨਾਵਾਂ ਵਾਂਗ ਇਸ ਯੋਜਨਾ ਅਨੁਸਾਰ ਵੀ ਆਰਥਿਕ ਵਿਕਾਸ ਹੀ ਗਰੀਬੀ ਦਾ ਹੱਲ ਸਮਝਿਆ ਗਿਆ। ਇਸ ਯੋਜਨਾ ਦੇ ਖਰੜੇ ਅਨੁਸਾਰ ਜੇਕਰ ਮਿੱਥੇ ਆਰਥਿਕ ਵਿਕਾਸ ਦੀ ਦਰ ਇੱਕ ਦਹਾਕੇ ਲਈ ਬਰਕਰਾਰ ਰੱਖੀ ਜਾ ਸਕੇ ਤਾਂ ਬਿਨਾ ਕਿਸੇ ਪੁਨਰਵੰਡ ਦੇ ਗਰੀਬੀ ਦੀ ਮਾਤਰਾ 46 ਪ੍ਰਤੀਸ਼ਤ ਤੋਂ ਘਟਾ ਕੇ 27 ਪ੍ਰਤੀਸ਼ਤ ਕੀਤੀ ਜਾ ਸਕਦੀ ਹੈ। ਛੇਵੀਂ ਯੋਜਨਾ ਵਿੱਚ ਯੋਜਨਾ ਆਯੋਗ ਨੇ ਸਵੀਕਾਰ ਕੀਤਾ ਕਿ ਸਿਰਫ ਆਰਥਿਕ ਵਿਕਾਸ ਅਤੇ ਰੁਜ਼ਗਾਰ ਵਿੱਚ ਵਾਧੇ ਰਾਹੀਂ ਗਰੀਬੀ ਨੂੰ ਦੂਰ ਨਹੀਂ ਕੀਤਾ ਜਾ ਸਕਦਾ। ਇਸ ਯੋਜਨਾ ਵਿੱਚ ਗਰੀਬੀ ਦੇ ਖਾਤਮੇ ਲਈ ਵਿਸ਼ੇਸ਼ ਪ੍ਰੋਗਰਾਮਾਂ ਦੀ ਲੋੜ ਨੂੰ ਪਛਾਣਿਆ ਗਿਆ ਜਿਹਨਾਂ ਦੇ ਤਹਿਤ ਦੇਸ਼ ਦੇ ਕੁਲ ਉਤਪਾਦਨ ਵਿੱਚ ਸਧਾਰਣ ਲੋਕਾਂ ਲਈ ਉਪਭੋਗੀ ਵਸਤਾਂ ਦੇ ਉਤਪਾਦਨ ਦਾ ਹਿੱਸਾ ਵੱਡਾ ਕਰਨ ਤੋਂ ਇਲਾਵਾ ਪਿਛੜੇ ਖੇਤਰਾਂ ਅਤੇ ਪਿਛੜੇ ਵਰਗਾਂ ਦੇ ਵਿਕਾਸ ਲਈ ਵਧ ਸਾਧਨਾਂ ਦੀ ਵਰਤੋਂ ਦੀ ਸਿਫ਼ਾਰਿਸ਼ ਕੀਤੀ ਗਈ।

ਸਰਕਾਰੀ ਅੰਕੜਿਆਂ ਅਨੁਸਾਰ ਆਰਥਿਕ ਵਿਕਾਸ ਅਤੇ ਗਰੀਬੀ ਅਵਮੂਲਣ ਪ੍ਰੋਗਰਾਮਾਂ ਕਾਰਨ ਗਰੀਬੀ ਰੇਖਾ ਤੋਂ ਨਿਚਲੀ ਜਨਸੰਖਿਆ ਜੋ 1977-78 ਵਿੱਚ 48.3 ਪ੍ਰਤੀਸ਼ਤ ਸੀ, 1987-88 ਵਿੱਚ ਘਟ ਕੇ 29.9 ਪ੍ਰਤੀਸ਼ਤ ਰਹਿ ਗਈ। ਪਰ ਗੈਰਸਰਕਾਰੀ ਅੰਕੜਿਆਂ ਅਨੁਸਾਰ 1985-86 ਵਿੱਚ 45 ਪ੍ਰਤੀਸ਼ਤ ਤੋਂ ਵੀ ਵਧੇਰੇ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਸੀ। ਯੋਜਨਾ ਕਮੀਸ਼ਨ ਨੇ ਸਵੀਕਾਰ ਕੀਤਾ ਕਿ ਗਰੀਬੀ ਅਵਮੂਲਣ ਪ੍ਰੋਗਰਾਮ ਇਸ ਸਮੱਸਿਆ ਦਾ ਸਥਾਈ ਹੱਲ ਨਹੀਂ ਹਨ। ਗਰੀਬ ਜਨਤਾ ਦੀ ਇਹਨਾਂ ਸਕੀਮਾਂ ਉੱਪਰ ਨਿਰਭਰਤਾ ਖਤਮ ਕਰਨ ਲਈ ਖੇਤੀ ਖੇਤਰ ਨੂੰ ਮਜ਼ਬੂਤ ਕਰਨਾ ਮੁਢਲੀ ਸ਼ਰਤ ਹੈ।

ਯੋਜਨਾ ਕਮਿਸ਼ਨ ਅਨੁਸਾਰ 1992-93 ਵਿੱਚ 40.7 ਪ੍ਰਤੀਸ਼ਤ ਅਤੇ 1993-94 ਵਿੱਚ 36 ਪ੍ਰਤੀਸ਼ਤ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਸੀ। ਯੋਜਨਾ ਕਮਿਸ਼ਨ ਨੇ NSSO ਦੇ 55ਵੇਂ ਦੌਰ ਵਿੱਚ ਗਰੀਬੀ ਦੇ ਗਲਤ ਮਾਪਦੰਡਾਂ ਉੱਪਰ ਆਧਾਰਿਤ ਅੰਕੜਿਆਂ ਦੀ ਸਹਾਇਤਾ ਨਾਲ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਕਿ ਸਰਕਾਰੀ ਯਤਨਾਂ ਸਦਕਾ 1999-2000 ਵਿੱਚ ਕੇਵਲ 27 ਪ੍ਰਤੀਸ਼ਤ ਜਨਸੰਖਿਆ ਗਰੀਬੀ ਦੀ ਰੇਖਾ ਤੋਂ ਹੇਠਾਂ ਸੀ। NSSO ਦੇ 61ਵੇਂ ਦੌਰ ਅਨੁਸਾਰ 2004-05 ਵਿੱਚ ਗਰੀਬੀ ਦੀ ਦਰ 27.5 ਪ੍ਰਤੀਸ਼ਤ ਸੀ। ਤੇਂਦੁਲਕਰ ਕਮੇਟੀ ਦੀ ਰਿਪੋਰਟ ਇਹਨਾਂ ਅੰਕੜਿਆਂ ਦਾ ਖੰਡਨ ਕਰਦੀ ਹੋਈ ਦਰਸਾਉਂਦੀ ਹੈ ਕਿ 2004-05 ਵਿੱਚ ਪੇਂਡੂ ਖੇਤਰ ਵਿੱਚ 41.7 ਪ੍ਰਤੀਸ਼ਤ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਸੀ ਜਿਹਨਾਂ ਦੀ ਪ੍ਰਤੀ ਵਿਅਕਤੀ ਮਾਸਿਕ ਆਮਦਨ 466.68 ਰੁਪਏ ਤੋਂ ਵੀ ਘੱਟ ਸੀ ਜਦ ਕਿ ਸ਼ਹਿਰੀ ਖੇਤਰ ਵਿੱਚ 25.7 ਪ੍ਰਤੀਸ਼ਤ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਸਨ ਜਿਹਨਾਂ ਦੀ ਆਮਦਨ 578.80 ਰੁਪਏ ਪ੍ਰਤੀ ਮਹੀਨਾ ਤੋਂ ਘੱਟ ਸੀ। ਇਸ ਤਰ੍ਹਾਂ ਇਸ ਸਮੇਂ ਭਾਰਤ ਦੀ ਕੁਲ ਜਨਸੰਖਿਆ ਦਾ 37 ਪ੍ਰਤੀਸ਼ਤ ਤੋਂ ਵੀ ਵਧ ਹਿੱਸਾ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਿਹਾ ਸੀ।

NSSO ਦੇ 66ਵੇਂ ਦੌਰ ਵਿੱਚ ਗਰੀਬੀ ਰੇਖਾ ਦਾ ਬੇਹੱਦ ਕਮਜ਼ੋਰ ਮਾਪ ਅਪਣਾਇਆ ਗਿਆ ਜਿਸਦੇ ਅਨੁਸਾਰ ਸ਼ਹਿਰੀ ਖੇਤਰ ਵਿੱਚ 28.60 ਰੁਪਏ ਅਤੇ ਪੇਂਡੂ ਖੇਤਰ ਵਿੱਚ 22.40 ਰੁਪਏ ਪ੍ਰਤੀ ਦਿਨ ਤੋਂ ਵਧੇਰੇ ਕਮਾਉਣ ਵਾਲਾ ਵਿਅਕਤੀ ਗਰੀਬ ਨਹੀਂ ਕਿਹਾ ਜਾ ਸਕਦਾ। ਇਸ ਕਮਜ਼ੋਰ ਮਾਪ ਦੇ ਬਾਵਜੂਦ 29.8 ਪ੍ਰਤੀਸ਼ਤ ਜਨਸੰਖਿਆ ਗਰੀਬੀ ਦੀ ਰੇਖਾ ਤੋਂ ਹੇਠਾਂ ਪਾਈ ਗਈ। ਅਸਲ ਵਿੱਚ ਗਰੀਬੀ ਦੀ ਸਮੱਸਿਆ ਇਹਨਾਂ ਦਰਸਾਏ ਅੰਕੜਿਆਂ ਤੋਂ ਕਿਤੇ ਗੰਭੀਰ ਹੈ। ਸਿਰਫ ਬੁਨਿਆਦੀ ਜ਼ਰੂਰਤਾਂ ਦੇ ਆਧਾਰ ਤੇ ਗਰੀਬੀ ਦਾ ਮਾਪ ਕਰਨਾ ਉਚਿਤ ਨਹੀਂ ਹੈ। ਹਰ ਉਹ ਵਿਅਕਤੀ ਗਰੀਬ ਹੈ ਜਿਸਨੂੰ ਵਿਕਾਸ ਦੇ ਬਰਾਬਰ ਮੌਕੇ ਉਪਲਬਧ ਨਹੀਂ ਹਨ ਅਤੇ ਜੋ ਚੰਗੀਆਂ ਸਿਹਤ ਅਤੇ ਸਿੱਖਿਆ ਸਹੂਲਤਾਂ ਤੋਂ ਸੱਖਣਾ ਹੈ। ਗਰੀਬੀ ਦੇ ਬਹੁਪੱਖੀ ਸੂਚਕਾਂਕ ਦੇ ਅਨੁਸਾਰ ਭਾਰਤ ਦੀ 53.7 ਪ੍ਰਤੀਸ਼ਤ ਜਨਸੰਖਿਆ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ।

**6. ਆਧੁਨਿਕੀਕਰਨ:** ਆਧੁਨਿਕੀਕਰਨ ਦਾ ਵਿਸਥਾਰਪੂਰਵਕ ਜ਼ਿਕਰ ਭਾਵੇਂ ਪਹਿਲੀ ਵਾਰ ਛੇਵੀਂ ਯੋਜਨਾ ਵਿੱਚ ਕੀਤਾ ਗਿਆ ਪਰ ਆਧੁਨਿਕੀਕਰਨ ਦੀ ਪ੍ਰਕ੍ਰਿਆ ਸਮੁੱਚੀ ਯੋਜਨਾਬੰਦੀ ਵਿੱਚ ਨਿਰੰਤਰ ਜਾਰੀ ਰਹੀ ਹੈ। ਦੂਜੀ ਅਤੇ ਤੀਜੀ ਯੋਜਨਾ ਵਿੱਚ ਆਧੁਨਿਕ ਪੂੰਜੀ ਪ੍ਰਧਾਨ ਤਕਨੀਕਾਂ ਨਾਲ ਬੁਨਿਆਦੀ ਅਤੇ ਭਾਰੀ ਉਦਯੋਗਾਂ ਦੀ ਸਥਾਪਨਾ ਦਾ ਉਦੇਸ਼ ਉਦਯੋਗੀਕਰਨ ਦੇ ਨਾਲ ਨਾਲ ਮਸ਼ੀਨਰੀ ਦੀ ਪੈਦਾਵਾਰ ਵਿੱਚ ਵਾਧਾ ਕਰਨਾ ਸੀ ਤਾਂ ਕਿ ਪਿਛੜੀਆਂ ਤਕਨੀਕਾਂ ਦੀ ਵਰਤੋਂ ਕਰਨ ਵਾਲੇ ਛੋਟੇ ਉਦਯੋਗਾਂ ਅਤੇ ਖੇਤੀ ਦਾ ਆਧੁਨਿਕੀਕਰਨ ਕੀਤਾ ਜਾ ਸਕੇ। ਚੌਥੀ ਯੋਜਨਾ ਦੌਰਾਨ 'ਨਵੀਂ ਖੇਤੀ ਨੀਤੀ' ਦੇ ਤਹਿਤ ਸੁਧਰੇ ਬੀਜਾਂ, ਰਸਾਇਣਕ ਖਾਦਾਂ ਅਤੇ ਆਧੁਨਿਕ ਮਸ਼ੀਨਰੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਕੇ ਰਵਾਇਤੀ ਖੇਤੀ ਦੇ ਨਵੀਨੀਕਰਨ ਕਰਨ ਦੇ ਯਤਨ ਕੀਤੇ ਗਏ।

ਭਾਰਤ ਵਿੱਚ ਆਧੁਨਿਕੀਕਰਨ ਸਿਰਫ ਤਕਨੀਕੀ ਉੱਨਤੀ ਤੱਕ ਹੀ ਸੀਮਿਤ ਨਹੀਂ ਰਿਹਾ। ਛੇਵੀਂ ਯੋਜਨਾ ਦੇ ਖਰੜੇ ਅਨੁਸਾਰ ਆਰਥਿਕ ਕ੍ਰਿਆਵਾਂ ਨੂੰ ਪ੍ਰਭਾਵਿਤ ਕਰਨ ਵਾਲੇ ਸੰਰਚਨਾਤਮਕ ਅਤੇ ਸੰਸਥਾਗਤ ਸੁਧਾਰ ਵੀ ਆਧੁਨਿਕੀਕਰਨ ਦਾ ਹਿੱਸਾ ਹਨ। ਰਾਸ਼ਟਰੀ ਆਮਦਨ ਵਿੱਚ ਵੱਖ ਵੱਖ ਖੇਤਰਾਂ ਦੇ ਯੋਗਦਾਨ ਵਿੱਚ ਤਬਦੀਲੀਆਂ, ਉਤਪਾਦਨ ਵਿੱਚ ਵਿਭਿੰਨਤਾ, ਇੱਕ ਬਸਤੀਵਾਦੀ ਅਰਥਵਿਵਸਥਾ ਦਾ ਆਤਮ ਨਿਰਭਰ ਉਦਯੋਗਿਕ ਅਰਥਵਿਵਸਥਾ ਵਿੱਚ ਰੂਪਾਂਤਰਣ ਇਸੇ ਪ੍ਰਕ੍ਰਿਆ ਦਾ ਹਿੱਸਾ ਹਨ। ਇਸ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਯੋਜਨਾਬੰਦੀ ਦੇ ਸ਼ੁਰੂਆਤੀ ਦੌਰ ਦੇ ਮੁਕਾਬਲੇ ਭਾਰਤੀ ਅਰਥਵਿਵਸਥਾ ਅਨਾਜ ਅਤੇ ਲੋਹੇ ਇਸਪਾਤ ਦੇ ਉਤਪਾਦਨ ਵਿੱਚ ਪੂਰੀ ਤਰ੍ਹਾਂ ਆਤਮਨਿਰਭਰ ਹੈ। ਖੇਤੀ ਖੇਤਰ ਵਿੱਚ ਸਿੰਜਾਈ ਸਹੂਲਤਾਂ ਦੇ ਪਸਾਰ ਕਾਰਨ ਮੌਸਮ ਤੇ ਨਿਰਭਰਤਾ ਘਟੀ ਹੈ; ਖੇਤੀ ਵਿੱਚ ਸਸਤੇ ਸੰਸਥਾਗਤ ਕਰਜ਼ ਅਤੇ ਖੋਜ ਦੀਆਂ ਸਹੂਲਤਾਂ ਵਧੀਆਂ ਹਨ। ਬੈਂਕਿੰਗ ਅਤੇ ਬੀਮਾ ਖੇਤਰ, ਆਵਾਜਾਈ ਅਤੇ ਸੰਚਾਰ ਆਦਿ ਸੇਵਾਵਾਂ ਦਾ ਨਾ ਕੇਵਲ ਵਿਸਥਾਰ ਹੋਇਆ ਹੈ ਬਲਕਿ ਗੁਣਵੱਤਾ ਵਿੱਚ ਵੀ ਵਾਧਾ ਹੋਇਆ ਹੈ। 1991 ਦੀ ਨਵੀਂ ਆਰਥਿਕ ਨੀਤੀ ਦਾ ਮੁੱਖ ਉਦੇਸ਼ ਬਹੁ-ਰਾਸ਼ਟਰੀ ਕੰਪਨੀਆਂ ਨੂੰ ਆਕਰਸ਼ਿਤ ਕਰਨਾ ਸੀ ਤਾਂ ਕਿ ਅਤੀ ਆਧੁਨਿਕ ਤਕਨੀਕਾਂ ਅਤੇ ਖੋਜਾਂ ਦਾ ਲਾਭ ਉਠਾਇਆ ਜਾ ਸਕੇ। ਪਰ ਇਸਦੇ ਜਿਆਦਾ ਲਾਭ ਆਟੋ ਸੈਕਟਰ, ਸੂਚਨਾ ਤਕਨੋਲੋਜੀ ਅਤੇ ਉਪਭੋਗੀ ਵਸਤਾਂ ਦੀ ਪੈਦਾਵਾਰ ਤੱਕ ਹੀ ਸੀਮਿਤ ਰਹੇ ਹਨ। ਯੋਜਨਾਬੰਦੀ ਸਦਕਾ ਹੀ ਭਾਰਤ ਅੱਜ ਇੱਕ ਪ੍ਰਮਾਣੂ ਸ਼ਕਤੀ ਹੈ; ਪੁਲਾੜ ਵਿਗਿਆਨ ਵਿੱਚ ਵਿਸ਼ੇਸ਼ ਥਾਂ ਰੱਖਦਾ ਹੈ ਅਤੇ ਤੇਜੀ ਨਾਲ ਉਦਯੋਗੀਕਰਨ ਦੀ ਦਿਸ਼ਾ ਵੱਲ ਵਧ ਰਿਹਾ ਹੈ। ਪਰ ਤ੍ਰਾਸਦੀ ਇਹ ਹੈ ਕਿ ਇਸ ਕਿਸਮ ਦੇ ਆਧੁਨਿਕੀਕਰਨ ਦੇ ਲਾਭ ਸਿਰਫ ਗਿਣਤੀ ਦੇ ਲੋਕਾਂ ਤੱਕ ਹੀ ਸੀਮਿਤ ਹਨ।

## IV. ਯੋਜਨਾਬੰਦੀ ਦਾ ਮੁਲਾਂਕਣ

ਭਾਰਤੀ ਯੋਜਨਾਵਾਂ ਪ੍ਰਾਪਤੀਆਂ ਅਤੇ ਅਸਫਲਤਾਵਾਂ ਦਾ ਮਿਸ਼ਰਣ ਰਹੀਆਂ ਹਨ। ਪਿਛਲੇ ਛੇ ਦਹਾਕਿਆਂ ਦੀ ਯੋਜਨਾਬੰਦੀ ਦਾ ਲੇਖਾ-ਜੋਖਾ ਹੇਠ ਲਿਖੇ ਅਨੁਸਾਰ ਹੈ।

**1. ਰਾਸ਼ਟਰੀ ਆਮਦਨ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧਾ:** ਭਾਰਤੀ ਯੋਜਨਾਵਾਂ ਦੀ ਇੱਕ ਵੱਡੀ ਪ੍ਰਾਪਤੀ ਗਤੀਹੀਣ ਅਰਥਵਿਵਸਥਾ ਨੂੰ ਆਰਥਿਕ ਵਿਕਾਸ ਦੇ ਮਾਰਗ ਤੇ ਤੋਰਨਾ ਰਹੀ ਹੈ। 2011-12 ਦੇ ਅੰਕੜਿਆਂ ਅਨੁਸਾਰ 1950-51 ਤੋਂ 2011-12 ਤੱਕ ਰਾਸ਼ਟਰੀ ਆਮਦਨ ਵਿੱਚ ਸਾਲਾਨਾ ਵਾਧੇ ਦੀ ਦਰ 4.7 ਪ੍ਰਤੀਸ਼ਤ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਸਾਲਾਨਾ ਵਾਧੇ ਦੀ ਦਰ 2.7 ਪ੍ਰਤੀਸ਼ਤ ਰਹੀ ਹੈ। ਵਿਕਾਸ ਦੀਆਂ ਸੰਭਾਵਨਾਵਾਂ ਦੇ ਮੱਦੇ ਨਜ਼ਰ ਜੇਕਰ ਇਹ ਵਾਧਾ ਬਹੁਤਾ ਨਹੀਂ ਤਾਂ ਔਕੜਾਂ ਅਤੇ ਚੁਣੌਤੀਆਂ ਨੂੰ ਦੇਖਦੇ ਹੋਏ ਥੋੜ੍ਹਾ ਵੀ ਨਹੀਂ। ਯੋਜਨਾਬੰਦੀ ਦੇ ਪਹਿਲੇ ਤੀਹ ਸਾਲਾਂ ਦੌਰਾਨ ਰਾਸ਼ਟਰੀ ਆਮਦਨ ਵਿੱਚ ਔਸਤ ਸਾਲਾਨਾ ਵਾਧੇ ਦੀ ਦਰ ਕੇਵਲ 3.5 ਪ੍ਰਤੀਸ਼ਤ ਸੀ। ਤੀਜੀ ਅਤੇ ਚੌਥੀ ਯੋਜਨਾ ਦੌਰਾਨ ਜਨਸੰਖਿਆ ਵਿਸਫੋਟ ਕਾਰਨ ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧੇ ਦੀ ਦਰ ਕ੍ਰਮਵਾਰ 0.1 ਪ੍ਰਤੀਸ਼ਤ ਅਤੇ 0.8 ਪ੍ਰਤੀਸ਼ਤ ਸਾਲਾਨਾ ਸੀ। ਛੇਵੀਂ ਅਤੇ ਸੱਤਵੀਂ ਯੋਜਨਾ ਵਿੱਚ ਸਾਧਾਰਨ ਕਾਰਗੁਜ਼ਾਰੀ ਤੋਂ ਬਾਅਦ ਅੱਠਵੀਂ ਯੋਜਨਾ ਵਿੱਚ ਰਾਸ਼ਟਰੀ ਆਮਦਨ ਵਿੱਚ 6.5 ਪ੍ਰਤੀਸ਼ਤ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ 4.6 ਪ੍ਰਤੀਸ਼ਤ ਸਾਲਾਨਾ ਵਾਧਾ ਹੋਇਆ। ਦਸਵੀਂ ਯੋਜਨਾ ਦੌਰਾਨ ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧੇ ਦੀ ਦਰ 5.9 ਪ੍ਰਤੀਸ਼ਤ ਸਾਲਾਨਾ ਸੀ। 11ਵੀਂ ਯੋਜਨਾ ਵਿੱਚ ਆਰਥਿਕ ਵਿਕਾਸ ਦੀ 7.8 ਪ੍ਰਤੀਸ਼ਤ ਦਰ ਸਾਰੀਆਂ ਯੋਜਨਾਵਾਂ ਤੋਂ ਬਿਹਤਰ ਰਹੀ।

ਭਾਰਤ ਵਿੱਚ ਆਰਥਿਕ ਵਿਕਾਸ ਦੀ ਦਰ ਨਾ ਕੇਵਲ ਅਸਥਿਰਤਾ ਦਾ ਸ਼ਿਕਾਰ ਰਹੀ ਹੈ ਬਲਕਿ ਚੀਨ, ਮਲੇਸ਼ੀਆ, ਹਾਂਗਕਾਂਗ ਵਰਗੇ ਦੇਸ਼ਾਂ ਵਿੱਚ ਆਰਥਿਕ ਵਿਕਾਸ ਦੇ ਮੁਕਾਬਲੇ ਕਾਫੀ ਨੀਵੀਂ ਵੀ ਰਹੀ ਹੈ। ਇਹਨਾਂ ਦੇਸ਼ਾਂ ਵਿੱਚ 1980ਵਿਆਂ ਵਿੱਚ ਵਿਕਾਸ ਦੀ ਇਹ ਦਰ 10 ਪ੍ਰਤੀਸ਼ਤ ਤੋਂ ਵਧੇਰੇ ਸੀ। 1990 ਤੋਂ ਬਾਅਦ 2010-11 ਵਿੱਚ ਚੀਨ ਦੀ ਵਿਕਾਸ ਦਰ ਪਹਿਲੀ ਵਾਰ 10 ਪ੍ਰਤੀਸ਼ਤ ਤੋਂ ਹੇਠਾਂ ਗਿਰੀ ਹੈ। ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਭਾਰਤ ਦੀ ਸਥਿਤੀ ਇਹਨਾਂ ਦੇਸ਼ਾਂ ਮੁਕਾਬਲੇ ਕਿਤੇ ਕਮਜ਼ੋਰ ਹੈ।

**2. ਪੂੰਜੀ ਨਿਰਮਾਣ ਅਤੇ ਬੱਚਤ ਦਰ ਵਿੱਚ ਵਾਧਾ:** ਆਰਥਿਕ ਵਿਕਾਸ ਦੀ ਲੋੜ ਦੇ ਮੱਦੇ ਨਜ਼ਰ ਪੂੰਜੀ ਨਿਰਮਾਣ ਅਤੇ ਬੱਚਤਾਂ ਦਾ ਭਾਰਤੀ ਯੋਜਨਾਬੰਦੀ ਵਿੱਚ ਅਹਿਮ ਸਥਾਨ ਰਿਹਾ। 1950-51 ਵਿੱਚ ਕੁਲ ਘਰੇਲੂ ਉਤਪਾਦਨ ਦੇ ਮਾਪ ਤੇ ਆਧਾਰਿਤ ਘਰੇਲੂ ਪੂੰਜੀ ਨਿਰਮਾਣ ਅਤੇ ਘਰੇਲੂ ਬੱਚਤ ਦਰ ਕ੍ਰਮਵਾਰ 9.5 ਪ੍ਰਤੀਸ਼ਤ ਅਤੇ 9.3 ਪ੍ਰਤੀਸ਼ਤ ਸਨ। ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧੇ ਦੀ ਦਰ ਬਹੁਤ ਨੀਵੀਂ ਹੋਣ ਕਾਰਨ ਘਰੇਲੂ ਬੱਚਤ ਦਰ ਅਤੇ ਪੂੰਜੀ ਨਿਰਮਾਣ ਦਰ ਵਿੱਚ ਬੇਹੱਦ ਸੁਸਤ ਦਰ ਨਾਲ ਵਾਧਾ ਹੋਇਆ। 1984-85 ਵਿੱਚ ਪੂੰਜੀ ਨਿਰਮਾਣ ਦਰ 19.2 ਪ੍ਰਤੀਸ਼ਤ ਸੀ ਪਰ ਘਰੇਲੂ ਬੱਚਤ ਦਰ 17.8 ਪ੍ਰਤੀਸ਼ਤ ਰਹਿਣ ਕਾਰਨ ਵਿਦੇਸ਼ੀ ਸਾਧਨਾਂ ਤੇ ਨਿਰਭਰਤਾ ਵਧ ਗਈ। 1989-90 ਵਿੱਚ ਬੱਚਤ ਅਤੇ ਪੂੰਜੀ ਨਿਰਮਾਣ ਦਰ ਕ੍ਰਮਵਾਰ 21.3 ਪ੍ਰਤੀਸ਼ਤ ਅਤੇ 23.7 ਪ੍ਰਤੀਸ਼ਤ ਰਹੀਆਂ। ਅੱਠਵੀਂ ਅਤੇ ਨੌਵੀਂ ਯੋਜਨਾ ਵਿੱਚ ਵੀ ਬੱਚਤ ਅਤੇ ਪੂੰਜੀ ਨਿਰਮਾਣ ਦਾ ਪੱਧਰ 25 ਪ੍ਰਤੀਸ਼ਤ ਤੋਂ ਘੱਟ ਰਿਹਾ। ਦੱਸਵੀਂ ਯੋਜਨਾ ਵਿੱਚ ਘਰੇਲੂ ਖੇਤਰ ਦੀਆਂ ਬੱਚਤਾਂ ਅਤੇ ਨਿਜੀ ਨਿਰਮਾਣ ਖੇਤਰ ਦੀਆਂ ਬੱਚਤਾਂ ਵਿੱਚ ਵੱਡਾ ਸੁਧਾਰ ਹੋਇਆ ਜਿਸ ਕਾਰਨ 2006-07 ਅਤੇ 2007-08 ਵਿੱਚ ਬੱਚਤ ਦਰ ਕ੍ਰਮਵਾਰ 34.6 ਪ੍ਰਤੀਸ਼ਤ ਅਤੇ 36.8 ਪ੍ਰਤੀਸ਼ਤ ਅਤੇ ਪੂੰਜੀ ਨਿਰਮਾਣ ਦਰ 35.7 ਪ੍ਰਤੀਸ਼ਤ ਅਤੇ 38.1 ਪ੍ਰਤੀਸ਼ਤ ਰਹੀ। ਬੱਚਤਾਂ ਅਤੇ ਪੂੰਜੀ ਨਿਰਮਾਣ ਦੇ ਪੱਖ ਤੋਂ ਪਹਿਲੀ ਵਾਰ ਭਾਰਤੀ ਅਰਥਵਿਵਸਥਾ ਇਸ ਸਥਿਤੀ ਵਿੱਚ ਪਹੁੰਚੀ ਹੈ ਕਿ ਇਹ 8 ਤੋਂ 9 ਪ੍ਰਤੀਸ਼ਤ ਦੀ ਦਰ ਨਾਲ ਵਿਕਾਸ ਕਰ ਸਕੇ। ਬੱਚਤ ਅਤੇ ਪੂੰਜੀ ਨਿਰਮਾਣ

ਵਿੱਚ ਧੀਮਾ ਵਾਧਾ ਇਸ ਅਰਥਵਿਵਸਥਾ ਦੀ ਹਮੇਸ਼ਾ ਵੱਡੀ ਸਮੱਸਿਆ ਰਹੀ ਹੈ। 1970 ਦੇ ਦਸ਼ਕ ਵਿੱਚ ਚੀਨ ਦੀ ਘਰੇਲੂ ਬੱਚਤ ਦਰ 30 ਪ੍ਰਤੀਸ਼ਤ ਤੋਂ ਜਿਆਦਾ ਸੀ ਜਦ ਕਿ ਭਾਰਤ ਵਿੱਚ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ 21ਵੀਂ ਸਦੀ ਤੱਕ ਇੰਤਜ਼ਾਰ ਕਰਨਾ ਪਿਆ। ਗਿਆਰਵੀਂ ਯੋਜਨਾ ਦੀ ਬੱਚਤ ਅਤੇ ਪੂੰਜੀ ਨਿਰਮਾਣ ਦਰ ਵਿਕਸਿਤ ਦੇਸ਼ਾਂ ਦੇ ਮੁਕਾਬਲੇ 5 ਤੋਂ 7 ਪ੍ਰਤੀਸ਼ਤ ਘੱਟ ਹੈ।

**3. ਉਦਯੋਗਿਕ ਵਿਕਾਸ:** ਪਹਿਲੀ ਯੋਜਨਾ ਵਿੱਚ ਸਾਲਾਨਾ ਉਦਯੋਗਿਕ ਵਿਕਾਸ ਦਰ 5.7 ਪ੍ਰਤੀਸ਼ਤ ਸੀ। ਦੂਜੀ ਯੋਜਨਾ ਵਿੱਚ ਇਹ ਵਧ ਕੇ 7.2 ਪ੍ਰਤੀਸ਼ਤ ਅਤੇ ਤੀਜੀ ਯੋਜਨਾ ਵਿੱਚ 9 ਪ੍ਰਤੀਸ਼ਤ ਤੇ ਪਹੁੰਚ ਗਈ। 1966 ਤੋਂ ਬਾਅਦ ਉਦਯੋਗਿਕ ਖੇਤਰ ਦੀ ਵਿਕਾਸ ਦਰ ਵਿੱਚ ਗਿਰਾਵਟ ਆਈ। 1966 ਤੋਂ 1976 ਦੇ ਵਕਫ਼ੇ ਦੌਰਾਨ ਉਦਯੋਗਿਕ ਵਿਕਾਸ ਦਰ 4 ਪ੍ਰਤੀਸ਼ਤ ਸਾਲਾਨਾ ਸੀ ਅਤੇ ਅਗਲੇ ਚਾਰ ਸਾਲ ਇਸ ਤੋਂ ਵੀ ਘੱਟ 3.3 ਪ੍ਰਤੀਸ਼ਤ ਸਾਲਾਨਾ ਸੀ।

ਉਦਯੋਗਿਕ ਖੇਤਰ ਦੀ ਖੜੋਤ ਨੂੰ ਤੋੜਨ ਲਈ ਛੇਵੀਂ ਯੋਜਨਾ ਵਿੱਚ ਉਦਯੋਗਿਕ ਨੀਤੀ ਵਿੱਚ ਉਦਾਰੀਕਰਨ ਦੀ ਨੀਤੀ ਨੂੰ ਅਪਣਾ ਕੇ ਨਿਜੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਦਾ ਯਤਨ ਕੀਤਾ ਗਿਆ। ਇਸ ਯੋਜਨਾ ਦੌਰਾਨ ਉਦਯੋਗਿਕ ਵਿਕਾਸ ਦਰ ਸੁਧਰ ਕੇ 6.4 ਪ੍ਰਤੀਸ਼ਤ ਸਾਲਾਨਾ ਹੋ ਗਈ। ਸੱਤਵੀਂ ਯੋਜਨਾ ਵਿੱਚ ਬਹੁਤੇ ਉਦਯੋਗਾਂ ਦੀ ਵਧੀਆ ਕਾਰਗੁਜ਼ਾਰੀ ਕਾਰਨ ਉਦਯੋਗਿਕ ਵਿਕਾਸ ਦਰ 8.5 ਪ੍ਰਤੀਸ਼ਤ ਸਾਲਾਨਾ ਰਹੀ। ਅੱਠਵੀਂ ਯੋਜਨਾ ਦੇ ਪਹਿਲੇ ਸਾਲ ਸਿਰਫ 0.8 ਪ੍ਰਤੀਸ਼ਤ ਵਾਧੇ ਤੋਂ ਬਾਅਦ ਅਗਲੇ ਚਾਰ ਸਾਲ ਉਦਯੋਗਿਕ ਉਤਪਾਦਨ ਵਿੱਚ ਵਾਧੇ ਦੀ ਦਰ ਸਾਲਾਨਾ 8.6 ਪ੍ਰਤੀਸ਼ਤ ਸੀ, ਨੌਵੀਂ ਯੋਜਨਾ ਵਿੱਚ 5 ਪ੍ਰਤੀਸ਼ਤ ਦੇ ਪੱਧਰ ਤੇ ਗਿਰਨ ਤੋਂ ਬਾਅਦ ਦਸਵੀਂ ਯੋਜਨਾ ਵਿੱਚ 8.2 ਪ੍ਰਤੀਸ਼ਤ ਦੀ ਦਰ ਨਾਲ ਵਾਧਾ ਹੋਇਆ। ਗਿਆਰਵੀਂ ਯੋਜਨਾ ਵਿੱਚ 2007-08 ਵਿੱਚ 15.5 ਪ੍ਰਤੀਸ਼ਤ ਵਾਧੇ ਨੂੰ ਛੱਡ ਕੇ ਬਾਕੀ ਸਾਲਾਂ ਵਿੱਚ ਉਦਯੋਗਿਕ ਖੇਤਰ ਦਾ ਵਿਕਾਸ ਉਮੀਦ ਤੋਂ ਮਾੜਾ ਰਿਹਾ ਹੈ, ਵਿਸ਼ੇਸ਼ਕਰ 2008-09 ਅਤੇ 2011-12 ਵਿੱਚ ਵਿਕਾਸ ਦਰ ਕ੍ਰਮਵਾਰ 2.3 ਪ੍ਰਤੀਸ਼ਤ ਅਤੇ 2.8 ਪ੍ਰਤੀਸ਼ਤ ਰਹੀ ਹੈ। ਪਰ ਉਦਯੋਗਿਕ ਵਿਕਾਸ ਦੀ ਕਹਾਣੀ ਸਿਰਫ ਵਿਕਾਸ ਦਰ ਤੱਕ ਹੀ ਸੀਮਿਤ ਨਹੀਂ। ਯੋਜਨਾਬੰਦੀ ਕਾਰਨ ਭਾਰਤ ਵਿੱਚ ਉਦਯੋਗਿਕ ਖੇਤਰ ਦਾ ਆਧਾਰ ਅਤੇ ਦਾਇਰਾ ਬਹੁਤ ਵਿਸ਼ਾਲ ਹੋਇਆ ਹੈ। ਯੋਜਨਾਬੰਦੀ ਦੇ ਆਰੰਭ ਵਿੱਚ ਅਪਣਾਈ ਸੁਰੱਖਿਆ ਨੀਤੀ ਕਾਰਨ ਹੀ ਘਰੇਲੂ ਉਦਯੋਗਾਂ ਦਾ ਵਿਕਾਸ ਸੰਭਵ ਹੋਇਆ ਜਿਸ ਕਾਰਨ ਭਾਰਤੀ ਉਦਯੋਗ ਅੰਤਰਰਾਸ਼ਟਰੀ ਮੁਕਾਬਲੇ ਦਾ ਸਾਹਮਣਾ ਕਰਨ ਯੋਗ ਹੋ ਸਕੇ।

ਭਾਰਤ ਦੇ ਉਦਯੋਗਿਕ ਵਿਕਾਸ ਦੀ ਰਣਨੀਤੀ ਵਿੱਚ ਸਾਧਾਰਣ ਤਕਨੀਕਾਂ ਦੀ ਵਰਤੋਂ ਕਰਨ ਵਾਲੇ ਛੋਟੇ ਅਤੇ ਕੁਟੀਰ ਉਦਯੋਗਾਂ ਦੀ ਅਣਦੇਖੀ ਕੀਤੀ ਗਈ ਹੈ। ਪੇਂਡੂ ਖੇਤਰ ਵਿੱਚ ਉਦਯੋਗਾਂ ਦੀ ਘਾਟ ਕਾਰਨ ਇੱਕ ਪਾਸੇ ਪੇਂਡੂ ਖੇਤਰ ਵਿੱਚ ਬੇਰੁਜ਼ਗਾਰੀ ਅਤੇ ਅਰਧ ਬੇਰੁਜ਼ਗਾਰੀ ਦੀ ਸਮੱਸਿਆ ਵਧੇਰੇ ਗੰਭੀਰ ਹੋਈ ਹੈ, ਦੂਜੇ ਪਾਸੇ ਫ਼ਸਲਾਂ ਦੀ ਵਿਭਿੰਨਤਾ ਦੇ ਮਾਰਗ ਵਿੱਚ ਵੀ ਰੁਕਾਵਟ ਪੈਦਾ ਹੋਈ ਹੈ। ਜਿਆਦਾਤਰ ਉਦਯੋਗ ਗਿਣਤੀ ਦੇ ਸੂਬਿਆਂ ਅਤੇ ਸ਼ਹਿਰਾਂ ਵਿੱਚ ਕੇਂਦਰਿਤ ਹੋਣ ਕਾਰਨ ਖੇਤਰੀ ਅਸਮਾਨਤਾਵਾਂ ਵੀ ਵਧੀਆਂ ਹਨ।

**4. ਖੇਤੀ ਦਾ ਵਿਕਾਸ:** ਪਹਿਲੀਆਂ ਤਿੰਨ ਯੋਜਨਾਵਾਂ ਵਿੱਚ ਖੇਤੀ ਦਾ ਵਿਕਾਸ ਮੁੱਖ ਤੌਰ ਤੇ ਸਿੰਜਾਈ ਸਹੂਲਤਾਂ ਦੇ ਵਿਸਥਾਰ ਉੱਪਰ ਕੇਂਦਰਿਤ ਸੀ। ਪਹਿਲੀਆਂ ਦੋ ਯੋਜਨਾਵਾਂ ਵਿੱਚ ਅਨਾਜ ਦੀ ਪੈਦਾਵਾਰ ਦੇ ਨਿਰਧਾਰਿਤ ਟੀਚੇ ਪ੍ਰਾਪਤ ਕਰਨ ਤੋਂ ਬਾਅਦ ਤੀਜੀ ਯੋਜਨਾ ਦੌਰਾਨ ਸੋਕੇ ਕਾਰਨ ਖੇਤੀ ਖੇਤਰ ਦੀਆਂ ਕਮੀਆਂ ਉਜਾਗਰ ਹੋ ਗਈਆਂ। ਇਸ ਯੋਜਨਾ ਦੇ ਆਖਰੀ ਵਰ੍ਹੇ ਵਿੱਚ ਅਨਾਜ ਦੇ ਉਤਪਾਦਨ ਦਾ ਟੀਚਾ 100 ਮਿਲੀਅਨ ਟਨ ਦਾ ਸੀ ਜਦ ਕਿ ਅਸਲ ਪੈਦਾਵਾਰ ਸਿਰਫ 76 ਮਿਲੀਅਨ ਟਨ ਸੀ। ਇਸ ਕਾਰਨ ਚੌਥੀ ਯੋਜਨਾ ਖੇਤੀ ਦੇ ਵਿਕਾਸ ਉੱਪਰ ਕੇਂਦਰਿਤ ਸੀ ਪਰ ਖੇਤੀ ਉਤਪਾਦਨ ਵਿੱਚ 5 ਪ੍ਰਤੀਸ਼ਤ ਸਾਲਾਨਾ ਵਾਧੇ ਦੇ ਉਦੇਸ਼ ਦੇ ਮੁਕਾਬਲੇ ਅਸਲ ਵਿਕਾਸ

ਦਰ ਕੇਵਲ 2.8 ਪ੍ਰਤੀਸ਼ਤ ਰਹੀ। ਅਨਾਜ ਦੀ ਪੈਦਾਵਾਰ (104 ਮਿਲੀਅਨ ਟਨ) ਭਾਵੇਂ 1950-51 ਦੇ ਮੁਕਾਬਲੇ 50 ਮਿਲੀਅਨ ਟਨ ਜਿਆਦਾ ਸੀ ਪਰ ਇਹ 129 ਮਿਲੀਅਨ ਟਨ ਦੇ ਨਿਰਧਾਰਿਤ ਟੀਚੇ ਤੋਂ ਘੱਟ ਸੀ। ਕਪਾਹ, ਗੰਨੇ, ਪਟਸਨ ਅਤੇ ਤੇਲ ਵਾਲੇ ਬੀਜਾਂ ਦਾ ਉਤਪਾਦਨ ਵੀ ਉਮੀਦ ਤੋਂ ਥੋੜ੍ਹਾ ਰਿਹਾ। ਪੰਜਵੀਂ ਯੋਜਨਾ ਦੇ ਅੰਤਮ ਵਰ੍ਹੇ 1978-79 ਲਈ ਅਨਾਜ ਦੀ ਪੈਦਾਵਾਰ 131.9 ਮਿਲੀਅਨ ਟਨ ਪਿਛਲੀ ਯੋਜਨਾ ਤੋਂ ਕਿਤੇ ਬਿਹਤਰ ਸੀ ਪਰ ਸਿਰਫ ਕਪਾਹ ਦੀ ਪੈਦਾਵਾਰ (796 ਲੱਖ ਗੰਢਾਂ) ਟੀਚੇ ਦੇ ਅਨੁਸਾਰੀ ਸੀ। ਛੇਵੀਂ ਯੋਜਨਾ ਵਿੱਚ 1983-84 ਵਿੱਚ ਅਨਾਜ ਦੀ ਪੈਦਾਵਾਰ 152.4 ਮਿਲੀਅਨ ਟਨ ਦੇ ਸਿਖਰ ਨੂੰ ਛੂਹਣ ਤੋਂ ਬਾਅਦ ਅਗਲੇ ਸਾਲ 146 ਮਿਲੀਅਨ ਟਨ ਰਹਿ ਗਈ। ਤੇਲ ਵਾਲੇ ਬੀਜਾਂ ਦੇ ਉਤਪਾਦਨ ਵਿੱਚ ਵਾਧਾ ਮਿੱਥੀ ਦਰ ਤੋਂ ਵੱਧ ਰਿਹਾ। ਸੱਤਵੀਂ ਯੋਜਨਾ ਵਿੱਚ ਅਨਾਜ ਦੀ ਪੈਦਾਵਾਰ ਨੂੰ ਛੱਡ ਕੇ ਪਟਸਨ, ਗੰਨਾ, ਤੇਲ ਵਾਲੇ ਬੀਜ ਅਤੇ ਕਪਾਹ ਦਾ ਉਤਪਾਦਨ ਸੰਤੋਸ਼ਜਨਕ ਨਹੀਂ ਰਿਹਾ। ਅੱਠਵੀਂ ਅਤੇ ਨੌਵੀਂ ਯੋਜਨਾ ਵਿੱਚ ਵੀ ਇਹੀ ਰੁਝਾਨ ਜਾਰੀ ਰਿਹਾ। ਇਹਨਾਂ ਦੇ ਆਖਰੀ ਸਾਲ ਵਿੱਚ ਅਨਾਜ ਦਾ ਉਤਪਾਦਨ ਕ੍ਰਮਵਾਰ 199 ਮਿਲੀਅਨ ਟਨ ਅਤੇ 212 ਮਿਲੀਅਨ ਟਨ ਰਿਹਾ ਪਰ ਵਪਾਰਕ ਫਸਲਾਂ ਦਾ ਉਤਪਾਦਨ ਲਗਭਗ ਸਥਿਰ ਰਿਹਾ।

ਦਸਵੀਂ ਅਤੇ ਗਿਆਰਵੀਂ ਯੋਜਨਾ ਵਿੱਚ ਖੇਤੀ ਉਤਾਦਨ ਵਿੱਚ 4 ਪ੍ਰਤੀਸ਼ਤ ਸਾਲਾਨਾ ਵਾਧੇ ਦਾ ਉਦੇਸ਼ ਰੱਖਿਆ ਗਿਆ। 2006-07 ਵਿੱਚ ਅਨਾਜ ਦੀ ਸੰਭਾਵਿਤ ਮੰਗ 236-243 ਮਿਲੀਅਨ ਟਨ ਦੇ ਮੁਕਾਬਲੇ ਅਸਲ ਪੈਦਾਵਾਰ 217.6 ਮਿਲੀਅਨ ਟਨ ਰਹੀ। 2010-11 ਵਿੱਚ 241.6 ਮਿਲੀਅਨ ਟਨ ਅਤੇ 2011-12 ਵਿੱਚ 252.6 ਮਿਲੀਅਨ ਟਨ ਅਨਾਜ ਦੇ ਉਤਪਾਦਨ ਦੇ ਬਾਵਜੂਦ ਖੇਤੀ ਉਤਪਾਦਨ ਦੀ ਵਿਕਾਸ ਦਰ ਕੇਵਲ 3.3 ਪ੍ਰਤੀਸ਼ਤ ਰਹੀ।

ਅਨਾਜ ਦੇ ਮਾਮਲੇ ਵਿੱਚ ਆਤਮ ਨਿਰਭਰਤਾ ਭਾਰਤੀ ਯੋਜਨਾਬੰਦੀ ਦੀ ਵੱਡੀ ਸਫਲਤਾ ਹੈ। ਪਰ ਭਾਰਤੀ ਕਿਸਾਨ ਵੱਡੇ ਸੰਕਟ ਵਿੱਚੋਂ ਗੁਜ਼ਰ ਰਹੇ ਹਨ। ਵਧਦੀ ਕਰਜ਼ਦਾਰੀ, ਵਧਦੀਆਂ ਲਾਗਤਾਂ ਅਤੇ ਘਟਦੇ ਲਾਭ ਕਾਰਨ ਪੰਜਾਬ ਵਰਗੇ ਵਿਕਸਿਤ ਰਾਜਾਂ ਵਿੱਚ ਵੀ ਕਿਸਾਨਾਂ ਦੀਆਂ ਆਤਮਹੱਤਿਆਵਾਂ ਵਿੱਚ ਵਾਧਾ ਹੋਇਆ ਹੈ। ਛੋਟੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਹਾਲਤ ਬੇਹੱਦ ਪਤਲੀ ਹੈ। ਇਸ ਤੋਂ ਇਲਾਵਾ, ਦਾਲਾਂ ਦੀ ਪ੍ਰਤੀ ਵਿਅਕਤੀ ਉਪਲਬਧਤਾ ਪਿਛਲੇ ਕੁਝ ਸਾਲਾਂ ਦੇ ਸਭ ਤੋਂ ਨੀਵੇਂ ਪੱਧਰ ਤੇ ਹੈ। ਸਰਕਾਰੀ ਯਤਨਾਂ ਦੀ ਘਾਟ ਕਾਰਨ ਖੇਤੀ ਵਿੱਚ ਵਿਭਿੰਨਤਾ ਦੀ ਕਮੀ ਹੈ। ਇਸ ਖੇਤਰ ਦੀ ਕਾਇਆ ਪਲਟਣ ਲਈ ਕੇਵਲ ਕਰਿਆਨੇ ਵਿੱਚ ਸਿੱਧਾ ਵਿਦੇਸ਼ੀ ਨਿਵੇਸ਼ ਕਾਫੀ ਨਹੀਂ ਹੋਵੇਗਾ ਬਲਕਿ ਇਸ ਦੇ ਲਈ ਹੋਰ ਅੰਦਰੂਨੀ ਸੁਧਾਰਾਂ ਦੀ ਜ਼ਰੂਰਤ ਹੋਵੇਗੀ।

**5. ਊਰਜਾ ਦਾ ਵਿਕਾਸ:** ਊਰਜਾ ਦੇ ਵਿਕਾਸ ਤੋਂ ਬਿਨਾਂ ਉਦਯੋਗਾਂ, ਖੇਤੀ ਅਤੇ ਸੇਵਾਵਾਂ ਦਾ ਵਿਕਾਸ ਸੰਭਵ ਨਹੀਂ ਹੈ। ਭਾਰਤੀ ਯੋਜਨਾਵਾਂ ਵਿੱਚ ਇਸ ਅੰਤਰ ਸੰਬੰਧ ਨੂੰ ਪਹਿਚਾਣਦੇ ਹੋਏ ਊਰਜਾ ਦੇ ਵਿਕਾਸ ਅਤੇ ਵਿਸ਼ੇਸ਼ ਕਰਕੇ ਬਿਜਲੀ ਦੇ ਉਤਪਾਦਨ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। 1950 ਵਿੱਚ 2300 ਮੈਗਾਵਾਟ ਦੀ ਉਤਪਾਦਨ ਸਮਰੱਥਾ ਦੇ ਮੁਕਾਬਲਤਨ 2011 ਵਿੱਚ ਬਿਜਲੀ ਖੇਤਰ ਦੀ ਉਤਪਾਦਨ ਸਮਰੱਥਾ 1.83 ਲੱਖ ਮੈਗਾਵਾਟ ਸੀ। 1990-91 ਅਤੇ 2010-11 ਦੇ ਵਕਫੇ ਦੌਰਾਨ ਬਿਜਲੀ ਦੀ ਪੈਦਾਵਾਰ ਵਿੱਚ ਵਾਧੇ ਦੀ ਦਰ 5.8 ਪ੍ਰਤੀਸ਼ਤ ਸਾਲਾਨਾ ਰਹੀ ਹੈ। ਯੋਜਨਾਬੰਦੀ ਦੌਰਾਨ ਬਿਜਲੀ ਦੀ ਪੈਦਾਵਾਰ ਵਿੱਚ ਵਾਧੇ ਦੇ ਨਾਲ ਨਾਲ ਇਸਦੇ ਨੈਟਵਰਕ ਵਿੱਚ ਵੀ ਵਾਧਾ ਹੋਇਆ ਹੈ। ਪਰ ਬਿਜਲੀ ਦੀ ਪੈਦਾਵਾਰ ਇਸਦੇ ਨਿਰਧਾਰਿਤ ਟੀਚਿਆਂ ਅਤੇ ਵਧਦੀ ਮੰਗ ਦੇ ਅਨੁਸਾਰੀ ਨਹੀਂ ਰਹੀ। 9ਵੀਂ ਅਤੇ 10ਵੀਂ ਯੋਜਨਾ ਵਿੱਚ ਬਿਜਲੀ ਦੇ ਉਤਪਾਦਨ ਵਿੱਚ ਵਾਧਾ ਨਿਰਧਾਰਿਤ ਟੀਚੇ ਦੇ ਅੱਧ ਤੋਂ ਵੀ ਘੱਟ ਰਿਹਾ। ਇਸ ਖੇਤਰ ਦੀ ਇੱਕ ਵੱਡੀ ਸਮੱਸਿਆ ਪ੍ਰਸਾਰਣ ਅਤੇ ਵਿਤਰਣ ਦੇ ਢਾਂਚੇ ਦੀ ਅਕੁਸ਼ਲਤਾ ਹੈ। ਜਿਸ ਵਿੱਚ ਤਕਰੀਬਨ 35-45 ਪ੍ਰਤੀਸ਼ਤ ਬਿਜਲੀ ਖਪ ਜਾਂਦੀ ਹੈ। ਯੋਜਨਾਬੰਦੀ ਦੇ ਆਰੰਭ

ਵਿੱਚ ਬਿਜਲੀ ਉਤਪਾਦਨ ਦੇ ਵਾਧੇ ਲਈ ਪਣ-ਬਿਜਲੀ ਪ੍ਰੋਜੈਕਟਾਂ ਨੂੰ ਵਧੇਰੇ ਮਹੱਤਵ ਦਿੱਤਾ ਗਿਆ। 1980-81 ਵਿੱਚ ਬਿਜਲੀ ਦੇ ਕੁਲ ਉਤਪਾਦਨ ਵਿੱਚ ਪਣ-ਬਿਜਲੀ ਦਾ ਯੋਗਦਾਨ 43.8 ਪ੍ਰਤੀਸ਼ਤ ਸੀ ਜੋ ਕਿ 2010-11 ਵਿੱਚ ਘਟ ਕੇ ਕੇਵਲ 14.1 ਪ੍ਰਤੀਸ਼ਤ ਰਹਿ ਗਿਆ। 2010-11 ਵਿੱਚ ਪ੍ਰਮਾਣੂ ਊਰਜਾ ਦਾ ਯੋਗਦਾਨ 3.2 ਪ੍ਰਤੀਸ਼ਤ ਅਤੇ ਤਾਪ ਊਰਜਾ ਦਾ ਯੋਗਦਾਨ 82 ਪ੍ਰਤੀਸ਼ਤ ਸੀ। ਭਾਰਤ ਦੀ ਊਰਜਾ ਨੀਤੀ ਦਾ ਵੱਡਾ ਦੋਸ਼ ਪਣ-ਬਿਜਲੀ ਪ੍ਰੋਜੈਕਟਾਂ ਦੀ ਅਣਦੇਖੀ ਹੈ। ਇਸ ਖੇਤਰ ਦਾ ਵਿਕਾਸ ਊਰਜਾ ਦੀਆਂ ਲੋੜਾਂ ਵਿੱਚ ਆਤਮ ਨਿਰਭਰਤਾ ਪੈਦਾ ਕਰਨ ਦੀ ਸਮਰੱਥਾ ਰੱਖਦਾ ਹੈ। ਤਾਪ ਬਿਜਲੀ ਦੇ ਉਤਪਾਦਨ ਵਿੱਚ ਕੱਚੇ ਤੇਲ, ਕੋਇਲੇ ਅਤੇ ਕੁਦਰਤੀ ਗੈਸ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਕੱਚੇ ਤੇਲ ਅਤੇ ਕੁਦਰਤੀ ਗੈਸ ਦੀ ਭਾਰਤ ਦੀ ਘਰੇਲੂ ਪੈਦਾਵਾਰ ਬਹੁਤ ਘੱਟ ਹੈ। 2010-11 ਦੇ ਅੰਕੜਿਆਂ ਅਨੁਸਾਰ ਭਾਰਤ ਆਪਣੀ ਕੁਲ ਊਰਜਾ ਲੋੜ ਦਾ 36.5 ਪ੍ਰਤੀਸ਼ਤ ਆਯਾਤ ਕਰਦਾ ਹੈ। ਪ੍ਰਦੂਸ਼ਣ ਵਿੱਚ ਕਮੀ ਅਤੇ ਆਯਾਤਾਂ ਤੇ ਨਿਰਭਰਤਾ ਘੱਟ ਕਰਨ ਲਈ ਊਰਜਾ ਦੇ ਗੈਰ ਰਵਾਇਤੀ ਸੋਮਿਆਂ ਦੇ ਨਾਲ ਨਾਲ ਵੱਡੀ ਗਿਣਤੀ ਵਿੱਚ ਛੋਟੇ ਆਕਾਰ ਦੇ ਪਣ-ਬਿਜਲੀ ਪ੍ਰੋਜੈਕਟਾਂ ਨੂੰ ਤਰਜੀਹ ਦੇਣੀ ਪਵੇਗੀ।

**6. ਆਵਾਜਾਈ ਦਾ ਵਿਕਾਸ:** ਭਾਰਤੀ ਯੋਜਨਾਬੰਦੀ ਵਿੱਚ ਆਵਾਜਾਈ ਅਤੇ ਸੰਚਾਰ ਦਾ ਵਿਕਾਸ ਮੁੱਖ ਤੌਰ ਤੇ ਸਰਵਜਨਕ ਨਿਵੇਸ਼ ਰਾਹੀਂ ਕੀਤਾ ਗਿਆ, ਵਿਸ਼ੇਸ਼ਕਰ ਯੋਜਨਾਬੰਦੀ ਦੇ ਮੁਢਲੇ ਚਰਨ ਵਿੱਚ ਜਦੋਂ ਇਸ ਖੇਤਰ ਵਿੱਚ ਨਿਜੀ ਨਿਵੇਸ਼ ਦੀ ਘਾਟ ਸੀ। ਮਾਰਚ 2010 ਦੇ ਅੰਕੜਿਆਂ ਅਨੁਸਾਰ 7 ਹਜਾਰ ਤੋਂ ਵਧ ਸਟੇਸ਼ਨਾਂ ਅਤੇ 64 ਹਜਾਰ ਕਿਲੋਮੀਟਰ ਰੂਟ ਲੰਬਾਈ ਵਾਲਾ ਭਾਰਤੀ ਰੇਲਵੇ ਨੈਟਵਰਕ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਨੈਟਵਰਕ ਹੈ। 40 ਪ੍ਰਤੀਸ਼ਤ ਤੋਂ ਵੀ ਵਧੇਰੇ ਰੇਲਵੇ ਮਾਰਗ ਦਾ ਬਿਜਲੀਕਰਨ ਕੀਤਾ ਜਾ ਚੁੱਕਾ ਹੈ। 1950-51 ਤੋਂ 2007-08 ਦੇ ਸਮੇਂ ਦੌਰਾਨ 'ਰੂਟ ਕਿਲੋਮੀਟਰ' ਅਤੇ 'ਟਰੈਕ ਕਿਲੋਮੀਟਰ' ਵਿੱਚ ਵਾਧਾ ਕ੍ਰਮਵਾਰ ਕੇਵਲ 18 ਪ੍ਰਤੀਸ਼ਤ ਅਤੇ 11 ਪ੍ਰਤੀਸ਼ਤ ਸੀ। ਜਦ ਕਿ ਯਾਤਰੀਆਂ ਦੀ ਗਿਣਤੀ ਅਤੇ ਮਾਲ ਵਿੱਚ ਵਾਧਾ ਲਗਭਗ 11 ਗੁਣਾ ਸੀ। ਇਸ ਸਮੇਂ ਦੌਰਾਨ ਰੇਲ ਯਾਤਾਯਾਤ ਦਾ ਬਾਜਾਰ ਵਿੱਚ ਹਿੱਸਾ 89 ਪ੍ਰਤੀਸ਼ਤ ਤੋਂ ਘਟ ਕੇ 30 ਪ੍ਰਤੀਸ਼ਤ ਰਹਿ ਗਿਆ। ਸੜਕ ਮਾਰਗ ਭਾਰਤ ਵਿੱਚ ਆਵਾਜਾਈ ਦਾ ਮੁੱਖ ਮਾਧਿਅਮ ਬਣ ਗਏ ਹਨ। ਸੜਕਾਂ ਦਾ ਜਾਲ 41 ਲੱਖ ਕਿਲੋਮੀਟਰ ਤੱਕ ਫੈਲਿਆ ਹੋਇਆ ਹੈ। 60 ਪ੍ਰਤੀਸ਼ਤ ਮਾਲ ਦੀ ਢੋਆ-ਢੁਆਈ ਇਸੇ ਮਾਧਿਅਮ ਰਾਹੀਂ ਕੀਤੀ ਜਾਂਦੀ ਹੈ ਅਤੇ 87 ਪ੍ਰਤੀਸ਼ਤ ਮੁਸਾਫਿਰ ਸੜਕਾਂ ਰਾਹੀਂ ਸਫਰ ਕਰਦੇ ਹਨ। ਰਾਸ਼ਟਰੀ ਹਾਈਵੇ, ਜਿਹਨਾਂ ਦਾ ਸੜਕ ਯਾਤਾਯਾਤ ਵਿੱਚ ਯੋਗਦਾਨ 40 ਪ੍ਰਤੀਸ਼ਤ ਤੋਂ ਵਧ ਹੈ, ਦੀ ਲੰਬਾਈ ਕੇਵਲ 70,934 ਕਿਲੋਮੀਟਰ ਹੈ ਜੋ ਕੁਲ ਸੜਕਾਂ ਦਾ ਕੇਵਲ 1.7 ਪ੍ਰਤੀਸ਼ਤ ਬਣਦਾ ਹੈ। ਸੜਕਾਂ ਉੱਪਰ ਵਧਦੇ ਟ੍ਰੈਫਿਕ ਦੀ ਸਮੱਸਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਪਿਛਲੇ ਕੁਝ ਸਮੇਂ ਦੌਰਾਨ ਕਈ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ ਜਿਹਨਾਂ ਵਿੱਚੋਂ ਰਾਸ਼ਟਰੀ ਹਾਈਵੇ ਵਿਕਾਸ ਪ੍ਰੋਜੈਕਟ ਸਭ ਤੋਂ ਵਿਸ਼ਾਲ ਹੈ। ਇਸਦੇ ਤਹਿਤ ਚਾਰ ਮਹਾਂਨਗਰਾਂ ਨੂੰ ਜੋੜਨ ਲਈ 'ਸੁਨਹਿਰੀ ਚਤਰਭੁਜ', 'ਉੱਤਰ-ਦੱਖਣ' ਅਤੇ ਪੂਰਬ-ਪੱਛਮ' ਕਾਰੀਡੋਰ ਤੋਂ ਇਲਾਵਾ ਰਿੰਗ ਰੋਡ, ਓਵਰ ਬਰਿੱਜ ਅਤੇ ਅੰਡਰ ਬਰਿੱਜ ਬਾਈਪਾਸ, ਐਕਸਪ੍ਰੈਸਵੇ ਆਦਿ ਦਾ ਨਿਰਮਾਣ ਕਰਨਾ ਹੈ।

ਵਿਦੇਸ਼ੀ ਵਪਾਰ ਵਿੱਚ ਵਾਧੇ ਲਈ ਪਿਛਲੇ ਕੁਝ ਸਾਲਾਂ ਤੋਂ ਜਹਾਜਰਾਨੀ ਦੇ ਵਿਕਾਸ, ਬੰਦਰਗਾਹਾਂ ਦੇ ਆਧੁਨਿਕੀਕਰਨ ਅਤੇ ਨਵੀਆਂ ਬੰਦਰਗਾਹਾਂ ਦੀ ਸਥਾਪਨਾ ਲਈ ਯਤਨ ਤੇਜ ਕੀਤੇ ਗਏ ਹਨ। 1950 ਵਿੱਚ ਭਾਰਤੀ ਬੰਦਰਗਾਹਾਂ 20 ਮਿਲੀਅਨ ਟਨ ਮਾਲ ਨੂੰ ਸੰਭਾਲਣ ਦੀ ਸਮਰੱਥਾ ਰੱਖਦੀਆਂ ਸਨ। ਮਾਰਚ 2011 ਵਿੱਚ ਇਹ ਸਮਰੱਥਾ 670.13 ਮਿਲੀਅਨ ਟਨ ਤੇ ਪਹੁੰਚ ਚੁੱਕੀ ਸੀ। ਪਰ ਵਧਦੀਆਂ ਜ਼ਰੂਰਤਾਂ ਨੂੰ ਦੇਖਦਿਆਂ ਹੋਇਆਂ 12 ਵੱਡੀਆਂ ਅਤੇ 200 ਛੋਟੀਆਂ ਬੰਦਰਗਾਹਾਂ ਦੇ ਵਿਕਾਸ ਲਈ ਕੀਤੇ ਯਤਨ ਅਜੇ ਨਾਕਾਫੀ ਹਨ।

**7. ਸੰਚਾਰ ਦਾ ਵਿਕਾਸ:** ਸੂਚਨਾ ਦਾ ਵਹਾਅ ਆਰਥਿਕ ਕ੍ਰਿਆਵਾਂ ਦਾ ਮਹੱਤਵਪੂਰਨ ਨਿਰਧਾਰਕ ਹੈ। ਯੋਜਨਾਬੰਦੀ ਦੇ ਆਰੰਭ ਵਿੱਚ ਡਾਕ ਸੇਵਾਵਾਂ ਅਤੇ ਟੈਲੀਫੋਨ ਸੂਚਨਾ ਦੇ ਆਧਾਨ ਪ੍ਰਦਾਨ ਦੇ ਪ੍ਰਮੁੱਖ ਮਾਧਿਅਮ ਸਨ। ਇਹਨਾਂ ਖੇਤਰਾਂ ਦੇ ਵਿਕਾਸ ਦੀ ਜਿੰਮੇਵਾਰੀ (ਪਿਛਲੇ 15 ਵਰ੍ਹਿਆਂ ਨੂੰ ਛੱਡ ਕੇ) ਸਰਵਜਨਕ ਖੇਤਰ ਦੀ ਰਹੀ ਹੈ। ਆਜਾਦੀ ਸਮੇਂ ਡਾਕਖਾਨਿਆਂ ਦੀ ਸੰਖਿਆ ਕੇਵਲ 23,344 ਸੀ ਜੋ ਕਿ ਨਿਰੰਤਰ ਯੋਜਨਾਬੱਧ ਯਤਨਾਂ ਸਦਕਾ ਮਾਰਚ 2010 ਤੱਕ 1,54,979 ਪਹੁੰਚ ਚੁੱਕੀ ਸੀ। 1986 ਵਿੱਚ ਸਪੀਡ ਪੋਸਟ ਸੇਵਾ ਸ਼ੁਰੂ ਕੀਤੀ ਗਈ ਅਤੇ ਹੁਣ ਡਾਕ ਸੇਵਾਵਾਂ ਨੂੰ ਵਧੇਰੇ ਅਸਰਦਾਇਕ ਬਣਾਉਣ ਲਈ ਡਾਕਖਾਨਿਆਂ ਵਿੱਚ ਆਧੁਨਿਕੀਕਰਨ ਅਤੇ ਕੰਪਿਉਟਰੀਕਰਨ ਦੀ ਪ੍ਰਕ੍ਰਿਆ ਸ਼ੁਰੂ ਕੀਤੀ ਗਈ ਹੈ।

ਮੋਬਾਇਲ ਫੋਨ ਦੇ ਦੌਰ ਤੋਂ ਪਹਿਲਾਂ ਟੈਲੀਫੋਨ ਸੇਵਾਵਾਂ ਦਾ ਵਿਸਥਾਰ ਸਰਵਜਨਕ ਖੇਤਰ ਦੇ ਤਹਿਤ ਹੋਇਆ। ਇਸ ਖੇਤਰ ਨੇ ਦੇਸ਼ ਦੇ ਦੂਰ-ਦੁਰਾਡੇ ਦੇ ਇਲਾਕਿਆਂ ਨੂੰ ਜੋੜਨ ਵਿੱਚ ਵੱਡਾ ਯੋਗਦਾਨ ਪਾਇਆ। ਪਰ ਇਸ ਖੇਤਰ ਵਿੱਚ ਤਕਨੀਕੀ ਕ੍ਰਾਂਤੀ ਕਾਰਨ ਮੋਬਾਇਲ ਫੋਨ, ਇੰਟਰਨੈੱਟ, ਟੈਲੀਵਿਜ਼ਨ ਆਦਿ ਦੇ ਵਿਸਥਾਰ ਨੇ ਸੂਚਨਾ ਦੇ ਵਹਾਅ ਦੀ ਗਤੀ ਬਹੁਤ ਤੇਜ਼ ਕਰ ਦਿੱਤੀ ਹੈ। 2004 ਵਿੱਚ ਟੈਲੀਫੋਨ ਕੁਨੈਕਸ਼ਨਾਂ ਦੀ ਗਿਣਤੀ 76.54 ਮਿਲੀਅਨ ਸੀ ਜੋ ਕਿ ਦਿਸੰਬਰ 2011 ਦੇ ਅੰਤ ਤੱਕ 926.55 ਮਿਲੀਅਨ ਤੇ ਪਹੁੰਚ ਚੁੱਕੀ ਸੀ। ਇਸ ਸਮੇਂ ਦੌਰਾਨ ਮੋਬਾਇਲ ਕੁਨੈਕਸ਼ਨਾਂ ਦੀ ਗਿਣਤੀ 34.62 ਮਿਲੀਅਨ ਤੋਂ ਵਧ ਕੇ 893.96 ਮਿਲੀਅਨ ਹੋ ਗਈ। ਨਿਜੀਕਰਨ ਅਤੇ ਉਦਾਰੀਕਰਨ ਦੀ ਨੀਤੀ ਕਾਰਨ ਇਸੇ ਸਮੇਂ ਦੌਰਾਨ ਟੈਲੀਫੋਨ ਕੁਨੈਕਸ਼ਨਾਂ ਵਿੱਚ ਨਿਜੀ ਖੇਤਰ ਦਾ ਹਿੱਸਾ 39.2 ਪ੍ਰਤੀਸ਼ਤ ਤੋਂ ਵਧ ਕੇ 86 ਪ੍ਰਤੀਸ਼ਤ ਹੋ ਗਿਆ। 2004 ਵਿੱਚ ਸਰਕਾਰ ਦੀ ਉਦਾਰ ਬ੍ਰਾਡਬੈਂਡ ਨੀਤੀ ਕਾਰਨ ਬ੍ਰਾਡਬੈਂਡ ਕੁਨੈਕਸ਼ਨਾਂ ਦੀ ਗਿਣਤੀ ਦਿਸੰਬਰ 31, 2011 ਵਿੱਚ 13.30 ਮਿਲੀਅਨ ਹੋ ਚੁੱਕੀ ਸੀ, ਇੰਟਰਨੈੱਟ ਕੁਨੈਕਸ਼ਨਾਂ ਦੀ ਗਿਣਤੀ 21 ਮਿਲੀਅਨ ਦੇ ਪਾਰ ਪਹੁੰਚ ਚੁੱਕੀ ਸੀ। ਟੈਲੀਕਾਮ ਲਾਇਸੈਂਸਾਂ ਦੀ ਵਿਤਰਣ ਦੀ ਨੀਤੀ ਵਿੱਚ ਬੇਨਿਯਮੀਆਂ ਕਾਰਨ ਭਾਰਤ ਦੀ ਸਰਵਉੱਚ ਅਦਾਲਤ ਨੇ 122 ਲਾਇਸੈਂਸ ਰੱਦ ਕਰ ਦਿੱਤੇ ਹਨ। ਪਰ ਇਸ ਖੇਤਰ ਵਿੱਚ ਅਜੇ ਵੀ ਹੋਰ ਸੁਧਾਰ ਅਤੇ ਵਾਧੇ ਦੀਆਂ ਸੰਭਾਵਨਾਵਾਂ ਮੌਜੂਦ ਹਨ।

**8. ਰੁਜ਼ਗਾਰ ਵਿੱਚ ਵਾਧਾ:** ਭਾਰਤੀ ਯੋਜਨਾਬੰਦੀ ਰੁਜ਼ਗਾਰ ਦੇ ਮੌਕਿਆਂ ਵਿੱਚ ਲੋੜੀਂਦਾ ਵਾਧਾ ਕਰਨ ਵਿੱਚ ਬੁਰੀ ਤਰ੍ਹਾਂ ਅਸਫਲ ਰਹੀ ਹੈ। 60 ਸਾਲਾਂ ਦੀ ਯੋਜਨਾਬੰਦੀ ਦੇ ਬਾਵਜੂਦ ਸ਼ਹਿਰੀ ਅਤੇ ਪੇਂਡੂ ਖੇਤਰ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਅਜੇ ਵੀ ਬਹੁਤ ਗੰਭੀਰ ਹੈ। ਪੇਂਡੂ ਖੇਤਰ ਵਿੱਚ ਬਹੁਤੇ ਕਿਸਾਨ ਛੋਟੇ ਅਤੇ ਸੀਮਾਂਤ ਸ਼੍ਰੇਣੀ ਵਿੱਚ ਆਉਂਦੇ ਹਨ। ਬੇਜਮੀਨੇ ਕਿਸਾਨ ਮਜ਼ਦੂਰਾਂ ਦੇ ਨਾਲ ਇਹ ਵਰਗ ਵੀ ਗੁਜਾਰੇ ਲਈ ਰੁਜਗਾਰ ਤੇ ਨਿਰਭਰ ਕਰਦਾ ਹੈ। ਸ਼ਹਿਰੀ ਖੇਤਰ ਵਿੱਚ ਪੜ੍ਹੇ ਲਿਖੇ ਸਿਖਲਾਈ ਪ੍ਰਾਪਤ ਨੌਜਵਾਨਾਂ ਨੂੰ ਜਾਂ ਤਾਂ ਕੰਮ ਮਿਲਦਾ ਹੀ ਨਹੀਂ ਜਾਂ ਫਿਰ ਸਮਰੱਥਾ ਮੁਤਾਬਕ ਨਹੀਂ ਮਿਲਦਾ।

ਭਾਰਤੀ ਯੋਜਨਾਬੰਦੀ ਦਾ ਵੱਡਾ ਦੋਸ਼ ਇਹ ਰਿਹਾ ਹੈ ਕਿ ਇਹ ਰੋਜ਼ਗਾਰ ਵਿੱਚ ਵਾਧੇ ਅਤੇ ਆਰਥਿਕ ਵਿਕਾਸ ਵਿੱਚ ਸਿੱਧੇ ਅਨੁਪਾਤਿਕ ਸੰਬੰਧ ਦੀ ਮਾਨਤਾ ਤੇ ਆਧਾਰਿਤ ਰਹੀ। ਪਹਿਲੀਆਂ ਤਿੰਨ ਯੋਜਨਾਵਾਂ ਵਿੱਚ ਰੁਜ਼ਗਾਰ ਵਿੱਚ ਵਾਧੇ ਦੀ ਵਾਗਡੋਰ ਆਰਥਿਕ ਵਿਕਾਸ ਨੂੰ ਸੌਂਪ ਦਿੱਤੀ ਗਈ। ਇਹ ਮਾਨਤਾ ਕਿੰਨੀ ਦੋਸ਼ਪੂਰਣ ਸੀ ਇਸਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ 1961 ਤੋਂ 1976 ਦੇ ਦੌਰਾਨ ਆਧੁਨਿਕ ਫੈਕਟਰੀ ਖੇਤਰ ਵਿੱਚ ਨਿਵੇਸ਼ ਵਿੱਚ ਵਾਧਾ 139 ਪ੍ਰਤੀਸ਼ਤ, ਉਤਪਾਦਨ ਵਿੱਚ ਵਾਧਾ 161 ਪ੍ਰਤੀਸ਼ਤ ਜਦਕਿ ਰੁਜ਼ਗਾਰ ਵਿੱਚ ਵਾਧਾ ਕੇਵਲ 71 ਪ੍ਰਤੀਸ਼ਤ ਸੀ।

ਚੌਥੀ ਯੋਜਨਾ ਵਿੱਚ ਰੁਜ਼ਗਾਰ ਵਿੱਚ ਵਾਧੇ ਲਈ ਪਹਿਲੀ ਵਾਰ ਵਿਸ਼ੇਸ਼ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਪੰਜਵੀਂ ਯੋਜਨਾ ਦੌਰਾਨ 'ਕੰਮ ਬਦਲੇ ਅਨਾਜ', ਛੇਵੀਂ ਵਿੱਚ ਰਾਸ਼ਟਰੀ ਗ੍ਰਾਮੀਣ ਰੁਜ਼ਗਾਰ ਪ੍ਰੋਗਰਾਮ

(NREP), ਸੱਤਵੀਂ ਯੋਜਨਾ ਵਿੱਚ ਪੇਂਡੂ ਭੂਮੀਹੀਣ ਰੁਜ਼ਗਾਰ ਗਾਰੰਟੀ ਪ੍ਰੋਗਰਾਮ (RLEGP), ਜਵਾਹਰ ਰੁਜ਼ਗਾਰ ਯੋਜਨਾ (JRY) ਅਤੇ ਸਵੈ ਰੁਜ਼ਗਾਰ ਲਈ ਸਿਖਲਾਈ ਪ੍ਰੋਗਰਾਮ (TRYSEM) ਸ਼ੁਰੂ ਕੀਤੇ ਗਏ। ਪਰ ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਨਵੀਂ ਕਿਰਤ ਸ਼ਕਤੀ ਨੂੰ ਜਜ਼ਬ ਕਰਨ ਲਈ ਕਾਫੀ ਨਹੀਂ ਸੀ। ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਸਕੀਮ (MGNREGS) ਪੇਂਡੂ ਬੇਰੁਜ਼ਗਾਰੀ ਦੇ ਅਸਰ ਨੂੰ ਘੱਟ ਕਰਨ ਦੀ ਦਿਸ਼ਾ ਵਿੱਚ ਹੁਣ ਤੀਕ ਦਾ ਸਭ ਤੋਂ ਸੰਜੀਦਾ ਅਤੇ ਠੋਸ ਯਤਨ ਹੈ। ਪਰ ਰਾਜ ਸਰਕਾਰਾਂ ਅਤੇ ਪ੍ਰਸ਼ਾਸਨ ਦੀ ਅਣਗਹਿਲੀ ਕਾਰਨ ਜਾਂ ਦਿਲਚਸਪੀ ਦੀ ਕਮੀ ਕਾਰਨ ਇਸ ਦੀ ਪੂਰੀ ਸਮਰੱਥਾ ਦਾ ਲਾਭ ਨਹੀਂ ਉਠਾਇਆ ਜਾ ਸਕਿਆ।

ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧੇ ਲਈ ਸਸਤੀਆਂ ਕਿਰਤ ਪ੍ਰਧਾਨ ਤਕਨੀਕਾਂ ਦਾ ਸਹਾਰਾ ਲਿਆ ਜਾ ਸਕਦਾ ਸੀ ਪਰ ਪੂੰਜੀ ਪ੍ਰਧਾਨ ਤਕਨੀਕਾਂ ਦੇ ਆਧਾਰ ਤੇ ਆਰਥਿਕ ਵਿਕਾਸ ਦੇ ਉਦੇਸ਼ ਨੇ ਰੁਜ਼ਗਾਰ ਵਿੱਚ ਵਾਧੇ ਦੇ ਉਦੇਸ਼ ਨੂੰ ਪਿੱਛੇ ਧੱਕ ਦਿੱਤਾ। ਸਿੱਖਿਆ ਖੇਤਰ ਅਤੇ ਉਤਪਾਦਨ ਖੇਤਰ ਵਿੱਚ ਤਾਲਮੇਲ ਦੀ ਕਮੀ ਕਾਰਨ ਵੀ ਸਿਖਲਾਈ ਪ੍ਰਾਪਤ ਮਜਦੂਰਾਂ ਵਿੱਚ ਜਿਹੜੇ ਗੁਣ ਸਨ ਉਹਨਾਂ ਦੀ ਬਜਾਰ ਵਿੱਚ ਮੰਗ ਨਹੀਂ ਸੀ ਅਤੇ ਜਿਹੜੇ ਗੁਣਾਂ ਦੀ ਮੰਗ ਸੀ ਉਹ ਉਪਲਬਧ ਨਹੀਂ ਸਨ। ਇਸ ਤੋਂ ਇਲਾਵਾ ਸੰਗਠਿਤ ਖੇਤਰ ਦੇ ਰੁਜ਼ਗਾਰ ਵਿੱਚ ਹਿੱਸੇ ਵਿੱਚ ਵੀ ਗਿਰਾਵਟ ਆਈ ਹੈ। ਗੈਰ ਸੰਗਠਿਤ ਖੇਤਰ ਵਿੱਚ ਰੁਜ਼ਗਾਰ ਪ੍ਰਾਪਤ ਕਾਮੇ ਨੂੰ ਨਾ ਰੁਜ਼ਗਾਰ ਦੀ ਸੁਰੱਖਿਆ ਹੈ ਅਤੇ ਨਾ ਹੀ ਬੀਮੇ ਦੀ ਸਹੂਲਤ ਹੈ।

**8. ਭੁਗਤਾਨ ਸੰਤੁਲਨ ਵਿੱਚ ਸੁਧਾਰ:** ਭੁਗਤਾਨ ਸੰਤੁਲਨ ਵਿੱਚ ਸੁਧਾਰ ਕਰਨਾ ਭਾਰਤੀ ਯੋਜਨਾਵਾਂ ਦਾ ਮੁੱਖ ਉਦੇਸ਼ ਰਿਹਾ ਹੈ। ਇਸ ਸਮੱਸਿਆ ਦੇ ਲੰਬੇ ਸਮੇਂ ਦੇ ਹੱਲ ਲਈ ਭਾਰੀ ਅਤੇ ਬੁਨਿਆਦੀ ਉਦਯੋਗਾਂ ਦਾ ਵਿਕਾਸ ਕਰਨ ਲਈ ਵਿਦੇਸ਼ੀ ਪੂੰਜੀ ਦੇ ਆਯਾਤਾਂ ਤੇ ਨਿਰਭਰ ਕਰਨਾ ਪਿਆ ਜਿਸ ਕਾਰਨ ਭੁਗਤਾਨ ਸੰਤੁਲਨ ਦੀ ਸਥਿਤੀ ਵਿੱਚ ਨਿਘਾਰ ਆਇਆ। ਸਿੱਟੇ ਵਜੋਂ ਭੁਗਤਾਨ ਸੰਤੁਲਨ ਦਾ ਘਾਟਾ ਜੋ ਪਹਿਲੀ ਯੋਜਨਾ ਵਿੱਚ ਕੇਵਲ 42.3 ਕਰੋੜ ਰੁਪਏ ਸੀ ਤੀਜੀ ਯੋਜਨਾ ਦੇ ਅੰਤ ਵਿੱਚ 1972 ਕਰੋੜ ਰੁਪਏ ਤੱਕ ਪਹੁੰਚ ਗਿਆ। ਚੌਥੀ ਯੋਜਨਾ ਵਿੱਚ ਨਿਰਯਾਤਾਂ ਵਿੱਚ 13.6 ਪ੍ਰਤੀਸ਼ਤ ਸਾਲਾਨਾ ਵਾਧੇ ਕਾਰਨ ਨਿਰਯਾਤਾਂ ਤੋਂ ਆਮਦਨ 2350.7 ਕਰੋੜ ਰੁਪਏ ਰਹੀ ਪਰ ਅੰਤਰਰਾਸ਼ਟਰੀ ਮੰਡੀ ਵਿੱਚ ਪੈਟਰੋਲੀਅਮ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਭੁਗਤਾਨ ਸੰਤੁਲਨ ਦਾ ਘਾਟਾ 1973-74 ਵਿੱਚ 2211 ਕਰੋੜ ਰੁਪਏ ਤੇ ਪਹੁੰਚ ਗਿਆ। ਪੰਜਵੀਂ ਯੋਜਨਾ ਦੇ ਪਹਿਲੇ ਤਿੰਨ ਸਾਲ ਨਿਰਯਾਤਾਂ ਵਿੱਚ 27 ਪ੍ਰਤੀਸ਼ਤ ਵਾਧਾ ਹੋਇਆ ਪਰ ਪਿਛਲੇ ਦੋ ਸਾਲਾਂ ਵਿੱਚ ਨਿਰਯਾਤਾਂ ਦੇ ਪੱਧਰ ਘਟਣ ਦੇ ਨਾਲ ਨਾਲ ਆਯਾਤਾਂ ਵਿੱਚ ਵਾਧੇ ਦੀ ਦਰ 19.6 ਪ੍ਰਤੀਸ਼ਤ ਅਤੇ 33.5 ਪ੍ਰਤੀਸ਼ਤ ਸੀ। ਇਸ ਯੋਜਨਾ ਵਿੱਚ ਵਪਾਰ ਬਾਕੀ ਦਾ ਘਾਟਾ 5589 ਕਰੋੜ ਰੁਪਏ ਸੀ ਪਰ ਵਿਦੇਸ਼ਾਂ ਵਿੱਚ ਵਸੇ ਭਾਰਤੀਆਂ ਰਾਹੀਂ ਭੇਜੀ ਰਾਸ਼ੀ (Remittances) ਵਿੱਚ ਵਾਧੇ ਕਾਰਨ ਭੁਗਤਾਨ ਸੰਤੁਲਨ ਦਾ ਘਾਟਾ ਕੇਵਲ 1146 ਕਰੋੜ ਰੁਪਏ ਰਿਹਾ। ਛੇਵੀਂ ਅਤੇ ਸੱਤਵੀਂ ਯੋਜਨਾ ਵਿੱਚ ਵਪਾਰ ਸੰਤੁਲਨ ਦੀ ਸਥਿਤੀ ਬੇਹੱਦ ਕਮਜ਼ੋਰ ਰਹੀ। ਸੱਤਵੀਂ ਯੋਜਨਾ ਵਿੱਚ ਚਾਲੂ ਖਾਤੇ ਦਾ ਵਪਾਰ ਘਾਟਾ 41012 ਕਰੋੜ ਰੁਪਏ ਤੱਕ ਪਹੁੰਚ ਗਿਆ। ਅੱਠਵੀਂ ਯੋਜਨਾ ਵਿੱਚ ਚਾਲੂ ਖਾਤੇ ਦਾ ਘਾਟਾ 69000 ਕਰੋੜ ਰੁਪਏ ਸੀ ਪਰ ਵਿਦੇਸ਼ੀ ਸਹਾਇਤਾ ਵਿੱਚ ਵਾਧੇ ਕਾਰਨ ਪੂੰਜੀ ਖਾਤੇ ਦੀਆਂ ਪ੍ਰਾਪਤੀਆਂ ਵਧ ਗਈਆਂ। ਨੌਵੀਂ ਯੋਜਨਾ ਦੇ ਆਖਰੀ ਵਰ੍ਹੇ ਅਤੇ ਦਸਵੀਂ ਯੋਜਨਾ ਦੇ ਪਹਿਲੇ ਦੋ ਵਰ੍ਹਿਆਂ ਵਿੱਚ ਚਾਲੂ ਖਾਤੇ ਵਿੱਚ ਵਾਧਾ (Surplus) 1,01,069 ਕਰੋੜ ਰੁਪਏ ਸੀ ਪਰ ਅਗਲੇ ਤਿੰਨ ਸਾਲਾਂ ਵਿੱਚ ਚਾਲੂ ਖਾਤਾ ਫਿਰ ਘਾਟੇ ਵਿੱਚ ਚਲਾ ਗਿਆ ਅਤੇ ਇਸ ਘਾਟੇ ਦੀ ਰਕਮ 1,00,249 ਕਰੋੜ ਰੁਪਏ ਸੀ। 2009-10 ਅਤੇ 2010-11 ਵਿੱਚ ਚਾਲੂ ਖਾਤੇ ਦੇ ਘਾਟੇ ਕ੍ਰਮਵਾਰ 1,80,626 ਕਰੋੜ ਰੁਪਏ, 2,10,100 ਕਰੋੜ ਰੁਪਏ ਰਹੇ ਹਨ। ਪਰ ਪੂੰਜੀ

ਖਾਤੇ ਦੀਆਂ ਪ੍ਰਾਪਤੀਆਂ ਕ੍ਰਮਵਾਰ 2,43,900 ਕਰੋੜ ਅਤੇ 2,69,600 ਕਰੋੜ ਰੁਪਏ ਰਹਿਣ ਕਾਰਨ ਭੁਗਤਾਨ ਸੰਤੁਲਨ ਅਨੁਕੂਲ ਰਿਹਾ। ਚਾਲੂ ਖਾਤੇ ਵਿੱਚ ਨਿਰੰਤਰ ਘਾਟਾ ਚਿੰਤਾਜਨਕ ਹੈ ਕਿਉਂਕਿ ਇਸਦੇ ਕਾਰਨ ਚਿਰਸਥਾਈ ਹਨ ਜਦ ਕਿ ਪੂੰਜੀ ਖਾਤੇ ਦੀਆਂ ਪ੍ਰਾਪਤੀਆਂ ਅਸਥਾਈ ਕਿਸਮ ਦੀਆਂ ਹਨ।

**V. ਮੂਲ ਧਾਰਨਾਵਾਂ**: ਇਸ ਪਾਠ ਵਿੱਚ ਵਰਤੀਆਂ ਗਈਆਂ ਕੁਝ ਕੁ ਧਾਰਣਾਵਾਂ ਦਾ ਵਰਣਨ ਹੇਠਾਂ ਦਿੱਤਾ ਗਿਆ ਹੈ:

**ਆਰਥਿਕ ਯੋਜਨਾਬੰਦੀ**: ਆਰਥਿਕ ਯੋਜਨਾਬੰਦੀ ਉਹ ਪ੍ਰਕ੍ਰਿਆ ਹੈ ਜਿਸ ਅਧੀਨ ਸਰਕਾਰ ਕੁਝ ਮਿੱਥੇ ਹੋਏ ਉਦੇਸ਼ਾਂ ਦੀ ਪ੍ਰਾਪਤੀ ਲਈ ਆਰਥਿਕ ਕ੍ਰਿਆਵਾਂ ਜਿਵੇਂ ਉਤਪਾਦਨ, ਉਪਭੋਗ, ਵਟਾਂਦਰਾ, ਵੰਡ ਆਦਿ ਨੂੰ ਪ੍ਰਭਾਵਿਤ ਕਰਦੀ ਹੈ। ਇਸ ਪ੍ਰਕ੍ਰਿਆ ਵਿੱਚ ਉਪਲਬਧ ਸਾਧਨਾਂ ਦੇ ਆਧਾਰ ਤੇ ਵੱਖ ਵੱਖ ਖੇਤਰਾਂ ਸੰਬੰਧੀ ਟੀਚਿਆਂ ਦਾ ਨਿਰਧਾਰਨ ਕੀਤਾ ਜਾਂਦਾ ਹੈ, ਇਹਨਾਂ ਟੀਚਿਆਂ ਦੀ ਨਿਯਤ ਸਮੇਂ ਵਿੱਚ ਪ੍ਰਾਪਤੀ ਹਿੱਤ ਤਰਤੀਬ-ਬੱਧ ਯਤਨ ਕੀਤੇ ਜਾਂਦੇ ਹਨ ਅਤੇ ਇਹਨਾਂ ਯਤਨਾਂ ਦੇ ਪ੍ਰਭਾਵਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ।

**ਆਦੇਸ਼ ਰਾਹੀਂ ਯੋਜਨਾਬੰਦੀ**: ਇਸ ਕਿਸਮ ਦੀ ਯੋਜਨਾਬੰਦੀ ਸਮਾਜਵਾਦੀ ਦੇਸ਼ਾਂ ਵਿੱਚ ਅਪਣਾਈ ਜਾਂਦੀ ਹੈ। ਜਿੱਥੇ ਕਿ ਉਤਪਾਦਨ ਦੇ ਸਾਰੇ ਸਾਧਨਾਂ ਉੱਪਰ ਸਰਕਾਰ ਦਾ ਨਿਯੰਤਰਣ ਹੁੰਦਾ ਹੈ। ਵੱਖ-ਵੱਖ ਖੇਤਰਾਂ ਵਿੱਚ ਭੌਤਿਕ ਅਤੇ ਵਿੱਤੀ ਸਾਧਨਾਂ ਦੀ ਵੰਡ, ਉਤਪਾਦਨ, ਤਕਨੀਕਾਂ ਦੀ ਚੋਣ ਆਦਿ ਸੰਬੰਧੀ ਸਭ ਫੈਸਲੇ ਕੇਵਲ ਸਰਕਾਰ ਦੁਆਰਾ ਹੀ ਕੀਤੇ ਜਾਂਦੇ ਹਨ।

**ਪ੍ਰੇਰਨਾ ਰਾਹੀਂ ਯੋਜਨਾਬੰਦੀ**: ਯੋਜਨਾਬੰਦੀ ਦੀ ਇਹ ਕਿਸਮ ਪੂੰਜੀਵਾਦੀ ਦੇਸ਼ਾਂ ਵਿੱਚ ਪ੍ਰਚੱਲਿਤ ਹੈ ਜਿਹਨਾਂ ਵਿੱਚ ਆਰਥਿਕ ਫੈਸਲੇ ਨਿਜੀ ਹੱਥਾਂ ਵਿੱਚ ਕੇਂਦਰਿਤ ਹੁੰਦੇ ਹਨ। ਇਹਨਾਂ ਦੇਸ਼ਾਂ ਵਿੱਚ ਸਰਕਾਰ ਆਰਥਿਕ ਕ੍ਰਿਆਵਾਂ ਨੂੰ ਪ੍ਰਭਾਵਿਤ ਕਰਨ ਲਈ ਲਾਭ ਦੀ ਪ੍ਰੇਰਣਾ ਵਿੱਚ ਤਬਦੀਲੀ ਉੱਪਰ ਨਿਰਭਰ ਕਰਦੀ ਹੈ। ਅਰਥਵਿਵਸਥਾ ਨੂੰ ਲੋੜੀਂਦੇ ਜਾਂ ਇੱਛਤ ਮਾਰਗ ਉੱਪਰ ਤੋਰਨ ਲਈ ਸਰਕਾਰ ਮੁਦਰਿਕ, ਰਾਜਕੋਸ਼ੀ ਅਤੇ ਵਪਾਰਕ ਨੀਤੀਆਂ ਦੀ ਸਹਾਇਤਾ ਨਾਲ ਬਾਜ਼ਾਰ ਦੀਆਂ ਸ਼ਕਤੀਆਂ ਨੂੰ ਪ੍ਰਭਾਵਿਤ ਕਰਦੀ ਹੈ।

**VI. ਸਾਰ**: ਭਾਰਤੀ ਯੋਜਨਾਬੰਦੀ ਆਰਥਿਕ ਵਿਕਾਸ, ਉਦਯੋਗੀਕਰਨ ਅਤੇ ਆਤਮਨਿਰਭਰਤਾ ਦੇ ਉਦੇਸ਼ਾਂ ਦੀ ਪੂਰਤੀ ਵਿੱਚ ਬਹੁਤ ਹੱਦ ਤੀਕ ਕਾਮਯਾਬ ਰਹੀ ਹੈ। ਸਰਵਜਨਕ ਖੇਤਰ ਨੇ ਇਸ ਕਾਮਯਾਬੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਭਾਰਤ ਵਿੱਚ ਤੇਜ ਆਰਥਿਕ ਵਿਕਾਸ ਦਾ ਸਿਹਰਾ ਨਵੀਂ ਆਰਥਿਕ ਨੀਤੀ ਸਿਰ ਬੰਨਿਆ ਜਾਂਦਾ ਹੈ ਪਰ ਆਰਥਿਕ ਯੋਜਨਾਬੰਦੀ ਅਤੇ ਸਰਵਜਨਕ ਖੇਤਰ ਦੇ ਯਤਨਾਂ ਸਦਕਾ ਹੀ ਅਰਥਵਿਵਸਥਾ ਇਸ ਯੋਗ ਬਣ ਸਕੀ ਕਿ ਨਿਜੀ ਨਿਵੇਸ਼ ਅਤੇ ਸਿੱਧੇ ਵਿਦੇਸ਼ੀ ਨਿਵੇਸ਼ ਦੇ ਲਾਭ ਉਠਾ ਸਕੇ। ਪੇਂਡੂ ਖੇਤਰ ਤੀਕ ਆਵਾਜਾਈ, ਸੰਚਾਰ, ਸਿਹਤ, ਸਿੱਖਿਆ, ਬਿਜਲੀ ਸਹੂਲਤਾਂ ਦੀ ਪਹੁੰਚ ਸਰਵਜਨਕ ਖੇਤਰ ਕਾਰਨ ਹੀ ਸੰਭਵ ਹੋਈ ਹੈ। ਬੇਸ਼ੱਕ ਸਰਵਜਨਕ ਖੇਤਰ ਅਨੇਕਾਂ ਸਮੱਸਿਆਵਾਂ ਦਾ ਸ਼ਿਕਾਰ ਵੀ ਰਿਹਾ ਹੈ ਅਤੇ ਕਾਰਨ ਵੀ ਪਰ ਇਹ ਅਸਫਲਤਾਵਾਂ ਪ੍ਰਬੰਧਕੀ ਅਤੇ ਪ੍ਰਸ਼ਾਸਨਿਕ ਢਾਂਚੇ ਦੀਆਂ ਅਸਫਲਤਾਵਾਂ ਹਨ। ਆਰਥਿਕ ਯੋਜਨਾਬੰਦੀ ਅਤੇ ਸਰਵਜਨਕ ਖੇਤਰ ਦੇ ਦਾਇਰੇ ਨੂੰ ਸੀਮਿਤ ਕਰਨਾ ਇੱਕ ਵੱਡੀ ਭੁੱਲ ਹੈ।

ਬੇਰੁਜ਼ਗਾਰੀ, ਗਰੀਬੀ ਅਤੇ ਅਸਮਾਨਤਾਵਾਂ ਨੂੰ ਦੂਰ ਕਰਨ ਦੀ ਅਸਫਲਤਾ, ਭਾਰਤੀ ਯੋਜਨਾਵਾਂ ਦੀ ਸਭ ਤੋਂ ਵੱਡੀ ਨਾਕਾਮੀ ਹੈ। ਭਾਰਤ ਦੇ ਆਪਣੇ ਮਾਪਦੰਡਾਂ ਅਨੁਸਾਰ 40 ਪ੍ਰਤੀਸ਼ਤ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਹੈ ਜਦਕਿ ਅੰਤਰਰਾਸ਼ਟਰੀ ਮਾਪਦੰਡਾਂ ਅਨੁਸਾਰ 60 ਪ੍ਰਤੀਸ਼ਤ ਤੋਂ ਵੀ ਵਧ ਜਨਸੰਖਿਆ ਇਸ ਸ਼੍ਰੇਣੀ ਵਿੱਚ ਆਉਂਦੀ ਹੈ। ਇਹਨਾਂ ਅੰਤਰਸੰਬੰਧਿਤ ਸਮੱਸਿਆਵਾਂ ਦੇ ਸਥਾਈ ਹੱਲ ਕਰਨ ਲਈ ਜਿਸ ਕਿਸਮ ਦੇ ਠੋਸ, ਸੰਜੀਦਾ, ਨਿਰੰਤਰ ਅਤੇ ਯੋਜਨਾਬੱਧ ਯਤਨਾਂ ਦੀ ਜ਼ਰੂਰਤ ਹੁੰਦੀ ਹੈ ਉਹ ਭਾਰਤੀ ਯੋਜਨਾਬੰਦੀ ਵਿੱਚ ਗੈਰਹਾਜ਼ਰ

ਰਹੇ ਹਨ। ਸਿੱਖਿਆ ਅਤੇ ਸਿਹਤ ਸੇਵਾਵਾਂ ਵਿੱਚ ਸਰਕਾਰੀ ਖੇਤਰ ਦਾ ਸੁੰਗੜਦਾ ਆਕਾਰ ਪੇਂਡੂ ਖੇਤਰ ਵਿਸ਼ੇਸ਼ਕਰ ਗਰੀਬ ਵਰਗ ਲਈ ਬੇਹੱਦ ਘਾਤਕ ਹੈ। ਯੋਜਨਾਬੰਦੀ ਦੇ ਮਾਰਗ ਦੀ ਚੋਣ ਸਮਾਜਿਕ ਕਲਿਆਣ ਦੇ ਉਦੇਸ਼ ਨਾਲ ਕੀਤੀ ਗਈ ਸੀ। ਇਹਨਾਂ ਯਤਨਾਂ ਦੇ ਪ੍ਰਭਾਵ ਚੰਗੇ ਵੀ ਰਹੇ ਹਨ ਅਤੇ ਮਾੜੇ ਵੀ। ਯੋਜਨਾਬੰਦੀ ਦੇ ਮਾੜੇ ਅਸਰ ਨੂੰ ਦੂਰ ਕਰਨ ਲਈ ਬੇਹਤਰ ਰਣਨੀਤੀ ਅਤੇ ਬਿਹਤਰ ਯੋਜਨਾਬੰਦੀ ਦੀ ਲੋੜ ਹੈ। ਯੋਜਨਾਬੰਦੀ ਦਾ ਦਾਇਰਾ ਸੀਮਿਤ ਕਰਨਾ ਇਸ ਸਮੱਸਿਆ ਦਾ ਹੱਲ ਨਹੀਂ। ਸਰਵਜਨਕ ਖੇਤਰ ਦੀ ਸੀਮਿਤ ਖੇਤਰਾਂ ਵਿੱਚ ਬੇਹੱਦ ਮਜਬੂਤ ਹਾਜਰੀ ਜਨਕਲਿਆਣ ਲਈ ਬੇਹੱਦ ਜ਼ਰੂਰੀ ਹੈ।

### ਪ੍ਰਸਤਾਵਿਤ ਪੁਸਤਕਾਂ ਅਤੇ ਹੋਰ ਦਸਤਾਵੇਜ਼


**1.** Mishra, S. K. and V. K. Puri (2012), *Indian Economy,* Himalya Publishing House, New Delhi. Also consult latest edition

**2.** Dutt, Rudra and K. P. M. Sundharam (2008), *Indian Economy,* S. Chand and Company Limited, New Delhi (also see latest available edition by the Gaurav Dutt and K. P. M. Sundharam)

**3.** *Economic Survey, 2011-12*, Government of India, New Delhi.

**4.** Planning Commission, Drafts of various Five Years Plans.

**5.** Rudra, Ashok (1985), 'Planning in India: An Evaluation in Terms of the Models', *Economic and Political Weekly,* April 20-27.


### ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਯੋਜਨਾਬੰਦੀ ਤੋਂ ਤੁਹਾਡਾ ਕੀ ਭਾਵ ਹੈ?
2. ਭਾਰੀ ਅਤੇ ਬੁਨਿਆਦੀ ਉਦਯੋਗਾਂ ਦੇ ਮਹੱਵ ਬਾਰੇ ਸੰਖੇਪ ਵਿੱਚ ਚਾਨਣਾ ਪਾਉ।
3. ਯੋਜਨਾਬੰਦੀ ਵਿੱਚ ਸਰਵਜਨਕ ਖੇਤਰ ਦਾ ਕੀ ਮਹੱਤਵ ਹੈ?

### ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਭਾਰਤ ਵਿੱਚ ਯੋਜਨਾਬੰਦੀ ਦੀ ਲੋੜ ਦਾ ਵਿਸਥਾਰਪੂਰਵਕ ਵਰਣਨ ਕਰੋ।
2. ਭਾਰਤੀ ਯੋਜਨਾਬੰਦੀ ਦੇ ਮੁੱਖ ਉਦੇਸ਼ਾਂ ਦੀ ਵਿਆਖਿਆ ਕਰੋ।
3. ਭਾਰਤੀ ਯੋਜਨਾਬੰਦੀ ਦੌਰਾਨ ਅਰਥਵਿਵਸਥਾ ਵਿੱਚ ਆਈਆਂ ਤਬਦੀਲੀਆਂ ਬਾਰੇ ਵਿਸਥਾਰ ਸਹਿਤ ਚਰਚਾ ਕਰੋ।
4. ਭਾਰਤੀ ਯੋਜਨਾਬੰਦੀ ਦਾ ਆਲੋਚਨਾਤਮਕ ਮੁਲਾਂਕਣ ਕਰੋ।

**Lesson No: 2.5** **Author: Dr. Rakesh Kumar**

## Basic Strategy of Indian Planning

**Structure:**


**1. Objectives**

**2. Introduction**

**3. Strategy of Economic planning**

3.1 Nehru-Mahalanobis Strategy of Development-Based on Rapid Industrialization

3.2 Nehru- Mahalanobis Strategy of Development- Employment Considerations

3.3 Nehru- Mahalanobis Strategy of Development-Small Scale Industry and Consumer Goods

3.4 Nehru-Mahalanobis Strategy Import Substitution led industrialization

3.5 Nehru- Mahalanobis Strategy of Development -Public Sector

**4. The Gandhian Socialism- Janata Party Regime 1977**

4.1 Contents of the Gandhian Model of Growth

**5. Basic Needs Strategy**

5.1 Early Phase of Liberalization (1980-85)

5.2 Agriculture Development Led Growth-(1985-90)

**6. Manmohanomics- based on Liberalization, Privatization and Globalization (1991)**

6.1 Elements of LPG Strategy

6.2 Evaluation fo LPG Strategy

**7. PURA Model-A Neo Gandhian approach to Development**

7.1 Elements of PURA Model.

**8. Summing up**

**9. Practice Questions**

**10. References**


### 1. Objectives:

Following are the objectives of this lesson:

- to know about the basic elements of development strategy
- to learn the Nehru-Mahalnobis strategy and the economic philosophy behind
- to discern the diversion from the basic strategy developed by Nehru-Mahalnobis and move towards Gandhian model of development
- to understand the Manmohanomics and LPG
- to know about the Neo-Gandhian approach to development-PURA

## 2. Introduction:

Every development plan requires an approach to achieve certain long term objectives. India, after the independence, followed the path of planned economic development. Being an underdeveloped country and further devastated by the partition of the country did not have much resource at its disposal, thus, development works could not be started in all areas of economic activities. In this context, leading sectors have to be identified and priorities have to be determined and resources have to devote these sectors. Therefore, some strategy has to be adopted to achieve the best for the nation by using the scarce resources judiciously. This has been well established in the literature of development that priority areas should be identified and the available meager resources to be devoted to these areas. Diffusion of resources in many areas may turn out to be of little positive consequences. Rosenstein Rodon has asserted in his formulation that if an economy stagnated for the long time, would not grow unless a 'big push' is given to it. The Indian economy needed exactly this kind of 'push' after 1947. Hence, economic planning was advocated which involved a higher level of investments and determination of right priorities.

The basic objectives of our Five Year Plans were "development along socialist lines to secure rapid economic growth and expansion of employment, reduction of disparities in income and wealth, prevention of concentration of economic power and creation of values and attitudes of free and equal society. In order to achieve these objectives the planners have formulated a strategy of planned economic development. In the history of planning in India, eleventh plan (2007-12) is already completed and the twelneth plan, 2012-17 is in progress is about to end in a row. Did we witness any major change in the strategy of planning overtime? If yes, what are changing paradigms? An attempt has been made in this lesson to address these questions.

## 3. Strategy of Economic planning:

### 3.1 Nehru-Mahalanobis Strategy of Development-Based on Rapid Industrialization:

The economy was in doldrums on the eve of independence, and running short of food supply and basic infrastructure required for development. The first five year plan was based on the Harrod-Domer model of development-based on two ways functioning of investments in terms of multiplier and acceleration principles, major emphasis was placed to solve the problem of food grains and resources were devoted to agriculture and infrastructure with particular emphasis on energy, means of transport and communication and irrigation facilities. However, this strategy did not continue for the rest of the plans as the supply of food grains was assured under the PL-440 and 660 from the USA and second five year plan onwards were based on the Nehru-Mahalanobis model of growth. This strategy emphasized investments in heavy industry to achieve industrialization which was assumed to be basic condition for rapid economic development. At that time Nehru was very forthright in pointing out that industrialization meant development of heavy industries. The plan frame of the second plan states that

in the long run, the rate of industrialization and the growth of the national economy would depend upon the increasing production of coal, electricity, iron and steel, heavy chemicals and heavy industries generally which would increase the capacity for capital formation. One important aim was to make India independent as quickly as possible of foreign imports of producer goods so that the accumulation of capital would not be hampered by difficulties in securing supply of essential producer goods from other countries. The heavy industry must, therefore, be expanded with all possible support. Thus the core of the strategy adopted by Indian planners for the second plan and with minor modification for subsequent three plans (up to the fifth plan)-was rapid industrialization through lumpy investment on heavy, basic and machine- building industries.

The experience of different countries have shown that unless a country develops iron and steel, heavy engineering, machine tools and heavy chemical industries, it would fail to accelerate the pace of economic development. Lacking in capital for development purposes, India at the time of independence thus had no option but to adopt the strategy of unbalanced growth. It was not possible to develop both capital and consumer goods industries simultaneously. Hence, growth of consumer goods industries and the agriculture was left to the market forces.

The planners have defended the priority to industrialization on the grounds that on the eve of independence the country was industrially backward and as such the establishment of new industries on big scale and development of traditional industry was an imperative necessity. India is a labour abundant country; its productivity in the primary sector is very less whereas the industrial sector has large potential so far as the productivity of labour is concerned. Hence, for raising national income at fast rate there is no way out except to establish industries. Development of basic and heavy industry has very large forward and backward integration, consequently provide big boost to the other sectors of the economy. In addition development of industry provides better scope for exports and earning foreign exchange for the further development of the nation.

Planning commission rejected the alternative strategy of light industries producing consumption goods. This approach must have produced large quantity of consumer goods to the satisfaction of the elite and the capital goods sector had lagged behind. Therefore, planning commission rejected the short period availability of consumption goods in favour of production of capital goods. The capital goods approach based on Russian experience expected people to sacrifice in the short period in favour of high standard of living in the long period. Besides, this approach would enable the country to have a large volume of capital goods in the short period and a large volume of both capital and consumption goods in the long period.

This strategy was commended for the smart increase in the levels of savings and investments in the country, for, the impressive development of economic

infrastructure especially irrigation, energy, transport and communication etc. However, development strategy was severely criticized for its inadequate emphasis on small and cottage industry and agriculture, for the growing emergence of trade deficit, for growing unemployment in the country and above all, for growing inequality of income and wealth on the one side and very slow reduction of poverty on the other.

**3.2 Nehru- Mahalanobis Strategy of Development- Employment Considerations:**

This strategy of development of basic and heavy industry came in conflict with employment objective of plans. The strategy had visualized that the full employment would be attained by realizing the 5% annual increase in the national income. It was admitted that modern industries would not generate much employment but it was hopefully asserted that the traditional sectors meeting the demand for basic consumption goods had the capacity to absorb all the labour force available outside the modern sector. Thus the objective of additional employment was to be taken care of by the policies which were parallel to, but not an integral part of the strategy of growth. Here the basic defect in the approach was that this aspect of strategy was not translated in terms of actual projects or project complexes and the expectation did not materialize.

**3.3 Nehru- Mahalanobis Strategy -Small Scale Industry and Consumer Goods:**

This strategy did not entirely ignore the small scale industry by recognizing the fact that the greater the market surplus of consumer goods in the household and small industries, the greater will be the possibilities of investments in heavy industries without any fear of inflation. For, the growing population has to be fed and clothed, the large scale industry with long gestation period was unable to meet such demands. Hence this strategy gave active encouragement to small scale industries producing consumer goods. It was asserted that the input- output ratio would be low in small scale and cottage industries and gestation period very short and obviously, the small scale sector was ideally suited to increase the supply of consumer goods.

**3.4 Nehru-Mahalanobis Strategy -Import Substitution led industrialization:**

Next basic tenet of the strategy was to develop industrialization through the process of import substitution based on the infant industry argument by creating high walls of tariffs. Consequently, it helped India -an underdeveloped nation in building up the industrial base. India's demand for industrial imports increased much more rapidly than the foreign demand for its exports. The inability of exports to increase rapidly was due to the inability of primary goods exports to expand at a fast rate. Therefore to meet domestic demand of industrial products, India must set up import substituting industries. However, this type of policy has also been criticized Raul Prebish is of the view that firstly, when the relatively easy phase of import substitution is reached, there are limits to import substitution in the developing country like India. Secondly, such a policy leads to product distortation because such as import substituting industries that are set are not according to the requirements of the long term needs of the nation rather production of those goods which the country like India

is unable to acquire from other nations. Thirdly, import substitution strategy forces to go for excessive protectionism. This insulates national markets from external competition, weakening and even destroying the necessity for improving the quality of output and lowering under the private-enterprise system. India is a major sufferer on this front. Fourthly, the quality unnecessarily depending upon such policy increases the cost of production for the economy as a whole. Finally, protectionist policies have promoted the industries which are capital intensive, employ a relatively smaller labour force, and tend to accentuate the income disparities.

**3.5 Nehru- Mahalanobis Strategy of Development -Public Sector:**

This strategy assigned a dominant role to the public sector. As investments in the basic and heavy industry was very high and gestation period very long and that too with low profitability. The private sector was too small to bear such burden of heavy industry and was not keen on providing infrastructural facilities. Besides, the control of public sector would vest the control of the commanding heights with the government and this would help the development of a socialist society. Above all, the public sector would prevent the development of the monopoly ownership and exploitation which are inherent in the private sector. It was for these reasons; this strategy went for in a big way for the expansion of public sector.

**(A) Self-Check Exercise :**

Answer the following questions in five-six lines :

(i) What is Nehru- Mahalanobis Strategy of Development?

(ii) How this strategy has helped to build structure for further industrialisation?

**4. The Gandhian Socialism- Janata Party Regime 1977:**

The Nehru-Mahalanobis strategy which was based on the long term objectives to satisfy, opted for heavy industry with the domination of the public sector and followed the protectionist path to safeguard the infant industries and to boost savings and the investments. However, it failed to provide national minimum level of living despite first five plans. Nearly 40% of the population lived below the poverty line. The number of unemployed and under-employed was quite high and was increasing continuously. The inequalities of income and wealth had worsened and there was growing concentration of economic power in the hands of few. Land reforms were not properly implemented, resulting in much dissatisfaction in the rural areas. It was in this context that the Janata Party in 1977 adopted Gandhian Socialism as the main objective of development and the Janata Party's sixth plan (1978-83) was broadly based on the Gandhian Model of economic growth. The basic objective of the Gandhian model was to raise the material as well as the cultural level of the Indian masses so as to provide a basic standard of life. It laid the greatest emphasis on the scientific development of agriculture and rapid growth of cottage and villages.

**4.1 Contents of the Gandhian Model of Growth:**

- Development in agriculture for the self sufficiency in foodstuffs which can be

achieved by the better quality of inputs and through land reforms. Abolition of money lenders' money lending system and increase the credit facilities to the farmers. This model lays special emphasis on dairy farming as an occupation and as an auxiliary to agriculture.

- Attain maximum sufficiency in village communities. Hence the model emphasizes the expansion of the cottage and village industries along with agriculture. Spinning, weaving and manufacturing of khadi are given the first place.
- There is general misconception about Gandhi being opposed to the development of large-scale industries. Actually, the Gandhian Plan recognizes the need for and the importance of certain selected basic and key industries in India, especially defence, hydro-electric, thermal-electric, mining and metallurgy, machinery and machine tools, heavy engineering and heavy chemicals. Gandhiji welcomes machinery and modern amenities wherever they lighten the burden of the villagers without displacing the human labour. Machinery is good when it operates in the interests of all; it is evil when it serves the interests of the few.
- This plan laid emphasis on small scale industries to replace production oriented planning with employment oriented planning. This necessitates demarcation of areas of high employment potential which also ensure high and efficient production.
- The problem of distribution is to be tackled at the production end and not at the consumption end. The decentralization of small scale production it was expected that this will cut the very root of accumulation of wealth. And whatever large-scale production is inevitable, it should be left to government ownership and management.

Hence, we can say that the Gandhian model of growth hopes to achieve a national minimum level of living within the shortest possible time and aims at removal of concentration of income and wealth and tends towards growth with stability.

**(B) Self-Check Exercise :**

Answer the following short Questions.

(i) What was idea of Gandhian Strategy of development.

(ii) Enlist any three contents of Gandian Strategy.

## 5. Basic Needs Strategy:

### 5.1 Early Phase of Liberalization (1980-85):

When Janata party lost power to the Congress (I) in 1980, the fifth/five year plan 1978-83 was terminated and the sixth five year plan 1980-85 was adopted. In deciding the growth path the planners highlighted the role of the public sector that it had played in the past. They asserted that the public sector investments would continue to play an important role in influencing the growth performance of the economy in the future. Nonetheless the share of the public sector investment in the total investment

was reduced. Even the investment pattern in the sixth plan was not in the conformity with the Nehru-Mahalanobis Strategy. The early phase of liberalization had started in the Indian planned economic development. The plan gave a high priority to energy as its inadequate availability posed a serious threat to the whole planning activity in the country, the heavy industries were denied the priority they deserved. Another dimension in the development of the sixth plan that deserved particular attention was the special emphasis on sustained efforts to raise exports for building up the desired safety margin in the long-term balance of payments position of the economy.

The sixth plan document stated that the basic task of economic planning in India is to bring about a structural transformation of the economy so as to achieve a high and sustained rate of growth, a progressive improvement in the standard of living of the masses leading to the eradication of poverty and unemployment and provide the material base for the self reliant economy. The strategy to achieve these objectives was chosen after examining various alternative development profiles. Keeping in view the experience of the past, it was asserted that for realizing these objectives a substantial acceleration in the overall growth rate of the economy was necessary. At the same time the failure of trickle down effects was admitted. Therefore, various redistributive measures were advocated for raising the share of poorer sections in the national income consumption. The commission particularly emphasized the need for incorporating specific action programmes like the IRDP, NREP and as such their anti-poverty schemes in the strategy which aimed at removal of poverty and unemployment.

**5.2 Agriculture Development Led Growth-(1985-90):**

The seventh plan spelt out that the planning activity had to be directed toward the elimination of poverty and creating conditions of near full employment, the basic needs of the people in terms of food, clothing and shelter, attainment of universal education and access to health facilities for all. In this context the seventh plan gave priority to increase agriculture production through more reliance on the new technology. It undermined the role of public sector and induced increasing privatization of industrial activity. Besides, the liberalization of imports aimed at raising efficiency in the manufacturing sector. And emphasis was shifted from regulatory to facilitatory procedures. It was expected from the agriculture led growth that the strong domestic linkages of agriculture with industry through both demand and inputs sides results in high domestic demand multipliers for agricultural output. In addition this has been recognized in the economic literature that an investment in the agriculture is less import intensive than in industry. Further, investment in agriculture has greater employment potential than that in industry. However, Irma Adelman has admitted that if these policy measures are not counteracted by large increase in output of wage goods will result in drastic drop in the agricultural terms of trade and transfer all the benefits of agriculture led industrialization to the urban industrial classes domestically. Thus, such policy requires supporting policies to partially counteract the internal terms of

trade consequences of these policies.

**6. Manmohan's Economics-Strategy based on Liberalization, Privatization and Globalization (1991):**

This strategy of development emphasized on Liberalization, Privatization and Globalization (LPG). It was a diversion from the policies hitherto adopted. Here the process of indicative plan has been strengthened and the role of market has been enlarged. The economy was exposed to the international competition. The emphasis was placed on the productivity, efficiency and technology. The export led growth model was replaced by the import led growth. Specific elements of this strategy are discussed in the following paragraphs.

**6.1 Elements of LPG Strategy :**

- The areas hitherto reserved for the public sector were opened to private sector. In addition, by permitting the private sector to set up industrial units without taking a license, the government removed certain shackles which were holding back or delaying the process of private investment.
- The government decided to liberalize the policies towards the foreign capital and the economy was integrated to the world economy by reducing the tariffs and other restrictions.
- The public sector role, which was dominant in the earlier strategies, was reduced dramatically. Chronically sick public sector enterprises were referred to the BIFR for the formulation of the revival /rehabilitation schemes. To improve the performance of public sector enterprises, greater autonomy was given to PSU management and the Boards of Public sector companies were made more professional.
- The business houses were allowed to undertake investments without any MRTP limit.

Hence, the new strategy aims at reducing the role of the state significantly and thus abandons planning fundamentalism in favour of a more liberal and market driven pattern of development.

**6.2 Evaluation of LPG Strategy :** By adopting this strategy the nation became an open economy, integrated with world economy. The impression was being given that this will lead to competitiveness, technological advancement and increase in efficiency and productivity. However, this policy has been criticized on many grounds;

- It largely concentrates on the corporate sector which account for a little proportion of GDP.
- The model ignores agriculture and agro- based industries which are major sources of generation of employment for masses.
- By permitting the MNCs in the consumer goods sector, the interests of the small sector have been largely ignored.
- The benefits of rising exports are more than offset by much greater rise in

imports leading to a larger trade gap.

- The model emphasized on the capital intensive pattern of development and there are serious apprehensions about its employment-potential.
- The Japan did not follow the open door policies and liberalization to develop their economy. It applied limited operation of market mechanism with the state playing an active role in guiding the economy for the welfare of the community. So ours may not be the compulsion.
- The China's decision to globalize is motivated by the desire to use foreign markets as an instrument to resolve numerous internal bottlenecks.

This strategy raised serious doubts in the minds of people whether we are following the correct path of development. What has been happening to poverty and Inequality? The experience of more than a decade does not provide conclusive evidence of substantial improvement of these parameters. Rather some of them have become worse.

**(C) Self-Check Exercise :**

Answer the following questions on the basis of above discussion.

(i) How will you define the LPG Strategy of development?

(ii) What type of development strategy was adopted during 1980-85?

(iii) Bring out basic elements of LPG strategy.

**7. PURA Model-A Neo- Gandhian approach to Development:**

Providing Urban Amenities in Rural Areas (PURA) is to propel economic development without population transfers. Instead of moving human beings where infrastructure exists, it is better to take infrastructure to villages where human beings live. The PURA concept is the response to the need for creating social and economic infrastructure which can create a conducive climate for investment by the private sector to invest in rural areas.

**7.1 Features of PURA Model :**

(a) PURA model involves four connectivities: physical, electronic, knowledge and economic connectivity to enhance the prosperity of cluster of villages in the rural areas.

- Under physical connectivity, a group of 15 to 25 villages will be linked to one another by road along with a ring road so that each one of them can use it. Besides roads, provision of electricity and transport facilities has also been included.
- Secondly, a digital connectivity which aims to link villages with modern telecommunication and information technology services, for instance, PCOs, cyber cafes etc.
- Thirdly, knowledge connectivity tries to establish on every 5 to 7 kms of the circular road a school, a higher education centre, a hospital.
- Fourthly, economic connectivity aims to establish within this group of villages good marketing facilities so that all the commodities and services

of daily use can be procured and the rural people can sell their produce in these markets.

(b) Depending upon the region and the state of development, PURA can be classified into three different categories, namely Type A, Type B and Type C-PURA clusters. Type A is situated closer to the urban area having minimal road connectivity, limited infrastructure, limited support-school, and primary health centre. Type-B is situated near the urban areas but sparsely spread infrastructure and no connectivity. Type-C located far interior with no infrastructure, no connectivity and no basic amenities.

(c) The union government accorded in principle approval for the execution of PURA for bridging the rural-urban divide and achieving balanced socio-economic development in 2004.The government envisaged development of 4000 rural clusters located in backward regions. A sum of Rs. 3 crores for each cluster has been provided and thus, Rs 12000 crores will be spent on the development of 4000 PURAs.

(d) PURA draws its inspiration from the Gandhian model of development which emphasizes rural development as a fundamental postulate, yet in the prescription, it is neo-Gandhian in the sense, that it intends to bring rural regeneration with the objective of taking modern technology and modern amenities to the rural areas. It emphasizes the enlargement of employment of employment as the sole objective to make use of rural manpower in various development activities. In this sense, it does not think of a second grade status for rural citizens and can become more acceptable to them. In other words, the PURA model attempts reconciliation between employment and GDP growth objectives.

## 8. Summing Up:

It can be stated that during the first four decades the Nehru-Mahalnobis strategy of growth dominated the entire scene with some diversion during the Janata Party regime 1977. Economic circumstances emerged in the due course ultimately led the government to opt for the strategy based on liberalization, globalization, and privatization.

## 9. Practice Questions:

### 9.1 Long Answer type questions :

(i) Critically discuss the basic strategy of Indian development planning.

(ii) Nehru-Mahalanobis strategy helped to create the basic and heavy industry in India, in this context develop a logical reasoning.

(iii) What is Gandhian model of development? Discuss its contents and implementation in India.

(iv) What was unfavourable in the Nehru-Mahalanobis strategy that compelled the government to diverge from this strategy?

(v) Discuss the Strategy of import-led industrialization Vs export- led

industrialization from the Indian experience.

**9.2 Short answer type questions:**

Write short notes on the followings:

(a) Basic strategy of development in India during 80's.

(b) Heavy Versus light industry

(c) Gandhian model of development

(d) PURA

(e) Clustering approach in PURA

(f) Manmohanomics

(g) Agriculture led industrial development

(h) Growth and employment

## 10. References:

1. Misra S.K. & Puri V.K. (2006) : Indian Economy, Himalaya Publishing House
2. Ruddar Datt & Sundharam KPM (2006): Indian Economy, S. Chand
3. Pramit Chaudhary, (ed.) (1971) : Aspects of Indian Economic Development
4. Gadgill, D.R. (1972) : Planning and Economic Policy in India
5. Singh, B.N.P.(2004): Indian Economy Today, Changing Contours, Deep & Deep Publication.
6. Chakravarty,S. (1987) : Development Planning, The Indian Experience.
7. Gandhi, Jagdish P (2005): Dr. Kalam's PURA Model and Societal Transformation
8. Adelman I.(1984): "Beyond Export-Led Growth", World Development, Vol.12.

ਪਾਠ ਨੰ: 2.6 ਲੇਖਕਾ : ਡਾ. ਕੰਵਲਜੀਤ ਕੌਰ ਗਿੱਲ

# ਭਾਰਤ ਵਿੱਚ ਵੱਸੋਂ ਦੇ ਵਾਧੇ ਦੀ ਸਮੱਸਿਆ ਅਤੇ ਹੱਲ

## ਪਾਠ ਦੀ ਰੂਪ-ਰੇਖਾ

2.6.1 ਜਾਣ ਪਛਾਣ
2.6.2 ਪਾਠ ਦੇ ਉਦੇਸ਼
2.6.3 ਵੱਸੋਂ ਦਾ ਵਾਧਾ
2.6.3.1 ਵੱਸੋਂ ਦੇ ਵਾਧੇ ਦਾ ਇਤਿਹਾਸਕ ਪੱਖ
2.6.3.2 ਵੱਸੋਂ ਦੇ ਵਾਧੇ ਦਾ ਝੁਕਾਅ
2.6.3.2.1 ਸਥਿਰ ਵੱਸੋਂ ਦੀ ਸਥਿਤੀ
2.6.3.2.2 ਇਕਸਾਰ ਵਾਧਾ
2.6.3.2.3 ਤੇਜ਼ੀ ਨਾਲ ਵਾਧਾ
2.6.3.2.4 ਵਾਧੇ ਦੀ ਦਰ ਵਿਚ ਗਿਰਾਵਟ
2.6.4 ਵੱਸੋਂ ਦੇ ਵਾਧੇ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ
2.6.5 ਵੱਸੋਂ ਦੀ ਰਚਨਾ ਨਾਲ ਸਬੰਧਤ ਮੁਖ ਸਕੰਲਪ
2.6.5.1 ਵੱਸੋਂ ਦੀ ਘਣਤਾ
2.6.5.2 ਇਸਤਰੀ-ਪੁਰਸ਼ ਅਨੁਪਾਤ
2.6.5.3 ਉਮਰ ਸਮੂਹ ਰਚਨਾ
2.6.5.4 ਸ਼ਹਿਰੀ-ਪੇਂਡੂ ਵੱਸੋਂ ਦਾ ਅਨੁਪਾਤ
2.6.5.5 ਸਾਖਰਤਾ ਦਰ
2.6.6 ਵੱਸੋਂ ਦੀ ਸਮੱਸਿਆ ਨੂੰ ਹਲ ਕਰਨ ਦੀ ਨੀਤੀਂ
2.6.6.1 ਵੱਸੋਂ ਦੇ ਵਾਧੇ ਦੀ ਦਰ ਉੱਪਰ ਕੰਟਰੋਲ
2.6.6.1.1 ਜਨਮ ਦਰ ਉੱਪਰ ਕੰਟਰੋਲ
2.6.6.1.2 ਮੌਤ ਦਰ ਉੱਪਰ ਕਾਬੂ ਪਾਉਣਾ
2.6.6.2 ਆਰਥਿਕ ਵਿਕਾਸ
2.6.7 ਰਾਸ਼ਟਰੀ ਵੱਸੋਂ ਨੀਤੀ
2.6.8 ਸਾਰ ਅੰਸ਼
2.6.9 ਪ੍ਰਸ਼ਨ
2.6.9.1 ਛੋਟੇ ਉੱਤਰਾਂ ਵਾਲੇ ਪ੍ਰਸ਼ਨ
2.6.9.2 ਵੱਡੇ ਉੱਤਰਾਂ ਵਾਲੇ ਪ੍ਰਸ਼ਨ

## 2.6.1 ਜਾਣ ਪਛਾਣ

ਵੱਸੋਂ ਦੇ ਲਿਹਾਜ਼ ਨਾਲ ਭਾਰਤ ਦਾ ਦੁਨੀਆਂ ਵਿਚ ਦੂਜਾ ਨੰਬਰ ਹੈ। ਸਭ ਤੋਂ ਜ਼ਿਆਦਾ ਵੱਸੋਂ ਇਸ ਵੇਲੇ ਚੀਨ ਦੇਸ਼ ਦੀ ਹੈ। ਪਰ ਭਾਰਤ ਦੀ ਵੱਸੋਂ ਜਿਸ ਰਫ਼ਤਾਰ ਨਾਲ ਵਧ ਰਹੀ ਹੈ, ਅਤੇ ਦੂਜੇ ਪਾਸੇ ਜਿਸ ਰਫ਼ਤਾਰ ਨਾਲ ਇੱਥੋਂ ਦੇ ਮਨੁੱਖੀ ਅਤੇ ਕੁਦਰਤੀ ਸਾਧਨ ਹੌਲੀ ਹੌਲੀ ਨਿਘਰ ਰਹੇ ਹਨ, ਜੰਨ-ਸੰਖਿਅਕ ਵਿਗਿਆਨੀ ਦੁਬਿਧਾ ਵਿਚ ਪੈ ਗਏ ਹਨ ਕਿ ਕੀ ਭਾਰਤ ਦੀ ਵੱਸੋਂ ਦੇ ਵਾਧੇ ਦੀ ਦਰ ਸਚਮੁਚ ਹੀ ਜਿਆਦਾ ਹੈ? ਜੇਕਰ ਹਾਂ ਤਾਂ ਇਹ ਸਮੱਸਿਆ ਕਿਤਨੀ ਕੁ ਗੰਭੀਰ ਹੈ। ਇਹ ਆਰਥਿਕ ਵਿਕਾਸ ਦੇ ਵਾਧੇ ਦੀ ਦਰ ਨੂੰ ਕਿਵੇਂ ਅਤੇ ਕਿਥੋਂ ਤਕ ਪ੍ਰਭਾਵਿਤ ਕਰ ਰਹੀ ਹੈ, ਆਦਿ ਕੁਝ ਸੁਆਲ ਹਨ ਜਿਹੜੇ ਅਜ ਬਹੁਤ ਹੀ ਮਹੱਤਵਪੂਰਨ ਬਣ ਗਏ ਹਨ।

ਇਸ ਪਾਠ ਵਿਚ ਵੱਸੋਂ ਦੇ ਵਾਧੇ ਨੂੰ ਭਲੀ ਭਾਂਤ ਵਿਚਾਰਦੇ ਹੋਏ ਇਸ ਦੇ ਹਲ ਬਾਰੇ ਚਰਚਾ ਕੀਤੀ ਗਈ ਹੈ। ਨਾਲ ਹੀ ਅਸੀ ਇਹ ਵੀ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਸਰਕਾਰ ਵੱਲੋਂ ਇਸ ਸਮੱਸਿਆ ਦੇ ਹਲ ਵਾਸਤੇ ਕੀ ਯਤਨ ਕੀਤੇ ਗਏ ਹਨ ਅਤੇ ਉਹ ਕਿੱਥੋਂ ਤਕ ਕਾਰਗਰ ਸਾਬਤ ਹੋਏ ਹਨ।

2.6.2 **ਉਦੇਸ਼** :ਇਸ ਪਾਠ ਨੂੰ ਵਿਸਥਾਰ ਸਹਿਤ ਪੜ੍ਹਣ ਉਪਰੰਤ ਤੁਸੀ ਹੇਠਾਂ ਲਿਖੇ ਮੁੱਦਿਆਂ ਬਾਰੇ ਜਾਣਕਾਰੀ ਹਾਸਲ ਕਰੋਗੇ :

* ਵੱਸੋਂ ਦੇ ਨਾਲ ਸਬੰਧਤ ਮਹੱਤਵਪੂਰਣ ਸੰਕਲਪ ਕਿਹੜੇ ਹਨ;
* ਵੱਸੋਂ ਦੇ ਵਾਧੇ ਦੀ ਸਮੱਸਿਆ ਕਿੰਨੀ ਕੁ ਗੰਭੀਰ ਹੈ;
* ਵੱਸੋਂ ਦੀ ਸਮੱਸਿਆ ਨੂੰ ਆਰਥਿਕ ਵਿਕਾਸ ਦੀ ਸਹਾਇਤਾ ਨਾਲ ਕਿਵੇਂ ਹਲ ਕੀਤਾ ਜਾ ਸਕਦਾ ਹੈ ਅਤੇ
* ਭਾਰਤ ਦੀ ਸਰਕਾਰ ਇਸੇ ਸਮੱਸਿਆ ਨੂੰ ਹੱਲ ਕਰਨ ਵਿਚ ਕਿੱਥੋਂ ਤਕ ਕਾਮਯਾਬ ਹੋਈ ਹੈ।

**2.6.3 ਵੱਸੋਂ ਦਾ ਵਾਧਾ (Population Growth)**

**2.6.3.1 ਵੱਸੋਂ ਦੇ ਵਾਧੇ ਦਾ ਇਤਿਹਾਸਕ ਪੱਖ** : 1981 ਦੇ ਅੰਕੜਿਆਂ ਅਨੁਸਾਰ, ਭਾਰਤ ਦੀ ਵੱਸੋਂ 68.4 ਕਰੋੜ ਸੀ ਜਿਹੜੀ ਵੱਧ ਕੇ 1991 ਵਿਚ 84.6 ਕਰੋੜ ਹੋ ਗਈ। ਅਤੇ 2001 ਦੀ ਮਰਦਮ ਸ਼ੁਮਾਰੀ ਅਨੁਸਾਰ ਇਹ 100 ਕਰੋੜ ਤੋਂ ਵੱਧ ਹੋ ਚੁੱਕੀ ਸੀ। ਵੱਖ-ਵੱਖ ਜਨ-ਸੰਖਿਅਕ ਵਿਗਿਆਨੀਆਂ ਦੇ ਵੱਸੋਂ ਸੰਬੰਧੀ ਆਪਣੇ ਅਨੁਮਾਨ ਅਤੇ ਅੰਦਾਜ਼ੇ ਲਗਾਏ ਹਨ। ਕਿੰਗਸਲੇ ਡੇਵਿਜ਼ (Kingsley Devis) ਨੇ ਭਾਰਤ ਦੇ ਜਨ-ਸੰਖਿਅਕ ਵਿਕਾਸ ਦੇ ਇਤਿਹਾਸ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ-ਪੁਰਾਤਨ ਇਤਿਹਾਸ, 1600 ਤੋਂ 1670 ਅਤੇ 1831 ਤੋਂ 1941 ਤੱਕ। ਪਰ ਆਮ ਤੌਰ ਤੇ ਇਤਿਹਾਸਕ ਜਨਸੰਖਿਅਕ ਵਾਧੇ ਨੂੰ ਪੁਰਾਤਨ ਅਤੇ ਅਜੋਕੇ ਸਮੇਂ ਵਿੱਚ ਵੰਡ ਕੇ ਦੇਖਦੇ ਹਨ। 1881 ਨੂੰ ਇਨ੍ਹਾਂ ਦੋਵਾਂ ਸਮਿਆਂ ਨੂੰ ਵੰਡਦਾ ਹੋਇਆ ਸਮਾਂ ਮੰਨਿਆ ਜਾਂਦਾ ਹੈ ਜਦੋਂ ਪਹਿਲੀ ਜਨਗਣਨਾ ਕੀਤੀ ਗਈ ਸੀ। ਸੰਨ 1600 ਤੋਂ ਲੈ ਕੇ 1800 ਤੱਕ ਵੱਖ-ਵੱਖ ਅੰਕੜਿਆਂ ਅਨੁਸਾਰ ਭਾਰਤ ਦੀ ਵੱਸੋਂ 100 ਤੋਂ 200 ਮਿਲੀਅਨ ਤੱਕ ਦੇ ਵਿਚਕਾਰ ਰਹੀ ਹੈ। ਕਿੰਗਸਲੇ ਡੇਵਿਜ਼ ਅਨੁਸਾਰ, 1800 ਤੋਂ 1871 ਤੱਕ ਵੱਸੋਂ ਦਾ ਵਾਧਾ 120 ਮਿਲੀਅਨ ਤੋਂ 255 ਮਿਲੀਅਨ ਤੱਕ ਹੋ ਗਿਆ ਅਤ ਮਹਾਲਨੋਬੀਜ਼ ਤੇ ਭਟਾਚਾਰੀਆ ਅਨੁਸਾਰ, 1801 ਵਿਚ ਵੱਸੋਂ 207 ਮਿਲੀਅਨ ਸੀ ਜਿਹੜੀ ਵੱਧ ਕੇ 1871 ਵਿਚ 265 ਹੋ ਗਈ।

ਅਜੋਕੇ ਸਮੇਂ ਵਿਚ ਜੇਕਰ ਦੇਖਿਆ ਜਾਵੇ ਤਾਂ 1881 ਤੋਂ ਪਹਿਲਾਂ ਵੱਸੋਂ ਦਾ ਵਾਧਾ ਨਾਮਾਤਰ ਹੀ ਸੀ। ਇਸ ਤੋਂ ਬਾਅਦ ਨਿਯਮਤ ਤੌਰ ਤੇ ਜਨ-ਸੰਖਿਅਕ ਅੰਕੜੇ ਇਕੱਠੇ ਕੀਤੇ ਜਾ ਰਹੇ ਹਨ। ਤਾਲਿਕਾ-1 ਤੋਂ ਸਪਸ਼ਟ ਹੈ ਕਿ 1901 ਤੋਂ ਲੈ ਕੇ 1991 ਤੱਕ ਭਾਰਤ ਦੀ ਵੱਸੋਂ ਦਾ ਵਾਧਾ ਕਿਸ ਪ੍ਰਕਾਰ ਹੋਇਆ ਹੈ –

**ਤਾਲਿਕਾ –1**

**(Population of India in Census Years of 1901 to 2001**

| ਮਰਦਮਸ਼ੁਮਾਰੀ ਸਾਲ *(Census Year)* | | ਕੁੱਲ ਵੱਸੋਂ *(Enumerated Population)* | ਪ੍ਰਤੀਸ਼ਤ ਵਾਧਾ *(Percentage Increase)* | ਔਸਤਨ ਸਾਲਾਨਾ ਵਾਧਾ ਦਰ *(Average Annual Growth Rate)* |
|---|---|---|---|---|
| 1901 | **I** | 238396327 | – | – |
| 1911 | | 252093390 | 6.75 | –0.56 |
| 1921 | **II** | 251321213 | –0.31 | 0.03 |
| 1931 | | 278977238 | 11.0 | 1.05 |
| 1941 | | 318660580 | 14.22 | 1.34 |
| 1951 | | 361008990 | 13.31 | 1.26 |
| 1961 | **III** | 439234771 | 21.51 | 1.98 |
| 1971 | | 548159652 | 24.80 | 2.24 |
| 1981 | | 683810051 | 25.00 | 2.25 |
| 1991 | | 846 ਮਿਲੀਅਨ | 23.50 | 2.2 |
| 2001 | | 1027 ਮਿਲੀਅਨ | 21.34 | – |
| 2011 | | 121 ਕਰੋੜ | 17.64 | |

(Source : Census of India 2001, Series I, Paper I of 2001, Provisional Population Totals.

### 2.6.3.2 ਵੱਸੋਂ ਦੇ ਵਾਧੇ ਦਾ ਝੁਕਾਅ : ਅੰਕੜਿਆਂ ਦੀ ਸਹਾਇਤਾ ਨਾਲ ਜਾਣਕਾਰੀ

ਵੱਸੋਂ ਦੇ ਝੁਕਾਅ ਨੂੰ ਜਾਨਣ ਲਈ ਤਾਲਿਕਾ-1 ਅਨੁਸਾਰ ਸਮੇਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ, 1921 ਤੋਂ ਪਹਿਲਾਂ ਤੱਕ ਦਾ ਸਮਾਂ ਹੈ ਜਿੱਥੇ ਵੱਸੋਂ ਦੇ ਵਾਧੇ ਦੀ ਦਰ ਨਾਂ-ਮਾਤਰ ਹੀ ਹੈ। ਦੂਜਾ ਸਮਾਂ 1921 ਤੋਂ 1951 ਦਾ ਹੈ ਜਿਥੇ ਵੱਸੋਂ ਦਾ ਵਾਧਾ ਸ਼ੁਰੂ ਹੋ ਗਿਆ। ਜਨ-ਸੰਖਿਅਕ ਸਿਧਾਂਤ ਅਨੁਸਾਰ ਇਹ ਪਰਿਵਤਰਤਨ ਦੀ ਮੁੱਢਲੀ ਸਟੇਜ ਸੀ। ਇਸ ਤੋਂ ਬਾਅਦ 1951-1981 ਤੱਕ ਦੇ ਅੰਕੜੇ ਦੱਸਦੇ ਹਨ ਕਿ ਵੱਸੋਂ ਦਾ ਵਾਧਾ ਕਿਸ ਰਫ਼ਤਾਰ ਨਾਲ ਹੋਣਾ ਸ਼ੁਰੂ ਹੋਇਆ। ਤਾਲਿਕਾ ਦਾ ਇਹ ਤੀਜਾ ਭਾਗ ਹੈ। ਇਸ ਵਿੱਚ ਮੌਤ ਦਰ ਕਾਫ਼ੀ ਘੱਟ ਹੈ ਜਦੋਂ ਕਿ ਜਨਮ ਦਰ ਵਿੱਚ ਬਹੁਤਾ ਫ਼ਰਕ ਨਹੀਂ। ਇਸੇ ਲਈ ਇਸ ਸਮੇਂ ਨੂੰ 'ਵੱਸੋਂ ਵਿਸਫੋਟ' ਵਾਲੀ ਸਟੇਜ ਕਿਹਾ ਜਾਂਦਾ ਹੈ।

#### 2.6.3.2.1 1901-1921-ਸਥਿਰ ਵੱਸੋਂ (Stagnant Population)

ਇਸ ਸਮੇਂ ਦੌਰਾਨ ਵੱਸੋਂ ਦਾ ਵਾਧਾ ਬਹੁਤ ਘੱਟ ਰਫ਼ਤਾਰ ਨਾਲ ਹੋ ਰਿਹਾ ਸੀ। ਇਸ ਦਾ ਕਾਰਣ ਭੁੱਖਮਰੀ, ਕਾਲ ਤੇ ਸੋਕਾ, ਬਿਮਾਰੀਆਂ ਜਿਵੇਂ ਪਲੇਗ ਅਤੇ ਹੈਜ਼ਾ ਆਦਿ ਸਨ। 1981 ਵਿਚ ਇਨਫਲੂਐਂਜ਼ਾ (influenza) ਕਰਕੇ ਲਗਭਗ 12 ਮਿਲੀਅਨ ਲੋਕ ਮਾਰੇ ਗਏ। ਕੁੱਲ ਮਿਲਾ ਕੇ ਵੱਸੋਂ ਵਿਚ 0.31 ਪ੍ਰਤੀਸ਼ਤ ਦਾ ਘਾਟਾ ਹੋਇਆ। ਇਸ ਸਮੇਂ ਦੌਰਾਨ ਅਤੇ ਮੌਤ ਦਰ ਦੋਵੇਂ ਹੀ ਜ਼ਿਆਦਾ ਸਨ, ਅਰਥਾਤ 46 ਤੋਂ 49 ਪ੍ਰਤੀ ਹਜ਼ਾਰ ਜਨਮ ਦਰ ਅਤੇ 41 ਤੋਂ 47 ਪ੍ਰਤੀ ਹਜ਼ਾਰ ਮੌਤ ਦਰ।

#### 2.6.3.2.2 1921-1951- ਇਕਸਾਰ ਵਾਧਾ (Steady growth)

ਇਹ ਉਹ ਸਮਾਂ ਸੀ ਜਦੋਂ ਮੌਤ ਦਰ ਘੱਟਣ ਲੱਗ ਪਈ ਸੀ। ਮੌਤ ਦਰ ਜਿਹੜੀ 1911-21 ਵਿਚ 47.2 ਪ੍ਰਤੀ ਹਜ਼ਾਰ ਸੀ ਹੁਣ 1941-51 ਵਿਚ ਘਟ ਕੇ 27.4 ਪ੍ਰਤੀ ਹਜ਼ਾਰ ਹੋ ਗਈ ਸੀ। ਇਸ ਸਮੇਂ ਦੌਰਾਨ ਜਨਮ ਦਰ 48.1 ਤੋਂ ਘੱਟ 39.9 ਪ੍ਰਤੀ ਹਜ਼ਾਰ ਹੋ ਗਈ ਸੀ। ਪਰ ਇਨ੍ਹਾਂ 30 ਸਾਲਾਂ ਵਿਚ ਵੱਸੋਂ ਵਿਚ 110 ਮਿਲੀਅਨ ਲੋਕਾਂ ਦਾ ਵਾਧਾ ਹੋਇਆ ਜਿਹੜਾ ਕਿ 6.2 ਪ੍ਰਤੀਸ਼ਤ ਸਾਲਾਨਾ ਸੀ।

ਇਸ ਪ੍ਰਕਾਰ ਦੇ ਵਾਧੇ ਦਾ ਕਾਰਣ ਸੀ, ਮੌਤ ਦਰ ਦਾ ਜਨਮ ਦਰ ਨਾਲੋਂ ਜ਼ਿਆਦਾ ਦਰ ਤੇ ਘੱਟਣਾ। ਆਰਥਿਕ ਵਿਕਾਸ ਹੋਣ ਦੇ ਨਾਲ-ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਉੱਪਰ ਵੀ ਕਾਬੂ ਪਾ ਲਿਆ ਗਿਆ। ਉੱਧਰ ਸਿਹਤ ਅਤੇ ਸਫ਼ਾਈ ਸਹੂਲਤਾਂ ਵੱਲ ਵੀ ਜ਼ਿਆਦਾ ਧਿਆਨ ਦਿੱਤਾ ਜਾਣ ਲੱਗਿਆ ਸੀ। ਪਹਿਲੀ ਸੰਸਾਰ ਜੰਗ ਤੋਂ ਬਾਅਦ ਖਾਧ ਪਦਾਰਥਾਂ ਦਾ ਨਿਰਯਾਤ ਘਟਾ ਦਿੱਤਾ ਗਿਆ ਅਤੇ ਹੋਰ ਵੀ ਕਈ ਤਰ੍ਹਾਂ ਦੇ ਸਮਾਜਿਕ ਆਰਥਿਕ ਸੁਧਾਰ ਕੀਤੇ ਗਏ। ਇਹ ਸਾਰੇ ਦਾ ਨਤੀਜਾ ਇਹ ਹੋਇਆ ਕਿ ਵੱਸੋਂ ਦਾ ਵਾਧਾ ਸ਼ੁਰੂ ਹੋ ਗਿਆ।

#### 2.6.3.2.3 1951-1981- ਵੱਸੋਂ ਵਿਚ ਤੇਜ਼ੀ ਨਾਲ ਵਾਧਾ (Rapid and high growth)

ਇਸ ਸਮੇਂ ਦੌਰਾਨ ਜਨਮ ਦਰ ਸਥਿਰ ਹੋ ਗਈ ਜਦੋਂ ਕਿ ਮੌਤ ਦਰ ਕਾਫ਼ੀ ਘੱਟ ਰਹੀ ਹੈ। ਅਰਥਾਤ ਜਨਮ ਦਰ 40 ਤੋਂ 42 ਪ੍ਰਤੀ ਹਜ਼ਾਰ ਦੇ ਦਰਮਿਆਨ ਸੀ ਅਤੇ ਮੌਤ ਦਰ 22.8 ਤੋਂ 14.8 ਪ੍ਰਤੀ ਹਜ਼ਾਰ ਤੱਕ ਪਹੁੰਚ ਗਈ। ਇਸ ਸਦੀ ਦੇ ਅੰਤ ਤੱਕ ਅਨੁਮਾਨ ਸੀ ਕਿ ਇਹ 9 ਤੋਂ 10 ਪ੍ਰਤੀ ਹਜ਼ਾਰ ਦੇ ਬਰਾਬਰ ਹੋ ਜਾਵੇਗੀ।

#### 2.6.3.2.4 ਵੱਸੋਂ ਦੇ ਵਾਧੇ ਦੀ ਦਰ ਵਿਚ ਗਿਰਾਵਟ

1981-2001 ਦੇ ਸਮੇਂ ਦੌਰਾਨ ਸਥਿਤੀ ਵਿਚ ਕੁੱਝ ਸੁਧਾਰ ਹੋਇਆ ਹੈ। ਇਸ ਨੂੰ ਵੱਧ ਵੱਸੋਂ ਪਰ ਘਟਦੇ ਝੁਕਾਅ ਵਾਲੀ stage ਕਿਹਾ ਜਾ ਸਕਦਾ ਹੈ। ਭਾਵੇਂ ਕੁੱਲ ਵੱਸੋਂ ਵੱਧੀ ਹੈ ਪਰ ਜਨਮ ਅਤੇ ਮੌਤ ਦਰ ਪਹਿਲਾਂ ਨਾਲੋਂ ਘੱਟ ਜਾਣ ਕਾਰਣ ਸਾਲਾਨਾ (ਔਸਤਨ) ਵਾਧੇ ਦੀ ਦਰ ਵੀ ਘੱਟ ਕੇ 2.2 ਹੋ ਗਈ ਹੈ ਅਤੇ ਕੁੱਲ ਪ੍ਰਤੀਸ਼ਤ ਵਾਧਾ 25.00 ਤੋਂ ਘੱਟ ਕੇ 22.34 ਹੋ ਗਿਆ ਹੈ। ਇਸ ਦਾ ਕਾਰਣ ਆਰਥਿਕ ਵਿਕਾਸ, ਸਿਹਤ ਸਹੂਲਤਾਂ ਵਿਚ ਵਾਧਾ ਅਤੇ ਅਨਪੜ੍ਹਤਾ ਦਰ ਦਾ ਘਟਣਾ ਹੈ।

ਇਸ ਸਾਰੇ ਤੋਂ ਪਤਾ ਲਗਦਾ ਹੈ ਕਿ ਭਾਰਤ ਦੀ ਵੱਸੋਂ ਸਿਰਫ਼ ਜ਼ਿਆਦਾ ਹੀ ਨਹੀਂ ਸਗੋਂ ਇਸਦੇ ਵਾਧੇ ਦੀ ਦਰ ਵੀ ਕਾਫ਼ੀ ਜ਼ਿਆਦਾ ਹੈ। ਹੇਠਾਂ ਦਿੱਤੀ ਤਾਲਿਕਾ-2 ਤੋਂ ਜਨਮ ਅਤੇ ਮੌਤ ਦਰ ਦਾ ਗਿਆਨ ਹੁੰਦਾ ਹੈ। 1991 ਤੋਂ ਹੁਣ ਤੱਕ ਜਨ-ਸੰਖਿਅਕ ਤਬਦੀਲੀ ਕਿਸ ਪ੍ਰਕਾਰ ਦੀ ਹੋਈ ਹੈ। ਇਨ੍ਹਾਂ ਅੰਕੜਿਆਂ ਤੋਂ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਭਾਰਤ ਜਨ-ਸੰਖਿਅਕ ਪਰਿਵਰਤਨ ਦੇ ਸਿੱਧਾਂਤ ਦੀ ਦੂਜੀ ਸਟੇਜ ਵਿਚੋਂ ਗੁਜ਼ਰ ਰਿਹਾ ਹੈ ਜਿੱਥੇ ਜਨਮ ਦਰ ਅਤੇ ਮੌਤ ਦਰ ਦਾ ਖਲਾਅ (gap) ਲਗਾਤਾਰ ਵੱਧ ਰਿਹਾ ਹੈ।

## ਤਾਲਿਕਾ-2

## ਭਾਰਤ ਵਿਚ ਜਨਮ ਦਰ, ਮੌਤ ਦਰ ਅਤੇ ਕੁਦਰਤੀ ਵਾਧੇ ਦੀ ਦਰ

*(ਪ੍ਰਤੀ ਹਜ਼ਾਰ ਸਾਲਾਨਾ ਦੀ ਦਰ ਨਾਲ)*

**(Birth rates, Death rates and Natural growth rates in India)**

*(Rates per 1000 population per annum)*

| ਸਾਲ *(Year)* | ਜਨਮ ਦਰ *(Crude Birth rate)* | ਮੌਤ ਦਰ *(Crude Death rate)* | ਵਾਧੇ ਦੀ ਸਟੇਜ *(Stage of growth)* | ਕੁਦਰਤੀ ਵਾਧੇ ਦੀ ਦਰ *Natural Growth Rate* |
|---|---|---|---|---|
| 1881–1891 | 48.9 | 41.3 | I | 7.6 |
| 1891–1901 | 45.8 | 44.4 | | 1.4 |
| 1901–1911 | 49.2 | 42.6 | | 6.6 |
| 1911–1921 | 48.1 | 47.2 | | 0.9 |
| 1921–1931 | 46.4 | 36.3 | | 10.1 |
| 1931–1941 | 45.2 | 31.2 | II | 14.0 |
| 1941–1951 | 39.9 | 27.4 | | 12.5 |
| 1951–1961 | 41.7 | 22.8 | | 18.9 |
| 1961–1971 | 41.2 | 19.0 | | 22.2 |
| 1971–1981 | 37.2 | 15.0 | III | 22.2 |
| 1981–1991 | 305 | 10.2 | | 20.3 |
| 2001 | 26.0 | 9.0 | | 17.0 |
| 2010–11 | 22.1 | 7.2 | | |
| 2016 | 20.4 | 6.4 | | |

**Source :** Census of India 2001, Series I, Paper I of 2001, Provisional Population Totals.

ਜਨ-ਸੰਖਿਅਕ ਵਿਗਿਆਨੀ ਵੱਸੋਂ ਦੇ ਵਾਧੇ ਦਾ ਅਧਿਐਨ ਕਰਨ ਲਈ ਕੁੱਝ ਪ੍ਰਸ਼ਨਾਂ ਦੇ ਉੱਤਰ ਸਾਹਮਣੇ ਰੱਖਦੇ ਹਨ।

(ੳ) ਪਹਿਲਾ, 1921 ਤੋਂ ਪਹਿਲਾਂ ਵੱਸੋਂ ਦਾ ਵਾਧਾ ਅਨਿਸ਼ਚਿਤ ਕਿਉਂ ਸੀ?

(ਅ) ਦੂਜਾ, ਭਾਰਤ ਦੀ ਇਸ ਵੇਲੇ ਜਨ-ਸੰਖਿਅਕ ਪਰਿਵਰਤਨ ਦੇ ਸਿੱਧਾਂਤ ਅਨੁਸਾਰ ਕਿਹੜੀ ਸਟੇਜ ਹੈ?

(ੲ) ਤੀਜਾ, ਵੱਸੋਂ ਦੇ ਵਾਧੇ ਨੂੰ ਪ੍ਰਭਾਵਿਤ ਕਰਨ ਵਾਲੇ ਕਿਹੜੇ ਤੱਤ (Factors) ਹਨ?

(ੳ) ਪਹਿਲੇ ਪ੍ਰਸ਼ਨ ਦਾ ਜੁਆਬ ਇਹ ਦਿੱਤਾ ਜਾਂਦਾ ਹੈ ਕਿ ਇਕ ਤਾਂ ਉਸ ਵੇਲੇ ਤੱਕ ਆਰਥਿਕ ਵਿਕਾਸ ਦੀ ਪੱਧਰ ਬਹੁਤ ਨੀਵੀ ਸੀ ਅਤੇ ਦੂਜਾ, ਕਈ ਪ੍ਰਕਾਰ ਦੀਆਂ ਬਿਮਾਰੀਆਂ, ਭੁੱਖਮਰੀ, ਕਾਲ ਅਤੇ ਸੋਕਾ ਆਦਿ ਵਰਗੀਆਂ ਕੁਦਰਤੀ ਆਫ਼ਤਾਂ ਸਨ ਜਿਨ੍ਹਾਂ ਉੱਪਰ ਕੰਟਰੋਲ ਕਰਨ ਲਈ ਸਿਹਤ ਸੇਵਾਵਾਂ ਅਤੇ ਸਫ਼ਾਈ ਸਹੂਲਤਾਂ ਬਹੁਤ ਹੀ ਘੱਟ ਸਨ। ਇਸ ਲਈ (ਜਿਵੇਂ ਕਿ ਪਹਿਲਾਂ ਹੀ ਦੱਸਿਆ ਜਾ ਚੁੱਕਿਆ ਹੈ) ਜਨਮ ਅਤੇ ਮੌਤ ਦਰ ਦੋਵੇਂ ਹੀ ਜ਼ਿਆਦਾ ਹੋਣ ਕਰਕੇ ਵੱਸੋਂ ਦਾ ਵਾਧਾ ਨੀਵੇਂ ਪੱਧਰ ਤੇ ਸਥਿਰ ਵਾਂਗ ਸੀ। ਸਗੋਂ 1911-21 ਤੱਕ (NGR (Natural Growth Rate) 7.6 ਪ੍ਰਤੀਸ਼ਤ ਸਾਲਾਨਾ ਤੋਂ ਘੱਟ ਕੇ 0.9 ਰਹਿ ਗਿਆ ਸੀ।

(ਅ) ਇਸ ਤੋਂ ਬਾਅਦ ਜਿਹੜਾ ਪਰਿਵਰਤਨ ਹੋਇਆ ਅਤੇ ਹੁਣ ਤੱਕ ਚਲ ਰਿਹਾ ਹੈ ਉਸ ਤੋਂ ਅਸੀ ਸਹਿਜੇ ਹੀ ਕਹਿ ਸਕਦੇ ਹਾਂ ਕਿ ਭਾਰਤ ਇਸ ਵੇਲੇ ਦੂਜੀ ਸਟੇਜ ਦੇ ਅੰਤਲੇ ਪੜਾਅ ਵਿਚੋਂ ਲੰਘ ਰਿਹਾ ਹੈ ਅਰਥਾਤ ਆਰਥਿਕ ਵਿਕਾਸ ਨਾਲ ਸਿਹਤ ਸੇਵਾਵਾਂ ਉਪਲਬਧ ਹੋ ਰਹੀਆਂ ਹਨ। ਲੋਕਾਂ ਦੇ ਜੀਵਨ ਪੱਧਰ ਵਿੱਚ ਫ਼ਰਕ ਪੈ ਰਿਹਾ ਹੈ ਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ (ਇਨਫਲੂਏਂਜ਼ਾ, ਹੈਜ਼ਾ ਆਦਿ) ਕੰਟਰੋਲ ਕਰ ਲਈਆਂ ਗਈਆਂ ਹਨ ਜਿਸ ਨਾਲ ਮੌਤ ਦਰ ਕਾਫ਼ੀ ਘੱਟ ਗਈ ਹੈ। 1931-41 ਵਿਚ ਮੌਤ ਦਰ 31.2 ਪ੍ਰਤੀ ਹਜ਼ਾਰ ਹੋ ਗਈ ਸੀ। ਭਾਵੇਂ ਜਨਮ ਦਰ ਵੀ ਘੱਟ ਰਹੀ ਹੈ। ਪਰ

ਇਸਦੇ ਘੱਟਣ ਦੀ ਦਰ ਮੌਤ ਦਰ ਦੇ ਘੱਟਣ ਦੀ ਦਰ ਨਾਲੋਂ ਕਾਫ਼ੀ ਘੱਟ ਹੈ। 1931–41 ਵਿਚ ਜਨਮ ਦਰ 45.2 ਪ੍ਰਤੀ ਹਜ਼ਾਰ ਅਤੇ ਹੁਣ 1971–81 ਵਿਚ ਇਹ 36.0 ਹੈ। ਪਰ NGR ਜਿਹੜਾ 14.0 ਪ੍ਰਤੀ ਹਜ਼ਾਰ ਸੀ ਹੁਣ 22.2 ਪ੍ਰਤੀ ਹਜ਼ਾਰ ਹੈ। ਇਸੇ ਲਈ ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਭਾਰਤ ਇਸ ਵੇਲੇ ਵੱਸੋਂ ਦੀ ਵਿਸਫੋਟਕ ਸਥਿਤੀ (Population explosion) ਵਿੱਚੋਂ ਲੰਘ ਰਿਹਾ ਹੈ ਅਤੇ ਵਿਸ਼ਵ ਬੈਂਕ ਅਨੁਸਾਰ, ਇਹ ਸਥਿਤੀ ਕਿਸੇ ਵੀ ਪ੍ਰਮਾਣੂ ਬੰਬ ਦੀ ਵਿਸਫੋਟਕ ਸਥਿਤੀ ਨਾਲੋਂ ਘੱਟ ਖਤਰਨਾਕ ਨਹੀਂ। ਭਾਵੇਂ ਇਸਦੇ ਅਸਲ ਕਾਰਨਾਂ ਨੂੰ ਨਜ਼ਰ ਅੰਦਾਜ਼ ਕਰਕੇ ਇਸ ਸਥਿਤੀ ਬਾਰੇ ਇਤਨਾ ਕੁੱਝ ਆਖਿਆ ਜਾਂਦਾ ਹੈ।

(ੲ) ਤੀਜਾ ਪ੍ਰਸ਼ਨ ਕਿ ਇਸ ਵਾਧੇ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ ਕਿਹੜੇ ਹਨ? ਇਸ ਦਾ ਜੁਆਬ ਪਾਠ ਦੇ ਅਗਲੇ ਹਿੱਸੇ ਵਿਚ ਦਿੱਤਾ ਜਾ ਰਿਹਾ ਹੈ।

### 2.6.4 ਵੱਸੋ ਦੇ ਵਾਧੇ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ

(ੳ) ਜਨਮ ਦਰ (Fertility rate or Birth rate)

(ਅ) ਮੌਤ ਦਰ (Mortality rate or Death rate)

(ੲ) ਪਰਵਾਸ ਦਰ (Migration)

ਇਨ੍ਹਾਂ ਵਿਚੋਂ ਪਹਿਲੇ ਦੋ ਤੱਤ ਅਰਥਾਤ ਜਨਮ ਦਰ ਅਤੇ ਮੌਤ ਦਰ ਜ਼ਿਆਦਾ ਪ੍ਰਭਾਵਸ਼ਾਲੀ ਹਨ ਕਿਉਂਕਿ ਪਰਵਾਸ ਦਰ ਇਤਨੀ ਜ਼ਿਆਦਾ ਨਹੀ ਕਿ ਇਹ ਕੁੱਲ ਵੱਸੋਂ ਦੇ ਅੰਕੜਿਆਂ ਨੂੰ ਪ੍ਰਭਾਵਤ ਕਰ ਸਕੇ। ਅੰਕੜਿਆਂ ਤੋਂ ਵੀ ਸਪਸ਼ਟ ਹੈ ਕਿ ਭਾਰਤ ਦੀ ਜਨਮ ਦਰ, ਮੌਤ ਦਰ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਹੈ। ਇਸਦੇ ਆਰਥਿਕ, ਸਮਾਜਿਕ ਅਤੇ ਮਨੋ-ਵਿਗਿਆਨਕ ਕਾਰਣ ਹਨ ਕਿ ਜਨਮ ਦਰ ਕਿਉਂ ਜ਼ਿਆਦਾ ਹੈ। (ਇਨ੍ਹਾ ਕਾਰਨਾਂ ਦਾ ਅੱਗੇ ਜਾ ਕੇ ਅਧਿਐਨ ਕੀਤਾ ਜਾਵੇਗਾ ਜਦੋਂ ਤੁਸੀ ਵੱਸੋਂ ਦੀ ਸਮੱਸਿਆ ਬਾਰੇ ਪੜ੍ਹੋਗੇ)। ਇੱਥੇ ਕੇਵਲ ਇਤਨਾ ਦੱਸਣਾ ਜ਼ਰੂਰੀ ਹੋਵੇਗਾ ਕਿ ਜਨਮ ਦਰ ਜ਼ਿਆਦਾ ਹੋਣ ਦਾ ਮੁੱਖ ਕਾਰਣ ਗਰੀਬੀ ਹੈ ਜਿਸ ਨਾਲ ਮੌਤ ਦਰ ਵੀ ਜ਼ਿਆਦਾ ਹੈ। ਸਿਹਤ ਸਹੂਲਤਾਂ ਗਰੀਬ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ, ਜੀਵਨ ਪੱਧਰ ਨੀਵਾਂ ਹੈ। ਗਰੀਬੀ ਦੇ ਨਾਲ-ਨਾਲ ਅਨਪੜ੍ਹਤਾ, ਬੇਰੁਜ਼ਗਾਰੀ ਵਰਗੀਆਂ ਸਮੱਸਿਆਵਾਂ ਵੀ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਆਮ ਹਨ। ਇਨ੍ਹਾਂ ਕਾਰਨਾਂ ਕਰਕੇ ਆਰਥਿਕ ਲੋੜ ਬਣ ਜਾਂਦੀ ਹੈ ਕਿ ਜਿੰਨਾਂ ਵੱਡਾ ਪਰਿਵਾਰ ਹੋਵੇਗਾ ਉਨੇ ਜ਼ਿਆਦਾ ਕਮਾਈ ਕਰਨ ਵਾਲੇ ਹੱਥ ਹੋਣਗੇ ਤੇ ਇਹ ਘਰੇਲੂ ਆਮਦਨੀ ਵਧਾਉਣ ਵਿਚ ਸਹਾਈ ਹੋਵੇਗਾ। ਪਰ ਦੂਜੇ ਪਾਸੇ, ਅਜੇ ਵੀ ਕੋਈ ਇਹੋ ਜਿਹੀਆਂ ਬਿਮਾਰੀਆਂ ਹਨ ਜਿਨ੍ਹਾਂ ਉੱਪਰ ਅਜੇ ਪੂਰੀ ਤਰ੍ਹਾਂ ਕਾਬੂ ਨਹੀਂ ਪਾਇਆ ਗਿਆ ਜਿਸ ਕਰਕੇ ਮੌਤ ਦਰ ਵੀ ਜ਼ਿਆਦਾ ਹੈ। ਇਸ ਮੌਤ ਦਰ ਵਿਚ ਬੱਚਿਆਂ ਦੇ ਮਰਨ ਦੀ ਦਰ ਜ਼ਿਆਦਾ ਹੈ ਜਿਹੜੇ 1 ਤੋਂ 5 ਸਾਲ ਉਮਰ ਵਿਚ ਗਿਣੇ ਜਾਂਦੇ ਹਨ। (Infant mortality rate is high.)

### 2.6.5 ਵੱਸੋਂ ਦੀ ਰਚਨਾ ਨਾਲ ਸੰਬੰਧਤ ਮੁੱਖ ਸੰਕਲਪ (Structure of Population and Concepts)

ਵੱਸੋਂ ਦੀ ਰਚਨਾ ਦਾ ਅਧਿਐਨ ਕਰਨ ਲਈ ਸਾਨੂੰ ਹੇਠਾਂ ਲਿਖੇ ਸੰਕਲਪਾਂ (Concepts) ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ- ਜਨਮ ਦਰ, ਮੌਤ ਦਰ, ਵਾਧੇ ਦੀ ਦਰ, ਵੱਸੋਂ ਦੀ ਘਣਤਾ, ਇਸਤਰੀ-ਪੁਰਸ਼ ਅਨੁਪਾਤ, ਸਮੂਹ ਰਚਨਾ, ਸ਼ਹਿਰੀ-ਪੇਂਡੂ ਵੱਸੋਂ ਦਾ ਅਨੁਪਾਤ ਅਤੇ ਸਿੱਖਿਆ ਦਰ।

ਇਨ੍ਹਾਂ ਵਿੱਚੋਂ ਤਿੰਨ ਸੰਕਲਪਾਂ ਦੀ ਜਾਣਕਾਰੀ ਤਾਲਿਕਾ-2 ਵਿਚ ਦਿੱਤੀ ਜਾ ਚੁੱਕੀ ਹੈ। ਬਾਕੀ ਕੁਝ ਹੋਰ ਸੰਕਲਪ ਹੇਠਾਂ ਲਿਖੇ ਅਨੁਸਾਰ ਹਨ।

#### 2.6.5.1 ਵੱਸੋਂ ਦੀ ਘਣਤਾ (Density of Population)

2.6.5.1.1 ਵੱਸੋਂ ਦੀ ਘਣਤਾ ਅਤੇ ਮਾਪ ਤੋਂ ਭਾਵ ਇਹ ਹੈ ਕਿ ਇਕ ਵਰਗ ਕਿਲੋਮੀਟਰ ਦੇ ਘੇਰੇ ਵਿੱਚ ਔਸਤਨ ਕਿੰਨੇ ਲੋਕ ਰਹਿੰਦੇ ਹਨ।

(The term density of population implies the average number of persons living per square kilometer of land area.) ਅਰਥਾਤ

$$\text{ਵੱਸੋਂ ਦੀ ਘਣਤਾ} = \frac{\text{ਇਕ ਸਥਾਨ ਦੀ ਕੁੱਲ ਵਸੋਂ}}{\text{ਉਸ ਸਥਾਨ ਦਾ ਕੁੱਲ ਖੇਤਰਫਲ}}$$

1991 ਦੀ ਜਨ-ਗਣਨਾ ਅਨੁਸਾਰ, ਭਾਰਤ ਦੀ ਕੁੱਲ ਵੱਸੋਂ ਦੀ ਘਣਤਾ 267 ਪ੍ਰਤੀ ਵਰਗ ਕਿਲੋਮੀਟਰ ਸੀ। ਜਦੋਂ ਕਿ ਕੁੱਲ ਵੱਸੋਂ 84.6 ਕਰੋੜ ਸੀ ਅਤੇ ਖੇਤਰਫਲ (area) 3.28 ਮਿਲੀਅਨ ਵਰਗ ਕਿਲੋਮੀਟਰ ਸੀ। ਸੰਨ 2001 ਦੀ ਜਨ-ਗਣਨਾ ਅਨੁਸਾਰ ਭਾਰਤ ਦੀ ਵੱਸੋਂ ਦੀ ਘਣਤਾ 324 ਸੀ।

ਪਰ ਇਸ ਪ੍ਰਕਾਰ ਵੱਸੋਂ ਦੀ ਘਣਤਾ ਦੀ ਮਿਣਤੀ ਕਰਨਾ ਉਵੇਂ ਹੀ ਦੋਸ਼ਪੂਰਨ ਹੈ ਜਿਵੇਂ ਆਮ ਔਸਤ ਕੱਢਣਾ। ਕਈ ਥਾਵਾਂ ਤੇ ਘਣਤਾ ਜ਼ਿਆਦਾ ਹੈ ਤੇ ਕਈ ਥਾਵਾਂ ਤੇ ਕਈ ਥਾਵਾਂ ਤੇ ਕਈ ਥਾਵਾਂ ਤੇ ਬਹੁਤ ਘੱਟ। ਪਰ ਔਸਤ ਕੱਢਣ ਵੇਲੇ ਇਨ੍ਹਾਂ ਤੱਥਾਂ ਵੱਲ ਧਿਆਨ ਨਹੀ ਦਿੱਤਾ ਜਾਂਦਾ।

**ਤਾਲਿਕਾ –3**

**ਭਾਰਤ ਵਿੱਚ ਵੱਸੋਂ ਦੀ ਘਣਤਾ**

**(Density of Population of India)**

| *Year* | *Density* | *Year* | *Density* |
|---|---|---|---|
| 1901 | 77 | 1951 | 117 |
| 1911 | 82 | 1961 | 142 |
| 1921 | 81 | 1971 | 177 |
| 1931 | 90 | 1981 | 208 |
| 1941 | 103 | 1991 | 267 |
| | | 2001 | 324 |
| | | 2011 | 382 |

ਇਸ ਤਾਲਿਕਾ ਤੋਂ ਇਹ ਸਪਸ਼ਟ ਹੈ ਕਿ 1901 ਤੋਂ 1991 ਤੱਕ ਵੱਸੋਂ ਦਾ ਘਣਤਾ ਵੱਧ ਹੈ। ਇਹ 1901 ਵਿਚ 77 ਮਿਲੀਅਨ ਤੋਂ ਵੱਧ ਕੇ 1981 ਵਿਚ ਲਗਭਗ 208 ਮਿਲੀਅਨ ਅਤੇ 2001 ਵਿਚ 324 ਹੋ ਗਈ। ਪੰਜਾਬ ਦਾ ਘਣਤਾ ਦੇ ਲਿਹਾਜ ਨਾਲ 5ਵਾਂ ਨੰਬਰ ਸੀ, ਪਰ ਹੁਣ ਇਹ ਸਥਾਨ ਪੱਛਮੀ ਬੰਗਾਲ ਦਾ ਹੈ। ਪੰਜਾਬ ਦਾ ਨੰਬਰ ਛੇਵਾਂ ਹੋ ਗਿਆ ਹੈ, ਜਿੱਥੇ ਹੁਣ ਘਣਤਾ 331 ਹੈ। ਦਿੱਲੀ ਅਤੇ ਚੰਡੀਗੜ੍ਹ ਦੀ ਘਣਤਾ ਸਭ ਤੋਂ ਜ਼ਿਆਦਾ ਹੈ, ਇਹ ਕ੍ਰਮਵਾਰ 4178 ਅਤੇ 3948 ਹੈ।

### 2.6.5.1.2 ਵੱਸੋਂ ਦੀ ਘਣਤਾ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ

ਵੱਸੋਂ ਦੀ ਘਣਤਾ ਵੱਖ-ਵੱਖ ਖੇਤਰਾਂ ਵਿਚ ਵੱਖ-ਵੱਖ ਹੈ। ਇਸ ਦਾ ਮੁੱਖ ਕਾਰਣ ਹੈ ਆਰਥਿਕ ਵਿਕਾਸ ਅਤੇ ਤਕਨੀਕੀ ਉੱਨਤੀ। ਤਕਨੀਕੀ ਸਹੂਲਤਾਂ ਜਿੱਥੇ ਜ਼ਿਆਦਾ ਹੋਣਗੀਆਂ ਉਸ ਏਰੀਏ ਵੱਲ ਜ਼ਿਆਦਾ ਮਜ਼ਦੂਰ ਖਿੱਚੇ ਆਉਣਗੇ। ਇਸੇ ਲਈ ਆਰਥਿਕ ਵਿਕਾਸ ਦੀ ਵੱਸੋਂ ਘਣਤਾ ਨਾਲ ਸੰਬੰਧ ਹੈ। ਵੱਸੋਂ ਦੀ ਘਣਤਾ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ ਹੇਠ ਲਿਖੇ ਹਨ :

(i) ਭੂਗੋਲਿਕ ਤੱਤ

(ii) ਆਰਥਿਕ ਤੇ ਸਮਾਜਕ ਤੱਤ ਅਤੇ

(iii) ਜਨ-ਸੰਖਿਅਕ ਤੱਤ

ਭੂਗੋਲਿਕ ਤੱਤਾਂ ਵਿਚ ਅਸੀਂ ਮੌਸਮ ਦਾ ਸੁਖਾਵਾਂਪਨ, ਭੂਮੀ ਦੀ ਉਪਜਾਊ ਸ਼ਕਤੀ ਅਤੇ ਕਿਸਮ ਖਣਿਜ ਪਦਾਰਥਾਂ ਦੀ ਮਿਕਦਾਰ ਅਤੇ ਆਵਾਜਾਈ ਅਤੇ ਸੰਚਾਰ ਸਹੂਲਤਾਂ ਦਾ ਹੋਣਾ ਲੈਂਦੇ ਹਾਂ। ਆਰਥਿਕ ਕਾਰਣ ਤਕਨੀਕੀ ਉੱਨਤੀ ਨਾਲ ਸੰਬੰਧਿਤ ਹਨ। ਜਿੱਥੇ ਆਰਥਿਕ ਵਿਕਾਸ ਕਰਨ ਦੇ ਜ਼ਿਆਦਾ ਮੌਕੇ ਹੋਣਗੇ ਉੱਧਰ ਹੀ ਵੱਸੋਂ ਦੇ ਵਾਧੇ ਦਾ ਝੁਕਾਅ ਵੀ ਜ਼ਿਆਦਾ ਹੋਵੇਗਾ, ਇਵੇਂ ਹੀ ਸਮਾਜਿਕ ਕਾਰਣ ਹਨ। ਕਈ ਸਮਾਜ ਬਹੁਤ ਰੂੜ੍ਹੀਵਾਦੀ ਹੁੰਦੇ ਹਨ ਜਿਹੜੇ ਆਰਥਿਕ ਵਿਕਾਸ ਦੇ ਰਾਹ ਵਿੱਚ ਰੋੜਾ ਬਣਦੇ ਹਨ। ਅਜਿਹਾ ਆਮ ਤੌਰ ਤੇ ਪੇਂਡੂ ਸਮਾਜ ਵਿਚ ਹੁੰਦਾ ਹੈ। ਉਹ ਨਵੀਂ ਤਕਨੀਕ ਨੂੰ ਲਗਾਉਣ ਦੇ ਆਮ ਤੌਰ ਤੇ ਉਲਟ ਹੁੰਦੇ ਹਨ। ਜਨ-ਸੰਖਿਅਕ ਤੱਤਾਂ ਵਿਚ ਅਸੀਂ ਜਨਮ ਦਰ, ਮੌਤ ਦਰ ਅਤੇ ਮਾਈਗਰੇਸ਼ਨ ਲੈਂਦੇ ਹਾਂ ਜਿਹੜੇ ਕਿ ਆਪ ਵੀ ਭੂਗੋਲਿਕ ਅਤੇ ਆਰਥਿਕ ਤੱਤਾਂ ਤੋਂ ਪ੍ਰਭਾਵਿਤ ਹੁੰਦੇ ਹਨ। ਇਨ੍ਹਾਂ ਦਾ ਵੀ ਵੱਸੋਂ ਦੀ ਘਣਤਾ ਨੂੰ ਪ੍ਰਭਾਵਿਤ ਕਰਨ ਦਾ ਆਪਣਾ ਹੀ ਰੋਲ ਹੈ।

**2.6.5.1.3 ਵੱਸੋ ਦੀ ਘਣਤਾ ਅਤੇ ਆਰਥਿਕ ਵਿਕਾਸ**

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕੀ ਵੱਸੋਂ ਦੀ ਘਣਤਾ ਦਾ ਆਰਥਿਕ ਵਿਕਾਸ ਦੀ ਪੱਧਰ ਨਾਲ ਕੋਈ ਸੰਬੰਧ ਹੈ?

ਉੱਤਰ ਸਿੱਧੇ ਤੌਰ ਤੇ ਨਹੀਂ ਦਿੱਤਾ ਜਾ ਸਕਦਾ ਹੈ ਕਿਉਂਕਿ ਦੋਵੇਂ ਇੱਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਹਨ। ਇਹ ਸਮਾਜਕ ਪ੍ਰਾਣੀ ਦੀ ਖ਼ਾਸੀਅਤ ਹੈ ਕਿ ਜਿੱਥੇ ਸਭ ਤਰ੍ਹਾਂ ਦੇ ਵਿਕਾਸ ਕਰਨ ਦੀਆਂ ਸੰਭਾਵੀ ਸਹੂਲਤਾਂ ਹੋਣਗੀਆਂ ਉੱਧਰ ਵੱਲ ਨੂੰ ਜ਼ਿਆਦਾ ਲੋਕ ਖਿੱਚੇ ਆਉਣਗੇ। ਪਰ ਇਤਿਹਾਸਕ ਸਚਾਈ ਇਹ ਵੀ ਹੈ ਕਿ ਕਈ ਮੁਲਕ ਐਸੇ ਹਨ, ਜਿੱਥੇ ਵੱਸੋਂ ਦੀ ਘਣਤਾ ਬਹੁਤ ਘੱਟ ਹੈ ਪਰ ਉਹ ਆਰਥਿਕ ਵਿਕਾਸ ਦੀ ਕਾਫ਼ੀ ਉੱਚੀ ਪੱਧਰ ਤੇ ਹਨ, ਜਿਵੇਂ, ਅਮਰੀਕਾ, ਰੂਸ, ਆਸਟਰੇਲੀਆ ਆਦਿ। ਦੂਜੇ ਪਾਸੇ, ਜਾਪਾਨ ਵਰਗੇ ਦੇਸ਼ ਹਨ ਜਿੱਥੇ ਘਣਤਾ ਘੱਟ ਹੋਣ ਤੇ ਵੀ ਆਰਥਿਕ ਵਿਕਾਸ ਦਾ ਪੱਧਰ ਉੱਚਾ ਹੈ। ਜਨ-ਸੰਖਿਆ ਦੀ ਘਣਤਾ ਤੋਂ ਭੂਮੀ ਮਨੁੱਖ ਅਨੁਪਾਤ (Iand man ratio) ਦਾ ਪਤਾ ਲੱਗਦਾ ਹੈ। ਇਸ ਤੋਂ ਕਿਸੇ ਦੇਸ਼ ਦੀ ਖੁਸ਼ਹਾਲੀ ਜਾਂ ਗਰੀਬੀ ਦਾ ਸਿੱਧੇ ਤੌਰ ਤੇ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਹੈ।

ਜਦੋਂ ਕਿਸੇ ਦੇਸ਼ ਦੀ ਵੱਸੋਂ ਦੀ ਰਚਨਾ (Structure of Population) ਬਾਰੇ ਅਧਿਐਨ ਕਰਨਾ ਹੋਵੇ ਤਾਂ ਸਿਰਫ ਉਸਦਾ ਆਕਾਰ ਅਤੇ ਵਾਧੇ ਦੀ ਦਰ ਹੀ ਨਹੀ ਦੇਖੀ ਜਾਂਦੀ। ਇਸਦੀ ਰਚਨਾ ਦੇ ਕੁੱਝ ਹੋਰ ਪਹਿਲੂ ਵੀ ਹਨ, ਜਿਵੇਂ ਪੁਰਸ਼-ਇਸਤਰੀ ਅਨੁਪਾਤ, ਉਮਰ ਸਮੂਹ ਰਚਨਾਂ, ਜੀਵਨ ਕਾਲ, ਪੇਂਡੂ ਸ਼ਹਿਰੀ ਵੱਸੋਂ ਕੰਮ-ਕਾਜ ਵਾਲੀ ਵੱਸੋਂ ਦਾ ਅਨੁਪਾਤ, ਸਿੱਖਿਆ-ਦਰ ਆਦਿ।

**2.6.5.2 ਇਸਤਰੀ-ਪੁਰਸ਼ ਅਨੁਪਾਤ ਜਾਂ ਲਿੰਗ ਅਨੁਪਾਤ (Sex Composition)**

ਇਸ ਅਨੁਪਾਤ ਵਿਚ ਇਹ ਵੇਖਿਆ ਜਾਂਦਾ ਹੈ ਕਿ 100 ਮਰਦਾਂ ਪਿੱਛੇ ਇਸਤਰੀਆਂ ਦੀ ਸੰਖਿਆ ਕਿੰਨੀ ਹੈ। 1981 ਦੀ ਜਨ-ਗਣਨਾ ਅਨੁਸਾਰ, ਭਾਰਤ ਵਿੱਚ ਪ੍ਰਤੀ ਹਜ਼ਾਰ ਪੁਰਸ਼ਾਂ ਦੇ ਪਿੱਛੇ 935 ਇਸਤਰੀਆਂ ਸਨ। ਭਾਵੇਂ 1991 ਦੀ ਜਨ-ਗਣਨਾ ਅਨੁਸਾਰ ਇਹ ਗਿਣਤੀ ਘਟੀ ਹੈ (929 ਪ੍ਰਤੀ ਹਜ਼ਾਰ), ਪਰ ਪਿਛਲੇ ਕੁੱਝ ਸਮੇਂਤੋਂ ਇਹ ਅਨੁਪਾਤ ਘੱਟ ਰਿਹਾ ਹੈ ਜਿਵੇਂ ਹੇਠਾਂ ਦਿੱਤੀ ਤਾਲਿਕਾ-4 ਤੋਂ ਸਪੱਸ਼ਟ ਹੈ।

**ਤਾਲਿਕਾ -4**

**Sex-Composition**

| *Year* | *Female Population* | *Year* | *Female Population* |
|---|---|---|---|
| 1901 | 972 | 1951 | 946 |
| 1911 | 964 | 1961 | 941 |
| 1921 | 955 | 1971 | 930 |
| 1931 | 950 | 1981 | 935 |
| 1941 | 945 | 1991 | 929 |
| | | 2001 | 933 |
| | | 2011 | 940 |

ਭਾਰਤ ਵਿਚ ਸਿਰਫ਼ ਕੇਰਲ ਵਿਚ ਇਸਤਰੀਆਂ ਦੀ ਸੰਖਿਆ ਪੁਰਸ਼ਾਂ ਨਾਲੋਂ ਵੱਧ ਹੈ। 1991 ਵਿਚ ਕੇਰਲ ਵਿਚ ਇਹ ਅਨੁਪਾਤ 1040 ਸੀ ਅਤੇ ਪੰਜਾਬ ਵਿਚ ਇਹ ਅਨੁਪਾਤ 888 ਸੀ। 2001 ਦੀ ਤਾਜ਼ਾ ਮਰਦਮਸ਼ੁਮਾਰੀ ਅਨੁਸਾਰ, ਕੇਰਲਾ ਦੀ ਵੱਸੋਂ ਦਾ ਲਿੰਗ ਅਨੁਪਾਤ 1058 ਅਤੇ ਪੰਜਾਬ ਵਿਚ ਇਹ ਘੱਟ ਕਿਤੇ 874 ਹੋ ਗਈ ਹੈ। ਇਸ ਪ੍ਰਕਾਰ ਦੇ ਅਨੁਪਾਤ ਦੇ ਕਾਰਣ ਹੇਠ ਲਿਖੇ ਹਨ:

(i) ਤਕਰੀਬਨ ਸਾਰੇ ਭਾਰਤ ਵਿਚ ਹੀ ਇਸਤਰੀਆਂ ਨਾਲ ਪੁਰਸ਼ਾਂ ਦੇ ਮੁਕਾਬਲੇ ਤੇ ਵਿਤਕਰਾ ਕੀਤਾ ਜਾਂਦਾ ਹੈ। ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਘੱਟ ਦੇਖਭਾਲ ਕੀਤੀ ਜਾਂਦੀ ਹੈ। ਬਚਪਨ ਤੋਂ ਇਹ ਵੱਖਰੇਵਾਂ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਬੱਚਿਆਂ ਦੀ ਮੌਤ ਦਰ ਵਿਚ ਲੜਕੀਆਂ ਦੀ ਮੌਤ ਦਰ ਜ਼ਿਆਦਾ ਹੁੰਦੀ ਹੈ।

(ii) ਲੜਕੀਆਂ ਦਾ ਛੋਟੀ ਉਮਰ ਵਿਚ ਵਿਆਹ ਕਰਨਾ ਵੀ ਇਸ ਗੱਲ ਦਾ ਸੂਚਕ ਹੈ ਕਿ ਆਮ

ਤੌਰ ਤੇ 15-19 ਸਾਲ ਦੀ ਕੱਚੀ ਉਮਰ ਵਿਚ ਜਿਨ੍ਹਾਂ ਲੜਕੀਆਂ ਦੇ ਵਿਆਹ ਕਰ ਦਿੱਤੇ ਜਾਂਦੇ ਹਨ ਉਨ੍ਹਾਂ ਦੀ ਮੌਤ ਘਰੇਲੂ ਜ਼ਿੰਮੇਵਾਰੀਆਂ ਦੇ ਜ਼ਿਆਦਾ ਹੋਣ ਕਰਕੇ ਹੀ ਹੋ ਜਾਂਦੀ ਹੈ।

(iii) ਅਤੇ ਤੀਜਾ ਕਾਰਣ ਹੈ ਕਿ ਅਜੇ ਵੀ ਕਈ ਥਾਵਾਂ ਤੇ ਪਰਦਾ ਰਸਮ ਹੋਣ ਕਾਰਣ ਲੜਕੀਆਂ ਦੀ ਪੂਰੀ ਤਰ੍ਹਾਂ ਜਨ-ਗਣਨਾ ਹੀ ਨਹੀਂ ਹੁੰਦੀ। ਉਂਝ ਵੀ ਕਈ ਰੂੜ੍ਹੀਵਾਦੀ ਮਾਪੇ ਇਹ ਦੱਸਣ ਤੋਂ ਸੰਕੋਚ ਕਰਦੇ ਹਨ ਕਿ ਉਨ੍ਹਾਂ ਦੀਆਂ ਕਿੰਨੀਆਂ ਕੁੜੀਆਂ ਹਨ ਅਤੇ ਉਨ੍ਹਾਂ ਦੀ ਉਮਰ ਕਿੰਨੀ ਹੈ। ਇਸ ਗੱਲ ਨਾਲ ਕਈ ਤਰ੍ਹਾਂ ਦੀਆਂ ਸਮਾਜਕ ਜ਼ਿੰਮੇਵਾਰੀਆਂ ਜੁੜੀਆਂ ਹੋਈਆਂ ਹਨ।

**2.6.5.3 ਉਮਰ ਸਮੂਹ ਰਚਨਾ (Age Composition)**

ਉਮਰ ਸਮੂਹ ਰਚਨਾ ਵਿੱਚ ਵੱਸੋਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ : ਨੌਜਵਾਨ ਵੱਸੋਂ (young population) ਅਤੇ ਵੱਡੀ ਉਮਰ ਦੀ ਵੱਸੋਂ (old population)। ਨੌਜਵਾਨ ਵੱਸੋਂ ਤੋਂ ਭਾਵ ਹੈ ਕਿ ਉਹ ਵੱਸੋਂ ਜਿਸ ਵਿਚ ਬਾਲਗ ਅਤੇ ਨੌਜਵਾਨ ਵਰਗ ਦੇ ਲੋਕ ਆਉਂਦੇ ਹਨ। ਇਸ ਵਿਚ ਅਧੇੜ ਉਮਰ ਜਾਂ ਬੁੱਢਿਆਂ ਦੀ ਵੱਸੋਂ ਦਾ ਨੰਬਰ ਘੱਟ ਹੁੰਦਾ ਹੈ। ਇਸਦੇ ਉਲਟ ਵਡੇਰੀ ਉਮਰ ਦੀ ਵੱਸੋਂ ਵਿਚ ਬਾਲਗਾਂ ਤੇ ਨੌਜਵਾਨਾਂ ਦਾ ਨੰਬਰ ਘੱਟ ਹੋ ਕੇ ਅਧੇੜ ਉਮਰ ਦਾ ਅਤੇ ਬੁੱਢੇ ਲੋਕਾਂ ਦਾ ਨੰਬਰ ਜ਼ਿਆਦਾ ਹੁੰਦਾ ਹੈ। ਇਸ ਤਰ੍ਹਾਂ ਦੇ ਵਰਗੀਕਰਨ ਤੋਂ ਕਿਸੇ ਦੇਸ਼ ਦੇ ਸੰਭਾਵੀ ਵਿਕਾਸ ਦਾ ਅੰਦਾਜ਼ਾ ਵੀ ਲਗਾਇਆ ਜਾਂਦਾ ਹੈ।

ਨੌਜਵਾਨ ਵੱਸੋਂ ਵਿਚ ਭਵਿੱਖ ਵਿਚ ਵਿਕਾਸ ਕਰਨ ਦੀ ਵਧੇਰੇ ਯੋਗਤਾ ਹੁੰਦੀ ਹੈ। ਜਿਹੜੇ ਅੱਜ ਬਾਲਗ ਹਨ ਉਹ ਕੱਲ੍ਹ ਨੂੰ ਵਿਕਾਸ ਦੇ ਕੰਮ ਵਿਚ ਹਿੱਸਾ ਪਾਉਣ ਦੇ ਕਾਬਲ ਹੋ ਜਾਣਗੇ। (A young population has more growth potentials) ਇਸ ਲਈ ਇਸ ਤੋਂ ਸਾਨੂੰ ਕੰਮ-ਕਾਜੀ ਸ਼ਕਤੀ (labour force) ਸਿੱਖਿਆ ਕੇਂਦਰਾਂ ਵਿਚ ਆਉਣ ਵਾਲੀ ਨਵੀਂ ਭਰਤੀ, ਵੋਟਾਂ ਦਾ ਨੰਬਰ ਆਦਿ ਬਾਰੇ ਵੀ ਪਤਾ ਲੱਗਦਾ ਹੈ।

ਅੰਕੜੇ ਦੇਖਣ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿਚ 40 ਪ੍ਰਤੀਸ਼ਤ ਲੋਕ ਐਸੇ ਹਨ ਜਿਹੜੇ 15 ਸਾਲ ਦੀ ਉਮਰ ਤੋਂ ਘੱਟ ਹਨ ਅਤੇ 5 ਤੋਂ 6 ਪ੍ਰਤੀਸ਼ਤ 60 ਸਾਲ ਤੋਂ ਉੱਪਰ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਵੱਸੋਂ ਦਾ ਨਿਰਭਰਤਾ ਅਨੁਪਾਤ (dependency ratio) ਕਾਫ਼ੀ ਜ਼ਿਆਦਾ ਹੈ ਤੇ ਇਹ ਵੱਧ ਰਿਹਾ ਹੈ :

$$\text{Dependency Ratio} = \frac{\text{Population Under 15 years+ population 60 years and above}}{\text{Population aged 15 to 59}}$$

ਤਾਲਿਕਾ-5

**Percentage Distribution of Total Population by Broad Age Group (in years)**

| | **Age Group** | | | |
|---|---|---|---|---|
| *Year* | *0-14* | *15-19* | *60+* | *All Ages* |
| 1901 | 38.60 | 56.35 | 5.05 | 100.0 |
| 1911 | 38.40 | 56.40 | 5.15 | 100.0 |
| 1921 | 39.20 | 55.55 | 5.25 | 100.0 |
| 1931 | 40.00 | 55.95 | 4.00 | 100.0 |
| 1941 | 38.25 | 56.85 | 4.90 | 100.0 |
| 1951 | 37.50 | 56.85 | 5.65 | 100.0 |
| 1961 | 41.00 | 53.85 | 5.64 | 100.0 |
| 1971 | 42.02 | 50.01 | 5.67 | 100.0 |
| 1981 | 39.5 | 54.1 | 6.4 | 100.0 |
| 1991 | 36.5 | 57.1 | 6.4 | 100.0 |
| 2001 | 35.6 | 58.2 | 6.2 | 100.0 |
| 2011 | 30.8 | 60.3 | 8.6 | 100.0 |

ਇਸ ਤਾਲਿਕਾ ਤੋਂ ਸਪਸ਼ਟ ਹੈ ਕਿ ਵੱਸੋਂ ਵਿਚ ਨਿਰਭਰਤਾ ਅਨੁਪਾਤ ਜ਼ਿਆਦਾ ਤੇਜ਼ੀ ਨਾਲ ਵੱਧ ਰਿਹਾ ਹੈ। ਇਹ ਅੱਗੇ ਜਾ ਕੇ ਆਰਥਿਕ ਵਿਕਾਸ ਦੇ ਰਾਹ ਵਿਚ ਔਕੜ ਵੀ ਪੈਦਾ ਕਰ ਸਕਦਾ ਹੈ ਜੇ ਕਰ ਸਮੇਂ ਦੇ ਨਾਲ ਹੀ ਲੋੜੀਂਦੇ ਰੁਜ਼ਗਾਰ ਦੇ ਮੌਕੇ ਨਾ ਪੈਦਾ ਕੀਤੇ ਗਏ। ਜੇਕਰ ਸਿੱਖਿਆ ਅਦਾਰਿਆਂ ਦੀ ਗਿਣਤੀ ਨਾ ਵਧਾਈ ਗਈ ਤਾਂ ਸਿੱਖਿਆ ਦਾ ਮਿਆਰ ਇਹੀ ਰਿਹਾ ਤਾਂ 15-59 ਉਮਰ ਸਮੂਹ ਵਾਲਿਆਂ ਉਪਰ ਬੇਰੁਜ਼ਗਾਰਾਂ ਦਾ ਜ਼ਿਆਦਾ ਭਾਰ ਪਵੇਗਾ ਜਿਹੜਾ ਅੰਤ ਨੂੰ ਕਈ ਤਰ੍ਹਾਂ ਦੀਆਂ ਰਾਜਨੀਤਕ ਅਤੇ ਸਮਾਜਿਕ ਬੁਰਾਈਆਂ ਖੜ੍ਹੀਆਂ ਕਰੇਗਾ।

**2.6.5.4 ਸ਼ਹਿਰੀ-ਪੇਂਡੂ ਵੱਸੋਂ ਦਾ ਅਨੁਪਾਤ (Proportion of Rural and Urban Population)**

ਕਿਸੇ ਵੀ ਦੇਸ਼ ਦੀ ਸ਼ਹਿਰੀ ਵੱਸੋਂ ਦੇ ਅਨੁਪਾਤ ਦਾ ਵੱਧ ਹੋਣਾ ਉਸ ਦੇਸ਼ ਦੀ ਉਦਯੋਗਿਕ ਉੱਨਤੀ ਦਾ ਸੂਚਕ ਹੁੰਦਾ ਹੈ। ਭਾਰਤ ਇੱਕ ਖੇਤੀ ਪ੍ਰਧਾਨ ਦੇਸ਼ ਹੈ ਜਿਸ ਲਈ ਇਸਦੀ ਜ਼ਿਆਦਾ ਵੱਸੋਂ ਪਿੰਡਾਂ ਵਿਚ ਰਹਿੰਦੀ ਹੈ। 1981 ਦੀ ਜਨ-ਗਣਨਾ ਅਨੁਸਾਰ ਸਿਰਫ਼ 23.3 ਪ੍ਰਤੀਸ਼ਤ ਲੋਕ ਸ਼ਹਿਰਾਂ ਵਿਚ ਰਹਿੰਦੇ ਸਨ ਤੇ ਬਾਕੀ 76.7 ਪ੍ਰਤੀਸ਼ਤ ਪਿੰਡਾਂ ਵਿਚ । 1901 ਵਿਚ ਪ੍ਰਤੀਸ਼ਤ 89.0 ਅਤੇ 11.0 ਸੀ ਜਿਹੜੀ 1951 ਵਿਚ 82.7 ਅਤੇ 17.3 ਹੋ ਗਈ। 1991 ਦੇ ਅੰਕੜਿਆਂ ਅਨੁਸਾਰ, ਪੇਂਡੂ ਅਤੇ ਸ਼ਹਿਰੀ ਵੱਸੋਂ, ਕੁੱਲ ਵੱਸੋਂ ਦਾ ਕ੍ਰਮਵਾਰ 74.3 ਅਤੇ 25.7 ਪ੍ਰਤੀਸ਼ਤ ਸੀ। 2001 ਦੇ ਅੰਕੜਿਆਂ ਅਨੁਸਾਰ ਪੇਂਡੂ ਅਤੇ ਸ਼ਹਿਰੀ ਵੱਸੋਂ ਕ੍ਰਮਵਾਰ 72.22 ਅਤੇ 77.78 ਪ੍ਰਤੀਸ਼ਤ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਭਾਰਤ ਵਿਚ ਵਿਕਾਸ ਦੇ ਨਾਲ-ਨਾਲ ਸ਼ਹਿਰਾਂ ਦਾ ਮਹੱਤਵ ਵੀ ਵੱਧ ਰਿਹਾ ਹੈ। 1961 ਤੋਂ 1971 ਦੌਰਾਨ ਪੰਜਾਬ ਦੀ ਸ਼ਹਿਰੀ ਵੱਸੋਂ 23.6 ਤੋਂ ਵੱਧ ਕੇ 23.76 ਪ੍ਰਤੀਸ਼ਤ ਹੋ ਗਈ। ਇਹੀ ਹਾਲ ਹਰਿਆਣਾ ਅਤੇ ਪੱਛਮੀ ਬੰਗਾਲ ਦਾ ਹੈ। 2001 ਦੇ ਅੰਕੜਿਆਂ ਅਨੁਸਾਰ ਸ਼ਹਿਰੀ ਅਤੇ ਪੇਂਡੂ ਵੱਸੋਂ ਕ੍ਰਮਵਾਰ 27.8 ਪ੍ਰਤੀਸ਼ਤ ਅਤੇ 72.2 ਪ੍ਰਤੀਸ਼ਤ ਸੀ।

**2.6.5.5 ਸਾਖਰਤਾ ਦਰ (Literacy Rate)**

ਭਾਰਤ ਵਿਚ ਅਜੇ ਵੀ ਲਗਭਗ 60 ਪ੍ਰਤੀਸ਼ਤ ਲੋਕ ਅਨਪੜ੍ਹ ਹਨ। 1981 ਦੀ ਜਨ-ਗਣਨਾ ਅਨੁਸਾਰ, ਕੁੱਲ ਵੱਸੋਂ ਵਿਚ 43.7 ਪ੍ਰਤੀਸ਼ਤ ਪੜ੍ਹੇ ਲਿਖੇ ਲੋਕਾਂ ਦਾ ਹੈ ਜਿਸ ਵਿਚੋਂ 56.5 ਪ੍ਰਤੀਸ਼ਤ ਪੁਰਸ਼ ਅਤੇ 29.5 ਪ੍ਰਤੀਸ਼ਤ ਇਸਤਰੀਆਂ ਹਨ। 1991 ਵਿਚ ਇਹ ਦਰ ਵੱਧ ਕੇ 64.2 ਪ੍ਰਤੀਸ਼ਤ ਪੁਰਸ਼ ਅਤੇ 39.2 ਪ੍ਰਤੀਸ਼ਤ ਇਸਰਤੀਆਂ ਦੀ ਹੋ ਗਈ ਹੈ। 2001 ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ 65.4 ਵਿਅਕਤੀ ਪੜ੍ਹੇ ਲਿਖੇ ਹਨ ਜਿਨ੍ਹਾਂ ਵਿਚੋਂ 75.8 ਪ੍ਰਤੀਸ਼ਤ ਪੁਰਸ਼ ਅਤੇ 52.1 ਪ੍ਰਤੀਸ਼ਤ ਇਸਤਰੀਆਂ ਹਨ। ਕੇਰਲਾ ਵਿਚ ਸਿੱਖਿਆ ਦਰ ਸਭ ਤੋਂ ਜ਼ਿਆਦਾ ਹੈ ਜਿੱਥੇ 69 ਪ੍ਰਤੀਸ਼ਤ ਲੋਕ ਪੜ੍ਹੇ ਲਿਖੇ ਸਨ। 1991 ਦੇ ਅੰਕੜਿਆਂ ਅਨੁਸਾਰ, ਕੇਰਲਾ ਵਿੱਚ 100 ਪ੍ਰਤੀਸ਼ਤ ਸਿੱਖਿਆ ਦਰ ਕਰਨ ਦਾ ਟੀਚਾ ਸੀ। 2001 ਦੇ ਅੰਕੜਿਆਂ ਅਨੁਸਾਰ ਕੇਰਲਾ ਦੀ ਸਾਖਰਤਾ ਦਰ 90.02 ਹੈ। ਪੰਜਾਬ ਵਿਚ 41 ਪ੍ਰਤੀਸ਼ਤ ਅਤੇ ਰਾਜਸਥਾਨ ਸਭ ਤੋਂ ਘੱਟ 24 ਪ੍ਰਤੀਸ਼ਤ ਲੋਕ ਪੜ੍ਹੇ ਲਿਖੇ ਹਨ। ਇਸ ਦਾ ਮੁੱਖ ਕਾਰਣ ਸਾਡੀ ਸਿੱਖਿਆ ਪ੍ਰਣਾਲੀ ਦਾ ਦੋਸ਼-ਪੂਰਨ ਹੋਣਾ ਹੈ ਜਿਹੜੀ ਮਹਿੰਗੀ ਹੋਣ ਦੇ ਨਾਲ-ਨਾਲ ਸਾਰੇ ਲੋਕਾਂ ਤੱਕ ਪਹੁੰਚਣ ਵਿਚ, ਆਪਣੇ ਸਿਸਟਮ ਕਰਕੇ, ਅਸਫ਼ਲ ਹੈ। ਸਿੱਖਿਆ ਦਾ ਪੈਟਰਨ ਹੁਣ ਇਹੋ ਜਿਹਾ ਹੋ ਗਿਆ ਹੈ ਕਿ ਆਮ ਜਨਤਾ ਲਈ ਆਉਣ ਵਾਲੇ ਸਮੇਂ ਵਿਚ ਆਪਣੇ ਬੱਚਿਆਂ ਨੂੰ ਉੱਚ ਸਿੱਖਿਆ ਦੇਣਾ ਇਕ ਸੁਪਨਾ ਬਣ ਜਾਵੇਗਾ।

**2.6.6 ਵੱਸੋਂ ਦੀ ਸਮੱਸਿਆਂ ਨੂੰ ਹੱਲ ਕਰਨ ਦੀ ਨੀਤੀ**

ਉੱਪਰ ਕੀਤੇ ਸਾਰੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਵੱਸੋਂ ਦੀ ਸਮੱਸਿਆ ਗੰਭੀਰ ਹੈ ਅਤੇ ਇਹ ਆਰਥਿਕ ਵਿਕਾਸ ਵਿਚ ਹਿੱਸਾ ਪਾਉਣ ਵਾਲੇ ਤੱਤਾਂ ਨੂੰ ਨਿਗਲ ਰਹੀ ਹੈ। ਇਸ ਲਈ ਇਸ ਉੱਤੇ ਕਾਬੂ ਪਾਉਣਾ ਲਾਜ਼ਮੀ ਹੈ। ਵੱਸੋਂ ਦੀ ਸਮੱਸਿਆ ਨੂੰ ਦੋ ਤਰੀਕਿਆਂ ਨਾਲ ਹੱਲ ਕੀਤਾ ਜਾ ਸਕਦਾ ਹੈ।

* ਵੱਸੋਂ ਦੇ ਵਾਧੇ ਦੀ ਦਰ ਤੇ ਕਾਬੂ ਪਾ ਕੇ ਅਤੇ
* ਆਰਥਿਕ ਵਿਕਾਸ ਦੀ ਦਰ ਵਧਾ ਕੇ

**2.6.6.1 ਵੱਸੋਂ ਦੇ ਵਾਧੇ ਦੀ ਦਰ ਨੂੰ ਕੰਟਰੋਲ ਕਰਨਾ**

ਇਹ ਕਾਫ਼ੀ ਵਾਦ-ਵਿਵਾਦ ਵਾਲਾ ਨੁਕਤਾ ਹੈ। ਵੱਸੋਂ ਦੇ ਵਾਧੇ ਦੀ ਦਰ ਦੋ ਤਰ੍ਹਾਂ ਨਾਲ ਕੰਟਰੋਲ ਕੀਤੀ ਜਾ ਸਕਦੀ ਹੈ।

* ਜਨਮ ਦਰ ਘੱਟ ਕਰਨ ਨਾਲ ਅਤੇ

* ਮੌਤ ਦਰ ਉੱਪਰ ਕਾਬੂ ਪਾਉਣ ਨਾਲ

**2.6.6.1.1 ਜਨਮ ਦਰ ਘੱਟ ਕਰਨ ਨਾਲ**

ਜਨਮ ਦਰ ਨੂੰ ਘੱਟ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਇਹ ਜਾਣਿਆ ਜਾਵੇ ਕਿ ਘੱਟ ਵਿਕਸਿਤ ਦੇਸ਼ਾਂ ਵਿਚ ਅਤੇ ਖਾਸ ਕਰਕੇ ਭਾਰਤ ਵਿਚ ਜਨਮ ਦਰ ਜ਼ਿਆਦਾ ਕਿਉਂ ਹੈ।

ਭਾਰਤ ਵਿਚ ਜਨਮ ਦਰ ਇਸ ਲਈ ਜ਼ਿਆਦਾ ਹੈ ਕਿਉਂਕਿ ਭਾਰਤ ਇਕ ਗਰੀਬ ਦੇਸ਼ ਹੈ। ਵਿਅਕਤੀਗਤ ਤੌਰ ਤੇ ਵੀ ਗਰੀਬੀ ਹੀ ਪਰਿਵਾਰ ਦੇ ਆਕਾਰ ਦੇ ਵੱਡੇ ਹੋਣ ਦਾ ਮੁੱਖ ਕਾਰਨ ਹੈ। ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਭਾਰਤ ਗਰੀਬ ਹੈ ਕਿਉਂਕਿ ਇਸ ਦੀ ਵੱਸੋਂ ਜ਼ਿਆਦਾ ਹੈ। ਜਿੰਨੇ ਵੀ ਆਰਥਿਕ ਵਿਕਾਸ ਲਈ ਸਾਧਨ ਚਾਹੀਦੇ ਹਨ ਉਹ ਵਧ ਰਹੀ ਵੱਸੋਂ ਨੂੰ ਉਪਭੋਗੀ ਵਸਤਾਂ ਜੁਟਾਉਣ ਵਾਸਤੇ ਹੀ ਖਰਚ ਹੋ ਜਾਂਦੇ ਹਨ। ਆਧੁਨਿਕ ਵਿਚਾਰ ਇਸ ਦੇ ਉਲਟ ਹਨ ਜਾਂ ਇਉਂ ਕਹਿ ਲਓ ਕਿ ਖੱਬੇ ਪੱਖੀ ਅਰਥ ਸ਼ਾਸਤਰੀ ਇਸ ਵਿਚਾਰ ਨਾਲ ਸਹਿਮਤ ਨਹੀ। ਪਰਵੀਨ ਵਿਸਾਰੀਆਂ, ਮੁਹੰਮਦ ਮਮਦਾਨੀ, ਅਸ਼ੋਕ ਮਿੱਤਰਾ ਵਰਗੇ ਅਰਬ ਵਿਗਿਆਨੀਆਂ ਦੇ ਵਿਚਾਰ ਹਨ ਕਿ ਭਾਰਤ ਦੀ ਵੱਸੋਂ ਜ਼ਿਆਦਾ ਹੈ ਕਿ ਕਿਉਂਕਿ ਇਥੋਂ ਦੇ ਲੋਕ ਗਰੀਬ ਹਨ। ਅਰਥਾਤ ਜ਼ਿਆਦਾ ਵੱਸੋਂ ਗਰੀਬੀ ਦਾ ਨਤੀਜਾ ਹੈ ਕਾਰਨ ਨਹੀ। ਇਸ ਲਈ ਜੇਕਰ ਵੱਸੋਂ ਦੀ ਸਮੱਸਿਆ ਹੱਲ ਕਰਨੀ ਹੈ ਤਾਂ ਪਹਿਲਾਂ ਗਰੀਬੀ ਦੀ ਸਮੱਸਿਆ ਹੱਲ ਕਰਨੀ ਪਵੇਗੀ। ਇਸ ਦੇ ਨਾਲ ਬਾਕੀ ਸਮੱਸਿਆਵਾਂ ਆਪਣੇ ਆਪ ਹੀ ਹੱਲ ਹੋ ਜਾਣਗੀਆਂ।

ਇਸ ਤੋਂ ਇਲਾਵਾ ਜਨਮ ਦਰ ਦੇ ਵੱਧ ਹੋਣ ਦੇ ਕਾਰਨਾਂ ਬਾਰੇ ਅਸੀਂ ਪਹਿਲਾਂ ਹੀ ਜਾਣ ਚੁੱਕੇ ਹਾਂ, ਜਿਵੇਂ ਮੌਤ ਦਰ ਦਾ ਵਾਧਾ ਹੋਣਾ, ਗਰੀਬੀ, ਅਨਪੜ੍ਹਤਾ, ਜਲਦੀ ਵਿਆਹ, ਸਿਹਤ ਅਤੇ ਸਫ਼ਾਈ ਸਹੂਲਤਾਂ ਦਾ ਘੱਟ ਹੋਣਾ, ਬਿਮਾਰੀ, ਬੁਢਾਪਾ ਅਤੇ ਬੇ-ਰੁਜ਼ਗਾਰੀ ਦੇ ਸਬੰਧ ਵਿਚ ਸਮਾਜਿਕ ਅਸੁਰੱਖਿਆ, ਸਮਾਜ ਵਿਚ ਔਰਤਾਂ ਦਾ ਇੱਜ਼ਤਯੋਗ ਸਥਾਨ ਨਾ ਹੋਣਾ ਆਦਿ। ਜੇਕਰ ਇਨ੍ਹਾਂ ਸਮੱਸਿਆਵਾਂ ਤੇ ਪਹਿਲਾਂ ਕਾਬੂ ਪਾ ਲਿਆ ਜਾਵੇ ਤਾਂ ਜਨਮ ਦਰ ਕਾਫੀ ਹੱਦ ਤੱਕ ਕੰਟਰੋਲ ਹੋ ਸਕਦੀ ਹੈ।

**2.6.6.1.2 ਮੌਤ ਦਰ ਉੱਪਰ ਕਾਬੂ ਪਾਉਣਾ**

ਸਮੱਸਿਆ ਦਾ ਦੂਜਾ ਪਾਸਾ ਹੈ ਮੌਤ ਦਰ ਤੇ ਕਾਬੂ ਪਾਉਣਾ। ਇਸ ਦਾ ਅਰਥ ਹੈ ਕਿ ਜੇਕਰ ਮੌਤ ਦਰ ਨੂੰ ਕੰਟਰੋਲ ਕਰ ਲਿਆ ਜਾਂਦਾ ਹੈ ਤਾਂ ਵੱਸੋਂ ਦਾ ਵਾਧਾ ਰੁਕ ਸਕਦਾ ਹੈ। ਇਸ ਤੱਥ ਵਿਚ ਉਪਰੋ-ਉਪਰੋ ਦੇਖਣ ਵਿਚ ਕੋਈ ਸੱਚਾਈ ਨਹੀ ਲਗਦੀ ਕਿ ਜੇਕਰ ਮੌਤ ਦਰ ਘੱਟ ਗਈ ਤਾਂ ਇਹ ਵੱਸੋਂ ਵਿਚ ਹੋਰ ਵਾਧਾ ਕਰੇਗੀ। ਪਰ ਅਸਲ ਵਿਚ ਇੰਜ ਨਹੀਂ ਕਿਉਂਕਿ ਅਸੀ ਜਾਣਦੇ ਹਾਂ ਕਿ ਮੌਤ ਦਰ ਜ਼ਿਆਦਾ ਹੋਣ ਕਰਕੇ ਜਨਮ ਦਰ ਜ਼ਿਆਦਾ ਹੈ। ਇਸ ਦਾ ਅਰਥ ਹੈ ਕਿ ਜੇਕਰ ਮੌਤ ਦਰ ਜ਼ਿਆਦਾ ਹੋਵੇਗੀ ਤਾਂ ਲੋਕਾਂ ਦੀ ਕੋਸ਼ਿਸ਼ ਹੋਵੇਗੀ ਕਿ ਘੱਟ ਤੋਂ ਘੱਟ ਦੋ ਤਿੰਨ ਬੱਚੇ ਜ਼ਰੂਰ ਹੀ ਪਰਿਵਾਰ ਵਿਚ ਜਿਉਂਦੇ ਰਹਿਣੇ ਚਾਹੀਦੇ ਹਨ ਜਿਹੜੇ ਮਾਪਿਆਂ ਨੂੰ ਬੁਢਾਪੇ ਵਿਚ ਜਾਂ ਬੀਮਾਰੀ ਵੇਲੇ ਸਾਂਭ ਸਕਣ। ਇਸ ਮਨੋਵਿਗਿਆਨਕ ਵਿਚਾਰ ਅਧੀਨ ਉਹ ਆਪਣੇ ਪਰਿਵਾਰ ਦਾ ਆਕਾਰ ਵਧਾ ਲੈਂਦੇ ਹਨ। ਅਰਥਾਤ ਕੁੱਲ ਮਿਲਾ ਕੇ ਜਨਮ ਦਰ ਜ਼ਿਆਦਾ ਹੋ ਜਾਂਦੀ ਹੈ।

ਇਸ ਦੇ ਉਲਟ ਜੇਕਰ ਸਿਹਤ ਤੇ ਸਫਾਈ ਸਹੂਲਤਾਂ ਠੀਕ ਤਰ੍ਹਾਂ ਮੁਹੱਈਆਂ ਕੀਤੀਆਂ ਜਾਣ, ਬੱਚਿਆਂ ਦੀ ਮੌਤ ਦਰ ਤੇ ਕਾਬੂ ਪਾਇਆ ਜਾਵੇ ਤਾਂ ਕੋਈ ਕਾਰਨ ਨਹੀਂ ਕਿ ਜਨਮ ਦਰ ਵੱਧ ਹੀ ਰਹੇਗੀ।

**12.6.2 ਆਰਥਿਕ ਵਿਕਾਸ ਦੀ ਦਰ ਵਧਾ ਕੇ**

ਦੂਜੇ ਪਾਸੇ ਜੇਕਰ ਆਰਥਿਕ ਵਿਕਾਸ ਦੀ ਦਰ ਵਿਚ ਵਾਧਾ ਕੀਤਾ ਜਾਵੇ ਤਾਂ ਇਸ ਨਾਲ ਉਦਯੋਗੀਕਰਨ, ਸ਼ਹਿਰੀਕਰਨ ਵਿਚ ਸਹਾਇਤਾ ਮਿਲੇਗੀ। ਸਿਹਤ ਤੇ ਸਫਾਈ ਸਹੂਲਤਾਂ ਜ਼ਿਆਦਾ ਮਿਲਣਗੀਆਂ, ਲੋਕਾਂ ਵਿਚ ਜਾਗ੍ਰਿਤੀ ਆਵੇਗੀ। ਉਹ ਆਪਣਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਉਸ ਪੱਧਰ ਨੂੰ ਬਰਕਰਾਰ ਰੱਖਣ ਲਈ ਜ਼ਿਆਦਾ ਚੇਤੰਨ ਹੋਣਗੇ। 1947 ਦੀ ਤੀਜੀ World Population Conference ਦਾ ਸਿੱਟਾ ਵੀ ਇਹੀ ਸੀ ਤੇ ਇਸ ਮੁੱਦੇ ਉੱਪਰ ਜ਼ਿਆਦਾ ਜ਼ੋਰ ਦਿੱਤਾ ਗਿਆ ਕਿ ਆਰਥਿਕ ਵਿਕਾਸ ਹੀ ਵੱਸੋਂ ਦੇ ਵਾਧੇ ਨੂੰ ਨਿਰੋਧਕ ਦੇ ਰੂਪ ਵਿਚ ਕੰਮ ਕਰ ਸਕਦਾ ਹੈ। (Economic Development is the best contraceptive)

ਦੋਹਾਂ ਨੂੰ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਜੇਕਰ ਵੱਸੋਂ ਦੇ ਵਾਧੇ ਉੱਪਰ ਕਾਬੂ ਪਾਉਣਾ ਹੈ ਤਾਂ ਆਰਥਿਕ ਵਿਕਾਸ ਪਹਿਲਾਂ ਜ਼ਰੂਰੀ ਹੈ। ਇਸ ਨਾਲ ਆਪਣੇ ਆਪ ਹੀ ਮੌਤ ਦਰ ਘੱਟ ਜਾਵੇਗੀ ਜਿਸ ਨਾਲ ਜਨਮ ਦਰ ਕਾਫੀ ਘੱਟ ਜਾਵੇਗੀ। ਜਨ ਸੰਖਿਅਕ ਪਰਿਵਰਤਨ ਦਾ ਸਿਧਾਂਤ ਵੀ ਇਹੀ ਦੱਸਦਾ ਹੈ ਅਤੇ ਅੱਜ ਜਿਹੜੇ

ਵੀ ਮੁਲਕ ਤਰੱਕੀ ਦੇ ਰਾਹ ਉੱਪਰ ਚੱਲ ਰਹੇ ਹਨ ਉਨ੍ਹਾਂ ਦੇ ਆਰਥਿਕ ਵਿਕਾਸ ਦੀ ਦਰ ਕਾਫੀ ਜ਼ਿਆਦਾ ਹੈ।

### 2.6.7 ਰਾਸ਼ਟਰੀ ਵੱਸੋਂ ਨੀਤੀ (National Population Policy)

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਘਣੀ ਵੱਸੋਂ ਵਾਲਾ ਦੇਸ਼ ਹੈ ਅਤੇ ਇਸ ਨੂੰ ਕੰਟਰੋਲ ਕਰਨਾ ਚਾਹੀਦਾ ਹੈ। ਇਸ ਲਈ ਸਰਕਾਰ ਵੀ ਚੇਤੰਨ ਹੈ। ਇਸ ਲਈ ਸਰਕਾਰ ਨੇ ਪਲੈਨਿੰਗ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਧੀਨ ਪੰਜ ਸਾਲਾ ਯੋਜਨਾਵਾਂ ਵਿਚ ਇਸ ਮੁੱਦੇ ਨੂੰ ਖਾਸ ਅਹਿਮੀਅਤ ਦਿੱਤੀ ਹੈ।

ਭਾਰਤ ਸੰਸਾਰ ਵਿਚ ਪਹਿਲਾ ਦੇਸ਼ ਹੈ ਜਿਸ ਨੇ ਸਰਕਾਰੀ ਤੌਰ 'ਤੇ ਵੱਸੋਂ ਸਬੰਧੀ ਸਰਕਾਰੀ ਨੀਤੀ ਨੂੰ ਅਪਣਾਇਆ ਹੈ। 1949 ਵਿਚ ਪਰਿਵਾਰ ਨਿਯੋਜਨ ਸੰਸਥਾ (Family Planning Association) ਬਣਾਈ ਗਈ। ਕਿਉਂਕਿ ਆਜ਼ਾਦੀ ਤੋਂ ਬਾਅਦ ਹੀ ਇੰਡੀਅਨ ਨੈਸ਼ਨਲ ਕਾਂਗਰਸ ਨੇ ਵੀ ਨੈਸ਼ਨਲ ਪਲੈਨਿੰਗ ਕਮੇਟੀ ਦੀ ਹਮਾਇਤ ਕੀਤੀ। 1952 ਵਿਚ ਮਨਿਸਟਰੀ ਆਫ ਪਲੈਨਿੰਗ ਦੇ ਤਹਿਤ ਇਕ ਫੈਮਿਲੀ ਪਲੈਨਿੰਗ ਸੈਲ (Family Planning Cell) ਬਣਾਇਆ ਗਿਆ ਜਿਸ ਦੀਆਂ ਸਿਫ਼ਾਰਸ਼ਾਂ ਅਧੀਨ ਪਹਿਲੀ ਪੰਜ ਸਾਲਾ ਯੋਜਨਾ ਵਿਚ ਪਰਿਵਾਰ ਕਲਿਆਣ ਵਾਸਤੇ 65 ਲੱਖ ਰੁਪਏ ਦੀ ਧਨ ਰਾਸ਼ੀ ਰੱਖੀ ਗਈ। ਪਹਿਲੀ ਪੰਜ ਸਾਲਾ ਯੋਜਨਾ ਵਿਚ ਪਰਿਵਾਰ ਨਿਯੋਜਨ ਪ੍ਰੋਗਰਾਮ ਦਾ ਮੁੱਖ ਮੰਤਵ ਇਹ ਸੀ ਕਿ ਉਨ੍ਹਾਂ ਤੱਤਾਂ ਨੂੰ ਉਭਾਰਿਆ ਜਾਵੇ ਜਿਹੜੇ ਵੱਸੋਂ ਦੇ ਵਾਧੇ ਵਿਚ ਹਿੱਸਾ ਪਾਉਂਦੇ ਹਨ, ਕੁਝ ਤਰੀਕੇ ਲੱਭੇ ਜਾਣ ਜਿਹੜੇ ਪਰਿਵਾਰ ਨਿਯੋਜਨ ਵਿਚ ਤਕਨੀਕੀ ਤੌਰ 'ਤੇ ਸਹਾਈ ਹੋ ਸਕਣ ਅਤੇ ਆਰਥਿਕ ਯੋਜਨਾ ਦੇ ਨਾਲ-ਨਾਲ ਸਮਾਜਿਕ ਪੱਧਰ ਤੇ ਵੀ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਰਕਾਰੀ ਹਸਪਤਾਲਾਂ ਵਿਚ ਇਕ ਖਾਸ ਮਹਿਕਮਾ ਸਥਾਪਿਤ ਕੀਤਾ ਜਾਵੇ ਜਿਹੜਾ ਆਮ ਲੋਕਾਂ ਨੂੰ ਇਸ ਪ੍ਰਤੀ ਜਾਣਕਾਰੀ ਦੇਵੇ।

ਦੂਜੀ ਪੰਜ ਸਾਲਾ ਯੋਜਨਾ (1951-61) ਦੌਰਾਨ ਪਰਿਵਾਰ ਨਿਯੋਜਨ ਵਾਸਤੇ 5 ਕਰੋੜ ਰੁਪਏ ਖਰਚ ਕੀਤੇ ਗਏ।ਖੋਜ ਪ੍ਰੋਗਰਾਮ (Research Programme) ਨੂੰ ਵੀ ਜ਼ਿਆਦਾ ਮਹੱਤਵ ਦਿੱਤਾ ਗਿਆ। ਸੈਂਟਰ ਅਤੇ ਸਟੇਟ ਬੋਰਡਾਂ ਦੁਆਰਾ ਹਸਪਤਾਲਾਂ ਵਿਚ ਓਪਰੇਸ਼ਨ ਥੀਏਟਰਾਂ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ। ਸਰਵਿਸ ਕਲੀਨਿਕਾਂ ਦਾ ਨੰਬਰ 147 ਤੋਂ ਵਧਾ ਕੇ 4165 ਕਰ ਦਿੱਤਾ ਗਿਆ ਤਾਂ ਕਿ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਜਾ ਸਕਣ। ਇਸ ਤੋਂ ਇਲਾਵਾ ਰੇਡੀਓ ਤੇ ਹੋਰ ਪ੍ਰਸਾਰ ਸਾਧਨਾਂ ਦੀਆਂ ਸੇਵਾਵਾਂ ਵੀ ਪ੍ਰਾਪਤ ਕੀਤੀਆਂ ਗਈਆਂ। ਰਿਸਰਚ ਦੇ ਨਾਲ-ਨਾਲ ਟ੍ਰੇਨਿੰਗ ਸੁਵਿਧਾਵਾਂ ਆਦਿ ਦਾ ਪ੍ਰਬੰਧ ਕੀਤਾ ਗਿਆ। ਬੰਬਈ, ਕਲਕੱਤਾ, ਦਿੱਲੀ, ਤ੍ਰਿਵੇਂਦਰਮ ਆਦਿ ਕਈ ਥਾਵਾਂ ਤੇ ਖੋਜ ਕੇਂਦਰ ਖੋਲ੍ਹੇ ਗਏ। ਇਸ ਸਾਰੇ ਦਾ ਨਤੀਜਾ ਇਹ ਹੋਇਆ ਕਿ ਜਨਮ ਦਰ ਜਿਹੜੀ 1901-11 ਵਿਚ 49 ਪ੍ਰਤੀ ਹਜ਼ਾਰ ਸੀ 1951-61 ਵਿਚ ਘੱਟ ਕੇ 41 ਦੇ ਲਗਭੱਗ ਹੋ ਗਈ। ਦੂਜੇ ਪਾਸੇ ਮੌਤ ਦਰ ਵੀ 1911-12 ਵਿਚ 47 ਪ੍ਰਤੀ ਹਜ਼ਾਰ ਤੋਂ ਘੱਟ ਕੇ 1951-61 ਵਿਚ 22.8 ਰਹਿ ਗਈ।

ਤੀਜੀ ਪੰਜ ਸਾਲਾ ਯੋਜਨਾ (1961-66) ਵੇਲੇ ਇਸ ਪਾਸੇ ਹੋਰ ਜ਼ਿਆਦਾ ਧਿਆਨ ਦਿੱਤਾ ਜਾਣ ਲੱਗਿਆ ਸੀ। ਪ੍ਰੋਗਰਾਮ ਨੂੰ ਵਧੇਰੇ ਲੋਕ ਪ੍ਰਿਯ ਬਣਾਉਣ ਲਈ ਜ਼ਰੂਰੀ ਮੁੱਢਲੇ ਢਾਂਚੇ ਵਿਚ ਵੀ ਸੁਧਾਰ ਕੀਤੇ ਗਏ। 1966 ਵਿਚ ਮਨਿਸਟਰੀ ਆਫ਼ ਹੈਲਥ ਐਂਡ ਫੈਮਿਲੀ ਪਲੈਨਿੰਗ ਵਿਚ ਪਰਿਵਾਰ ਨਿਯੋਜਨ ਦਾ ਸਰਕਾਰੀ ਵਿਭਾਗ ਖੋਲਿਆ ਗਿਆ। ਤੀਜੀ ਯੋਜਨਾ ਦੌਰਾਨ 24.86 ਕਰੋੜ ਰੁਪਏ ਖਰਚ ਕੀਤੇ ਗਏ। ਇਸ ਦਾ ਮੁੱਖ ਮਕਸਦ ਇਹ ਸੀ ਕਿ ਆਮ ਲੋਕਾਂ ਤੱਕ ਪ੍ਰੋਗਰਾਮ ਦੇ ਸਾਧਨ ਅਤੇ ਵਸੀਲੇ ਪਹੁੰਚਾਏ ਜਾਣ। ਇਸ ਵਿਚ cafeteria approach ਨੂੰ ਮਹਤੱਵ ਦਿੱਤਾ ਗਿਆ ਜਿਸ ਦਾ ਭਾਵ ਸੀ ਕਿ ਜਿਵੇਂ ਲੋਕਾਂ ਦੀ ਮਰਜ਼ੀ ਹੈ ਉਵੇਂ ਹੀ ਯੋਗ ਤਰੀਕੇ ਆਪਣਾ ਸਕਦੇ ਹਨ। ਤੀਜੀ ਯੋਜਨਾ ਦੌਰਾਨ ਪਹਿਲੀ ਵਾਰ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਕੁਝ ਉਦੇਸ਼ ਅਤੇ ਨਿਸ਼ਾਨੇ ਮਿੱਥੇ ਗਏ ਜਿਸ ਅਨੁਸਾਰ 3676 ਪੇਂਡੂ ਅਤੇ 1381 ਸ਼ਹਿਰੀ ਇਲਾਕਿਆਂ ਵਿਚ ਪਰਿਵਾਰ ਕਲਿਆਣ ਅਤੇ ਯੋਜਨਾ ਕੇਂਦਰ ਖੋਲ੍ਹੇ ਗਏ। 30 ਟ੍ਰੇਨਿੰਗ ਸੈਂਟਰ ਵੀ ਸਥਾਪਤ ਕੀਤੇ ਗਏ।

1966-69 ਦੀਆਂ ਸਲਾਨਾ ਯੋਜਨਾਵਾਂ ਦੌਰਾਨ ਇਸ ਪ੍ਰੋਗਰਾਮ ਨੂੰ ਹੈਲਥ ਨਾਲ ਜੋੜ ਦਿੱਤਾ ਗਿਆ । ਜਿਸ ਵਿਚ ਪ੍ਰਾਇਮਰੀ ਹੈਲਥ ਸੈਂਟਰਾਂ ਦਾ ਰੋਲ ਜ਼ਿਆਦਾ ਵੱਧ ਗਿਆ। ਇਸ ਸਮੇਂ ਕੁੱਲ ਖਰਚੇ ਦਾ ਅਨੁਮਾਨ 7046 ਕਰੋੜ ਰੁਪਏ ਦਾ ਸੀ। ਜਿਹੜਾ ਸਟਾਫ ਵਿਚ ਪ੍ਰੋਗਰਾਮ ਵਾਸਤੇ ਕੰਮ ਵਿਚ ਲਗਿਆ ਹੋਇਆ ਸੀ ਉਸ

ਵਾਸਤੇ ਵੀ ਖਾਸ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ। ਇਸ ਸਮੇਂ ਵੀ ਅਪ੍ਰੇਸ਼ਨ ਨੂੰ ਹੀ ਜ਼ਿਆਦਾ ਮਹੱਤਵ ਦਿੱਤਾ ਗਿਆ ਤਾਂ ਕਿ ਪੱਕੇ ਤੌਰ ਤੇ ਲੋਕਾਂ ਦੀ ਸਹਾਇਤਾ ਕੀਤੀ ਜਾ ਸਕੇ। ਇਸ ਕੰਮ ਲਈ ਉਤਸ਼ਾਹਿਤ ਕਰਨ ਲਈ ਉਹ ਲੋਕ ਜਿਹੜੇ ਪ੍ਰੋਗਰਾਮ ਅਧੀਨ ਨਿਯਮ ਦੀ ਪਾਲਣਾ ਕਰਦੇ ਸਨ ਉਨ੍ਹਾਂ ਲਈ ਖਾਸ ਨਕਦੀ ਦਾ ਵੀ ਪ੍ਰਬੰਧ ਕੀਤਾ ਜਾਂਦਾ ਹੈ।

**ਚੌਥੀ ਪੰਜ ਸਾਲਾ ਯੋਜਨਾ ਕਾਲ (1969–74)** ਦੌਰਾਨ ਤਾਂ ਇਸ ਪਾਸੇ ਮਹੱਤਵ ਹੋਰ ਵੀ ਵੱਧ ਗਿਆ। ਕਿਉਂਕਿ ਮੌਤ ਦਰ ਉੱਪਰ ਕਾਫ਼ੀ ਹੱਦ ਤਕ ਕਾਬੂ ਪੈ ਗਿਆ ਸੀ। ਸਿਹਤ ਸਹੂਲਤਾਂ ਤੇ ਸਫਾਈ ਦਾ ਚੰਗਾ ਪ੍ਰਬੰਧ ਹੋਣ ਕਾਰਣ ਲੋਕਾਂ ਦੀ ਸਿਹਤ ਵਿਚ ਕਾਫੀ ਸੁਧਾਰ ਹੋ ਚੁੱਕਾ ਸੀ। ਪਰ ਜਨਮ ਦਰ ਨਿਸ਼ਚਿਤ ਨਿਸ਼ਾਨੇ ਤੋਂ ਕਿਤੇ ਵੱਧ ਸੀ। ਨਿਸ਼ਾਨਾ ਇਹੀ ਸੀ ਕਿ ਅਗਲੇ 10–12 ਸਾਲਾਂ ਵਿਚ ਜਨਮ ਦਰ ਜਿਹੜੀ 39 ਪ੍ਰਤੀ ਹਜ਼ਾਰ ਸੀ ਘਟਾ ਕੇ 25 ਕਰ ਦਿੱਤੀ ਜਾਵੇਗੀ। ਇਸ ਲਈ 10,000 ਮੈਡੀਕਲ ਅਤੇ 15,000 ਅਰਧ ਮੈਡੀਕਲ ਕਰਮਚਾਰੀਆਂ ਨੂੰ ਟਰੇਨਿੰਗ ਦਿੱਤੀ ਗਈ। ਇਸ ਪ੍ਰੋਗਰਾਮ ਲਈ 345 ਕਰੋੜ ਰੁਪਏ ਖਰਚ ਕੀਤੇ ਗਏ। ਕਈ ਤਰ੍ਹਾਂ ਦੇ ਕਾਨੂੰਨ ਪਾਸ ਕੀਤੇ ਗਏ ਜਿਸ ਤੋਂ ਅਣਲੋੜੀਦੇ ਬੱਚੇ ਪੈਦਾ ਹੋਣ ਤੋਂ ਰੋਕਿਆ ਜਾ ਸਕੇ। ਜਿਵੇਂ Medical Termination of Pregnancy ਪਹਿਲਾਂ ਇਹ ਗ਼ੈਰ ਕਾਨੂੰਨੀ ਸੀ। ਰਾਸ਼ਟਰੀ ਨੀਤੀ ਨੂੰ ਸਫਲ ਬਣਾਉਣ ਲਈ 5225 ਪੇਂਡੂ ਅਤੇ 1856 ਸ਼ਹਿਰੀ ਪਰਿਵਾਰ ਕਲਿਆਣ ਅਤੇ ਯੋਜਨਾ ਕੇਂਦਰ ਸਥਾਪਿਤ ਕੀਤੇ ਗਏ।

**ਪੰਜਵੀ ਪੰਜ ਸਾਲਾ ਯੋਜਨਾ (1974–79)** ਵਿਚ ਰਾਸ਼ਟਰੀ ਨੀਤੀ ਦਾ ਉਦੇਸ਼ ਜਨਮ ਦਰ 1974 ਵਿਚ 30 ਪ੍ਰਤੀ ਹਜ਼ਾਰ ਤੋਂ ਘਟਾ ਕੇ 1984 ਤੱਕ 25 ਪ੍ਰਤੀ ਹਜ਼ਾਰ ਤਕ ਕਰ ਦੇਣਾ ਮਿੱਥਿਆ ਗਿਆ। ਅਪ੍ਰੈਲ 1976 ਵਿਚ ਵੱਸੋਂ ਸਬੰਧੀ ਨਵੀਂ ਸਰਕਾਰੀ ਨੀਤੀ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਮੁੱਖ ਤੌਰ ਤੇ ਜਨਮ ਦਰ ਦੇ ਕਾਰਨਾਂ ਨੂੰ ਜਾਣਦੇ ਹੋਏ ਇਨ੍ਹਾਂ ਉੱਪਰ ਕਾਬੂ ਪਾਉਣ ਦੇ ਨਿਯਮ ਬਣਾਏ ਗਏ ਜਿਵੇਂ ਵਿਆਹ ਦੀ ਘੱਟ ਤੋਂ ਘੱਟ ਉਮਰ ਵਧਾਉਣਾ, ਅਪ੍ਰੇਸ਼ਨ ਉਤਸ਼ਾਹਤ ਕਰਨ ਲਈ ਨਕਦ ਰਕਮ ਦੀ ਕੀਮਤ ਵਧਾਉਣੀ, ਰਾਜਾਂ ਦਾ ਕੋਟਾ ਨਿਰਧਾਰਤ ਕਰਨਾ, ਉਨ੍ਹਾਂ ਰਾਜਾਂ ਨੂੰ ਕੇਂਦਰ ਵਲੋਂ ਖਾਸ ਸਹੂਲਤਾਂ ਦੇਣੀਆਂ ਜਿਹੜੀਆਂ ਰਾਸ਼ਟਰੀ ਨੀਤੀ ਨੂੰ ਜ਼ਿਆਦਾ ਸਫਲਤਾ ਪੂਰਵਕ ਲਾਗੂ ਕਰਦੇ ਸਨ, ਕਿਸੇ ਖਾਸ ਸੀਮਾ ਤੋਂ ਬਾਅਦ ਜਬਰੀ ਅਪ੍ਰੇਸ਼ਨ ਨੂੰ ਵੀ ਉਤਸ਼ਾਹਿਤ ਕਰਨਾ, ਨਹੀਂ ਤਾਂ ਸਰਕਾਰੀ ਕਰਮਚਾਰੀਆਂ ਨੂੰ ਮਿਲਣ ਵਾਲੀਆਂ ਕਈ ਤਰ੍ਹਾਂ ਦੀਆਂ ਸਹੂਲਤਾਂ ਬੰਦ ਕਰਨੀਆਂ ਆਦਿ।

ਪਰ ਇਸ ਰਾਸ਼ਟਰੀ ਨੀਤੀ ਦਾ ਰਾਜ ਸਰਕਾਰਾਂ ਨੇ ਨਜਾਇਜ਼ ਫਾਇਦਾ ਉਠਾਇਆ ਅਤੇ ਵੱਧ ਤੋਂ ਵੱਧ ਜ਼ਬਰ ਲੋਕਾਂ ਉੱਪਰ ਕੀਤਾ। ਕਈ ਥਾਂਵਾ ਉੱਪਰ ਨਕਲੀ ਕੋਟੇ ਪੂਰੇ ਹੁੰਦੇ ਵਿਖਾ ਕੇ ਵੱਧ ਤੋਂ ਵੱਧ ਇਨਾਮ ਹਾਸਲ ਕੀਤੇ ਗਏ। ਇਵੇਂ ਜਿਹੜਾ ਇਸ ਪ੍ਰੋਗਰਾਮ ਦਾ ਮਕਸਦ ਸੀ ਉਹ ਉੱਥੇ ਹੀ ਰਿਹਾ ਪਰ ਸਾਧਨ ਉਦੋਂ ਹੀ ਕਾਫ਼ੀ ਮਿਕਦਾਰ ਵਿਚ ਖਰਚ ਹੋ ਗਏ। ਇਹ ਜ਼ਬਰੀ ਓਪਰੇਸ਼ਨ ਲਾਗੂ ਕਰਨ ਦੀ ਨੀਤੀ ਦਾ ਆਮ ਜਨਤਾ ਨੇ ਵਿਰੋਧ ਕੀਤਾ।

**ਛੇਵੀ ਪੰਜ ਸਾਲਾ ਯੋਜਨਾ** : ਇਸ ਵਿਚ ਨੀਤੀ ਨੂੰ ਪਰਿਵਾਰ ਭਲਾਈ ਨਾਲ ਜੋੜ ਦਿੱਤਾ ਗਿਆ ਹੈ ਤੇ ਵੱਧ ਤੋਂ ਵੱਧ ਮਹੱਤਵ ਲੋਕਾਂ ਨੂੰ ਸਿੱਖਿਅਤ ਕਰਨ ਵਲ ਦਿੱਤਾ ਜਾਣ ਲੱਗਿਆ। ਇਸ ਲਈ ਹਰ ਤਰ੍ਹਾਂ ਦੇ ਪ੍ਰਚੱਲਤ ਪ੍ਰਚਾਰ ਦੇ ਸਾਧਨਾਂ ਰੇਡੀਓ, ਟੀ.ਵੀ. ਪਿਕਚਰਾਂ ਅਤੇ ਮੇਲੇ, ਨੁਮਾਇਸ਼ ਆਦਿ ਨੂੰ (ਗਲਤ/ਠੀਕ ਢੰਗ ਤਰੀਕਿਆਂ ਨਾਲ) ਵਰਤਿਆ ਗਿਆ। 1978 ਦੀ ਦੂਜੀ ਰਾਸ਼ਟਰੀ ਵੱਸੋਂ ਨੀਤੀ ਬਾਅਦ ਜਨਵਰੀ 1978 ਵਿਚ ਸੈਂਟਰਲ ਕੌਂਸਲ ਆਫ਼ ਹੈਲਥ ਦੀ ਸਥਾਪਨਾ ਕੀਤੀ ਗਈ ਜਿਸ ਵਿਚ ਫੇਰ ਟੀਚਾ ਜਨਮ ਦਰ ਨੂੰ 30 ਤੋਂ 25 ਪ੍ਰਤੀ ਹਜ਼ਾਰ ਕਰਨ ਦਾ ਮਿੱਥਿਆ ਗਿਆ, ਜਿਹੜਾ ਕਿ ਅਜੇ ਵੀ ਪੂਰਾ ਨਹੀ ਹੋ ਸਕਿਆ।

ਛੇਵੀ ਯੋਜਨਾ ਦੌਰਾਨ ਇਸ ਪ੍ਰੋਗਰਾਮ ਲਈ 1010 ਕਰੋੜ ਰੁਪਏ ਖ਼ਰਚ ਕੀਤੇ ਗਏ। ਜਿਸ ਵਿਚ ਜਨਮ ਦਰ 1978 ਵਿਚ 33 ਤੋਂ ਘਟਾ ਕੇ 21 ਪ੍ਰਤੀ ਹਜ਼ਾਰ ਕਰਨੀ ਅਤੇ ਮੌਤ ਦਰ 1978 ਵਿਚ 14 ਪ੍ਰਤੀ ਹਜ਼ਾਰ ਤੋਂ ਘਟਾ ਕੇ 9 ਤੱਕ ਕਰਨ ਦਾ ਟੀਚਾ ਸੀ। ਬੱਚਿਆਂ ਦੀ ਮੌਤ ਦਰ 129 ਤੋਂ 60 ਜਾਂ ਇਸ ਤੋਂ ਵੀ ਘੱਟ ਕਰਨ ਦਾ ਟੀਚਾ ਰੱਖਿਆ ਗਿਆ ਸੀ।

**ਸੱਤਵੀ ਪੰਜ ਸਾਲਾ ਯੋਜਨਾ** : ਇਸ ਸਮੇਂ ਦੌਰਾਨ ਵੀ ਰਾਸ਼ਟਰੀ ਵੱਸੋਂ ਨੀਤੀ ਵਿਚ ਕਾਫੀ ਜ਼ੋਰ ਦਿੱਤਾ ਗਿਆ। ਟੀਚੇ ਮੁੜ ਦੁਹਰਾਏ ਗਏ, ਪ੍ਰਜਨਣ ਦਰ ਇਸ ਸਦੀ ਦੇ ਅੰਤ ਤੱਕ 1.67 ਤੋਂ ਘਟਾ ਕੇ 1 ਦੇ ਬਰਾਬਰ ਕਰਨ ਦਾ ਟੀਚਾ ਰੱਖਿਆ ਗਿਆ।

**ਅੱਠਵੀ ਪੰਜ ਸਾਲਾ ਯੋਜਨਾ** : ਅੱਠਵੀਂ ਪੰਜ ਸਾਲਾ ਯੋਜਨਾ ਵਿਚ ਨਾ ਕੇਵਲ ਵੱਸੋਂ ਦੇ ਵਾਧੇ ਨੂੰ ਰੋਕਣ ਦੇ ਹੀ ਉਪਾਓ ਕੀਤੇ ਗਏ ਸਗੋਂ ਇਸ ਨਾਲ ਸੰਬੰਧਿਤ ਹੋਰ ਪੱਖਾਂ ਉੱਪਰ ਵੀ ਜ਼ੋਰ ਦਿੱਤਾ ਗਿਆ ਜਿਸ ਨਾਲ ਸਮੁੱਚੀ ਵੱਸੋਂ ਵਿਚ ਸੁਧਾਰ ਹੋ ਸਕੇ। ਜਿਵੇਂ ਸਿੱਖਿਆ, ਸਿਹਤ ਸਹੂਲਤਾਂ, ਸ਼ਹਿਰੀਕਰਣ ਆਦਿ ਮੁੱਖ ਜ਼ੋਰ ਮਨੁੱਖੀ ਕਲਿਆਣ ਅਤੇ ਮਨੁੱਖੀ ਸਾਧਨਾਂ ਦੇ ਵਿਕਾਸ ਵੱਲ ਸੀ, ਜਿਹੜਾ ਨੌਵੀਂ ਪੰਜ ਸਾਲਾ ਯੋਜਨਾ ਦੌਰਾਨ ਵੀ ਉਵੇਂ ਹੀ ਰਿਹਾ। ਨੌਵੀਂ ਅਤੇ ਦਸਵੀ ਪੰਜ ਸਾਲਾ ਯੋਜਨਾ ਵਿਚ ਵੀ ਮਨੁੱਖੀ ਸ੍ਰੋਤ (Human Resource) ਦੀ ਮਹੱਤਤਾ ਨੂੰ ਪਛਾਣਦੇ ਹੋਏ ਵੱਸੋਂ ਪ੍ਰਤੀ ਸੁਚਾਰੂ ਨੀਤੀ ਉਲੀਕੀ ਗਈ ਹੈ।

**2.6.8 ਸਾਰ ਅੰਸ਼** : ਇਸ ਪਾਠ ਵਿਚ ਅਸੀਂ ਵੱਸੋਂ ਦੇ ਵਾਧੇ ਅਤੇ ਇਸ ਦੇ ਰੁਝਾਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ ਹੈ। ਕਈ ਸੰਕਲਪ ਜਿਵੇਂ ਵੱਸੋਂ ਘਣਤਾ, ਉਮਰ ਸਮੂਹ ਰਚਨਾ, ਇਸਤਰੀ-ਪੁਰਸ਼ ਅਨੁਪਾਤ, ਪੇਂਡੂ ਅਤੇ ਸ਼ਹਿਰੀ ਵੱਸੋਂ, ਸਿੱਖਿਆ ਦਰ ਆਦਿ ਬਾਰੇ ਵੀ ਵਿਆਖਿਆ ਕੀਤੀ ਗਈ ਹੈ। ਵੱਸੋਂ ਜਿਸ ਰਫ਼ਤਾਰ ਨਾਲ ਵਧ ਰਹੀ ਹੈ ਉਹ ਭਾਰਤ ਦੇ ਕੁਦਰਤੀ ਸਾਧਨਾਂ ਦੀ ਮਿਕਦਾਰ ਦੇ ਮੁਕਾਬਲੇ ਤੇ ਬਹੁਤ ਜ਼ਿਆਦਾ ਹੈ। ਇਸ ਵਾਸਤੇ ਇਹ ਇਕ ਸਮੱਸਿਆ ਦਾ ਰੂਪ ਧਾਰਨ ਕਰ ਰਹੀ ਹੈ। ਇਸ ਸਮੱਸਿਆ ਉਪੱਰ ਕਾਬੂ ਪਾਉਣ ਵਾਸਤੇ ਇਕ ਉਪਾਓ ਹੈ ਕਿ ਜਨਮ ਦਰ ਨੂੰ ਕੰਟਰੋਲ ਕੀਤਾ ਜਾਵੇ ਅਤੇ ਦੂਜਾ ਹੈ ਆਰਥਿਕ ਵਿਕਾਸ ਦੇ ਵਾਧੇ ਦੀ ਦਰ ਨੂੰ ਵਧਾਇਆ ਜਾਵੇ। ਇਸ ਤੋਂ ਇਲਾਵਾ ਸਰਕਾਰੀ ਤੌਰ ਤੇ ਕਈ ਠੋਸ ਯਤਨ ਕੀਤੇ ਗਏ ਹਨ ਜਿਨ੍ਹਾਂ ਸਦਕਾ ਅੱਜ ਵੱਸੋਂ ਦੇ ਵਾਧੇ ਦੀ ਦਰ ਵਿਚ ਮੋੜ ਆਇਆ ਹੈ। ਪਰੰਤੂ ਜਿਹੜਾ ਵੀ ਪ੍ਰੋਗਰਾਮ ਜਾਂ ਨੀਤੀ ਬਣਾਈ ਜਾਂਦੀ ਹੈ ਉਸ ਵਿਚ ਕੁਝ ਨਾ ਕੁਝ ਊਣਤਾਈਆਂ ਹੁੰਦੀਆਂ ਹਨ, ਜਿਸ ਕਰਕੇ ਟੀਚੇ ਪੂਰੇ ਨਹੀਂ ਹੋ ਸਕਦੇ। ਕੁਝ ਵੀ ਹੋਵੇ ਜੇਕਰ ਸਮੱਸਿਆ ਉੱਪਰ ਕਾਬੂ ਪਾਉਣਾ ਹੈ ਤਾਂ ਵੱਸੋਂ ਦੀ ਨੀਤੀ ਵਿਚ ਦੋ ਪੱਖਾਂ ਉੱਪਰ ਜ਼ਿਆਦਾ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਇਕ ਮੌਤ ਦਰ ਘਟਾਉਣਾ ਅਤੇ ਦੂਜਾ ਵਰਤਮਾਨ ਆਬਾਦੀ ਵਿਚ ਗੁਣਾਤਮਕ ਸੁਧਾਰ ਕਰਨੇ ਅਤੇ ਇਹ ਸਿਰਫ ਆਰਥਿਕ ਵਿਕਾਸ ਦੀ ਦਰ ਵਧਾਉਣ ਨਾਲ ਹੀ ਸੰਭਵ ਹੋ ਸਕਦਾ ਹੈ ਜਿਸ ਦਾ ਮੁੱਖ ਮੰਤਵ ਪ੍ਰਤੀ ਵਿਅਕਤੀ ਆਮਦਨ ਵਧਾਉਣਾ ਹੋਵੇ ਅਤੇ ਲੋਕਾਂ ਨੂੰ ਗਰੀਬੀ ਦੀ ਰੇਖਾ ਤੋਂ ਉੱਪਰ ਚੁੱਕਣਾ ਹੋਵੇ। ਇਸ ਸਮੱਸਿਆ ਦਾ ਹੱਲ ਗਰੀਬੀ ਦੀ ਸਮੱਸਿਆ ਦੇ ਹੱਲ ਵਿਚ ਹੀ ਲੁਕਿਆ ਹੋਇਆ ਹੈ। ਜ਼ਰੂਰਤ ਤਾਂ ਇਸੇ ਗੱਲ ਦੀ ਹੈ ਕਿ ਸਮੱਸਿਆ ਦੇ ਕਾਰਨਾਂ ਨੂੰ ਸਮਝਿਆ ਜਾਵੇ ਅਤੇ ਉਨ੍ਹਾਂ ਨੂੰ ਹੱਲ ਕਰਨ ਦੇ ਉਪਾਅ ਹੀ ਸੋਚੇ ਅਤੇ ਲਾਗੂ ਕੀਤੇ ਜਾਣ। ਇਸ ਦੇ ਨਾਲ ਹੀ ਇਹ ਵੀ ਯਾਦ ਰੱਖਣਾ ਪਵੇਗਾ ਕਿ ਰਾਸ਼ਟਰੀ ਨੀਤੀ ਜੇ ਸਿਰਫ਼ ਉਪਰੋਂ ਹੀ ਬਣਾ ਕੇ ਲਾਗੂ ਕੀਤੀ ਗਈ ਤਾਂ ਨਤੀਜਾ ਉਹੀ ਨਿਕਲੇਗਾ ਜੋ ਅਜੇ ਤੱਕ ਰਿਹਾ ਹੈ। ਜੇਕਰ ਆਮ ਜਨਤਾ ਨੂੰ ਵੀ ਨਾਲ ਲਿਆ ਜਾਵੇ, ਉਨ੍ਹਾਂ ਨੂੰ ਦੱਸਿਆ ਜਾਵੇ ਕਿ ਇਹ ਸਭ ਦੀ ਸਾਂਝੀ ਸਮੱਸਿਆ ਹੈ ਤਾਂ ਲੋਕ ਆਪਣੇ ਆਪ ਵਿਚ ਪ੍ਰਤੀ ਜਾਗਰੂਕ ਹੋਣਗੇ। ਪਰ ਪਹਿਲੀ ਜ਼ਰੂਰਤ ਹੈ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕੀਤਾ ਜਾਵੇ।

**2.6.9 ਪ੍ਰਸ਼ਨ**

**2.6.9.1 ਛੋਟੇ ਉੱਤਰਾਂ ਵਾਲੇ ਪ੍ਰਸ਼ਨ**

(i) ਵੱਸੋਂ ਦੇ ਵਾਧੇ ਨੂੰ ਕਿਹੜੇ ਕਿਹੜੇ ਤੱਤ ਪ੍ਰਭਾਵਿਤ ਕਰਦੇ ਹਨ?

(ii) ਵੱਸੋਂ ਦੀ ਘਣਤਾ ਦਾ ਕੀ ਭਾਵ ਹੈ? ਇਸ ਨੂੰ ਕਿਵੇਂ ਮਾਪਿਆ ਜਾ ਸਕਦਾ ਹੈ?

(iii) ਭਾਰਤ ਦੀ ਸ਼ਹਿਰੀ ਅਤੇ ਪੇਂਡੂ ਵੱਸੋਂ ਦੇ ਅਨੁਪਾਤ ਬਾਰੇ ਤੁਸੀ ਕੀ ਜਾਣਦੇ ਹੋ।

(iv) ਉਮਰ ਸਮੂਹ ਰਚਨਾ ਦਾ ਭਾਵ ਸੰਖੇਪ ਵਿਚ ਲਿਖੋ।

(v) 2001 ਦੀ ਮਰਦਮਸ਼ੁਮਾਰੀ ਅਨੁਸਾਰ ਭਾਰਤ ਦੀ ਸਿੱਖਿਆ ਦਰ ਕੀ ਹੈ?

**2.6.9.2 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

(i) ਕੀ ਭਾਰਤ ਵੱਧ ਵੱਸੋਂ ਵਾਲਾ ਦੇਸ਼ ਹੈ? ਆਪਣਾ ਉੱਤਰ ਦਲੀਲਾਂ ਸਹਿਤ ਦਿਓ?

(ii) ਭਾਰਤ ਦੀ ਵੱਸੋਂ ਦੀ ਸਮੱਸਿਆ ਨੂੰ ਹੱਲ ਕਰਨ ਵਾਸਤੇ ਸਰਕਾਰੀ ਨੀਤੀ ਦੀ ਆਲੋਚਕਾਤਮਕ ਵਿਆਖਿਆ ਕਰੋ।

**2.6.10 ਪੜ੍ਹਨਯੋਗ ਪੁਸਤਕਾਂ :**

(i) Gaurav Datt and Ashwani Mahajan : Indian Economy (Latest edition)

(ii) Misra and Puri : Indian Economy (Latest edition)

ਪਾਠ ਨੰ: 2.7 ਲੇਖਿਕਾ : ਡਾ. ਮਨੀਸ਼ਾ

# ਭਾਰਤ ਵਿੱਚ ਗਰੀਬੀ ਅਤੇ ਆਰਥਕ ਅਸਮਾਨਤਾ


2.7.1 ਭੂਮਿਕਾ

2.7.2 ਉਦੇਸ਼

2.7.3 ਗਰੀਬੀ ਅਤੇ ਆਰਥਕ ਅਸਮਾਨਤਾ ਦੀ ਸਮੱਸਿਆ ਦਾ ਵਿਸ਼ਲੇਸ਼ਣ

- 2.7.3.1 ਗਰੀਬੀ ਅਤੇ ਗਰੀਬੀ ਰੇਖਾ ਦਾ ਅਰਥ (Meaning)
- 2.7.3.2 ਗਰੀਬੀ ਦੀਆਂ ਧਾਰਨਾਵਾਂ (Concepts)
- 2.7.3.3 ਗਰੀਬੀ ਦਾ ਵਿਸਤਾਰ (Extent)
- 2.7.3.4 ਗਰੀਬੀ ਦੇ ਕਾਰਨ (Causes)
- 2.7.3.5 ਗਰੀਬੀ ਦੂਰ ਕਰਨ ਲਈ ਸਰਕਾਰ ਵੱਲੋਂ ਕੀਤੇ ਉਪਰਾਲੇ (Govt. Measures)
- 2.7.3.6 ਸੁਝਾਅ

2.7.4 ਆਰਥਕ ਅਸਮਾਨਤਾ

2.7.5 ਸਾਰਾਂਸ਼

2.7.6 ਪ੍ਰਮੁੱਖ ਸ਼ਬਦ

2.7.7 ਛੋਟੇ ਉੱਤਰਾਂ ਵਾਲੇ ਪ੍ਰਸ਼ਨ

2.7.8 ਵੱਡੇ ਉੱਤਰਾਂ ਵਾਲੇ ਪ੍ਰਸ਼ਨ

2.7.9 ਪੜ੍ਹਨ ਯੋਗ ਪੁਸਤਕਾਂ


## 2.7.1 ਭੂਮਿਕਾ :

ਤੀਜੇ ਸੰਸਾਰ ਦੇ ਦੇਸ਼ਾਂ (Third world countries) ਦੀ ਅਹਿਮ ਸਮੱਸਿਆ ਗਰੀਬੀ ਹੈ। ਕਿਸੇ ਸਮੇਂ ਵਿੱਚ ਸੋਨੇ ਦੀ ਚਿੜੀ ਕਿਹਾ ਜਾਣ ਵਾਲਾ ਭਾਰਤ ਅੱਜ ਤੀਜੇ ਸੰਸਾਰ ਦੇ ਦੇਸ਼ਾਂ ਭਾਵ ਵਿਕਾਸਸ਼ੀਲ ਦੇਸ਼ਾਂ ਵਿੱਚੋਂ ਇੱਕ ਹੈ। ਇਸ ਦੀਆਂ ਕਾਫ਼ੀ ਸਮੱਸਿਆਵਾਂ ਵਿੱਚੋਂ ਗਰੀਬੀ ਅਤੇ ਆਰਥਕ ਅਸਮਾਨਤਾ ਪ੍ਰਮੁੱਖ ਸਮੱਸਿਆਵਾਂ ਹਨ। ਸਦੀਆਂ ਦੀ ਗੁਲਾਮੀ ਅਤੇ ਲੁੱਟ-ਖਸੁੱਟ ਦੇ ਕਾਰਨ ਗਰੀਬੀ ਅਤੇ ਆਰਥਿਕ ਅਸਮਾਨਤਾ ਜਿਹੀਆਂ ਸਮੱਸਿਆਵਾਂ ਦਾ ਜਨਮ ਹੋਇਆ ਹੈ। ਭਾਰਤ ਨੂੰ ਆਜ਼ਾਦੀ ਮਿਲਣ ਤੋਂ ਉਪਰੰਤ ਵਿਭਿੰਨ ਯੋਜਨਾਵਾਂ ਬਣਾ ਕੇ ਮੁੜ ਤੋਂ ਆਰਥਿਕ ਵਿਕਾਸ ਦਾ ਕੰਮ ਸ਼ੁਰੂ ਹੋਇਆ ਤਾਂ ਜੋ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਜਾ ਸਕੇ। ਗਰੀਬੀ ਕੋਈ ਰੱਬੀ ਦੇਣ ਨਹੀ ਸਗੋਂ ਆਰਥਿਕ ਅਤੇ ਰਾਜਨੀਤਿਕ ਢਾਂਚੇ ਦੀ ਦੇਣ ਹੈ। ਭਾਰਤ ਵਿੱਚ ਰਾਜਨੀਤਿਕ ਫਰੰਟ ਭਾਵ ਸਰਕਾਰ ਵੱਲੋਂ ਪੰਜ ਵਰਸ਼ੀ ਯੋਜਨਾਵਾਂ ਬਣਾ ਕੇ ਇਸ ਨੂੰ ਦੂਰ ਕਰਨ ਦੇ ਬਹੁਤ ਉਪਰਾਲੇ ਕੀਤੇ ਗਏ ਹਨ ਪਰ ਫਿਰ ਵੀ ਇਸ ਸਮੱਸਿਆਵਾਂ ਨੂੰ ਜੜ ਤੋ ਖਤਮ ਨਹੀਂ ਕੀਤਾ ਜਾ ਸਕਿਆ ਸਗੋਂ ਇਹ ਦੇਖਣ ਵਿੱਚ ਆਇਆ ਹੈ ਕਿ ਗਰੀਬ ਅਤੇ ਅਮੀਰ ਦੇ ਵਿਚਕਾਰ ਦੀ ਦੂਰੀ ਭਾਵ ਆਰਥਿਕ ਅਸਮਾਨਤਾ ਵਧੀ ਹੀ ਹੈ।

## 2.7.2 ਉਦੇਸ਼:

ਇਸ ਪਾਠ ਵਿੱਚ ਅਸੀ ਜਾਣਕਾਰੀ ਹਾਸਲ ਕਰਾਂਗੇ ਕਿ :

* ਗਰੀਬੀ ਅਤੇ ਆਰਥਿਕ ਅਸਮਾਨਤਾ ਦੀ ਸਮੱਸਿਆ ਕੀ ਹੈ;
* ਇਸ ਦੇ ਕੀ ਕਾਰਨ ਹਨ;
* ਇਸ ਨੂੰ ਹੱਲ ਕਰਨ ਲਈ ਸਰਕਾਰ ਨੇ ਕੀ ਉਪਰਾਲੇ ਕੀਤੇ ਹਨ; ਅਤੇ
* ਇਸ ਨੂੰ ਹੋਰ ਕਿਸ ਤਰੀਕੇ ਨਾਲ ਹੱਲ ਕੀਤਾ ਜਾ ਸਕਦਾ ਹੈ।

### 2.7.3 ਗਰੀਬੀ ਅਤੇ ਆਰਥਿਕ ਅਸਮਾਨਤਾ ਦੀ ਸਮੱਸਿਆਵਾਂ ਦਾ ਵਿਸ਼ਲੇਸ਼ਣ :

ਇਸ ਸਮੱਸਿਆ ਨੂੰ ਚੰਗੀ ਤਰ੍ਹਾਂ ਸਮਝਣ ਵਾਸਤੇ, ਇਸ ਨੂੰ ਹੱਲ ਕਰਨ ਵਾਸਤੇ ਪਹਿਲਾਂ ਇਸ ਦਾ ਮਤਲਬ ਅਤੇ ਕਾਰਨ ਜਾਣਨੇ ਜ਼ਰੂਰੀ ਹਨ।

#### 2.7.3.1 ਗਰੀਬੀ ਅਤੇ ਗਰੀਬੀ ਰੇਖਾ ਦਾ ਅਰਥ (Meaning of Poverty and poverty line)

ਜਿਵੇਂ ਕਿ ਅਸੀਂ ਪਹਿਲਾਂ ਵੀ ਦੱਸ ਚੁੱਕੇ ਹਾਂ ਕਿ ਗਰੀਬੀ ਨਾਲ ਬਹੁਤ ਸਾਰੇ ਦੇਸ਼ ਪੀੜਿਤ ਹਨ। ਇਸ ਕਰਕੇ ਇਕ ਇਹੋ ਜਿਹੀ ਗਰੀਬੀ ਦੀ ਪਰਿਭਾਸ਼ਾ ਜਿਸ ਨਾਲ ਸਾਰੇ ਸਹਿਮਤ ਹੋਣ ਨਹੀਂ ਹੋ ਸਕਦੀ।ਸੰਸਾਰ ਵਿੱਚ ਵੱਖਰੀਆਂ ਵੱਖਰੀਆਂ ਥਾਵਾਂ ਤੇ ਪਰਿਭਾਸ਼ਾਵਾਂ ਵਿੱਚ ਅੰਤਰ ਪਾਏ ਜਾਂਦੇ ਹਨ। ਸਾਰੇ ਵੱਖਰੇ ਵੇਂਆਂ ਨੂੰ ਪਾਸੇ ਕਰਕੇ ਜੇਕਰ ਵੇਖਿਆ ਜਾਵੇ ਤਾਂ ਗਰੀਬੀ ਉਹ ਹਾਲਤ ਹੈ ਜਿਸ ਵਿੱਚ ਸਮਾਜ ਦਾ ਇੱਕ ਹਿੱਸਾ ਆਪਣੀ ਰੋਜ਼ਮਰਾ ਦੀਆਂ ਲੋੜਾਂ ਪੂਰੀਆਂ ਕਰਨ ਤੇ ਕਾਬਲ ਨਹੀਂ ਹੁੰਦਾ। ਜੇਕਰ ਕਿਸੇ ਦੇਸ਼ ਵਿੱਚ ਵਸੋਂ ਦਾ ਇੱਕ ਬਹੁਤ ਵੱਡਾ ਹਿੱਸਾ ਆਪਣੀਆਂ ਨਿਊਨਤਮ ਜ਼ਰੂਰਤਾਂ ਤਨਾਂ ਪੂਰੀਆਂ ਕਰ ਸਕ ਰਿਹਾ ਹੋਵੇ ਉਹ ਦੇਸ਼ ਗਰੀਬੀ ਦੇ ਕੁਚੱਕਰ ਵਿੱਚ ਫਸਿਆ ਹੁੰਦਾ ਹੈ।

ਜੀਵਨ, ਸਿਹਤ ਅਤੇ ਕਾਰਜ ਕੁਸ਼ਲਤਾ ਲਈ ਨਿਊਨਤਮ ਉਪਭੋਗ ਪ੍ਰਾਪਤ ਕਰਨ ਦੀ ਅਯੋਗਤਾ ਨੂੰ ਗਰੀਬੀ ਕਿਹਾ ਜਾਂਦਾ ਹੈ। (Poverty may be defined as the inability to get minimum consumption requirements for life, health and efficiency)

ਨਿਊਨਤਮ ਲੋੜਾਂ ਵਿੱਚ ਭੋਜਨ, ਕੱਪੜੇ, ਮਕਾਨ, ਸਿੱਖਿਆ, ਸਿਹਤ ਸਹੂਲਤਾ ਸੰਬੰਧੀ ਲੋੜਾਂ ਸ਼ਾਮਲ ਹੁੰਦਿਆਂ ਹਨ ਜੋ ਕਿ ਜੀਵਨ ਦੇ ਲਈ ਬਹੁਤ ਜਰੂਰੀ ਹਨ। ਜਿਹੜੇ ਲੋਕ ਇਹ ਲੋੜਾਂ ਪੂਰੀਆਂ ਕਰਨ ਵਿੱਚ ਅਸਮਰੱਥ ਹੁੰਦੇ ਹਨ ਉਹ ਗਰੀਬ ਅਖਵਾਉਂਦੇ ਹਨ।

ਭਾਰਤ ਵਿੱਚ ਜਿਹੜੀ ਪਰਿਭਾਸ਼ਾ ਮੁੱਖ ਤੌਰ ਤੇ ਅਪਨਾਈ ਜਾਂਦੀ ਹੈ ਉਹ ਹੈ ਨਿਊਨਤਮ ਜੀਵਨ ਪੱਧਰ ਦੀ ਪਰਿਭਾਸ਼ਾਂ ਜਿਸ ਦਾ ਭਾਵ ਹੁੰਦਾ ਹੈ ਕਿ ਗਰੀਬੀ ਉਹ ਹਾਲਤ ਹੈ ਜਦੋਂ ਵਸੋਂ ਦਾ ਇੱਕ ਹਿੱਸਾ ਇੱਕ ਨਿਸ਼ਚਿਤ ਨਿਊਨਤਮ ਖਪਤ ਪੱਧਰ ਵੀ ਨਾ ਹਾਸਲ ਕਰ ਸਕੇ। ਇਸ ਨਿਊਨਤਮ ਖਪਤ ਪੱਧਰ ਨੂੰ ਨਿਰਧਾਰਨ ਕਰਨ ਵੇਲੇ ਵੀ ਮੁਸ਼ਕਲਾਂ ਆਉਂਦੀਆਂ ਹਨ ਜਿਸ ਕਰਦੇ ਪਲੈਨਿੰਗ ਕਮੀਸ਼ਨ ਨੇ ਜੁਲਾਈ 1962 ਵਿੱਚ 20 ਰੁਪਏ ਖਪਤ ਖਰਚਾ (1960-61ਕੀਮਤਾਂ ਤੇ) ਪ੍ਰਤੀ ਵਿਅਕਤੀ ਪ੍ਰਤੀ ਮਹੀਨਾ ਨਿਊਨਤਮ ਉਪਭੋਗ ਖਰਚ ਨਿਰਧਾਰਿਤ ਕੀਤਾ ਸੀ। ਜਿਹੜਾ ਵੀ ਵਿਅਕਤੀ ਇਹ ਉਪਭੋਗ ਖਰਚ ਨਹੀਂ ਜੁਟਾ ਪਾਉਂਦਾ ਇਹ ਗਰੀਬੀ ਦੀ ਰੇਖਾ ਤੋਂ ਹੇਠਾਂ ਹੁੰਦਾ ਹੈ। ਸਮੇਂ-ਸਮੇਂ ਉੱਤੇ ਤਬਦੀਲੀਆਂ ਮੁਤਾਬਕ ਉਹ ਓਪਭੋਗ ਖਰਚ ਵਧਿਆ ਵੀ ਹੈ।

ਕੈਲੋਰੀਜ਼ ਦੇ ਆਧਾਰ ਤੇ ਵੀ ਗਰੀਬੀ ਦੀ ਵਿਆਖਿਆ ਕੀਤੀ ਗਈ ਹੈ। ਕੈਲੋਰੀਜ਼ ਤੋਂ ਭਾਵ ਉਸ ਸ਼ਕਤੀ ਤੋਂ ਹੈ। ਜਿਹੜੀ ਭੋਜਨ ਖਾਣ ਉਪਰੰਤ ਮਨੁੱਖ ਪ੍ਰਾਪਤ ਕਰਦਾ ਹੈ। ਭਾਰਤ ਵਿੱਚ ਯੋਜਨਾ ਕਮੀਸ਼ਨ ਦੇ ਅਨੁਸਾਰ ਸਿਹਤ ਅਤੇ ਕਾਰਜ ਕੁਸ਼ਲਤਾ ਲਈ ਭੋਜਨ ਤੋਂ ਇਕ ਵਿਕਅਤੀ ਜੋ ਕਿ ਪੇਂਡੂ ਖੇਤਰਾਂ ਵਿੱਚ 2400 ਕੈਲਰੀਜ਼ ਅਤੇ ਸ਼ਹਿਰੀ ਖੇਤਰਾਂ ਵਿੱਚ 2100 ਕੈਲਰੀਜ਼ ਪ੍ਰਤੀ ਦਿਨ ਪ੍ਰਾਪਤ ਨਹੀ ਕਰ ਪਾਂਦਾ ਉਹ ਗਰੀਬੀ ਰੇਖਾ ਤੋਂ ਹੇਠਾਂ ਮੰਨਿਆ ਜਾਂਦਾ ਹੈ।

ਅਸੀਂ ਉੱਪਰ ਜ਼ਿਕਰ ਕੀਤਾ ਹੈ ਕਿ ਜੇਕਰ ਕੋਈ ਵਿਅਕਤੀ ਨਿਊਨਤਮ ਉਪਭੋਗ ਖਰਚ ਜਾਂ ਲੋੜੀਂਦੀਆਂ ਕੈਲਰੀਜ਼ ਨਹੀ ਪ੍ਰਾਪਤ ਕਰਦਾ ਉਹ ਗਰੀਬੀ ਰੇਖਾ ਤੋਂ ਹੇਠਾਂ ਮੰਨਿਆ ਜਾਵੇਗਾ ਤਾਂ ਪ੍ਰਸ਼ਨ ਇਹ ਉੱਠਦਾ ਹੈ ਕਿ ਗਰੀਬੀ ਰੇਖਾ ਕੀ ਹੈ? ਗਰੀਬੀ ਦੀ ਰੇਖਾ ਇੱਕ ਅਜਿਹੀ ਰੇਖਾ ਹੈ। ਜਿਹੜੀ ਇਕ ਦੇਸ਼ ਵਿੱਚ ਜੀਵਨ ਦੇ ਪੱਧਰ ਤੇ ਕਾਰਜ ਕੁਸ਼ਲਤਾ ਲਈ ਨਿਊਨਤਮ ਉਪਭੋਗ ਪ੍ਰਾਪਤ ਕਰਨ ਦੀ ਅਯੋਗਤਾ ਨੂੰ ਦਰਸਾਉਂਦੀ ਹੈ। ਗਰੀਬੀ ਦੀ ਰੇਖਾ ਦੀ ਧਾਰਨਾ ਤਿੰਨ ਤੱਤਾਂ ਤੇ ਆਧਾਰਿਤ ਹੈ:

1. ਘੱਟ ਤੋਂ ਘੱਟ ਭੋਜਨ ਲਈ ਲੋੜੀਂਦਾ ਨਿਊਨਤਮ ਖਰਚ;
2. ਜੀਉਣ ਵਾਸਤੇ ਘੱਟ ਤੋਂ ਘੱਟ ਭੋਜਨ ਦਾ ਪੱਧਰ;
3. ਖੁਰਾਕ ਲਈ ਕੀਤਾ ਗਿਆ ਪ੍ਰਤੀ ਵਿਅਕਤੀ ਖਰਚ ।

   ਜਿਹੜੇ ਵਿਅਕਤੀ ਗੁਜ਼ਾਰੇ ਲਈ ਘੱਟ ਤੋਂ ਘੱਟ ਭੋਜਨ ਖਰੀਦਣ ਦੀ ਸਮਰਥਾ ਨਹੀ ਰੱਖਦੇ ਉਨ੍ਹਾਂ ਨੂੰ ਗਰੀਬੀ ਰੇਖਾ ਤੋਂ ਹੇਠਾਂ ਕਿਹਾ ਜਾਂਦਾ ਹੈ।

### 2.7.3.2 ਗਰੀਬੀ ਦੀਆਂ ਧਾਰਨਾਵਾਂ

ਗਰੀਬੀ ਦੀ ਵਿਆਖਿਆ ਹਮੇਸ਼ਾ ਦੋ ਧਾਰਨਾਵਾਂ ਨਾਲ ਕੀਤੀ ਜਾਂਦੀ ਹੈ।

1) ਨਿਰਪੇਖ ਗਰੀਬੀ (Absolute poverty)

2) **ਸਾਪੇਖ ਗਰੀਬੀ (Relative poverty)**

1. **ਨਿਰਪੇਖ ਗਰੀਬੀ** : ਕਿਸੇ ਦੇਸ ਵਿਚ ਪ੍ਰਚਲਤ ਆਰਥਿਕ ਅਤੇ ਸਮਾਜਿਕ ਸਥਿਤੀਆਂ ਦੇ ਆਧਾਰ ਤੇ ਕੀਤੀ ਗਈ ਗਰੀਬੀ ਦੀ ਵਿਆਖਿਆ ਨੂੰ ਨਿਰਪੇਖ ਗਰੀਬੀ ਕਿਹਾ ਜਾਂਦਾ ਹੈ। ਭਾਰਤ ਵਿੱਚ ਯੋਜਨਾ ਕਮੀਸ਼ਨ ਵੱਲੋਂ ਸਿਹਤ ਅਤੇ ਕਾਰਜ ਕੁਸ਼ਲਤਾ ਦੇ ਲਈ ਜਰੂਰੀ ਕੈਲਰੀਜ਼ ਅਤੇ ਨਿਊਨਤਮ ਉਪਭੋਗ ਖਰਚ ਦੇ ਆਧਾਰ ਤੇ ਨਿਰਪੇਖ ਗਰੀਬੀ ਦੀ ਵਿਆਖਿਆ ਕੀਤੀ ਗਈ ਹੈ। ਇਹ ਉਪਰ ਪਹਿਲਾਂ ਵੀ ਦੱਸਿਆ ਜਾ ਚੁੱਕਿਆ ਹੈ।

2. **ਸਾਪੇਖ ਗਰੀਬੀ** : ਜਦੋਂ ਦੋ ਜਾਂ ਦੋ ਤੋਂ ਵੱਧ ਦੇਸ਼ਾਂ ਵਿਚਕਾਰ ਗਰੀਬੀ ਦੀ ਤੁਲਨਾ ਕੀਤੀ ਜਾਦੀ ਹੈ ਉਸ ਨੂੰ ਸਾਪੇਖ ਗਰੀਬੀ ਕਿਹਾ ਜਾਂਦਾ ਹੈ। ਇਹ ਤੁਲਨਾ ਪ੍ਰਤੀ ਵਿਅਕਤੀ ਪ੍ਰਤੀ ਸਾਲ ਆਮਦਨ ਤੇ ਆਧਾਰ ਤੇ ਕੀਤੀ ਜਾ ਸਕਦੀ ਹੈ ਜਿਵੇਂ ਕਿ ਸੰਯੁਕਤ ਰਾਸ਼ਟਰੀ ਸੰਘ ਵੱਲੋਂ ਗਠਿਤ ਇੱਕ ਕਮੇਟੀ ਨੇ ਅਮਰੀਕਾ ਦੀ ਕਰੰਸੀ ਨੂੰ ਲੈ ਕੇ ਗਰੀਬੀ ਦੀ ਵਿਆਖਿਆ ਕੀਤੀ ਹੈ ਕਿ ਜਿਹੜੇ ਦੇਸ਼ ਦੀ ਪ੍ਰਤੀ ਵਿਅਕਤੀ ਪ੍ਰਤੀ ਸਾਲ ਆਮਦਨ 350 ਡਾਲਰ ਤੋਂ ਘੱਟ ਹੈ ਉਹ ਇੱਕ ਗਰੀਬ ਦੇਸ਼ ਹੈ।

ਭਾਰਤ ਵਿੱਚ ਗਰੀਬੀ ਦੀ ਵਿਆਖਿਆ ਨਿਰਪੇਖ ਗਰੀਬੀ ਦੇ ਆਧਾਰ ਤੇ ਕੀਤੀ ਜਾਂਦੀ ਹੈ

**ਸਵੈ ਅਭਿਆਸ 1**

1. ਗਰੀਬੀ ਕੀ ਹੈ?
2. ਗਰੀਬੀ ਦੀਆਂ ਕਿੰਨੀਆਂ ਕਿਸਮਾਂ ਹਨ?
3. ਗਰੀਬੀ ਦੀ ਰੇਖਾ ਤੋਂ ਹੇਠਾਂ ਹੋਣ ਤੋਂ ਕੀ ਭਾਵ ਹੈ?

### 2.7.3.3 ਗਰੀਬੀ ਦਾ ਵਿਸਤਾਰ (Extent of poverty )

ਦੇਸ਼ ਵਿੱਚ ਵਿਕਾਸ ਦੀ ਯੋਜਨਾ (Strategy) ਬਣਾਉਣ ਵਾਸਤੇ ਜ਼ਰੂਰੀ ਹੁੰਦਾ ਕਿ ਗਰੀਬੀ ਦੇ ਵਿਸਤਾਰ ਦਾ ਅੰਦਾਜਾ ਲਾ ਲਿਆ ਜਾਵੇ, ਪਰੰਤੂ ਭਾਰਤ ਵਿੱਚ ਪੱਕੇ ਅੰਕੜੇ ਜਾਂ ਭਰੋਸੇ ਕਾਬਲ ਅੰਕੜੇ ਮੌਜੂਦ ਨਹੀ ਹੈ ਨੈਸ਼ਨਲ ਸੈਂਪਲ ਸਰਵੇ (NSS) ਦੇ ਅੰਕੜੇ ਦੇ ਆਧਾਰ ਤੇ ਬਹੁਤ ਸਾਰੇ ਅਰਥ-ਸ਼ਾਸਤਰੀਆਂ (ਮਿਨਹਾਸ, ਡਾਂਡੇਕਰ ਅਤੇ ਰਾਥ, ਪੀ.ਕੇ. ਬਰਧਨ, ਆਹਲੂਵਾਲੀਆ, ਔਝਾ ਆਦਿ) ਨੇ ਆਪਣਾ ਆਪਣਾ ਗਰੀਬੀ ਦੇ ਵਿਸਤਾਰ ਦਾ ਅੰਦਾਜ਼ਾ ਦਿੱਤਾ ਹੈ।

**ਸੂਚੀ-1**

**ਭਾਰਤ ਵਿੱਚ ਗਰੀਬੀ ਦੀ ਰੇਖਾ ਤੋਂ ਹੇਠਾਂ ਵਸੋਂ ਦੀ ਪ੍ਰਤੀਸ਼ਤ**

| ਸਾਲ | ਪੇਂਡੂ ਖੇਤਰ | ਸ਼ਹਿਰੀ ਖੇਤਰ | ਸਮੂਹ ਭਾਰਤ ਵਿੱਚ |
|---|---|---|---|
| 1973-74 | 56.40 | 49.00 | 54.90 |
| 1977-78 | 53.10 | 45.20 | 51.30 |
| 1987-88 | 39.10 | 38.20 | 38.90 |
| 1993-94 | 37.30 | 32.40 | 36.00 |
| 1996-97 | 30.55 | 25.58 | 29.18 |
| 2001-02 | 27.09 | 23.62 | 26.10 |
| 2004-05 | 28.3 | 25.7 | 27.5 |
| 2009-10 | 33.8 | 20.9 | 29.8 |

**(Source :** Economic Survey 2003-04 reproduced in Misra and Puri Indian Economy (2006 ed.)

ਸੂਚੀ-1 ਤੋਂ ਪਤਾ ਲਗਦਾ ਹੈ ਕਿ ਭਾਰਤ ਵਿੱਚ 1973-74 ਵਿੱਚ ਗਰੀਬੀ ਦੀ ਰੇਖਾ ਤੋਂ ਹੇਠਾਂ ਵੱਸੋਂ ਦਾ ਪ੍ਰਤੀਸ਼ਤ 54.90 ਸੀ ਅਤੇ 1999-2000 ਦੌਰਾਨ ਇਹ 26.10 ਪ੍ਰਤੀਸ਼ਤ ਸੀ। ਭਾਵ ਇਹ ਹੈ ਕੀ ਗਰੀਬੀ

ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਪ੍ਰਤੀਸ਼ਤਤਾ 1973-74 ਤੋਂ 1999-2000 ਤੱਕ ਦੇ ਸਮੇਂ ਵਿੱਚ ਲਗਾਤਾਰ ਘਟੀ ਹੈ।

ਹੁਣ ਅਸੀ ਵੱਖ-ਵੱਖ ਅਰਥ-ਸ਼ਾਸਤਰੀਆਂ ਵੱਲੋਂ ਦਿੱਤੀਆਂ findings ਨੂੰ ਦੇਖੀਏ

1. ਬੀ.ਐਸ. ਮਿਨਹਾਸ ਦਾ ਅੰਦਾਜਾ: ਮਿਨਹਾਸ 1956-57 ਤੋਂ 1967-68 ਤੱਕ ਦਾ ਸਮਾਂ ਲੈਂਦਾ ਹੈ। ਨੈਸ਼ਨਲ ਸੈਂਪਲ ਸਰਵੇ ਦੇ ਆਧਾਰ ਤੇ ਉਸ ਨੇ 240 ਰੁਪਏ ਨੂੰ ਪ੍ਰਤੀ ਵਿਅਕਤੀ ਪ੍ਰਤੀ ਸਾਲ ਨਿਉਨਤਮ ਖਰਚ ਦਾ ਪੱਧਰ ਲਿਆ ਹੈ ਤੇ ਇਸ ਉਪਭੋਗ ਖਰਚ ਦੇ ਆਧਾਰ ਤੇ ਉਹ ਦੱਸਦਾ ਹੈ ਕਿ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆ ਦਾ ਪ੍ਰਤੀਸ਼ਤ 1956-67 ਵਿੱਚ 64 ਪ੍ਰਤੀਸ਼ਤ ਤੋਂ ਘੱਟ ਕੇ 1967-68 ਵਿੱਚ 50.60 ਪ੍ਰਤੀਸ਼ਤ ਰਹਿ ਗਿਆ ਹੈ।
2. ਡਾ. ਡਾਂਡੇਕਰ ਅਤੇ ਰਾਥ: ਇਨ੍ਹਾਂ ਦੋਵੇਂ ਅਰਥ-ਸ਼ਾਸਤਰੀਆਂ ਨੇ ਰੋਜ਼ਾਨਾ ਖੁਰਾਕ ਦਾ ਲੋੜੀਂਦਾ ਨਿਊਨਤਮ ਕੈਲਰੀਜ਼ ਦਾ ਪੱਧਰ 2250 ਕੈਲਰੀਜ਼ ਦੇ ਆਧਾਰ ਤੇ ਅੰਦਾਜ਼ਾ ਦਿੱਤਾ ਹੈ। ਉਨ੍ਹਾਂ ਨੇ 1960-61 ਵਿੱਚ 180 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਸਾਲ ਪੇਂਡੂ ਵਿਅਕਤੀਆਂ ਲਈ ਅਤੇ 270 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਸਾਲ ਸ਼ਹਿਰੀ ਵਿਅਕਤੀਆਂ ਲਈ ਪੱਧਰ ਲਿਆ ਸੀ। ਜਿਸ ਦੇ ਆਧਾਰ ਤੇ 1960-61 ਅਤੇ 1968-69 ਵਿੱਚ ਲਗਭਗ 40 ਫੀਸਦੀ ਪੇਂਡੂ ਅਤੇ 50 ਫੀਸਦੀ ਸ਼ਹਿਰੀ ਗਰੀਬੀ ਰੇਖਾ ਤੋਂ ਥੱਲੇ ਸਨ।
3. ਪੀ.ਕੇ. ਬਰਧਨ: 1960-61 ਦੀਆਂ ਕੀਮਤਾਂ ਦੇ ਆਧਾਰ ਤੇ ਪੇਂਡੂ ਗਰੀਬੀ ਰੇਖਾ ਲਈ ਪ੍ਰੋ ਬਰਧਨ ਨੇ 15 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ ਅਤੇ 18 ਰੁਪਏ ਸ਼ਹਿਰੀ ਗਰੀਬੀ ਰੇਖਾ ਲਈ ਨਿਊਨਤਮ ਪੱਧਰ ਵੱਜੋ ਲਿਆ ਹੈ। ਉਨ੍ਹਾਂ ਦੇ ਇਸ ਆਧਾਰ ਮੁਤਾਬਕ 55 ਫੀਸਦੀ ਗਰੀਬੀ ਵੱਸੋਂ ਅਤੇ 41 ਫੀਸਦੀ ਸ਼ਹਿਰੀ ਵਸੋਂ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਸੀ।
4. ਮੋਨਟੇਕ ਆਹਲੂਵਾਲੀਆ: ਪ੍ਰੋ ਆਹਲੂਵਾਲੀਆ ਨੇ ਗਰੀਬੀ ਦੇ ਵਿਸਤਾਰ ਦੀ ਵਿਆਖਿਆ ਲਈ 1956-57 ਤੋਂ ਲੈ ਕੇ 1973-74 ਤੱਕ ਦਾ ਸਮਾਂ ਲਿਆ ਹੈ। ਉਨ੍ਹਾਂ ਨੇ 1960-61 ਦੀਆਂ ਕੀਮਤਾਂ ਨੂੰ ਲੈ ਕੇ 15 ਰੁਪਏ ਗਰੀਬੀ ਰੇਖਾ ਪੇਂਡੂ ਵਸੋਂ ਲਈ ਅਤੇ 20 ਰੁਪਏ ਸ਼ਹਿਰੀ ਵਸੋਂ ਦੇ ਲਈ ਨਿਰਧਾਰਿਤ ਕੀਤੇ ਹਨ। 1973 ਵਿੱਚ 241 ਮਿਲੀਅਨ (46.1%) ਲੋਕ ਗਰੀਬ ਸਨ ਜਦੋਂ ਕਿ 1956-57 ਵਿੱਚ ਇਹ ਸੰਖਿਆ 181 ਮਿਲੀਅਨ (54.1%)ਸੀ। ਇਸ ਸਮੇਂ(1956-57 ਤੋਂ 1973-74) ਵਿੱਚ ਗਰੀਬਾਂ ਦੀ ਸੰਖਿਆ ਵਧੀ ਹੈ। ਪਰ ਪ੍ਰਤੀਸ਼ਤਤਾ ਘਟੀ ਹੈ।
5. ਪੀ.ਡੀ. ਓਝਾ: ਪ੍ਰੋ ਓਝਾ ਨੇ 1960-61 ਅਤੇ 1967-68 ਵਿੱਚ ਔਸਤ ਕੈਲਰੀਜ਼ 2250 ਪ੍ਰਤੀ ਵਿਅਕਤੀ ਪ੍ਰਤੀ ਦਿਨ ਨੂੰ ਆਧਾਰ ਮੰਨਿਆ ਹੈ। ਉਹ ਦੱਸਦੇ ਹਨ ਕਿ 1960-61 ਵਿੱਚ 184 ਮਿਲੀਅਨ(51.8%) ਪੇਂਡੂ ਲੋਕ ਅਤੇ 6 ਮਿਲੀਅਨ ਲੋਕ ਗਰੀਬੀ ਰੇਖਾ ਤੋਂ ਥੱਲੇ ਸਨ। ਕੁੱਲ 190 ਮਿਲੀਅਨ ਲੋਕ ਗਰੀਬੀ ਰੇਖਾ ਤੋਂ ਥੱਲੇ ਸਨ ਇਹ ਸੰਖਿਆ 1967-68 ਵਿੱਚ ਵੱਧ ਕੇ 289 ਮਿਲੀਅਨ ਹੋ ਗਈ।
6. ਯੋਜਨਾਬੰਦੀ ਕਮੀਸ਼ਨ 1999-2000: ਯੋਜਨਾਬੰਦੀ ਕਮੀਸ਼ਨ ਦੇ ਅਨੁਸਾਰ ਦੇਸ਼ ਵਿੱਚ 260 ਮਿਲੀਅਨ ਲੋਕ ਗਰੀਬ ਹਨ। ਜਿਨ੍ਹਾਂ ਵਿੱਚ 193 ਮਿਲੀਅਨ ਪਿੰਡਾਂ ਵਿੱਚ ਅਤੇ 67 ਮਿਲੀਅਨ ਸ਼ਹਿਰਾਂ ਵਿੱਚ ਰਹਿੰਦੇ ਹਨ।

### 2.7.3.4 ਗਰੀਬੀ ਦੇ ਕਾਰਨ (Causes of poverty)

ਭਾਰਤ ਵਿੱਚ ਗਰੀਬੀ ਦੇ ਮੁੱਖ ਕਾਰਨ ਹੇਠ ਲਿਖੇ ਹਨ :

1. ਵਸੋਂ ਵਿੱਚ ਤੇਜ਼ੀ ਨਾਲ ਵਾਧਾ: ਭਾਰਤ ਵਿੱਚ ਵਸੋਂ ਬਹੁਤੇ ਤੇਜ਼ੀ ਨਾਲ ਵੱਧ ਰਹੀ ਹੈ ਜਿਸ ਕਾਰਨ ਰਾਸ਼ਟਰੀ ਆਮਦਨ ਨੂੰ ਬਹੁਤ ਲੋਕਾਂ ਵਿੱਚ ਵੰਡਣਾ ਪੈਂਦਾ ਹੈ ਨਤੀਜੇ ਵੱਜੋਂ ਪ੍ਰਤੀ ਵਿਅਕਤੀ ਆਮਦਨ ਕਾਫ਼ੀ ਘੱਟ ਹੋ ਜਾਂਦੀ ਹੈ ਅਤੇ ਲੋਕ ਨਿਊਨਤਮ ਪੱਧਰ ਨੂੰ ਵੀ ਹਾਸਲ ਕਰਨ ਦੇ ਸਮਰੱਥ ਨਹੀਂ ਰਹਿੰਦੇ ਹਨ।
2. ਖੇਤੀਬਾੜੀ ਖੇਤਰ ਤੇ ਨਿਰਭਰਤਾ: ਭਾਰਤ ਇੱਕ ਵਿਕਾਸਸ਼ੀਲ ਦੇਸ਼ ਹੈ ਜਿਸ ਵਿੱਚ ਰਾਸ਼ਟਰੀ ਅਤੇ ਪ੍ਰਤੀ ਵਿਅਕਤੀ ਆਮਦਨ ਦੋਵਾਂ ਦੇ ਵਧਣ ਦੀ ਦਰ ਘੱਟ ਹੈ ਉਦਯੋਗਿਕਰਨ ਵੀ ਹੌਲੇ ਹੌਲੇ ਹੋ ਰਿਹਾ ਹੈ। ਉਦਯੋਗ ਦੀ ਘਾਟ ਕਾਰਨ ਲੋਕ ਪਿੰਡਾਂ ਵਿੱਚ ਕਿਸੇ ਕਿੱਤੇ ਵਿੱਚ ਲੱਗੇ ਰਹਿੰਦੇ ਹਨ ਅਤੇ ਕਈ ਵਾਰ ਉਨ੍ਹਾਂ ਨੂੰ ਗੁਜ਼ਾਰੇ ਲਈ ਲੋੜੀਂਦੇ ਖਰਚ ਨਾਲੋਂ ਵੀ ਘੱਟ ਮਿਲਦਾ ਹੈ।

3. ਭੂਮੀ ਅਤੇ ਸੰਪਤੀ ਦੀ ਅਸਮਾਨ ਵੰਡ: ਪਿੰਡਾਂ ਵਿੱਚ ਆਮਦਨ ਦਾ ਮੁੱਖ ਸਾਧਨ ਭੂਮੀ ਹੈ ਜਿਸ ਦੀ ਵੰਡ ਅਸਮਾਨ ਹੈ। ਭੂਮੀ ਸੁਧਾਰ ਲਾਗੂ ਹੋਣ ਤੋਂ ਬਾਦ ਵੀ ਭਾਰਤ ਵਿੱਚ ਭੂਮੀ ਦੀ ਵੰਡ ਵਿੱਚ ਕੋਈ ਸੁਧਾਰ ਨਹੀਂ ਹੋਇਆ ਹੈ। ਭਾਰਤ ਵਿੱਚ 72.6 ਪ੍ਰਤੀਸ਼ਤ ਜੋਤਾਂ ਦਾ ਆਕਾਰ 2 ਹੈਕਟੇਅਰ ਤੋਂ ਘੱਟ ਹੈ ਅਤੇ ਇਨ੍ਹਾਂ ਅਧੀਨ ਕੁਲ ਖੇਤਰ ਦਾ 23.5 ਫੀਸਦੀ ਖੇਤਰ ਹੈ ਅਤੇ ਦੂਜੇ ਪਾਸੇ 3 ਫੀਸਦੀ ਜੋਤਾਂ 10 ਹੈਕਟੇਅਰ ਤੋਂ ਵੱਧ ਹਨ ਅਤੇ ਅਧੀਨ ਖੇਤਰ ਹੈ 26.3 ਫੀਸਦੀ।
4. ਖੇਤੀ ਬਾੜੀ ਵਿੱਚ ਘੱਟ ਉਤਪਾਦਕਤਾ: ਭਾਰਤ ਦੀ ਖੇਤੀ ਪਛੜੀ ਹੋਈ ਖੇਤੀ ਮੰਨੀ ਜਾਂਦੀ ਹੈ ਕਿਉਂਕਿ ਇਸ ਵਿੱਚ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਸੰਖਿਆ ਜ਼ਿਆਦਾ ਹੈ ਜੋਤਾਂ ਦਾ ਆਕਾਰ ਛੋਟਾ ਹੋਣ ਕਰਕੇ ਨਵੀਂ ਤਕਨੀਕ ਦਾ ਉਦਯੋਗ ਨਹੀਂ ਕੀਤਾ ਜਾ ਸਕਦਾ। ਘੱਟ ਉਤਪਾਦਕਤਾ ਦੇ ਹੋਣ ਦਾ ਇੱਕ ਹੋਰ ਮੁੱਖ ਕਾਰਨ ਹੈ ਖੇਤੀ ਦਾ ਵਰਖਾ ਉੱਤੇ ਨਿਰਭਰ ਹੋਣਾ।
5. ਘਰੇਲੂ ਅਤੇ ਛੋਟੇ ਉਦਯੋਗਾਂ ਦਾ ਘੱਟ ਵਿਕਾਸ: ਘਰੇਲੂ ਅਤੇ ਛੋਟੇ ਉਦਯੋਗਾਂ ਨੂੰ ਸ਼ੁਰੂ ਕਰਨ ਵਿੱਚ ਘੱਟ ਪੂੰਜੀ ਦੀ ਲੋੜ ਹੁੰਦੀ ਹੈ ਅਤੇ ਰੁਜ਼ਗਾਰ ਤੇਜ਼ੀ ਨਾਲ ਵਧਦਾ ਹੈ ਪਰ ਫਿਰ ਵੀ ਇਨ੍ਹਾਂ ਉਦਯੋਗਾਂ ਦਾ ਬਹੁਤ ਘੱਟ ਵਿਕਾਸ ਹੋਇਆ ਹੈ।
6. ਆਰਥਿਕ ਵਿਕਾਸ ਦੇ ਲਾਭਾਂ ਦੀ ਅਸਮਾਨ ਵੰਡ: ਕਿਸੇ ਵੀ ਕੇਸ ਵਿੱਚ ਆਰਥਿਕ ਵਿਕਾਸ ਤੋਂ ਭਾਵ ਹੁੰਦਾ ਹੈ ਉੱਥੇ ਦੇ ਲੋਕਾਂ ਦੇ ਜੀਵਨ ਦੇ ਪੱਧਰ ਵਿੱਚ ਸੁਧਾਰ ਹੋਣਾ ਗਰੀਬ ਅਤੇ ਅਮੀਰ ਦੀ ਦੂਰੀ ਨੂੰ ਘਟਾਉਣਾ ਪਰ ਸਾਡੇ ਦੇਸ਼ ਦਾ ਆਰਥਿਕ ਢਾਂਚਾ ਦੋਸ਼ ਪੂਰਨ ਹੋਣ ਕਰਕੇ ਆਮਦਨ ਪੈਦਾ ਕਰਨ ਦੇ ਸੋਮੇ ਥੋੜ੍ਹੇ ਲੋਕਾਂ ਕੋਲ ਹਨ। ਜਿਸ ਕਾਰਨ ਅਮੀਰ ਹੋਰ ਅਮੀਰ ਹੋ ਰਹੇ ਹਨ ਅਤੇ ਗਰੀਬ ਹੋਰ ਗਰੀਬ।
7. ਰੁਜ਼ਗਾਰ ਸਹੂਲਤਾਂ ਦੀ ਕਮੀ: ਦੇਸ ਵਿੱਚ ਤੇਜੀ ਨਾਲ ਵੱਧ ਰਹੀ ਵੱਸੋਂ ਕਾਰਨ ਕਿਰਤ ਦੀ ਪੂਰਤੀ ਵਧਦੀ ਜਾਂ ਰਹੀ ਹੈ ਪਰੰਤੂ ਰੁਜ਼ਗਾਰ ਸਹੂਲਤਾਂ ਉਸ ਅਨੁਸਾਰ ਨਹੀਂ ਵਧੀਆਂ। ਉਦਯੋਗਿਕ ਖੇਤਰ ਵਿੱਚ ਮਸ਼ੀਨੀਕਰਨ ਕਾਰਨ ਰੁਜ਼ਗਾਰ ਤੇ ਹੋਰ ਵੀ ਬੁਰਾ ਪ੍ਰਭਾਵ ਪਿਆ ਹੈ।
8. ਵੱਧ ਕੀਮਤਾਂ: ਪੰਜ ਸਾਲਾ ਯੋਜਨਾਵਾਂ ਦੇ ਅਧੀਨ ਘਾਟੇ ਦੀ ਵਿੱਤ ਵਿਵਸਥਾ ਅਤੇ ਅਣ-ਉਪਜਾਊ ਕੰਮਾਂ ਉੱਤੇ ਹੋਣ ਵਾਲੇ ਖਰਚਾਂ ਕਾਰਨ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ।

**ਸਵੈ-ਅਭਿਆਸ -2**

1. ਗਰੀਬੀ ਦੀ ਧਾਰਨਾ ਦੀ ਵਿਆਖਿਆ ਕਰੋ ਅਤੇ ਗਰੀਬੀ ਦੇ ਕਾਰਨਾਂ ਦਾ ਵਰਣਨ ਕਰੋ?
2. ਭਾਰਤ ਵਿੱਚ ਗਰੀਬੀ ਦੇ ਵਿਸਤਾਰ ਦਾ ਵਰਨਨ ਕਰੋ?

### 2.7.3.5 ਗਰੀਬੀ ਨੂੰ ਖ਼ਤਮ ਕਰਨ ਲਈ ਸਰਕਾਰ ਵੱਲੋਂ ਕੀਤੇ ਉਪਰਾਲੇ :

ਗਰੀਬੀ ਨੂੰ ਖ਼ਤਮ ਕਰਨ ਲਈ ਵਿਊਂਤ ਦੀ ਲੋੜ ਹੁੰਦੀ ਹੈ। ਵਿਓਂਤ ਤੋਂ ਭਾਵ ਨੀਤੀਆਂ ਅਤੇ ਉਪਰਾਲਿਆਂ ਦਾ ਗਠਜੋੜ ਜਿਸ ਨੂੰ ਅਪਨਾਉਣ ਨਾਲ ਟੀਚੇ ਤੇ ਪੁੱਜਿਆ ਜਾ ਸਕੇ। ਭਾਰਤੀ ਸਰਕਾਰ ਨੇ ਗਰੀਬੀ ਨੂੰ ਜੜ੍ਹ ਤੋਂ ਖਤਮ ਕਰਨ ਵਾਸਤੇ ਹੇਠ ਲਿਖੇ ਉਪਰਾਲੇ ਕੀਤੇ ਹਨ:

1. ਆਰਥਿਕ ਵਾਧਾ ਦਰ ਵਿੱਚ ਤੇਜ਼ੀ ਲਿਆਉਣਾ: ਜੇਕਰ ਵਾਧਾ ਦਰ ਤੇਜ਼ ਹੋਵੇਗੀ ਤਾਂ ਰੁਜ਼ਗਾਰ ਸਹੂਲਤਾਂ ਵੀ ਵਧਣਗੀਆਂ। ਲੋਕਾਂ ਨੂੰ ਰੁਜ਼ਗਾਰ ਮਿਲਣ ਨਾਲ ਉਨ੍ਹਾਂ ਦੀ ਆਮਦਲ ਵਧੇਗੀ ਜਿਸ ਨਾਲ ਕਿ ਗਰੀਬੀ ਤੇ ਕਾਬੂ ਪਾਇਆ ਜਾ ਸਕਦਾ ਹੈ। ਸਾਰਿਆਂ ਨਾਲੋਂ ਪਹਿਲਾਂ ਭਾਰਤੀ ਸਰਕਾਰ ਅਤੇ ਯੋਜਨਾਬੰਦੀ ਕਮੀਸ਼ਨ ਨੇ ਆਰਥਿਕ ਵਾਧੇ ਦੀ ਦਰ ਨੂੰ ਤੇਜ਼ ਕਰਨ ਦੀ ਕੋਸ਼ਿਸ਼ ਕੀਤੀ ਹੈ।
2. ਵਧਦੀ ਵਸੋਂ ਤੇ ਕਾਬੂ ਪਾਉਣਾ: ਤੇਜ਼ੀ ਨਾਲ ਵਧਦੀ ਜਾ ਰਹੀ ਵਸੋਂ ਨੂੰ ਕੰਟਰੋਲ ਕਰਨ ਲਈ ਸਰਕਾਰ ਨੇ ਪਰਿਵਾਰ ਨਿਯੋਜਨ ਦਾ ਪ੍ਰੋਗਰਾਮ ਚਾਲੂ ਕੀਤਾ ਹੈ। ਇਸ ਵਿੱਚ ਘੱਟ ਬੱਚੇ ਪੈਦਾ ਕਰਨ ਦੇ ਲਾਭਾਂ ਅਤੇ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਇੰਨੇ ਸਰਕਾਰੀ ਉਪਰਾਲਿਆਂ ਤੋਂ ਬਾਦ ਵੀ ਵਸੋਂ ਤੇ ਕੰਟਰੋਲ ਨਹੀਂ ਕੀਤਾ ਜਾ ਰਿਹਾ।
3. ਭੂ-ਸੁਧਾਰ: ਭੂਮੀ ਦੀ ਵੰਡ ਵਿੱਚ ਅਸਮਾਨਤਾ ਨੂੰ ਘੱਟ ਕਰਨ ਲਈ ਸਰਕਾਰ ਨੇ ਭੂ-ਸੁਧਾਰ ਲਾਗੂ

ਕੀਤੇ ਹਨ। ਭੂ-ਸੁਧਾਰ ਵਜੋਂ ਹਾਸਲ ਹੋਈ ਭੂਮੀ ਨੂੰ ਭੂਮੀਹੀਣ ਕਾਸ਼ਤਕਾਰਾਂ ਵਿੱਚ ਵੰਡਿਆ ਗਿਆ ਹੈ।

4. ਕਿਰਤ ਪ੍ਰਧਾਨ ਉਦਯੋਗਾਂ ਨੂੰ ਲਾਭ: ਜ਼ਿਆਦਾ ਤੋਂ ਜ਼ਿਆਦਾ ਰੁਜ਼ਗਾਰ ਮੁੱਹਇਆ ਕਰਾਉਣ ਵਾਸਤੇ ਸਰਕਾਰ ਨੇ ਕਿਰਤ ਪ੍ਰਧਾਨ ਉਦਯੋਗਾਂ ਨੂੰ ਕਨਸੈਸ਼ਨ ਅਤੇ ਸਬਸਿਡੀ ਆਦਿ ਦੇ ਲਾਭ ਪ੍ਰਦਾਨ ਕੀਤੇ ਹਨ ਤਾਂ ਜੋ ਜ਼ਿਆਦਾਤਰ ਉੱਦਮੀ ਇਨ੍ਹਾਂ ਲਾਭਾਂ ਕਰਕੇ ਕਿਰਤ ਪ੍ਰਧਾਨ ਤਕਨੀਕਾਂ ਦਾ ਉਪਯੋਗ ਕਰਦੇ ਹੋਏ ਵੱਧ ਰੁਜ਼ਗਾਰ ਪ੍ਰਦਾਨ ਕਰ ਸਕਣ।

5. ਸਸਤੇ ਕਰਜ਼ਿਆਂ ਦਾ ਪ੍ਰਬੰਧ: ਗਰੀਬ ਵਰਗ ਨਾਲ ਸੰਬੰਧਿਤ ਲੋਕਾਂ ਨੂੰ ਆਮਦਨ ਵਿੱਚ ਵਾਧਾ ਕਰਨ ਵਾਲੇ ਸਹਾਇਕ ਧੰਦਿਆਂ ਨੂੰ ਅਪਨਾਉਣ ਲਈ ਉਤਸ਼ਾਹ ਦੇਣ ਲਈ ਸਰਕਾਰ ਨੇ ਸਸਤੇ ਕਰਜ਼ ਦੇਣ ਦਾ ਵੀ ਪ੍ਰਬੰਧ ਕੀਤਾ ਹੈ। ਪਰ ਅਫਸੋਸ ਇਹ ਹੈ ਕਿ ਲੋਕ ਕਰਜ਼ੇ ਤਾਂ ਧੰਦੇ ਚਾਲੂ ਕਰਨ ਲਈ ਲੈਂਦੇ ਹਨ ਪਰ ਖਰਚ ਉਨ੍ਹਾਂ ਨੂੰ ਘਰੇਲੂ ਲੋੜਾਂ ਉੱਤੇ ਕਰਦੇ ਹਨ।

6. ਸਮਾਜਿਕ ਸੁਰੱਖਿਆ ਅਤੇ ਆਮ ਸੇਵਾਵਾਂ ਦਾ ਪ੍ਰਬੰਧ: ਸਰਕਾਰ ਕੁਝ ਮੁੱਖ ਸੇਵਾਵਾਂ ਪ੍ਰਦਾਨ ਕਰਦੀ ਹੈ ਜਿਵੇਂ ਕਿ ਸਿੱਖਿਆ, ਸਿਹਤ ਸੰਬੰਧੀ ਸਹੂਲਤਾਂ, ਉਦਯੋਗਿਕ ਕਿਰਤੀਆਂ ਨੂੰ ਸਮਾਜਿਕ ਸੁਰੱਖਿਆ (ਬੀਮਾਂ, ਮੈਟਰਨਟੀ ਰਿਲੀਫ਼ ਬੀਮਾਰੀ ਰਿਲੀਫ਼, ਪ੍ਰਾਵੀਡੇਂਟ ਫੰਡ ਆਦਿ ) ਆਦਿ ਤਾਂ ਜੋ ਗਰੀਬ ਤਬਕਿਆਂ ਦਾ ਉਪਭੋਗ ਪੱਧਰ ਵੱਧ ਸਕੇ ਤੇ ਗਰੀਬੀ ਦੀ ਰੇਖਾ ਤੋਂ ਉਪਰ ਉੱਠ ਸਕਣ।

7. ਉਚਿਤ ਕੀਮਤ ਦੁਕਾਨਾਂ ਦਾ ਖੋਲ੍ਹਣਾ: ਗਰੀਬ ਨੂੰ ਜ਼ਰੂਰੀ ਵਸਤੂਆਂ ਉਚਿਤ ਕੀਮਤਾਂ ਤੇ ਸਪਲਾਈ ਕਰਨ ਲਈ ਸਰਕਾਰ ਨੇ ਦੇਸ਼ ਦੇ ਵੱਖ-ਵੱਖ ਭਾਂਗਾਂ ਵਿੱਚ ਉਚਿਤ ਕੀਮਤ ਦੁਕਾਨਾਂ ਖੋਲੀਆਂ ਹਨ। ਇਨ੍ਹਾਂ ਦੁਕਾਨਾਂ ਰਾਹੀਂ ਜ਼ਰੂਰੀ ਵਸਤੂਆਂ ਜਿਵੇਂ ਆਟਾ, ਚੀਨੀ, ਮਿੱਟੀ ਦਾ ਤੇਲ, ਦਾਲਾਂ ਆਦਿ ਗਰੀਬਾਂ ਨੂੰ ਰਾਸ਼ਨ ਕਾਰਡ ਦੇ ਆਧਾਰ ਤੇ ਵੇਚੀਆਂ ਜਾਂਦੀਆਂ ਹਨ।

8. ਵੱਖ-ਵੱਖ ਪੰਜ ਸਾਲਾਂ ਯੋਜਨਾਵਾਂ ਦੌਰਾਨ ਕੀਤੇ ਉਪਰਲੇ (ਗਰੀਬੀ ਨੂੰ ਦੂਰ ਕਰਨ ਵਾਲੀਆਂ ਸਕੀਮਾਂ)

1. **ਅੰਤੋਦਯ ਪ੍ਰੋਗ੍ਰਾਮ (Antyodaya programme)**: ਇਸ ਪ੍ਰੋਗਰਾਮ ਅਧੀਨ ਕਈ ਰਾਜ ਸਰਕਾਰਾਂ ਨੇ ਪੇਂਡੂ ਗਰੀਬੀ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ, ਖਾਸ ਤੌਰ ਤੇ ਗਰੀਬ ਭੂਮੀ ਹੀਣ ਖੇਤੀਬਾੜੀ ਮਜ਼ਦੂਰਾਂ ਨੂੰ ਗਰੀਬੀ ਰੇਖਾ ਤੋਂ ਉਪਰ ਲਿਆਇਆ ਗਿਆ ਹੈ। ਇਸ ਪ੍ਰੋਗ੍ਰਾਮ ਅਧੀਨ ਪੰਜ ਬਹੁਤ ਹੀ ਗਰੀਬ ਪਰਿਵਾਰਾਂ ਨੂੰ ਚੁਣਿਆਂ ਜਾਂਦਾ ਹੈ ਤੇ ਉਨ੍ਹਾਂ ਦੀ ਸਹਾਇਤਾ ਵੱਜੋਂ ਉਨ੍ਹਾਂ ਨੂੰ ਜਮੀਨ ਦਿੱਤੀ ਜਾਂਦੀ ਹੈ। ਡੇਅਰੀ ਪਸ਼ੂ ਪਾਲਣ ਆਦਿ ਵਾਸਤੇ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਘਰ ਦਿੱਤੇ ਜਾਂਦੇ ਹਨ। ਚੁਣੇ ਗਏ ਪਰਿਵਾਰਾਂ ਨੂੰ ਸਵੈ ਨਿਰਭਰ ਬਣਾਉਣ ਵਾਸਤੇ ਹਰ ਸੰਭਵ ਯਤਨ ਕਰਦੇ ਹੋਏ ਗਰੀਬੀ ਤੋਂ ਮੁਕਤ ਕੀਤਾ ਜਾਂਦਾ ਹੈ।

2. **ਕੰਮ ਬਦਲੇ ਭੋਜਨ ਸਕੀਮ (Food for work scheme)**: ਇਹ ਯੋਜਨਾ ਅਪ੍ਰੈਲ 1971 ਵਿੱਚ ਸ਼ੁਰੂ ਹੋਈ ਇਸ ਯੋਜਨਾਂ ਅਧੀਨ ਪੇਂਡੂ ਵਿਕਾਸ ਦੇ ਕੰਮਾਂ ਵਿੱਚ ਲੱਗੇ ਕਾਮਿਆਂ ਨੂੰ ਭੁਗਤਾਨ ਵਜੋਂ ਅੰਨ ਦਿੱਤਾ ਜਾਂਦਾ ਸੀ ਇਸ ਤਰ੍ਹਾਂ ਖੇਤੀ ਵਿੱਚ ਲੱਗੇ ਮਜ਼ਦੂਰਾਂ ਨੂੰ ਦੋ ਵਕਤ ਦਾ ਖਾਣਾ ਵੀ ਮੁਹੱਇਆ ਹੋ ਜਾਂਦਾ ਸੀ।

3. **ਗਰੀਬੀ ਹਟਾਓ ਪ੍ਰੋਗ੍ਰਾਮ (Poverty Eradication Programmes)**: ਵਸੋਂ ਦਾ ਬਹੁਤਾ ਹਿੱਸਾ ਲਗਭਗ 65% ਪੇਂਡੂ ਇਲਾਕਿਆਂ ਵਿੱਚ ਰਹਿੰਦਾ ਹੈ। ਇਸ ਕਰਕੇ ਖਾਸ ਤਵੱਜੋ ਉਹ ਪ੍ਰੋਗ੍ਰਾਮ ਬਣਾਉਣ ਤੇ ਦਿੱਤੀ ਗਈ। ਜਿਸ ਨਾਲ ਗਰੀਬ ਪੇਂਡੂਆਂ ਨੂੰ ਲਾਭ ਮਿਲ ਸਕੇ। ਜਿਵੇਂ ਕਿ Small farmer Development agency (SFDA),Marginal Farmers and agricultural Labourers Agency (MFALA) National Rural Employment Programme(NREP) ਆਦਿ ਪ੍ਰੋਗ੍ਰਾਮ ਬਣਾਏ ਗਏ ਤਾਂ ਜੋ ਉਨ੍ਹਾਂ ਨੂੰ ਰੁਜ਼ਗਾਰ ਮਿਲ ਸਕੇ।

4. **ਪਿੰਡਾਂ ਵਿੱਚ ਪੜ੍ਹੇ ਲਿਖਿਆਂ ਨੂੰ ਸਿਖਲਾਈ (Training to rural educated)**: ਪਿੰਡਾਂ ਵਿੱਚ ਪੜ੍ਹੇ ਲਿਖੇ ਗਰੀਬਾਂ ਨੂੰ ਗਰੀਬੀ ਵਿੱਚੋਂ ਬਾਹਰ ਕੱਢਣ ਵਾਸਤੇ ਅਤੇ ਰੁਜ਼ਗਾਰ ਵਧਾਉਣ ਲਈ ਸਰਕਾਰ ਨੇ ਪੇਂਡੂ ਜਵਾਨਾਂ ਨੂੰ ਸਿਖਲਾਈ ਦੇ ਕੇ ਨਿਪੁਣ ਬਣਾਉਣ ਲਈ ਤਾਂ ਜੋ ਉਹ ਸਵੈ ਰੁਜ਼ਗਾਰ ਚਲਾ ਸਕਣ ਇਸ ਲਈ TRYSEM (Training for Rural Youth for Self Employment) ਨਾਂ ਦੀ ਸਕੀਮ ਚਲਾਈ ਹੈ।

5. **ਜਵਾਹਰ ਗਰਾਮ ਸਮਰਿਧੀ ਯੋਜਨਾ (Jawahar Gram Samridhi Yojana)**: ਇਹ ਯੋਜਨਾ 1999 ਵਿੱਚ ਚਾਲੂ ਕੀਤੀ ਗਈ ਸੀ। ਇਸ ਸਕੀਮ ਅਧੀਨ ਅਜਿਹੇ ਕੰਮ ਚਾਲੂ ਕਿਤੇ ਜਾਂਦੇ ਹਨ ਇਨ੍ਹਾਂ ਰਾਹੀਂ ਸਮਾਜ ਵਿੱਚ ਹੰਢਣਸਾਰ ਉਤਪਾਦਕ ਸੰਮਤੀ ਉਤਪੰਨ ਹੁੰਦੀ ਹੈ ਜਿਨ੍ਹਾਂ ਤੇ ਲੋਕਾਂ ਨੂੰ ਲੰਬੇ ਸਮੇਂ ਲਈ ਲਾਭ ਪ੍ਰਾਪਤ ਹੁੰਦੇ ਹਨ।
6. **ਸਵਰਨ ਜੈਅੰਤੀ ਗਰਾਮ ਸਵੈ ਰੋਜ਼ਗਾਰ ਯੋਜਨਾ (Swarna jayanti Gram Swarozgar yojana)**: ਇਹ ਸਕੀਮ ਅਪ੍ਰੈਲ 1999 ਵਿੱਚ ਪਹਿਲਾਂ ਤੋਂ ਹੀ ਚਾਲੂ ਦੋ ਸਕੀਮਾਂ ਅਰਥਾਤ ਸੰਯੁਕਤ ਪੇਂਡੂ ਵਿਕਾਸ ਪ੍ਰੋਗ੍ਰਾਮ (Integrated Rural Development programme) ਅਤੇ 10 ਲੱਖ ਖੂਹ ਸਕੀਮ (10 Million wells scheme) ਨੂੰ ਮਿਲਾ ਕੇ ਲਾਗੂ ਕੀਤੀ ਗਈ। ਇਸ ਸਕੀਮ ਦਾ ਮੁੱਖ ਕੰਮ ਗਰੀਬਾਂ ਨੂੰ ਆਮਦਨ ਵਧਾਉਣ ਵਾਲੇ ਸਹਾਇਕ ਧੰਦੇ ਚਾਲੂ ਕਰਨ ਲਈ ਉਤਸ਼ਾਹਿਤ ਕਰਨਾ ਸੀ।
7. **ਰੁਜ਼ਗਾਰ ਦੇ ਸੋਮੇ ਪੈਦਾ ਕਰਨ ਵਾਲੀਆਂ ਸਕੀਮਾਂ (Employment generating schemes)**: ਗਰੀਬੀ ਨੂੰ ਦੂਰ ਕਰਨ ਦਾ ਇੱਕ ਮੁੱਖ ਉਪਰਾਲਾ ਹੈ ਕਿ ਰੁਜ਼ਗਾਰ ਦੇ ਸੋਮੇ ਪੈਦਾ ਕੀਤੇ ਜਾਣ ਜਿਸ ਕਰਕੇ ਸਰਕਾਰ ਨੇ ਕਾਫ਼ੀ ਸਕੀਮਾਂ ਬਣਾਈਆਂ ਹਨ ਜਿਵੇਂ ਕਿ ਰੁਜ਼ਗਾਰ ਵਿਸ਼ਵਾਸ ਸਕੀਮ (Employment Assurance scheme) ਜਵਾਹਰ ਰੁਜ਼ਗਾਰ ਯੋਜਨਾ(Jawahar Rozgar yojana) ਅਤੇ ਸ਼ਹਿਰੀ ਸਵੈ ਰੁਜ਼ਗਾਰ ਪ੍ਰੋਗ੍ਰਾਮ (Urban Self Employment programme) ਆਦਿ।

   ਇਸ ਤੋ ਇਲਾਵਾ ਹੁਣ ਇਸ ਸਾਲ (ਫਰਵਰੀ 2006) ਤੋਂ National Rural Employment Guarantee Scheme ਅਰੰਭ ਕੀਤਾ ਗਿਆ ਹੈ।

ਸਰਕਾਰ ਨੇ ਹੋਰ ਵੀ ਬਹੁਤ ਸਕੀਮਾਂ ਚਲਾਈਆਂ ਹਨ ਜਿਨ੍ਹਾਂ ਵਿੱਚ ਰੁਜ਼ਗਾਰ ਦੇ ਸੋਮੇ ਤਾਂ ਵਧਦੇ ਹਨ ਨਾਲ-ਨਾਲ ਹੀ ਗਰੀਬਾਂ ਨੂੰ ਘਰ, ਸਿੱਖਿਆ ਸਾਫ਼ ਪਾਣੀ, ਸਿਹਤ ਸੁਵਿਧਾਵਾਂ ਆਦਿ ਵੀ ਦਿੱਤੀਆਂ ਜਾਂਦੀਆਂ ਹਨ ਪਰ ਅਫਸੋਸ ਕਈ ਕਾਰਨਾਂ ਕਰਕੇ ਇਹ ਉਪਰਾਲੇ ਗਰੀਬੀ ਨੂੰ ਜੜ੍ਹ ਤੋਂ ਹਟਾਉਣ ਵਿੱਚ ਸਫ਼ਲ ਨਹੀਂ ਹੋ ਪਾਏ। ਸਰਕਾਰ ਦੇ ਕੀਤੇ ਉਪਰਾਲੇ ਸਫ਼ਲ ਕਿਉਂ ਨਹੀਂ ਹੋਏ ਉਸ ਦੇ ਕੁਝ ਕਾਰਨ ਹੇਠ ਲਿਖੇ ਹਨ :

1. ਵਿਕਾਸ ਪ੍ਰਸ਼ਾਸਨ ਦੀ ਕਾਰਜ਼ਕੁਸ਼ਲਤਾ ਸੰਤੋਖਜਨਕ ਨਹੀਂ ਸੀ।
2. ਲੋਕ ਕਾਫ਼ੀ ਸਕੀਮਾਂ ਤੋਂ ਅਨਜਾਣ ਸਨ।
3. ਉਹ ਸਹਾਇਕ ਸੰਸਥਾਵਾਂ ਜਿਨ੍ਹਾਂ ਨੇ ਉਧਾਰ ਆਦਿ ਦੀਆਂ ਸਹੂਲਤਾਂ ਪ੍ਰਦਾਨ ਕਰਨੀਆਂ ਸਨ ਉਨ੍ਹਾਂ ਦੀ ਕਾਰਜ ਕੁਸ਼ਲਤਾ ਵੀ ਸੰਤੋਖਜਨਕ ਨਹੀਂ ਸੀ।
4. ਗਰੀਬੀ ਦੀ ਕੋਈ ਢੁਕਵੀਂ ਪਰਿਭਾਸ਼ਾ ਨਾਂ ਹੋਣ ਕਾਰਨ ਕਈ ਅਮੀਰ, ਗਰੀਬਾਂ ਲਈ ਬਣਾਈਆਂ ਸਕੀਮਾਂ ਤੋਂ ਫਾਇਦਾ ਉਠਾ ਗਏ।
5. ਕਈ ਸਕੀਮਾਂ ਦੇ ਬਣਾਉਣ ਵਿੱਚ ਵੀ ਕਮੀਆਂ ਰਹਿ ਗਈਆਂ ਜਿਵੇਂ ਗਰੀਬੀ ਦੇ ਸੁਭਾਅ ਨੂੰ ਚੰਗੀ ਤਰ੍ਹਾਂ ਨਾਂ ਸਮਝਣਾ, ਪੇਂਡੂ ਅਰਥਵਿਵਸਥਾ ਦਾ ਢਾਂਚਾ ਸ਼ੋਸ਼ਣ ਤੇ ਅਧਾਰਿਤ ਹੋਣਾ ਆਦਿ।

### 2.7.3.6 ਸੁਝਾਅ

ਹੇਠ ਲਿਖੇ ਕੁਝ ਸੁਝਾਵਾਂ ਨੂੰ ਅਮਲ ਵਿੱਚ ਲਿਆ ਕੇ ਗਰੀਬੀ ਨੂੰ ਹਟਾਇਆ ਜਾ ਸਕਦਾ ਹੈ।

1. ਜਨ ਸੰਖਿਆ ਦੇ ਵਾਧੇ ਨੂੰ ਰੋਕਣਾ
2. ਰੁਜ਼ਗਾਰ ਸਹੂਲਤਾਂ ਵਿੱਚ ਤੇਜ਼ੀ ਨਾਲ ਵਾਧਾ
3. ਸਮਾਜਿਕ ਸੁਧਾਰ ਜਿਵੇਂ ਨਸ਼ਾਬੰਦੀ, ਸਿੱਖਿਆ ਦਾ ਪ੍ਰਸਾਰ ਆਦਿ
4. ਸਹਾਇਕ ਧੰਦਿਆਂ ਦਾ ਵਿਕਾਸ ਜਿਵੇਂ ਪਸ਼ੂ-ਪਾਲਣ, ਮਧੂ ਮੱਖੀ ਪਾਲਣ, ਮੁਰਗੀਆਂ ਪਾਲਣ ਆਦਿ
5. ਘਰੇਲੂ ਅਤੇ ਛੋਟੇ ਉਦਯੋਗਾਂ ਦਾ ਵਿਕਾਸ
6. ਖੇਤੀਬਾੜੀ ਖੇਤਰ ਵਿੱਚ ਉਤਪਾਦਕਤਾ ਵਾਧਾ ਦਰ ਵਿੱਚ ਤੇਜ਼ੀ ਲਿਆਉਣਾ
7. ਉਚਿਤ ਕੀਮਤ ਦੁਕਾਨਾਂ ਰਾਹੀਂ ਜ਼ਰੂਰੀ ਵਸਤਾਂ ਦੀ ਪੂਰਤੀ
8. ਕੀਮਤਾਂ ਦੇ ਵਾਧੇ ਨੂੰ ਰੋਕਣਾ
9. ਗਰੀਬੀ ਨੂੰ ਦੂਰ ਕਰਨ ਵਾਲੀਆਂ ਸਕੀਮਾਂ ਨੂੰ ਠੀਕ ਢੰਗ ਨਾਲ ਲਾਗੂ ਕਰਨਾ

10. ਆਮਦਨ ਦੀ ਅਸਮਾਨ ਵੰਡ ਵਿਚ ਕਮੀ ਕਰਨ ਨਾਲ
11. ਕਰਜ਼ੇ ਦੀ ਸਹੂਲਤਾਂ ਪ੍ਰਦਾਨ ਕਰਨਾ

ਇਨ੍ਹਾਂ ਕੁਝ ਉਪਰਾਲਿਆਂ ਰਾਹੀਂ, ਗਰੀਬੀ ਨੂੰ ਦੂਰ ਕਰਨ ਦਾ ਯਤਨ ਕੀਤਾ ਜਾ ਸਕਦਾ ਹੈ।

---

**ਸਵੈ ਅਭਿਆਸ – 3**

1. ਸਰਕਾਰ ਨੇ ਗਰੀਬੀ ਦੂਰ ਕਰਨ ਲਈ ਕੀ ਉਪਰਾਲੇ ਕੀਤੇ ਹਨ?
2. ਤੁਸੀਂ ਗਰੀਬੀ ਨੂੰ ਜੜ ਤੋਂ ਖਤਮ ਕਰਨ ਲਈ ਕੀ ਸੁਝਾਅ ਦੇਣਾ ਚਾਹੋਗੇ?

---

### 2.7.4 ਆਰਥਿਕ ਅਸਮਾਨਤਾ

ਗਰੀਬੀ ਦੀ ਵਿਆਖਿਆ ਕਰਦੇ ਹੋਏ ਜਦੋਂ ਅਸੀਂ ਗਰੀਬੀ ਦੇ ਕਾਰਨਾਂ ਦਾ ਪਤਾ ਲਗਾ ਰਹੇ ਸੀ ਤਾਂ ਇੱਕ ਕਾਰਨ ਸਾਡੇ ਸਾਹਮਣੇ ਆਇਆ ਸੀ ਆਰਥਿਕ ਅਸਮਾਨਤਾ। ਆਰਥਿਕ ਅਸਮਾਨਤਾ ਤੋਂ ਭਾਵ ਹੈ ਕਿ ਦੇਸ਼ ਵਿੱਚ ਸਾਰੇ ਲੋਕਾਂ ਕੋਲ ਸਾਧਨਾਂ ਜਾਂ ਸੰਪਤੀ ਜਾਂ ਭੂਮੀ ਜਾਂ ਆਮਦਨ ਦੀ ਵੰਡ ਸਮਾਨ ਨਹੀ ਹੈ। ਜਿਵੇਂ ਆਮਦਨ ਵਿੱਚ ਅਸਮਾਨਤਾ ਤੋਂ ਭਾਵ ਹੈ ਕਿ ਕੁਝ ਵਿਅਕਤੀਆਂ ਦੀ ਆਮਦਨ ਰਾਸ਼ਟਰੀ ਔਸਤ ਆਮਦਨ ਤੋਂ ਵੱਧ ਹੁੰਦੀ ਹੈ ਅਤੇ ਕਈਆਂ ਦੀ ਘੱਟ। ਉਤਪਾਦਨ ਦੇ ਸਾਧਨਾਂ ਦੀ ਮਲਕੀਅਤ ਅਮੀਰਾਂ ਦੇ ਹੱਥਾਂ ਵਿੱਚ ਹੋਣ ਕਰਕੇ ਉਨ੍ਹਾਂ ਦੀ ਆਮਦਨ ਤੇਜ਼ੀ ਨਾਲ ਵੱਧਦੀ ਹੈ। ਅਤੇ ਗਰੀਬਾਂ ਲਈ ਜੀਵਨ-ਨਿਰਵਾਹ ਕਰਨਾ ਔਖਾ ਹੁੰਦਾ ਹੈ। ਆਰਥਿਕ ਅਸਮਾਨਤਾ ਤਿੰਨ ਮੁੱਖ ਤੱਤਾਂ ਤੇ ਆਧਾਰਿਤ ਹੁੰਦੀ ਹੈ:

1) ਪਰਿਸੰਪਤੀਆਂ ਦੀ ਵੰਡ ਵਿੱਚ ਅਸਮਾਨਤਾ
2) ਆਮਦਨ ਅਤੇ ਉਪਭੋਗ ਖਰਚ ਵਿੱਚ ਅਸਮਾਨਤਾ
3) ਖੇਤਰੀ ਅਸਮਾਨਤਾ

1. **ਪਰਿਸੰਪਤੀਆਂ ਦੀ ਵੰਡ ਵਿੱਚ ਅਸਮਾਨਤਾ:** ਇਸ ਵਿੱਚ ਅਸੀਂ ਸਾਰੀ ਸੰਪਤੀ, ਭੂਮੀ ਆਦਿ ਨੂੰ ਲੈਂਦੇ ਹਾਂ। ਪੇਂਡੂ ਖੇਤਰਾਂ ਵਿੱਚ ਜਾਇਦਾਦ ਦੀ ਅਸਮਾਨ ਵੰਡ ਪਾਈ ਜਾਂਦੀ ਹੈ। ਇਨ੍ਹਾਂ ਖੇਤਰਾਂ ਵਿੱਚ ਭੂਮੀ ਉਤਪਾਦਨ ਦਾ ਮਹੱਤਵਪੂਰਨ ਸਾਧਨ ਹੈ। ਇਸ ਦੀ ਅਸਮਾਨਤਾ ਦੇ ਕਾਰਨ ਆਮਦਨ ਦੀ ਵੰਡ ਵਿੱਚ ਅਸਮਾਨਤਾ ਪਾਈ ਜਾਂਦੀ ਹੈ। ਸ਼ਹਿਰਾਂ ਵਿੱਚ ਰਿਹਾਇਸ਼ ਲਈ ਪਲਾਟ ਮਹਿੰਗੇ ਹੋਦ ਕਾਰਨ ਗਰੀਬਾਂ ਲਈ ਖਰੀਦਣਾ ਅਸੰਭਵ ਹੈ। ਇਹੋ ਕਾਰਨ ਹੈ ਕਿ ਅਮੀਰ ਆਲੀਸ਼ਾਨ ਮਕਾਨਾਂ ਵਿੱਚ ਰਹਿੰਦੇ ਹਨ ਅਤੇ ਗਰੀਬ ਗੰਦੀ ਬਸਤੀਆਂ ਵਿੱਚ ਕੱਚੇ ਮਕਾਨ ਜਾਂ ਝੁੱਗੀਆਂ ਵਿੱਚ ਰਹਿੰਦੇ ਹਨ।

2. **ਆਮਦਨ ਅਤੇ ਉਪਭੋਗ ਖਰਚ ਵਿੱਚ ਅਸਮਾਨਤਾ:** ਭਾਰਤ ਵਿੱਚ ਆਮਦਨ ਅਤੇ ਉਪਭੋਗ ਦੀ ਵੰਡ ਵਿੱਚ ਬਹੁਤ ਜ਼ਿਆਦਾ ਅਸਮਾਨਤਾ ਪਾਈ ਜਾਂਦੀ ਹੈ। ਮਾਹਿਰਾਂ ਅਨੁਸਾਰ ਉਪਰਲੇ 20 ਪ੍ਰਤੀਸ਼ਤ ਲੋਕਾਂ ਕੋਲ ਰਾਸ਼ਟਰੀ ਆਮਦਨ ਦਾ ਲਗਭਗ 50 ਪ੍ਰਤਿਸ਼ਤ ਭਾਗ ਹੈ ਜਦੋਂ ਕਿ ਨਿਚਲੇ 20 ਪ੍ਰਤਿਸ਼ਤ ਲੋਕਾਂ ਕੋਲ ਸਿਰਫ਼ 9 ਪ੍ਰਤਿਸ਼ਤ ਭਾਗ ਹੈ।

   ਆਮਦਨ ਦੀ ਵੰਡ ਵਿੱਚ ਅਸਮਾਨਤਾ ਦੇ ਕਾਰਨ ਉਪਭੋਗ ਵਿੱਚ ਬਹੁਤ ਅਸਮਾਨਤਾ ਪਾਈ ਜਾਦੀ ਹੈ। ਆਮਦਨ ਘੱਟ ਹੋਣ ਕਾਰਨ ਗਰੀਬ ਚੰਗਾ ਖਾਣਾ, ਸਿੱਖਿਆ ਅਤੇ ਸਿਹਤ ਸਹੂਲਤਾਂ ਨਹੀਂ ਪ੍ਰਾਪਤ ਕਰ ਸਕਦੇ। ਇਸ ਕਾਰਨ ਉਹ ਸ਼ਰੀਰਕ ਪੱਖ ਤੋਂ ਕਮਜ਼ੋਰ ਅਤੇ ਕੰਮ ਕਰਨ ਦੀ ਘੱਟ ਸਮਰੱਥਾ ਰੱਖਦੇ ਹਨ। ਇਸ ਤਰ੍ਹਾਂ ਗਰੀਬ ਵਰਗਾਂ ਨਾਲ ਸੰਬੰਧਿਤ ਵਿਅਕਤੀ ਘੱਟ ਆਮਦਨ, ਘਟੀਆ ਖੁਰਾਕ, ਘੱਟ ਉਤਪਾਦਿਕਤਾ ਘੱਟ ਮਜ਼ਦੂਰੀ ਅਤੇ ਘੱਟ ਉਪਭੋਗ ਦੇ ਕੁਚੱਕਰ ਵਿੱਚ ਫੱਸੇ ਹੋਏ ਹਨ।

3. **ਖੇਤਰੀ ਅਸਮਾਨਤਾ:** ਆਰਥਿਕ ਵਿਕਾਸ ਦੇ ਪੱਖ ਤੋਂ ਭਾਰਤ ਵਿੱਚ ਵੱਖ-ਵੱਖ ਰਾਜਾਂ ਵਿਚਕਾਰ ਬਹੁਤ ਅਸਮਾਨਤਾ ਪਾਈ ਜਾਂਦੀ ਹੈ। ਇਸ ਅਸਮਾਨਤਾ ਦਾ ਮੁੱਖ ਕਾਰਨ ਹੋ ਸਕਦਾ ਹੈ ਵਿਕਾਸ ਦੀ ਦਰ ਅਤੇ ਪ੍ਰਤੀ ਵਿਅਕਤੀ ਆਮਦਨ। ਜਿਨ੍ਹਾਂ ਰਾਜਾਂ ਵਿੱਚ ਪ੍ਰਤੀ ਵਿਅਕਤੀ ਆਮਦਨ ਅਤੇ ਵਿਕਾਸ ਦੀ ਦਰ ਘੱਟ ਹੋਵੇ ਉੱਥੇ ਗਰੀਬੀ ਦਾ ਬੋਲਬਾਲਾ ਜ਼ਿਆਦਾ ਹੁੰਦਾ ਹੈ।

#### 2.7.4.1 ਭਾਰਤ ਵਿੱਚ ਆਰਥਿਕ ਅਸਮਾਨਤਾ ਦਾ ਵਿਸਤਾਰ (extent)

ਕਈ ਮਾਹਿਰਾਂ ਨੇ ਆਪਣੇ-ਆਪਣੇ ਅੰਦਾਜ਼ੇ ਲਾਏ ਹਨ ਕਿਵੇਂ ਕਿ ਐਫ.ਐਚ. ਲਿਡੈਲ ਨੇ ਆਮਦਨ

ਅਸਮਾਨਤਾ ਦੇ ਅੰਦਾਜ਼ੇ ਲਾਏ ਹਨ, ਉਨ੍ਹਾਂ ਦੇ ਮੁਤਾਬਕ 1955-56 ਵਿੱਚ ਉਪਰਲੇ 10 ਫੀਸਦੀ ਰਾਸ਼ਟਰੀ ਆਮਦਨ ਦਾ 34 ਫੀਸਦੀ ਹਿੱਸਾ ਅਤੇ ਨਿਚਲੇ 25 ਫੀਸਦੀ ਸਿਰਫ਼ 916 ਫੀਸਦੀ ਪਾਂਦੇ ਹਨ।

**ਸੂਚੀ - 2**

**ਆਮਦਨ ਦੀਆਂ ਅਸਮਾਨਤਾਂਵਾਂ**

| ਗਰੁੱਪ | ਭਾਰਤੀ ਰਿਜ਼ਰਵ ਬੈਂਕ ਦੁਆਰਾ ਦਿੱਤੇ ਅਨੁਮਾਨ (1953-54 ਤੋਂ 1956-57) | | ਅਇੰਗਾਰ ਅਤੇ ਮੁਖਰਜੀ ਦੁਆਰਾ ਦਿੱਤੇ ਅਨੁਮਾਨ (1952-53 ਤੋਂ 1956-57) | |
|---|---|---|---|---|
| | ਪੇਂਡੂ | ਸ਼ਹਿਰੀ | ਪੇਂਡੂ | ਸ਼ਹਿਰੀ |
| ਉਪਰਲੇ 5% | 17.0 | 26.0 | 14.0 | 17.5 |
| ਉਪਰਲੇ 10% | 25.0 | 37.0 | 34.0 | 25.0 |
| ਉਪਰਲੇ 50% | 69.0 | 75.0 | - | - |
| ਹੇਠਲੇ 20% | 9.0 | 7.0 | 7.5 | 8.5 |

Indian Economics - S.R. Myneni

ਅਇੰਗਾਰ ਅਤੇ ਮੁਖਰਜੀ ਅਨੁਸਾਰ 1956-57 ਵਿੱਚ ਉਪਰਲੇ 10 ਫੀਸਦੀ ਕੁੱਲ ਆਮਦਨ ਦਾ 25 ਫੀਸਦੀ ਅਤੇ ਨਿਚਲੇ 20 ਫੀਸਦੀ ਰਾਸ਼ਟਰੀ ਆਮਦਨ ਦਾ 815 ਫੀਸਦੀ ਹਿੱਸਾ ਪ੍ਰਾਪਤ ਕਰਦੇ ਹਨ।

ਰਿਜ਼ਰਵ ਬੈਂਕ ਆਫ ਇੰਡੀਆ ਵੱਲੋਂ ਦਿੱਤੇ ਅਨੁਮਾਨਾਂ ਅਨੁਸਾਰ 1953-54 ਅਤੇ 1956-57 ਵਿਚਕਾਰ ਵੱਸੋਂ ਦੀ ਉਪਰਲੀ 5 ਫੀਸਦੀ ਵੱਸੋਂ ਕੁੱਲ ਰਾਸ਼ਟਰੀ ਆਮਦਨ ਦਾ 20 ਫੀਸਦੀ ਅਤੇ ਹੇਠਲੀ 20 ਫੀਸਦੀ ਕੇਵਲ 8 ਫੀਸਦੀ ਹਿੱਸਾ ਹੀ ਪ੍ਰਾਪਤ ਕਰਦੇ ਹਨ।

ਉਪਭੋਗ ਸੰਬੰਧੀ ਇਕ ਅਨੁਮਾਨ ਅਨੁਸਾਰ ਸ਼ਹਿਰੀ 55 ਰੁਪਏ ਖਰਚ ਕਰਦੇ ਹਨ ਜਦੋਂ ਕਿ ਹੇਠਲੇ 35 ਫੀਸਦੀ ਸਿਰਫ਼ 18 ਰੁਪਏ ਖਰਚ ਕਰਦੇ ਹਨ। ਇਸ ਦੇ ਉਲਟ ਪਿੰਡਾਂ ਵਿੱਚ ਹੇਠਲੇ 54 ਫੀਸਦੀ ਦਾ ਖਰਚਾ ਸਿਰਫ਼ 18 ਰੁਪਏ ਹੈ।

**2.7.4.2 ਆਰਥਿਕ ਅਸਮਾਨਤਾਵਾਂ ਦੇ ਕਾਰਨ:**

1. ਪਰਿਸੰਪਤੀਆਂ ਦੀ ਵੰਡ ਵਿੱਚ ਅਸਮਾਨਤਾ: ਜਿਨ੍ਹਾਂ ਕੋਲ ਜ਼ਿਆਦਾ ਪਰਿਸੰਪਤੀਆਂ ਹੁੰਦੀ ਹੈ ਉਨ੍ਹਾਂ ਦੀ ਆਮਦਨ ਜ਼ਿਆਦਾ ਹੁੰਦੀ ਹੈ ਅਤੇ ਉਹ ਅਮੀਰ ਹੁੰਦੇ ਜਾਂਦੇ ਹਨ।

**ਸੂਚੀ -3**

**ਪੇਂਡੂ ਖੇਤਰਾਂ ਵਿੱਚ ਪਰਿਸੰਪਤੀਆਂ ਦੀ ਵੰਡ**

| ਗਰੁਪ | ਪਰਿਸੰਪਤੀਆਂ ਦਾ ਪ੍ਰਤੀਸ਼ਤ ਹਿੱਸਾ | |
|---|---|---|
| | 1961 | 2001 |
| ਹੇਠਲੇ 10% | 0.1 | 0.1 |
| ਹੇਠਲੇ 30% | 2.5 | 2.0 |
| ਵਿਚਕਾਰਲੇ 40% | 18.5 | 16.1 |
| ਉਪਰਲੇ 30% | 79.0 | 81.9 |
| ਉਪਰਲੇ 10% | 51.4 | 51.0 |

Indian Economics -S.R. Myneni

ਸੂਚੀ-3 ਦੇਖਣ ਤੋਂ ਪਤਾ ਲਗਦਾ ਹੈ ਕਿ ਪਰਿਸੰਪਤੀਆਂ ਦੀ ਵੰਡ ਵਿੱਚ ਅਸਮਾਨਤਾ 1961 ਤੋਂ 2001 ਤਕ ਦੇ ਸਮੇਂ ਦੌਰਾਨ ਵਧੀ ਹੀ ਹੈ।

2. ਖੇਤੀ ਵਿੱਚ ਆਧੁਨਿਕ ਤਕਨੀਕ ਦੀ ਵਰਤੋਂ ਵਿੱਚ ਅੰਤਰ: ਕਈ ਰਾਜਾਂ ਵਿੱਚ ਸਿੰਚਾਈ ਸਹੂਲਤਾਂ ਹੋਣ ਕਾਰਨ ਨਵੀਂ ਤਕਨੀਕ ਦੀ ਵਰਤੋਂ ਕਰਨਾ ਆਸਾਨ ਹੋ ਗਿਆ ਹੈ ਅਤੇ ਉਤਪਾਦਨ ਵਧ ਗਿਆ ਹੈ।

ਇਸੇ ਤਰ੍ਹਾਂ ਅਮੀਰ ਕਿਸਾਨ ਪੂੰਜੀ ਹੋਣ ਕਾਰਨ ਨਵੀਂ ਤਕਨੀਕ ਇਸਤੇਮਾਲ ਕਰ ਸਕਦੇ ਹਨ।

3. ਵਿਰਾਸਤ ਦਾ ਕਾਨੂੰਨ: ਭੂਮੀ ਦੀ ਛੋਟੀਆਂ ਜੋਤਾਂ ਵਿਰਾਸਤ ਦੇ ਕਾਨੂੰਨ ਦਾ ਨਤੀਜਾ ਹੁੰਦਾ ਹੈ। ਛੋਟੀਆਂ ਜੋਤਾਂ ਉੱਤੇ ਉਤਪਾਦਨ ਵਧਾਉਣਾ ਮੁਸ਼ਕਲ ਹੁੰਦਾ ਹੈ।
4. ਅਸਿੱਧੇ ਕਰਾਂ ਦਾ ਭਾਰ: ਅਸਿੱਧੇ ਕਰਾਂ ਦੇ ਵਾਧੇ ਕਾਰਨ ਗਰੀਬਾਂ ਤੇ ਭਾਰ ਵੱਧਦਾ ਹੈ, ਉਨ੍ਹਾਂ ਦੀ ਵਾਸਤਵਿਕ ਆਮਦਨ ਘੱਟ ਹੋ ਜਾਦੀ ਹੈ। ਇਹੋ ਕਾਰਨ ਹੈ ਕਿ ਗਰੀਬ ਲੋਕ ਪੂੰਜੀ ਦਾ ਨਿਰਮਾਣ ਨਹੀਂ ਕਰ ਸਕਦੇ।
5. ਵਿੱਤੀ ਸੰਸਥਾਵਾਂ ਦੀ ਕਰਜ਼ਾ ਨੀਤੀ: ਵਿੱਤੀ ਸੰਸਥਾਵਾਂ ਵੱਲੋਂ ਉਦਯੋਗਪਤੀਆਂ ਅਤੇ ਵਪਾਰੀਆਂ ਨੂੰ ਪਹਿਲਾਂ ਕਰਜ਼ਾ ਦਿੱਤਾ ਜਾਂਦਾ ਹੈ ਜਿਸ ਕਰਕੇ ਉਨ੍ਹਾਂ ਦੀ ਆਮਦਨ ਵੱਧਦੀ ਹੈ। ਅਮੀਰ ਹੋਰ ਅਮੀਰ ਹੋਕੇ ਅਮੀਰੀ-ਗਰੀਬੀ ਵਿੱਚ ਦੂਰੀ ਵਧਾਂਉਦੇ ਹਨ।
6. ਆਰਥਿਕ ਨੀਤੀ: ਨਵੀਂ ਆਰਥਿਕ ਨੀਤੀ ਕਾਰਨ ਕਰਕੇ ਵੀ ਉਦਯੋਗਪਤੀਆਂ ਅਤੇ ਵਪਾਰੀਆਂ ਨੂੰ ਜ਼ਿਆਦਾ ਲਾਭ ਹੋਇਆ ਹੈ, ਪਰ ਕਿਰਤੀਆਂ ਦੇ ਹਿੱਤਾਂ ਦੀ ਰਾਖੀ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ।

**ਸਰਕਾਰੀ ਉਪਰਾਲੇ**

1. ਵੱਸੋਂ ਤੇ ਕੰਟਰੋਲ
2. ਸਹਾਇਕ ਧੰਦੇ ਚਾਲੂ ਕਰਨ ਲਈ ਕਰਜ਼ੇ
3. ਭੂ-ਸੁਧਾਰ ਲਾਗੂ ਕਰਨਾ
4. ਰੁਜ਼ਗਾਰ ਸੋਮੇਂ ਪੈਦਾ ਕਰਨ ਵਾਲੀਆਂ ਸਕੀਮਾਂ
5. ਪ੍ਰਗਤੀਸ਼ੀਲ ਕਰ ਪ੍ਰਨਾਲੀ
6. ਸਮਾਜਿਕ ਸੇਵਾਵਾਂ ਦਾ ਵਿਸਤਾਰ
7. ਪਿਛੜੇ ਖੇਤਰਾਂ ਦੇ ਵਿਕਾਸ ਤੇ ਜ਼ੋਰ
8. ਕੀਮਤਾਂ ਤੇ ਕੰਟਰੋਲ

**ਸਵੈ ਅਭਿਆਸ – 4**

1. ਅਸਮਾਨਤਾਵਾਂ ਤੋਂ ਕੀ ਭਾਵ ਹੈ?
2. ਭਾਰਤ ਵਿੱਚ ਆਰਥਕ ਅਸਮਾਨਤਾਵਾਂ ਦੇ ਕੀ ਕਾਰਨ ਹਨ?

**2.7.5 ਸਾਰਾਂਸ਼:**

ਇਸ ਪਾਠ ਵਿੱਚ ਅਸੀਂ ਦੇਖਿਆ ਹੈ ਕਿ ਗਰੀਬੀ ਦਾ ਆਮ ਬੋਲਚਾਲ ਦੀ ਭਾਸ਼ਾ ਵਿੱਚ ਭਾਵ ਹੈ, ਜਦੋਂ ਇੱਕ ਸਮਾਜ ਦਾ ਹਿੱਸਾ ਜੀਉਣ ਲਈ ਲੋੜੀਂਦੀਆਂ ਜ਼ਰੂਰਤਾਂ ਨੂੰ ਪੂਰੀਆਂ ਨਾਂ ਕਰ ਸਕੇ ਉਦੋਂ ਉਹ ਗਰੀਬੀ ਦੀ ਰੇਖਾ ਤੋਂ ਹੇਠਾ ਕਹਾਉਂਦਾ ਹੈ। ਗਰੀਬੀ ਦੋ ਤਰ੍ਹਾਂ ਦੀ ਹੈ। ਸਾਪੇਖ ਅਤੇ ਨਿਰਪੇਖ, ਨਿਰਪੇਖ ਤੋਂ ਭਾਵ ਹੈ ਜਦੋਂ ਇੱਕ ਦੇਸ਼ ਦੇ ਆਪਣੇ ਬਣਾਏ ਮਾਪ-ਦੰਡ ਨਾਲ ਗਰੀਬੀ ਦੀ ਵਿਆਖਿਆ ਕੀਤੀ ਜਾਂਦੀ ਹੈ। ਜਦੋਂ ਦੋ ਦੇਸ਼ਾਂ ਦੇ ਵਿਚਕਾਰ ਗਰੀਬੀ ਦੀ ਤੁਲਨਾ ਕੀਤੀ ਜਾਂਦੀ ਹੈ ਤਾਂ ਉਹ ਸਾਪੇਖ ਗਰੀਬੀ ਹੁੰਦੀ ਹੈ। ਵਸੋਂ ਦਾ ਵਧਣਾ, ਆਮਦਨ ਦੇ ਵਾਧੇ ਦੀ ਦਰ ਦਾ ਤੇਜ਼ ਨਾ ਹੋਣਾ, ਆਰਥਕ ਅਸਮਾਨਤਾ ਵਸੋਂ ਦਾ ਖੇਤੀਬਾੜੀ ਖੇਤਰ ਤੇ ਨਿਰਭਰ ਹੋਣਾ ਆਦਿ ਗਰੀਬੀ ਦੇ ਕੁਝ ਕਾਰਨ ਹਨ। ਸਮੇਂ ਸਮੇਂ ਉੱਤੇ ਸਰਕਾਰ ਨੇ ਕਈ ਸਕੀਮਾਂ ਬਣਾ ਕੇ ਗਰੀਬੀ ਅਤੇ ਆਰਥਕ ਅਸਮਾਨਤਾਵਾਂ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ ਪਰ ਅਫ਼ਸੋਸ, ਸਰਕਾਰ ਕੁਝ ਕਮੀਆਂ ਕਰਕੇ ਪੂਰੀ ਤਰ੍ਹਾਂ ਸਫ਼ਲ ਨਹੀ ਹੋ ਸਕੀ ਹੈ।

**2.7.6 ਪ੍ਰਮੁੱਖ ਸ਼ਬਦ:**

1) **ਗਰੀਬੀ ਰੇਖਾ:** ਗਰੀਬੀ ਰੇਖਾ ਉਹ ਰੇਖਾ ਹੈ। ਜਿਹੜੀ ਇੱਕ ਦੇਸ਼ ਵਿੱਚ ਜੀਵਨ ਦੇ ਨਿਊਨਤਮ ਪੱਧਰ ਤੇ ਕਾਰਜ ਕੁਸ਼ਲਤਾ ਲਈ ਨਿਊਨਤਮ ਉਪਭੋਗ ਪ੍ਰਾਪਤ ਕਰਨ ਦੀ ਅਯੋਗਤਾ ਨੂੰ ਦਰਸਾਉਂਦੀ ਹੈ।
2) **ਸਾਪੇਖ ਗਰੀਬੀ:** ਜਦੋਂ ਦੋ ਜਾਂ ਦੋ ਤੋਂ ਵੱਧ ਦੇਸ਼ਾਂ ਵਿਚਕਾਰ ਗਰੀਬੀ ਦੀ ਤੁਲਨਾ ਕੀਤੀ ਜਾਂਦੀ ਹੈ ਤਾਂ ਉਹ ਸਾਪੇਖ ਗਰੀਬੀ ਕਹਾਉਂਦੀ ਹੈ।

3) **ਨਿਰਪੇਖ ਗਰੀਬੀ**: ਇਕ ਦੇਸ਼ ਵਿਚ ਪ੍ਰਚਲਤ ਆਰਥਿਕ ਅਤੇ ਸਮਾਜਿਕ ਸਥਿਤੀਆਂ ਦੇ ਆਧਾਰ ਤੇ ਕੀਤੀ ਗਰੀਬੀ ਦੀ ਵਿਆਖਿਆ ਨਿਰਪੇਖ ਗਰੀਬੀ ਕਹਾਉਂਦੀ ਹੈ।

4) **ਪ੍ਰਗਤੀਸ਼ੀਲ ਕਰ ਪ੍ਰਨਾਲੀ** : ਜਦੋਂ ਆਮਦਨ ਦਾ ਪੱਧਰ ਵੱਧਦਾ ਹੈ ਤਾਂ ਕਰ ਦੀ ਦਰ ਵੀ ਉਸ ਅਨੁਸਾਰ ਵੱਧਦੀ ਹੈ।

### 2.7.7 ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਗਰੀਬੀ ਦੀ ਧਾਰਨਾ ਦੀ ਵਿਆਖਿਆ ਕਰੋ।
2. ਗਰੀਬੀ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ?
3. ਗਰੀਬੀ ਦੇ ਕਿਸੇ ਪੰਜ ਕਾਰਨਾਂ ਦਾ ਵਰਨਨ ਕਰੋ?
4. ਨਿਰਪੇਖ ਅਤੇ ਸਾਪੇਖ ਗਰੀਬੀ ਦੀ ਧਾਰਨਾਵਾਂ ਦਾ ਵਰਨਨ ਕਰੋ।
5. ਅੰਤੋਦਯ ਪ੍ਰੋਗ੍ਰਾਮ ਤੇ ਟਿੱਪਣੀ ਕਰੋ।

### 2.7.8 ਵੱਡੇ ਉੱਤਰਾਂ ਵਾਲੇ ਪ੍ਰਸ਼ਨ

1) ਗਰੀਬੀ ਦੀ ਵਿਆਖਿਆ ਕਰੋ। ਭਾਰਤ ਵਿੱਚ ਗਰੀਬੀ ਦੇ ਕਾਰਨਾਂ ਦਾ ਵਰਨਨ ਕਰੋ?
2) ਭਾਰਤ ਵਿੱਚ ਗਰੀਬੀ ਦੇ ਵਿਸਤਾਰ ਬਾਰੇ ਦੱਸੋ ਅਤੇ ਸਰਕਾਰ ਗਰੀਬੀ ਨੂੰ ਦੂਰ ਕਰਨ ਲਈ ਕੀ ਉਪਰਾਲੇ ਕਰ ਹੀ ਹੈ ਉਨ੍ਹਾਂ ਦਾ ਵੀ ਵਰਨਨ ਕਰੋ?

### 2.7.9 ਪੜ੍ਹਨ ਯੋਗ ਪੁਸਤਕਾਂ


1. Dutt and Mahajam --------- Datt and Sundharam Indian Economy
2. P.K. Dhar --------- Indian Economy
3. S.R. Myneni --------- Indian Economics
4. P.S Grewal --------- Indian Economy


ਇਹ ਪਾਠ ਡੈਕ ਵੱਲੋ ਪ੍ਰਾਪਤ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

ਪਾਠ ਨੰ: 2.8 ਲੇਖਿਕਾ : ਡਾ. ਵਿਪਲਾ ਚੋਪੜਾ

## ਭਾਰਤ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ

**ਪਾਠ ਦੀ ਰੂਪ ਰੇਖਾ**

2.8.1 ਭੂਮਿਕਾ
2.8.2 ਉਦੇਸ਼
2.8.3 ਬੇਰੁਜ਼ਗਾਰੀ ਦਾ ਅਰਥ
2.8.4 ਭਾਰਤ ਵਿੱਚ ਬੇਰੁਜ਼ਗਾਰੀ ਦਾ ਸਰੂਪ
 2.8.4.1 ਪੇਂਡੂ ਬੇਰੁਜ਼ਗਾਰੀ
 2.8.4.2 ਸ਼ਹਿਰੀ ਬੇਰੁਜ਼ਗਾਰੀ
2.8.5 ਭਾਰਤ ਵਿੱਚ ਬੇਰੁਜ਼ਗਾਰੀ ਦੇ ਅਨੁਮਾਨ
2.8.6 ਬੇਰੁਜ਼ਗਾਰੀ ਦੇ ਕਾਰਨ
2.8.7 ਬੇਰੁਜ਼ਗਾਰੀ ਨੂੰ ਹੱਲ ਕਰਨ ਲਈ ਸਰਕਾਰ ਦੇ ਯਤਨ
2.8.8 ਅੱਠਵੀਂ ਅਤੇ ਨੌਵੀਂ ਯੋਜਨਾ ਦੌਰਾਨ ਬੇਰੁਜ਼ਗਾਰੀ
2.8.9 ਸਾਰਾਂਸ਼
2.8.10 ਤਕਨੀਕੀ ਸ਼ਬਦਾਵਲੀ
2.8.11 ਪੜ੍ਹਨ ਯੋਗ ਪੁਸਤਕਾਂ
2.8.12 ਪ੍ਰਸ਼ਨ
 2.8.12.1 ਲੰਮੇ ਪ੍ਰਸ਼ਨ
 2.8.12.2 ਛੋਟੇ ਪ੍ਰਸ਼ਨ

**2.8.1 ਭੂਮਿਕਾ :**

ਬੇਰੁਜ਼ਗਾਰੀ ਦੀ ਸਮੱਸਿਆ ਭਾਰਤ ਦੀਆਂ ਪ੍ਰਮੁੱਖ ਆਰਥਿਕ ਸਮੱਸਿਆਵਾਂ ਵਿੱਚੋਂ ਇੱਕ ਹੈ। ਭਾਰਤ ਦੀ ਜਨਸੰਖਿਆ ਬਹੁਤ ਤੇਜ਼ੀ ਨਾਲ ਵਧ ਰਹੀ ਹੈ ਪਰ ਆਰਥਿਕ ਵਿਕਾਸ ਦੀ ਦਰ ਘੱਟ ਹੋਣ ਦੇ ਕਾਰਨ ਰੋਜ਼ਗਾਰ ਦੇ ਮੌਕੇ ਉਨੇ ਨਹੀਂ ਵਧ ਰਹੇ। ਇਸ ਲਈ ਬੇਰੁਜ਼ਗਾਰੀ ਦੀ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ। ਇਸ ਦੇ ਸਾਡੀ ਅਰਥ ਵਿਵਸਥਾ ਤੇ ਬਹੁਤ ਗੰਭੀਰ ਪ੍ਰਭਾਵ ਪੈ ਰਹੇ ਹਨ ਜਿਵੇਂ ਗਰੀਬੀ ਵਿੱਚ ਵਾਧਾ, ਸਮਾਜਿਕ ਬੁਰਾਈਆਂ ਵਿੱਚ ਵਾਧਾ, ਰਾਜਨੀਤਿਕ ਅਸਥਿਰਤਾ ਆਦਿ। ਇਸ ਲਈ ਇਸ ਸਮੱਸਿਆ ਨੂੰ ਹੱਲ ਕਰਨਾ ਜਰੂਰੀ ਹੋ ਜਾਂਦਾ ਹੈ।

**2.8.2 ਉਦੇਸ਼ :**

ਇਸ ਪਾਠ ਵਿੱਚ ਅਸੀਂ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਸਮਝਣ ਲਈ ਬੇਰੁਜ਼ਗਾਰੀ ਦੇ ਸਰੂਪ (Nature), ਮਾਤਰਾ (Extent), ਕਾਰਨ (Causes) ਅਤੇ ਇਸ ਦੇ ਪ੍ਰਭਾਵਾਂ ਨੂੰ ਵਿਸਤਾਰ ਨਾਲ ਅਧਿਐਨ ਕਰਾਂਗੇ। ਇਸ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ ਦੁਆਰਾ ਕੀਤੇ ਯਤਨਾਂ ਅਤੇ ਹੋਰ ਸੁਝਾਵਾਂ ਬਾਰੇ ਵੀ ਵਿਚਾਰ ਕਰਾਂਗੇ।

**2.8.3 ਬੇਰੁਜ਼ਗਾਰੀ ਦਾ ਅਰਥ :**

ਸਾਧਾਰਨ ਸ਼ਬਦਾਂ ਵਿੱਚ ਜਦੋਂ ਦੇਸ਼ ਵਿੱਚ ਕੰਮ ਕਰਨ ਵਾਲੇ ਇਛੁੱਕ ਆਦਮੀ ਨੂੰ ਪ੍ਰਚਲਿਤ ਮਜ਼ਦੂਰੀ ਤੇ ਕੰਮ ਨਹੀਂ ਮਿਲਦਾ ਤਾਂ ਉਸਨੂੰ ਬੇਰੁਜ਼ਗਾਰ ਕਹਿੰਦੇ ਹਨ ਅਤੇ ਦੂਜੇ ਪਾਸੇ ਜਦੋਂ ਕਿਸੇ ਦੇਸ਼ ਵਿੱਚ ਕੰਮ ਕਰਨ ਵਾਲੇ ਸਾਰੇ ਇਛੁੱਕ ਆਦਮੀਆਂ ਨੂੰ ਪ੍ਰਚਲਿਤ ਮਜ਼ਦੂਰੀ ਦੀ ਦਰ ਤੇ ਕੰਮ ਮਿਲ ਜਾਵੇ ਤਾਂ ਇਸ ਨੂੰ ਪੂਰਣ ਰੁਜ਼ਗਾਰ


(Full Employment) ਦੀ ਅਵਸਥਾ ਕਹਿੰਦੇ ਹਨ। ਪੁਰਾਣੇ ਸਮੇਂ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਨਹੀ ਸੀ ਕਿਉਂਕਿ ਪ੍ਰਾਚੀਨ ਅਰਥ ਸ਼ਾਸਤਰੀ ਪੂਰਣ ਰੁਜ਼ਗਾਰ ਦੀ ਸਥਿਤੀ ਵਿੱਚ ਵਿਸ਼ਵਾਸ ਰੱਖਦੇ ਸਨ ਪਰ 1929–33 ਵਿੱਚ ਵਿਸ਼ਵ ਵਿਆਪੀ ਮੰਦੇ ਦੇ ਦੌਰਾਨ ਪ੍ਰਾਚੀਨ ਅਰਥ ਸ਼ਾਸਤਰੀਆਂ ਦੀ ਇਹ ਧਾਰਨਾ ਗਲਤ ਸਾਬਿਤ ਹੋਈ। ਕੇਨਜ਼ (Keynes) ਨੇ ਆਪਣੀ ਕਿਤਾਬ 'The General Theory of Employment, Interest and Money' ਵਿੱਚ ਮੰਦੇ ਦੇ ਵੱਖ ਵੱਖ ਕਾਰਨਾਂ ਦਾ ਵਿਸਥਾਰ-ਪੂਰਵਕ ਵਰਣਨ ਕੀਤਾ ਹੈ। ਇਨ੍ਹਾਂ ਕਾਰਨਾਂ ਨੂੰ ਦੂਰ ਕਰਨ ਦੇ ਉਪਾਵਾਂ ਦਾ ਵੀ ਵਰਣਨ ਕੀਤਾ ਹੈ। ਇਸ ਮੰਦੇ ਤੋਂ ਪਹਿਲਾਂ ਬੇਰੁਜ਼ਗਾਰੀ ਦੀ ਸਮੱਸਿਆ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾਂਦਾ ਸੀ।

**2.8.4 ਭਾਰਤ ਵਿੱਚ ਬੇਰੁਜ਼ਗਾਰੀ ਦਾ ਸਰੂਪ** :

ਭਾਰਤ ਇੱਕ ਘੱਟ ਵਿਕਸਿਤ ਦੇਸ਼ ਹੈ ਜਿਸ ਵਿੱਚ ਵਿਕਸਿਤ ਉਦਯੋਗਿਕ ਦੇਸ਼ਾਂ ਨਾਲੋਂ ਵੱਖਰੀ ਕਿਸਮ ਦੀ ਬੇਰੁਜ਼ਗਾਰੀ ਦੀ ਸਮੱਸਿਆ ਪਾਈ ਜਾਂਦੀ ਹੈ। ਵਿਕਸਿਤ ਉਦਯੋਗਿਕ ਦੇਸ਼ਾਂ ਵਿੱਚ ਚੱਕਰੀ ਬੇਰੁਜ਼ਗਾਰੀ (Cyclical Unemployment) ਪਾਈ ਜਾਂਦੀ ਹੈ। ਕੇਨਜ਼ (Keynes) ਦੇ ਅਨੁਸਾਰ ਇਸ ਦਾ ਮੁੱਖ ਕਾਰਨ ਪ੍ਰਭਾਵੀ ਮੰਗ ਦੀ ਘਾਟ ਹੈ ਅਤੇ ਇਸ ਨੂੰ ਦੂਰ ਕਰਨ ਲਈ ਪ੍ਰਭਾਵੀ ਮੰਗ ਦੇ ਪੱਧਰ ਨੂੰ ਵਧਾਉਣਾ ਜ਼ਰੂਰੀ ਹੈ। ਪਰੰਤੂ ਭਾਰਤ ਵਿੱਚ ਪਾਈ ਜਾਣ ਵਾਲੀ ਬੇਰੁਜ਼ਗਾਰੀ ਦਾ ਸਰੂਪ ਚੱਕਰੀ ਨਾ ਹੋ ਕੇ ਚਿਰਕਾਲੀਨ (Chronic) ਹੈ।ਇਸ ਦਾ ਮੁੱਖ ਕਾਰਨ ਪ੍ਰਭਾਵੀ ਮੰਗ ਦੀ ਬਹੁਲਤਾ ਹੈ। ਭਾਰਤ ਵਰਗੇ ਘੱਟ ਵਿਕਸਿਤ ਰਾਸ਼ਟਰਾਂ ਵਿੱਚ ਨਾਗਰਿਕਾਂ ਦਾ ਵੱਧ ਖ਼ਰਚਾ ਹੋਣ ਦੇ ਕਾਰਣ ਬੱਚਤ ਦੀ ਦਰ ਘੱਟ ਹੁੰਦੀ ਹੈ। ਘੱਟ ਬੱਚਤਾਂ ਦੀ ਦਰ ਦੇ ਕਾਰਨ ਨਿਵੇਸ਼ ਦੀ ਦਰ ਘੱਟ ਹੁੰਦੀ ਹੈ। ਜਿਸ ਦੇ ਕਾਰਨ ਰੁਜ਼ਗਾਰ ਦਾ ਪੱਧਰ ਘੱਟ ਹੁੰਦਾ ਹੈ। ਆਧੁਨਿਕ ਅਰਥ ਸ਼ਾਸਤਰੀ ਹੋਰ ਦੂਸਰਿਆਂ ਆਰਥਿਕ ਸਮੱਸਿਆਵਾਂ ਨੂੰ ਹੱਲ ਕਰਨ ਲਈ ਬੱਚਤ ਅਤੇ ਨਿਵੇਸ਼ ਵਧਾਉਣ ਉੱਤੇ ਜ਼ੋਰ ਦਿੰਦੇ ਹਨ। ਭਾਰਤ ਵਿੱਚ ਪਾਈ ਜਾਣ ਵਾਲੀ ਬੇਰੁਜ਼ਗਾਰੀ ਦਾ ਸੁਭਾਅ ਸੰਰਚਨਾਤਮਕ (Structural) ਹੈ ਕਿਉਂਕਿ ਸਾਡੇ ਆਰਥਿਕ ਢਾਂਚੇ ਦੀ ਬੁਨਿਆਦ ਕਮਜ਼ੋਰ ਹੈ ਦੇਸ਼ ਦੇ ਵੱਖਰੇ ਵੱਖਰੇ ਖੇਤਰਾਂ ਵਿੱਚ ਅਤੇ ਵੱਖਰੇ ਵੱਖਰੇ ਲੋਕਾਂ ਵਿੱਚ ਕਿਸੇ ਨਾ ਕਿਸੇ ਕਿਸਮ ਦੀ ਬੇਰੁਜ਼ਗਾਰੀ ਪਾਈ ਜਾਂਦੀ ਹੈ। ਭਾਰਤ ਵਿੱਚ ਮੁੱਖ ਤੌਰ ਤੇ ਪੇਂਡੂ ਅਤੇ ਸ਼ਹਿਰੀ ਬੇ ਰੁਜ਼ਗਾਰੀ ਪਾਈ ਜਾਂਦੀ ਹੈ। ਪੇਂਡੂ ਬੇਰੁਜ਼ਗਾਰੀ ਦੇ ਦੋ ਪ੍ਰਕਾਰ ਹਨ।

(i) ਮੌਸਮੀ ਬੇਰੁਜ਼ਗਾਰੀ ਅਤੇ (ii) ਛੁਪੀ ਬੇਰੁਜ਼ਗਾਰੀ

ਸ਼ਹਿਰਾਂ ਵਿੱਚ ਉਦਯੋਗਿਕ, ਪੜ੍ਹੇ ਲਿਖੇ ਲੋਕਾਂ ਦੀ ਬੇਰੁਜ਼ਗਾਰੀ ਅਤੇ ਅਲਪ-ਰੁਜ਼ਗਾਰੀ ਪਾਈ ਜਾਂਦੀ ਹੈ। ਜਿਸ ਨੂੰ ਹੇਠਾਂ ਦਿੱਤੇ ਚਾਰਟ ਰਾਹੀਂ ਦਿਖਾਇਆ ਜਾ ਸਕਦਾ ਹੈ।




**2.8.4.1 ਪੇਂਡੂ ਬੇਰੁਜ਼ਗਾਰੀ** : ਇਹ ਉਹ ਬੇਰੁਜ਼ਗਾਰੀ ਹੈ ਜਿਹੜੀ ਕਿ ਭਾਰਤ ਦੇ ਪਿੰਡਾਂ ਵਿੱਚ ਪਾਈ ਜਾਂਦੀ ਹੈ। ਭਾਰਤ ਦੀ ਜਨਸੰਖਿਆ ਦਾ 68.8 ਪ੍ਰਤਿਸ਼ਤ ਭਾਗ ਪਿੰਡਾਂ ਵਿੱਚ ਵੱਸਦਾ ਹੈ ਅਤੇ ਸਾਡੀ ਬੇਰੁਜ਼ਗਾਰੀ ਦਾ ਮੁੱਖ ਭਾਗ ਵੀ ਪਿੰਡਾਂ ਵਿੱਚ ਹੀ ਦਿਖਾਈ ਦਿੰਦਾ ਹੈ। ਇਸ ਬੇਰੁਜ਼ਗਾਰੀ ਵਿੱਚ ਜ਼ਿਆਦਾ ਮਾਤਰਾ ਅਨਪੜ੍ਹ ਵਿਅਕਤੀਆਂ ਦੀ ਹੈ। ਪੇਂਡੂ ਬੇਰੁਜ਼ਗਾਰੀ ਦੇ ਮੁੱਖ ਤਿੰਨ ਰੂਪ ਹਨ।

(1) ਮੌਸਮੀ ਬੇਰੁਜ਼ਗਾਰੀ (Seasonal Unemployment)
(2) ਛੁਪੀ ਹੋਈ ਬੇਰੁਜ਼ਗਾਰੀ (Disguised Unemployment)
(3) ਕ੍ਰਾਨਿਕ/ਚਿਰਸਥਾਈ (Chronic Unemployment)

(1) **ਮੌਸਮੀ ਬੇਰੁਜ਼ਗਾਰੀ** : ਪੇਂਡੂ ਇਲਾਕਿਆਂ ਵਿੱਚ ਰੁਜ਼ਗਾਰ ਦਾ ਮੁੱਖ ਸੋਮਾ ਖੇਤੀ ਬਾੜੀ ਹੀ ਹੈ। ਭਾਰਤ ਦੀ ਜ਼ਿਆਦਾਤਰ ਭੂਮੀ ਤੇ ਸਾਲ ਵਿੱਚ ਇੱਕ ਹੀ ਫ਼ਸਲ ਹੁੰਦੀ ਹੈ। ਜੋ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਸਾਲ ਵਿੱਚ ਸਿਰਫ਼ 5-6 ਮਹੀਨੇ ਹੀ ਕੰਮ ਤੇ ਲਾ ਸਕਦੀ ਹੈ। ਇੱਕ ਅਨੁਮਾਨ ਦੇ ਅਨੁਸਾਰ ਛੇ ਮਹੀਨੇ ਦੇ ਕਰੀਬ ਖੇਤੀਬਾੜੀ ਤੇ ਆਧਾਰਿਤ ਜਨਸੰਖਿਆ ਦਾ ਕਾਫ਼ੀ ਵੱਡਾ ਹਿੱਸਾ ਬੇਕਾਰ ਰਹਿੰਦਾ ਹੈ।

(2) **ਛੁਪੀ ਬੇਰੁਜ਼ਗਾਰੀ** : ਛੁਪੀ ਹੋਈ ਬੇਰੁਜ਼ਗਾਰੀ ਤੋਂ ਭਾਵ ਉਹ ਬੇਰੁਜ਼ਗਾਰ ਮਜ਼ਦੂਰ ਜਿਹੜੇ ਕਿ ਦੇਖਣ ਵਿੱਚ ਇਸ ਤਰ੍ਹਾਂ ਲੱਗਦੇ ਹਨ ਕਿ ਉਹ ਕੰਮ ਕਰ ਰਹੇ ਹਨ ਪਰੰਤੂ ਅਸਲ ਵਿੱਚ ਉਨ੍ਹਾਂ ਦੇ ਕੰਮ ਕਰਨ ਨਾਲ ਕੁੱਲ ਪੈਦਾਵਾਰ ਵਿੱਚ ਕੋਈ ਵਾਧਾ ਨਹੀ ਹੁੰਦਾ । ਦੂਸਰੇ ਸ਼ਬਦਾਂ ਵਿੱਚ ਛੁਪੇ ਹੋਏ ਬੇਰੁਜ਼ਗਾਰ ਉਹ ਹੁੰਦੇ ਹਨ ਜਿਨ੍ਹਾਂ ਨੂੰ ਕੰਮ ਉਪਰੋਂ ਹਟਾਉਣ ਨਾਲ ਕੁੱਲ ਪੈਦਾਵਾਰ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ। ਅਜਿਹੇ ਲੋਕਾਂ ਦੀ ਸੀਮਾਂਤ ਉਤਪਾਦਿਕਤਾ ਸਿਰਫ ਜਾਂ ਕਈ ਵਾਰ ਰਿਣਾਤਮਕ ਹੁੰਦੀ ਹੈ। ਇੱਕ ਅਨੁਮਾਨ ਅਨੁਸਾਰ ਭਾਰਤ ਵਿੱਚ ਖੇਤੀ ਬਾੜੀ ਵਿੱਚ ਲੱਗੇ ਲੋਕਾਂ ਵਿੱਚੋਂ ਜੇਕਰ 25 ਪ੍ਰਤਿਸ਼ਤ ਲੋਕਾਂ ਨੂੰ ਹਟਾ ਲਿਆ ਜਾਵੇ ਤਾਂ ਖੇਤੀ ਬਾੜੀ ਉਤਪਾਦਨ ਵਿੱਚ ਕੋਈ ਕਮੀ ਨਹੀਂ ਹੋਵੇਗੀ। ਵੱਖਰੇ ਵੱਖਰੇ ਅਨੁਮਾਨਾਂ ਅਨੁਸਾਰ ਪੇਂਡੂ ਖੇਤਰ ਵਿੱਚ ਕੁੱਲ ਕਿਰਤ ਸ਼ਕਤੀ ਦਾ 20 ਤੋਂ 30 ਪ੍ਰਤਿਸ਼ਤ ਤੱਕ ਮਜ਼ਦੂਰ ਛੁਪੀ ਬੇਰੁਜ਼ਗਾਰੀ ਦਾ ਸ਼ਿਕਾਰ ਹਨ। ਪ੍ਰੋ. ਨਰਕਸੇ (Nurkse) ਦੇ ਅਨੁਸਾਰ ਛੁਪੀ ਹੋਈ ਬੇਰੁਜ਼ਗਾਰੀ ਨੂੰ ਸਾਧਨਾਂ ਦੀ ਗਤੀਸ਼ੀਲਤਾ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ।

(3) **ਕ੍ਰਾਨਿਕ ਚਿਰ ਸਥਾਈ ਬੇਰੁਜ਼ਗਾਰੀ/ਲੰਬੇ ਸਮੇਂ ਦੀ ਬੇਰੁਜ਼ਗਾਰੀ** : ਲੰਬੇ ਸਮੇਂ ਦੀ ਬੇਰੁਜ਼ਗਾਰੀ ਤੋਂ ਭਾਵ ਹੈ ਉਹ ਬੇਰੁਜ਼ਗਾਰੀ ਜਿਸ ਸਮੇਂ ਮਜ਼ਦੂਰ ਲੰਬੇ ਸਮੇਂ ਲਈ ਬੇਰੁਜ਼ਗਾਰ ਰਹਿੰਦੇ ਹਨ। ਇਹ ਬੇਕਾਰੀ ਖ਼ਾਸ ਤੌਰ ਤੇ ਭੂਮੀਹੀਨ ਮਜ਼ਦੂਰਾਂ ਵਿੱਚ ਪਾਈ ਜਾਂਦੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਭਾਰਤ ਵਿੱਚ ਜਨਸੰਖਿਆ ਤੇਜ਼ ਦਰ ਨਾਲ ਵਧਦੀ ਰਹੀ ਹੈ ਪਰ ਪੇਂਡੂ ਵਿਕਾਸ ਦਰ ਵਿੱਚ ਵਾਧਾ ਨਹੀਂ ਕੀਤਾ ਜਾ ਸਕਿਆ ਅਤੇ ਇਸ ਦੇ ਫ਼ਲਸਰੂਪ ਪਿੰਡਾਂ ਵਿੱਚ ਰੁਜ਼ਗਾਰ ਦੇ ਮੌਕੇ ਵਧਾਏ ਨਹੀਂ ਜਾ ਸਕੇ।

ਇਸ ਤਰ੍ਹਾਂ ਅਸੀ ਦੇਖਦੇ ਹਾਂ ਕਿ ਪੇਂਡੂ ਇਲਾਕਿਆਂ ਵਿੱਚ ਮੁੱਖ ਰੂਪ ਵਿਚ ਮੌਸਮੀ ਬੇਰੁਜ਼ਗਾਰੀ, ਛੁਪੀ ਹੋਈ ਬੇਰੁਜ਼ਗਾਰੀ ਅਤੇ ਪੁਰਾਤਨ ਬੇਰੁਜ਼ਗਾਰੀ ਪਾਈ ਜਾਂਦੀ ਹੈ ਜਿਸ ਨੂੰ ਖ਼ਤਮ ਕਰਨ ਲਈ ਯਤਨ ਕਰਨੇ ਜ਼ਰੂਰੀ ਹਨ।

**2.8.4.2 ਸ਼ਹਿਰੀ ਬੇਰੁਜ਼ਗਾਰੀ :**

ਸ਼ਹਿਰੀ ਬੇਰੁਜ਼ਗਾਰੀ ਤੋਂ ਭਾਵ ਹੈ ਉਹ ਬੇਰੁਜ਼ਗਾਰੀ ਜਿਹੜੀ ਭਾਰਤ ਦੇ ਸ਼ਹਿਰਾਂ ਵਿੱਚ ਪਾਈ ਜਾਂਦੀ ਹੈ। ਸ਼ਹਿਰੀ ਬੇਰੁਜ਼ਗਾਰੀ ਦੀ ਸਮੱਸਿਆ ਪੇਂਡੂ ਖੇਤਰ ਤੋਂ ਵੱਖਰੀ ਹੈ। ਸ਼ਹਿਰਾਂ ਵਿੱਚ ਮੁੱਖ ਰੂਪ ਵਿੱਚ ਉਦਯੋਗਿਕ ਬੇਰੁਜ਼ਗਾਰੀ, ਪੜ੍ਹੇ ਲਿਖੇ ਵਿਅਕਤੀਆਂ ਵਿੱਚ ਬੇਰੁਜ਼ਗਾਰੀ ਅਤੇ ਅਲਪ ਰੁਜ਼ਗਾਰੀ ਪਾਈ ਜਾਂਦੀ ਹੈ।

**(i) ਉਦਯੋਗਿਕ ਬੇਰੁਜ਼ਗਾਰੀ (Industrial Unemployment) :**

ਵਧਦੇ ਹੋਏ ਸ਼ਹਿਰੀਕਰਨ ਨਾਲ ਬਹੁਤ ਸਾਰੇ ਪੇਂਡੂ ਸ਼ਹਿਰਾਂ ਵਿੱਚ ਆ ਕੇ ਵਸ ਗਏ ਹਨ ਅਤੇ ਵਧਦੀ ਹੋਈ ਜਨਸੰਖਿਆ ਨੇ ਇਸ ਵਿੱਚ ਤੇਜ਼ ਵਾਧਾ ਕੀਤਾ ਹੈ। ਭਾਵ ਉਦਯੋਗਾਂ ਵਿੱਚ ਵਾਧੇ ਦੀ ਦਰ ਸ਼ਹਿਰੀ ਮਜ਼ਦੂਰਾਂ ਦੇ ਵਾਧੇ ਦੀ ਦਰ ਨਾਲੋਂ ਕਾਫ਼ੀ ਪਿੱਛੇ ਰਹਿਹ ਗਈ ਹੈ। ਜਿਸ ਨਾਲ ਸ਼ਹਿਰੀ ਇਲਾਕਿਆਂ ਵਿੱਚ ਉਦਯੋਗਿਕ ਬੇਰੁਜ਼ਗਾਰੀ ਦਾ ਵਾਧਾ ਹੋਇਆ ਹੈ। ਸ਼ਹਿਰਾਂ ਵਿੱਚ ਪੂੰਜੀ ਧਾਨ ਤਕਨੀਕਾਂ ਦੀ ਵਰਤੋਂ ਕਰਕੇ ਰੁਜ਼ਗਾਰ ਦੇ ਜ਼ਿਆਦਾ ਮੌਕੇ ਨਹੀਂ ਪੈਦਾ ਹੋ ਰਹੇ ਅਤੇ ਸਿੱਟੇ ਵੱਜੋਂ ਸ਼ਹਿਰਾਂ ਵਿੱਚ ਉਦਯੋਗਿਕ ਬੇਰੁਜ਼ਗਾਰੀ ਦਿਨੋਂ ਦਿਨ ਵਧ ਰਹੀ ਹੈ। ਇਸ ਤੋਂ ਇਲਾਵਾ ਭਾਰਤੀ ਉਦਯੋਗਾਂ ਵਿੱਚ ਕਿਰਤ ਬੱਚਤ ਵਿਧੀਆਂ (Labour Saving Techniques) ਵੀ ਲਗਾਤਾਰ ਵਧ ਰਹੀਆਂ ਹਨ।

**(ii) ਪੜ੍ਹੇ ਲਿਖੇ ਵਿਅਕਤੀਆਂ ਦੀ ਬੇਰੁਜ਼ਗਾਰੀ (Educated unemployed) :**

ਸ਼ਹਿਰਾਂ ਵਿੱਚ ਪੜ੍ਹੇ ਲਿਖੇ ਵਿਅਕਤੀਆਂ ਵਿੱਚ ਬੇਰੁਜ਼ਗਾਰੀ ਪਾਈ ਜਾਦੀ ਹੈ ਜਿਹੜੀ ਕਿ ਬਹੁਤ ਹੀ ਗੰਭੀਰ

ਕਿਸਮ ਦੀ ਬੇਰੁਜ਼ਗਾਰੀ ਹੈ। ਪੜ੍ਹੇ ਲਿਖੇ ਬੇਰੁਜ਼ਗਾਰਾਂ ਦੀ ਗਿਣਤੀ ਤੋਂ ਭਾਵ ਉਸ ਗਿਣਤੀ ਤੋਂ ਹੈ ਜਿਹਨਾਂ ਪਾਸ ਡਿਗਰੀਆਂ ਅਤੇ ਡਿਪਲੋਮੇ ਤਾਂ ਹਨ ਪਰੰਤੂ ਰੁਜ਼ਗਾਰ ਉਪਲੱਬਧ ਨਹੀਂ ਹਨ। ਪੜ੍ਹੇ ਲਿਖੇ ਬੇਰੁਜ਼ਗਾਰ ਵਿਅਕਤੀਆਂ ਸੰਬੰਧੀ ਠੀਕ ਅੰਕੜੇ ਨਹੀਂ ਮਿਲਦੇ ਪਰ ਫਿਰ ਵੀ ਵੱਖਰੇ ਵੱਖਰੇ ਅਨੁਮਾਨਾਂ ਅਨੁਸਾਰ ਇਸ ਦੀ ਗੰਭੀਰਤਾ ਦਾ ਪਤਾ ਲੱਗਦਾ ਹੈ। ਭਾਰਤ ਵਿੱਚ ਪੜ੍ਹੇ ਲਿਖੇ ਬੇਰੁਜ਼ਗਾਰ ਸ਼ਹਿਰੀ ਬੇਰੁਜ਼ਗਾਰੀ ਦਾ ਇੱਕ ਵੱਡਾ ਹਿੱਸਾ ਹਨ। ਭਾਰਤ ਵਿੱਚ ਕੁੱਲ ਸ਼ਹਿਰੀ ਬੇਰੁਜ਼ਗਾਰਾਂ ਦੀ ਗਿਣਤੀ 1951 ਵਿੱਚ 2.4 ਲੱਖ ਤੋਂ ਵਧ ਕੇ 1961 ਵਿੱਚ 5.9 ਲੱਖ ਹੋ ਗਈ ਅਤੇ 1971 ਵਿੱਚ 22.96 ਲੱਖ, ਇਹ ਗਿਣਤੀ 1981 ਵਿੱਚ 90.18 ਲੱਖ ਤੋਂ ਵਧ ਕੇ 2002 ਵਿੱਚ 291.2 ਲੱਖ ਹੋ ਗਈ ਜਿਹੜੀ ਕੁੱਲ ਦੇਸ਼ ਦੇ ਬੇਰੁਜ਼ਗਾਰਾਂ ਦਾ 74 ਪ੍ਰਤਿਸ਼ਤ ਹੈ।

**(iii) ਅਲਪ ਰੁਜ਼ਗਾਰ (Under-Employment) :**

ਜੇ ਕਿਸੇ ਕਿਰਤੀ ਨੂੰ ਪੂਰਾ ਸਾਲ ਅਤੇ ਉਸਦੀ ਯੋਗਤਾ ਅਨੁਸਾਰ ਕੰਮ ਨਹੀਂ ਮਿਲਦਾ ਤਾਂ ਇਸ ਨੂੰ ਅਲਪ ਰੁਜ਼ਗਾਰ ਕਹਿੰਦੇ ਹਨ। ਜੇ ਕਿਸੇ ਨੂੰ ਘੱਟ ਮਜ਼ਦੂਰੀ ਉੱਤੇ ਕੰਮ ਕਰਨਾ ਪੈਂਦਾ ਹੈ ਤਾਂ ਇਸ ਨੂੰ ਵੀ ਅਲਪ ਰੁਜ਼ਗਾਰ ਕਿਹਾ ਜਾਂਦਾ ਹੈ। ਚੱਕਰੀ (Cyclical) ਅਤੇ ਤਕਨੀਕੀ (Technical) ਰੁਜ਼ਗਾਰ ਵੀ ਸ਼ਹਿਰੀ ਖੇਤਰ ਵਿੱਚ ਪਾਇਆ ਜਾਂਦਾ ਹੈ।

**ਸਵੈ-ਮੁਲਾਂਕਣ ਅਭਿਆਸ –**

1. ਮੌਸਮੀ ਬੇਰੁਜ਼ਗਾਰੀ ਤੋਂ ਕੀ ਭਾਵ ਹੈ?
2. ਭਾਰਤ ਵਿੱਚ ਬੇਰੁਜ਼ਗਾਰੀ ਦੀਆਂ ਕੋਈ ਦੋ ਕਿਸਮਾਂ ਸੰਬੰਧੀ ਦੱਸੋ।

**2.8.5 ਭਾਰਤ ਵਿੱਚ ਬੇਰੁਜ਼ਗਾਰੀ ਦੇ ਅਨੁਮਾਨ :**

ਆਜ਼ਾਦੀ ਤੋਂ ਬਾਅਦ ਭਾਰਤ ਸਰਕਾਰ ਨੇ ਅਨੁਮਾਨ ਨੇ ਰਾਸ਼ਟਰੀ ਪੱਧਰ ਉੱਪਰ ਵੱਖੋ ਵੱਖਰੀਆਂ ਕਮੇਟੀਆਂ ਅਤੇ ਕਮਿਸ਼ਨਾਂ ਦੀ ਨਿਯੁਕਤੀ ਕੀਤੀ ਜਿਨ੍ਹਾਂ ਨੇ ਭਾਰਤ ਦੀ ਬੇਰੁਜ਼ਗਾਰੀ ਦੀ ਮਾਤਰਾ, ਬੇਰੁਜ਼ਗਾਰੀ ਦੇ ਕਾਰਨ ਅਤੇ ਬੇਰੁਜ਼ਗਾਰੀ ਦੇ ਪ੍ਰਤੀ ਸੁਝਾਅ ਦਿੱਤੇ।

1971 ਵਿੱਚ ਦਾਂਤੇਵਾਲਾ ਕਮੇਟੀ ਬੇਰੁਜ਼ਗਾਰੀ ਦੀ ਮਾਤਰਾ ਦਾ ਅੰਦਾਜ਼ਾ ਲਗਾਉਣ ਵਾਸਤੇ ਨਿਸ਼ਚਿਤ ਕੀਤੀ ਗਈ। ਪਰੰਤੂ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਇਹ ਨਤੀਜਾ ਕੱਢਿਆ ਕਿ ਭਾਰਤ ਵਰਗੇ ਸਮਾਜਿਕ ਅਤੇ ਆਰਥਿਕ ਸਥਿਤੀ ਵਾਲੇ ਰਾਸ਼ਟਰਾਂ ਵਿੱਚ ਬੇਰੁਜ਼ਗਾਰੀ ਅਤੇ ਅਲਪ ਬੇਰੁਜ਼ਗਾਰੀ ਦੀ ਮਾਤਰਾ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ। ਪਰੰਤੂ ਫਿਰ ਵੀ ਕੁਝ ਅਰਥ ਸ਼ਾਸਤਰੀਆਂ, ਕਮੇਟੀਆਂ ਅਤੇ ਕਮਿਸ਼ਨਾਂ ਨੇ ਬੇਰੁਜ਼ਗਾਰੀ ਦੀ ਮਾਤਰਾ ਪ੍ਰਤੀ ਅੰਦਾਜ਼ੇ ਲਗਾਏ।

ਕੇਂਦਰੀ ਮਜ਼ਦੂਰ ਅਤੇ ਰੁਜ਼ਗਾਰ ਦੇ ਮੰਤਰੀ ਨੇ ਲੋਕ ਸਭਾ ਵਿੱਚ ਭਾਸ਼ਨ ਦਿੰਦੇ ਹੋਏ ਕਿਹਾ ਕਿ 1951-69 ਦੇ ਸਾਲਾਂ ਵਿੱਚ ਭਾਰਤ ਵਿੱਚ 42.5 ਮਿਲੀਅਨ ਹੋਰ ਲੋਕਾਂ ਨੂੰ ਰੁਜ਼ਗਾਰ ਦਿੱਤਾ ਗਿਆ ਪਰੰਤੂ ਫਿਰ ਵੀ 35 ਮਿਲੀਅਨ ਮਜ਼ਦੂਰ 1969 ਵਿੱਚ ਬੇਰੁਜ਼ਗਾਰ ਸਨ।

ਭਾਰਦ ਵਿੱਚ ਉਹ ਬੇਰੁਜ਼ਗਾਰ ਵਿਕਅਤੀਆਂ, ਜਿਹਨਾਂ ਦਾ ਨਾਮ ਰੁਜ਼ਗਾਰ ਦਫ਼ਤਰਾਂ ਵਿੱਚ ਦਰਜ਼ ਹੈ, ਦੀ ਗਿਣਤੀ 1961 ਵਿੱਚ 18.33 ਲੱਖ ਤੋਂ ਵਧ ਕੇ 1981 ਵਿੱਚ 165.8 ਲੱਖ ਅਤੇ ਮਾਰਚ 1994 ਵਿੱਚ 370 ਲੱਖ ਹੋ ਗਈ। ਇਸ ਦੇ ਨਾਲ ਹੀ ਕੁੱਲ ਰੁਜ਼ਗਾਰ ਪ੍ਰਾਪਤ ਕਰਨ ਵਾਲਿਆਂ ਦੀ ਸੰਖਿਆ 1961 ਵਿੱਚ 5.9 ਲੱਖ ਤੋਂ ਵਧ ਕੇ ਮਾਰਚ 1994 ਵਿੱਚ 230 ਲੱਖ ਹੋ ਗਈ। 1 ਅਪ੍ਰੈਲ 1997 ਵਿੱਚ 7.5 ਮਿਲੀਅਨ ਹੋ ਗਈ। ਜਨਵਰੀ 1996 ਦੇ ਆਖ਼ਿਰ ਵਿੱਚ ਰੁਜ਼ਗਾਰ ਤਲਾਸ਼ ਕਰਨ ਵਾਲਿਆਂ ਦੀ ਗਿਣਤੀ 368.9 ਲੱਖ ਸੀ। ਭਾਰਤ ਵਿੱਚ 1 ਅਪ੍ਰੈਲ 1997 ਨੂੰ ਕੁੱਲ ਬੇਰੁਜ਼ਗਾਰਾਂ ਦੀ ਗਿਣਤੀ 7.5 ਮਿਲੀਅਨ ਸੀ।

ਸਪੈਸ਼ਲ ਗਰੁੱਪ (Special Group) ਨੇ ਭਾਰਤ ਦੇ ਵਿੱਚ ਕੁੱਲ ਬੇਰੁਜ਼ਗਾਰ ਅਤੇ ਬੇਰੁਜ਼ਗਾਰੀ ਦੀ ਦਰ ਦੇ ਅਨੁਮਾਨ ਸੀ.ਡੀ.ਐਸ. ਦੇ ਆਧਾਰ ਤੇ ਬਣਾਏ ਹਨ ਜਿਹੜੇ ਸਾਰਨੀ 1 ਵਿੱਚ ਦਿੱਤੇ ਗਏ ਹਨ। ਇਸ ਸਾਰਨੀ 1 ਤੋਂ ਸਪਸ਼ਟ ਹੈ ਕਿ ਭਾਰਤ ਵਿੱਚ ਕੁੱਲ ਬੇਰੁਜ਼ਗਾਰਾਂ ਦੀ ਗਿਣਤੀ 1993-94 ਵਿੱਚ 20.13 ਮਿਲੀਅਨ ਤੋਂ ਵਧ ਕੇ 1999-2000 ਵਿੱਚ 26.58 ਮਿਲੀਅਨ ਹੋ ਗਈ ਜਿਸ ਵਿੱਚੋਂ ਪਿੰਡਾਂ ਅਤੇ ਸ਼ਹਿਰਾਂ ਦੀ ਗਿਣਤੀ ਕ੍ਰਮਵਾਰ 19.50

ਮਿਲੀਅਨ ਅਤੇ 7.11 ਮਿਲੀਅਨ ਸੀ।

**ਸਾਰਨੀ -1**

**Macro-Scenario on Un-Employment (CDS Basis)**

| | 1983 | 1993-94 | 1999-2000 | 2009-10 | 2011-12 |
|---|---|---|---|---|---|
| **All India** | | | | | |
| 1. Unemployment Rate % | 8.33 | 5.99 | 7.32 | 6.6 | 5.6 |
| 2. No. of Unemployed (Million) | 21.76 | 20.13 | 28.1 | 2.8 | 24.7 |
| **Rural** | | | | | |
| 1. Unemployment Rate % | 7.96 | 5.61 | 7.21 | 6.8 | 5.7 |
| 2. No. of Unemployed (Million) | 16.26 | 14.34 | 19.50 | 20.9 | 17.3 |
| **Urban** | | | | | |
| 1. Unemployment Rate % | 9.64 | 7.19 | 7.65 | 5.8 | 5.5 |
| 2. No. of Unemployed | 5.51 | 5.80 | 7.11 | 7.2 | 7.4 |

**Source** : Economic Survey, 2002-03, P. 218 Quoted in Ruddar Datt and Sundharam 54th edition (2006) P. 403.

**2.8.6 ਬੇਰੁਜ਼ਗਾਰੀ ਦੇ ਕਾਰਨ :**

ਭਾਰਤ ਵਿੱਚ ਵਧਦੀ ਬੇਰੁਜ਼ਗਾਰੀ ਦੀ ਸਮੱਸਿਆ ਕਈ ਤੱਤਾਂ ਕਾਰਨ ਹੈ।

ਇਨ੍ਹਾਂ ਵਿੱਚੋਂ ਮੁੱਖ ਕਾਰਨ ਹੇਠ ਲਿਖੇ ਹਨ।

**1. ਜਨਸੰਖਿਆ ਵਿੱਚ ਤੇਜ਼ੀ ਨਾਲ ਵਾਧਾ (Rapid Growth of Population)**

ਸਾਡੀ ਜਨਸੰਖਿਆ ਵਿਸ਼ੇਸ਼ ਤੌਰ ਤੇ 1951 ਤੋਂ ਬਾਅਦ ਬਹੁਤ ਹੀ ਤੇਜ਼ ਰਫ਼ਤਾਰ ਨਾਲ ਵਧ ਰਹੀ ਹੈ। ਇਸ ਵਿੱਚ ਸਾਲਾਨਾ ਵਾਧੇ ਦੀ ਦਰ ਲਗਭਗ 2.5 ਪ੍ਰਤਿਸ਼ਤ ਰਹੀ ਹੈ, ਲਗਭਗ 4 ਮਿਲੀਅਨ ਜਨਸੰਖਿਆ ਵਿੱਚ ਤੇਜ਼ ਵਾਧੇ ਦੇ ਕਾਰਨ ਮਜ਼ਦੂਰਾਂ ਦੀ ਪੂਰਤੀ ਵੀ ਤੇਜ਼ ਰਫ਼ਤਾਰ ਨਾਲ ਵਧ ਰਹੀ ਹੈ ਜਦੋਂ ਕਿ ਯੋਜਨਾਵਾਂ ਵਿੱਚ ਕੀਤੇ ਗਏ ਯਤਨਾਂ ਦੇ ਬਾਵਜੂਦ ਵੀ ਮਜ਼ਦੂਰਾਂ ਦੇ ਲਈ ਰੁਜ਼ਗਾਰ ਦੇ ਮੌਕੇ ਉਨੀ ਤੇਜ਼ੀ ਨਾਲ ਨਹੀ ਵਧ ਰਹੇ ਜਿੰਨੀ ਤੇਜ਼ੀ ਨਾਲ ਮਜ਼ਦੂਰਾਂ ਦੀ ਸੰਖਿਆ ਵਧ ਰਹੀ ਹੈ, ਸਿੱਟੇ ਵੱਜੋਂ ਤੇਜ਼ੀ ਨਾਲ ਬੇਰੁਜ਼ਗਾਰੀ ਵਧ ਰਹੀ ਹੈ।ਪੇਂਡੂ ਇਲਾਕਿਆਂ ਦੇ ਲੋਕਾਂ ਨੂੰ ਉਹਨਾਂ ਦੀ ਸਮਰੱਥਾ ਅਨੁਸਾਰ ਕੰਮ ਨਹੀ ਮਿਲਦਾ ਅਤੇ ਉਹ ਰੁਜ਼ਗਾਰ ਅਤੇ ਚੰਗੇ ਕੰਮ ਦੀ ਤਲਾਸ਼ ਵਿੱਚ ਸਹਿਰਾਂ ਵੱਲ ਜਾਂਦੇ ਹਨ। ਇਹਨਾਂ ਵਿੱਚੋਂ ਕੁਝ ਨੂੰ ਤਾਂ ਰੁਜ਼ਗਾਰ ਮਿਲ ਜਾਂਦਾ ਹੈ ਪਰ ਵੱਡੀ ਗਿਣਤੀ ਸ਼ਹਿਰਾ ਵਿਚਲੀ ਬੇਰੁਜ਼ਗਾਰੀ ਦੀ ਫ਼ੌਜ (Army of Unemployed) ਵਿੱਚ ਸ਼ਾਮਿਲ ਹੋ ਜਾਂਦੀ ਹੈ।

**2. ਆਰਥਿਕ ਵਿਕਾਸ ਦੀ ਮੱਧਮ ਰਫ਼ਤਾਰ : (Slow rate of economic growth) :**

ਕਿਸੇ ਵੀ ਦੇਸ਼ ਵਿੱਚ ਰੁਜ਼ਗਾਰ ਦਾ ਪੱਧਰ ਕਾਫ਼ੀ ਹੱਦ ਤੱਕ ਵਿਕਾਸ ਦੇ ਪੱਧਰ ਤੇ ਨਿਰਭਰ ਕਰਦਾ ਹੈ, ਕਿਉਂਕਿ ਜਦੋਂ ਕੋਈ ਦੇਸ਼ ਤਰੱਕੀ ਕਰਦਾ ਹੈ ਤਾਂ ਉਤਪਾਦਨ ਵਿੱਚ ਵਿਸਤਾਰ ਹੁੰਦਾ ਹੈ ਅਤੇ ਕੰਮ ਵਿੱਚ ਰੁਜ਼ਗਾਰ ਦੇ ਮੌਕੇ ਵਧਦੇ ਹਨ। ਵੱਖ ਵੱਖ ਪੰਜ ਸਾਲਾ ਯੋਜਨਾਵਾਂ ਵਿੱਚ ਕੀਤੇ ਗਏ ਵਿਸ਼ੇਸ਼ ਯਤਨਾਂ ਦੇ ਬਾਵਜੂਦ ਵੀ ਭਾਰਤ ਵਿੱਚ ਵਿਕਾਸ ਦੀ ਦਰ ਆਮ ਤੌਰ ਤੇ ਮੱਧਮ ਹੀ ਰਹੀ। ਇਸ ਲਈ ਧੀਮੀ ਜਾਂ ਮੱਧਮ ਵਿਕਾਸ ਦੀ ਦਰ ਵੀ

ਭਾਰਤ ਵਿੱਚ ਪਾਈ ਜਾਣ ਵਾਲੀ ਬੇਰੁਜ਼ਗਾਰੀ ਦਾ ਇੱਕ ਮੁੱਖ ਕਾਰਨ ਹੈ।

**Annual Average Growth Rate of National Income (N.N.P)**

**(At 1999-00 Prices)**

| Plan Periods | NNP at Factor Cost | Plan Periods | NNP at Factor Cost |
|---|---|---|---|
| First Plan | 4.4 | Sixth " | 5.4 |
| Second " | 3.8 | Seventh " | 5.5 |
| Third " | 2.6 | Eighth " | 6.7 |
| Annual Plans | 3.9 | Ninth Plan | 5.3 |
| Fourth " | 3.1 | Tenth plan | 7.8 |
| Fifth | 4.9 | | |

**Sources** : Datt and Sundharam Indian Economy : P.34 (2012 ed.)

ਇਸ ਤੋਂ ਇਲਾਵਾ ਆਰਥਿਕ ਵਿਕਾਸ ਆਪਣੇ ਆਪ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਨਹੀਂ ਕਰਦਾ। ਤੇਜ਼ੀ ਨਾਲ ਵਿਕਾਸ ਕਰ ਰਹੀ ਅਰਥ ਵਿਵਸਥਾ ਵਿੱਚ ਵੀ ਬੇਰੁਜ਼ਗਾਰੀ ਦੀਆਂ ਸੰਭਾਵਨਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

**3. ਖੇਤੀ ਬਾੜੀ ਦਾ ਪਿਛੜਾਪਨ (Backwardness of Indian Agriculture)**

ਭਾਰਤ ਦੀ ਖੇਤੀ ਬਾੜੀ ਦੂਸਰੇ ਦੇਸ਼ਾਂ ਦੇ ਮੁਕਾਬਲੇ ਵਿੱਚ ਪਿਛੜੀ ਹੋਈ ਹੈ ਜਿਸ ਦੇ ਕਾਰਨ ਖੇਤੀ ਬਾੜੀ ਤੋਂ ਘੱਟ ਆਮਦਨ ਪ੍ਰਾਪਤ ਹੁੰਦੀ ਹੈ। ਇਸ ਦੇ ਨਾਲ ਭਾਰਤ ਦੀ ਖੇਤੀ ਬਾੜੀ ਇੱਕ ਮੌਸਮੀ ਕਿੱਤਾ ਹੈ ਜਿਸ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਸਾਰਾ ਸਾਲ ਕੰਮ ਨਹੀਂ ਮਿਲਦਾ।

**4. ਅਣਉੱਚਿਤ ਤਕਨੀਕ**

ਭਾਰਤ ਵਿੱਚ ਪੂੰਜੀ ਮੁਕਾਬਲੇ ਕਿਰਤ ਦੀ ਬਹੁਲਤਾ ਹੈ। ਇਹਨਾਂ ਹਾਲਤਾਂ ਵਿੱਚ ਜੇਕਰ ਮੰਡੀ ਦੀਆਂ ਸ਼ਕਤੀਆ (Market forces) ਆਜ਼ਾਦ ਅਤੇ ਕੁਸ਼ਲ ਕੰਮ ਕਰਨ ਤਾਂ ਦੇਸ਼ ਦੀ ਉਤਪਾਦਨ ਕਿਰਿਆ ਵਿੱਚ ਕਿਰਤ ਪ੍ਰਧਾਨ ਤਕਨੀਕਾਂ ਦੀ ਵਰਤੋਂ ਹੋਣੀ ਚਾਹੀਦੀ ਹੈ। ਪਰ ਭਾਰਤ ਵਿੱਚ ਦੇਖਿਆ ਗਿਆ ਹੈ ਕਿ ਸਿਰਫ਼ ਉਦਯੋਗਾਂ ਵਿੱਚ ਹੀ ਨਹੀਂ ਬਲਕਿ ਖੇਤੀ ਵਿੱਚ ਪੂੰਜੀ ਪ੍ਰਧਾਨ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਨੀਤੀ ਬੇਰੁਜ਼ਗਾਰੀ ਵਿੱਚ ਵਾਧਾ ਕਰਦੀ ਹੈ।

**5. ਯੋਜਨਾ ਦੀ ਅਸਫ਼ਲਤਾ (Failure of Planning)**

1951 ਵਿੱਚ ਭਾਰਤ ਦੀ ਪਹਿਲੀ ਪੰਜ ਸਾਲਾ ਯੋਜਨਾ ਬਣਾਈ ਗਈ ਅਤੇ ਵਿਕਾਸ ਦਾ ਆਰੰਭ ਕੀਤਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਨੌਂ ਪੰਜ ਸਾਲਾ ਯੋਜਨਾਵਾਂ ਦੇ ਅਧੀਨ ਭਾਰਤ ਨੇ ਕਾਫ਼ੀ ਉੱਨਤੀ ਕੀਤੀ। ਪਰ ਇਸ ਉੱਨਤੀ ਦੇ ਲਾਭ ਸਭ ਨੂੰ ਇੱਕ ਸਮਾਨ ਪ੍ਰਾਪਤ ਨਹੀ ਹੋਏ ਹਨ। ਯੋਜਨਾਵਾਂ ਨੇ ਅਮੀਰਾਂ ਨੂੰ ਹੋਰ ਅਮੀਰ ਅਤੇ ਗਰੀਬਾਂ ਨੂੰ ਹੋਰ ਗਰੀਬ ਬਣਾਇਆ ਹੈ। ਇਹ ਸਾਡੀਆ ਯੋਜਨਾਵਾਂ ਦੀ ਮੁੱਖ ਅਸਫ਼ਲਤਾ ਹੈ। ਯੋਜਨਾ ਦੌਰਾਨ ਰੁਜ਼ਗਾਰ ਨੂੰ ਵਧਾਉਣ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਗਿਆ ਅਤੇ ਜੇ ਕੁਝ ਪ੍ਰੋਗਰਾਮ ਇਸ ਉਦੇਸ਼ ਲਈ ਬਣਾਏ ਗਏ, ਉਨ੍ਹਾਂ ਨੂੰ ਪ੍ਰਭਾਂਵਸ਼ਾਲੀ ਢੰਗ ਨਾਲ ਲਾਗੂ ਨਹੀ ਕੀਤਾ ਗਿਆ। ਇਸ ਲਈ ਯੋਜਨਾ ਦੀ ਅਸਫਲਤਾ ਵੀ ਬੇਰੁਜ਼ਗਾਰੀ ਲਈ ਇੱਕ ਕਾਰਨ ਬਣੀ ਹੈ।

**6. ਦੋਸ਼ਪੂਰਨ ਵਿੱਦਿਅਕ ਪ੍ਰਣਾਲੀ (Defective Education System)**

ਸਾਡੀ ਸਿੱਖਿਆ ਪ੍ਰਣਾਲੀ ਰੁਜ਼ਗਾਰ ਕੇਂਦਰਿਤ ਨਹੀ ਰਹੀ ਹੈ। ਗੁਨਾਰ ਮਿਰਡਲ ਦੇ ਅਨੁਸਾਰ ਭਾਰਤ ਦੀ ਵਿੱਦਿਅਕ ਪ੍ਰਣਾਲੀ ਦਾ ਮੁੱਖ ਮੰਤਵ ਮਨੁੱਖੀ ਸਾਧਨਾਂ ਦਾ ਵਿਕਾਸ ਕਰਨਾ ਨਹੀ ਸਗੋਂ ਇਸ ਦਾ ਉਦੇਸ਼ ਸਰਕਾਰੀ ਅਤੇ ਨਿੱਜੀ ਅਦਾਰਿਆਂ ਲਈ ਸਿਰਫ਼ ਕਲਰਕ ਅਤੇ ਛੋਟੇ ਕਰਮਚਾਰੀ ਅਫ਼ਸਰ ਪੈਦਾ ਕਰਨਾ ਹੈ।ਇਹ ਇੱਕ

ਅਜਿਹੀ ਫ਼ੈਕਟਰੀ ਹੈ ਜਿਹੜੀ ਕਿ ਸਾਇੰਸ, ਆਰਟਸ ਅਤੇ ਕਾਮਰਸ ਦੇ ਗਰੈਜੂਏਟ ਪੈਦਾ ਕਰਦੀ ਹੈ, ਪਰੰਤੂ ਅਜਿਹੇ ਵਿਅਕਤੀ ਪੈਦਾ ਨਹੀ ਕਰਦੀ ਜਿਹੜੇ ਆਪਣੇ ਆਪ ਰੁਜ਼ਗਾਰ ਪ੍ਰਾਪਤ ਕਰ ਸਕਣ ਅਰਥਾਤ ਭਾਰਦ ਦੀ ਵਿਦਿਆ ਪ੍ਰਣਾਲੀ Vocational ਅਤੇ Job Oriented ਨਹੀ। ਮਿਰਡਲ ਅਨੁਸਾਰ ਉਹ ਸਾਰੇ ਵਿਅਕਤੀ ਜੋ ਅਜਿਹੀ ਵਿਦਿਆ ਪ੍ਰਾਪਤੀ ਕਰਦੇ ਹਨ ਸਿਰਫ਼ ਅਣਉਚਿਤ ਹੀ ਨਹੀ ਬਲਕਿ ਗਲਤ ਸਿੱਖਿਅਤ ਵੀ ਹਨ। ਮਿਰਡਲ ਦੁਆਰਾ ਭਾਰਤੀ ਵਿੱਦਿਅਕ ਪ੍ਰਣਾਲੀ, ਜੋ ਮਨੁੱਖ ਸਾਧਨਾਂ ਦਾ ਠੀਕ ਵਿਕਾਸ ਨਹੀ ਕਰਦੀ, ਦੀ ਅਲੋਚਨਾਂ ਬਿਲਕੁਲ ਉੱਚਿਤ ਹੈ।

7. **ਪੂੰਜੀ ਦੀ ਘਾਟ (Shortage of Capital)**

ਭਾਰਤ ਇੱਕ ਪ੍ਰਤਿ ਵਿਅਕਤੀ ਘੱਟ ਆਮਦਨ ਵਾਲਾ ਦੇਸ਼ ਹੈ ਜਿਸ ਦੇ ਕਾਰਨ ਭਾਰਤ ਵਿੱਚ ਬੱਚਤਾਂ ਵੀ ਬਹੁਤ ਘੱਟ ਹੋਈਆਂ ਹਨ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਪੂੰਜੀ ਨਿਰਮਾਣ ਦੀ ਦਰ ਅਤੇ ਬੱਚਤਾਂ ਦਾ ਸਿੱਧਾ ਸੰਬੰਧ ਹੈ। ਭਾਵ ਜਦੋਂ ਬੱਚਤਾਂ ਦੀ ਪੱਧਰ ਉੱਚੀ ਹੋਵੇਗੀ ਤਾਂ ਪੂੰਜੀ ਨਿਰਮਾਣ ਦੀ ਦਰ ਵੀ ਉੱਚੀ ਹੋਵੇਗੀ ਨਹੀਂ ਤਾਂ ਪੂੰਜੀ ਦੀ ਘਾਟ ਦੇ ਕਾਰਨ ਵੀ ਜ਼ਿਆਦਾ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਹੋ ਸਕਣਗੇ।

8. **ਮਜ਼ਦੂਰਾਂ ਦੀ ਗਤੀਸ਼ੀਲਤਾ ਦੀ ਘਾਟ (Lack of mobility)**

ਭਾਰਤ ਦੇ ਮਜ਼ਦੂਰਾਂ ਦੀ ਗਤੀਸ਼ੀਲਤਾ ਦਾ ਘੱਟ ਹੋਣਾ ਬੇਰੁਜ਼ਗਾਰੀ ਦਾ ਕਾਰਣ ਹੈ। ਅੱਜ ਵੀ ਭਾਰਤੀ ਖੇਤੀ ਮਜ਼ਦੂਰ ਅੰਧ ਵਿਸ਼ਵਾਸੀ ਅਤੇ ਅਨਪੜ੍ਹ ਹਨ। ਉਨ੍ਹਾਂ ਨੂੰ ਆਪਣੇ ਸਥਾਨ ਨਾਲ ਇਨ੍ਹਾਂ ਲਗਾਉ ਹੈ ਕਿ ਬੇਕਾਰ ਹੋਣ ਦੀ ਸਥਿਤੀ ਵਿੱਚ ਵੀ ਉਹ ਆਪਣੇ ਸਥਾਨ ਜਾਂ ਪਿੰਡ ਨੂੰ ਛੱਡ ਕੇ ਜਾਣ ਲਈ ਅਤੇ ਬਾਹਰ ਜਾ ਕੇ ਕੰਮ ਕਰਨ ਲਈ ਤਿਆਰ ਨਹੀਂ ਹੁੰਦੇ । ਇਸ ਤੋਂ ਇਲਾਵਾ ਦੇਸ਼ ਦੇ ਵੱਖ ਵੱਖ ਖੇਤਰਾਂ ਵਿੱਚ ਭਾਸ਼ਾ, ਜਾਤ-ਪਾਤ, ਧਰਮ, ਸਭਿਆਚਾਰ ਅਤੇ ਰੀਤੀ-ਰਿਵਾਜਾਂ ਦੇ ਅੰਤਰ ਕਾਰਨ ਵੀ ਉਹ ਆਪਣਾ ਇਲਾਕਾ ਜਾਂ ਸਥਾਨ ਨੂੰ ਛੱਡ ਕੇ ਜਾਣ ਲਈ ਤਿਆਰ ਨਹੀਂ ਹੁੰਦੇ। ਨਤੀਜੇ ਵੱਜੋਂ ਭਾਰਤ ਦੇ ਕਿਸੇ ਖੇਤਰ ਵਿੱਚ ਰੁਜ਼ਗਾਰ ਸਹੂਲਤਾਂ ਹੁੰਦਿਆ ਹੋਇਆਂ ਵੀ ਮਜ਼ਦੂਰ ਨਹੀ ਮਿਲਦੇ ਜਦ ਕਿ ਕੁਝ ਪੇਂਡੂ ਖੇਤਰਾਂ ਵਿੱਚ ਉਹ ਬੇਕਾਰ ਫਿਰਦੇ ਦਿਖਾਈ ਦਿੰਦੇ ਹਨ।

9. **ਲਘੂ ਅਤੇ ਕੁਟੀਰ ਉਦਯੋਗਾਂ ਵੱਲ ਅਣਗਹਿਲੀ (Neglect of small scale and Cottage Industries) :**

ਜਿਵੇਂ ਕਿ ਅਸੀ ਜਾਣਦੇ ਹਾਂ ਕਿ ਲਘੂ ਅਤੇ ਕੁਟੀਰ ਉਦਯੋਗ ਮਜ਼ਦੂਰ ਪ੍ਰਧਾਨ (Labour intensive) ਹੁੰਦੇ ਹਨ, ਭਾਵ ਮਜ਼ਦੂਰਾਂ ਦੀ ਇਸ ਵਿੱਚ ਜ਼ਿਆਦਾ ਲੋੜ ਹੁੰਦੀ ਹੈ। ਪਰੰਤੂ ਭਾਰਤ ਵਿੱਚ ਇਨ੍ਹਾਂ ਉਦਯੋਗਾਂ ਦਾ ਪੂਰਣ ਰੂਪ ਵਿੱਚ ਵਿਕਾਸ ਨਹੀ ਹੋ ਸਕਿਆ। ਇਨ੍ਹਾਂ ਉਦਯੋਗਾਂ ਦਾ ਅਪੂਰਣ ਵਿਕਾਸ ਵੀ ਭਾਰਤ ਵਿੱਚ ਬੇਰੁਜ਼ਗਾਰੀ ਦਾ ਇੱਕ ਮੁੱਖ ਕਾਰਨ ਹੈ।

10. **ਉਤਪਾਦਨ ਸਮਰੱਥਾ ਦੀ ਘੱਟ ਵਰਤੋਂ (Under utilization of Installed Capacity)**

ਭਾਰਤ ਦੇ ਉਦਯੋਗ ਵਿੱਚ ਪਿਛਲੇ ਕਾਫ਼ੀ ਸਾਲਾਂ ਤੋਂ ਉਹਨਾਂ ਦੀ ਉਤਪਾਦਨ ਸਮਰੱਥਾ ਦੇ ਮੁਕਾਬਲੇ ਘੱਟ ਵਰਤੋਂ (Under Utilisation) ਹੋ ਰਹੀ ਹੈ ਅਤੇ ਵੱਖਰੇ ਵੱਖਰੇ ਸੋਮਿਆਂ ਤੋਂ ਵੱਖਰੇ ਵੱਖਰੇ ਅੰਕੜੇ ਮਿਲਦੇ ਹਨ ਜਿਹੜੇ 20-30 ਤੋਂ 60-70 ਪ੍ਰਤਿਸ਼ਤ ਫ਼ਰਕ ਦਰਸਾਉਂਦੇ (Varb) ਕਰਦੇ ਹਨ ਪਰ ਇਸ ਵਿੱਚ ਕੋਈ ਦੋ ਰਾਵਾਂ ਨਹੀ ਕਿ ਭਾਰਤ ਦੇ ਜ਼ਿਆਦਾ ਉਦਯੋਗਾਂ ਵਿੱਚ ਔਸਤਨ ਉਤਪਾਦਨ ਸਮਰੱਥਾ ਦੀ ਵਰਤੋਂ ਲਗਭਗ 50-60 ਪ੍ਰਤਿਸ਼ਤ ਹੈ।

ਭਾਰਤ ਦੇ ਉਤਪਾਦਨ ਉਦਯੋਗਾਂ (Manufacturing Industries) ਵਿੱਚ ਵੀ ਉਤਪਾਦਨ ਸਮਰੱਥਾ ਘਟ ਰਹੀ ਹੈ ਜਿਹੜੀ ਹੇਠ ਦਿੱਤੇ ਟੇਬਲ ਤੋਂ ਵੇਖੀ ਜਾ ਸਕਦੀ ਹੈ।

ਟੇਬਲ ਜਾਂ ਸਾਰਨੀ -2

**Capacity Utilization in Manufacturing Industries**

| Year | Index of | | Capacity Utilization Percent |
|---|---|---|---|
| | Capacity 1970=100 | Production | |
| 1970 | 100 | 100.00 | 85.2 |
| 1975 | 142.5 | 122.0 | 72.9 |
| 1980 | 187.5 | 169.1 | 76.8 |
| 1981(Estimated) | 186.9 | 182.6 | 79.0 |

**Sources :** Indian Economy : P.K. Dhar, p.352.

ਉਰੋਕਤ ਕਾਰਨਾਂ ਤੋਂ ਇਲਾਵਾ ਪੇਂਡੂ ਇਲਾਕਿਆਂ ਦੇ ਵਿਕਾਸ ਵੱਲ ਵੱਖਰੀਆਂ ਵੱਖਰੀਆਂ ਯੋਜਨਾਵਾਂ ਵਿੱਚ ਧਿਆਨ ਨਾ ਦੇਣਾ, ਮਜ਼ਦੂਰਾਂ ਦੀ ਘੱਟ ਯੋਗਤਾ, ਉਦਯੋਗਿਕ ਲੜਾਈ ਝਗੜੇ, ਘਰੇਲੂ ਅਤੇ ਛੋਟੇ ਪੈਮਾਨੇ ਦੇ ਉਦਯੋਗਾਂ ਦਾ ਪਤਨ ਆਦਿ ਪੇਂਡੂ ਅਤੇ ਸ਼ਹਿਰੀ ਬੇਰੁਜ਼ਗਾਰੀ ਦੇ ਮਹੱਤਵਪੂਰਨ ਕਾਰਨ ਹਨ।

**ਸਵੈ-ਮੁਲਾਂਕਣ ਅਭਿਆਸ – 2**

1. ਭਾਰਤ ਵਿੱਚ ਬੇਰੁਜ਼ਗਾਰੀ ਦੇ ਚਾਰ ਮੁੱਖ ਕਾਰਨਾਂ ਦਾ ਵੇਰਵਾ ਦਿਓ।
2. ਭਾਰਤ ਵਿੱਚ ਬੇਰੁਜ਼ਗਾਰੀ ਦੀ ਮਾਤਰਾ ਬਾਰੇ ਸੰਖੇਪ ਨੋਟ ਲਿਖੋ।

## 2.8.7 ਬੇਰੁਜ਼ਗਾਰੀ ਨੂੰ ਹੱਲ ਕਰਨ ਲਈ ਸਰਕਾਰ ਦੇ ਯਤਨ

ਬੇਰੁਜ਼ਗਾਰੀ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਭਾਰਤ ਸਰਕਾਰ ਨੇ ਵੱਖਰੀਆਂ ਵੱਖਰੀਆਂ ਪੰਜ ਸਾਲਾਂ ਯੋਜਨਾਵਾਂ ਵਿੱਚ ਬਹੁਤ ਸਾਰੇ ਪ੍ਰਯਤਨ ਕੀਤੇ ਹਨ। ਪਿਛਲੀਆਂ ਯੋਜਨਾਂਵਾਂ ਵਿੱਚ ਇਸ ਸਮੱਸਿਆ ਦੇ ਵੱਲ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਤੀਜੀ ਪੰਜ ਸਾਲਾ ਯੋਜਨਾ ਦੌਰਾਨ ਭਾਰਤ ਸਰਕਾਰ ਨੇ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਸਮੇਂ ਸਮੇਂ ਤੇ ਕੁਝ ਯਤਨ ਕੀਤੇ ਹਨ। ਹੁਣ ਤੱਕ ਕੀਤੇ ਯਤਨਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ।

(ੳ) ਸਾਧਾਰਣ ਰੁਜ਼ਗਾਰ ਲਈ ਕੀਤੇ ਯਤਨ,

(ਅ) ਸਿਖਿਅਤ ਰੁਜ਼ਗਾਰ ਲਈ ਕੀਤੇ ਯਤਨ,

(ੲ) ਰੁਜ਼ਗਾਰ ਸੇਵਾਵਾਂ

### (ੳ) ਸਾਧਾਰਨ ਰੁਜ਼ਗਾਰ ਲਈ ਕੀਤੇ ਯਤਨ :

ਸਾਧਾਰਨ ਰੁਜ਼ਗਾਰ ਵਧਾਉਣ ਲਈ ਕੀਤੇ ਯਤਨਾਂ ਨੂੰ ਤਿੰਨਾਂ ਪੱਖਾਂ ਵਿੱਚ ਵੇਖਿਆ ਜਾ ਸਕਦਾ ਹੈ।

(i) ਮਜ਼ਦੂਰੀ ਰੁਜ਼ਗਾਰ ਵਧਾਉਣ ਲਈ ਕੀਤੇ ਯਤਨ,

(ii) ਸਵੈ-ਰੁਜ਼ਗਾਰ ਪ੍ਰਾਪਤ ਕਰਨ ਲਈ ਕੀਤੇ ਯਤਨ,

(iii) ਪੇਂਡੂ ਗਰੀਬਾਂ ਨੂੰ ਰੁਜ਼ਗਾਰ ਦੇਣ ਲਈ ਕੀਤੇ ਯਤਨ।

(i) ਮਜ਼ਦੂਰੀ ਰੁਜ਼ਗਾਰ ਵਧਾਉਣ ਲਈ ਸਰਕਾਰ ਇੱਕ ਪਾਸੇ ਨਿਵੇਸ਼ ਦਾ ਆਕਾਰ ਵਧਾਉਣ ਦਾ ਯਤਨ ਕਰਦੀ ਹੈ ਅਤੇ ਦੂਜੇ ਪਾਸੇ ਨਿਵੇਸ਼ ਆਮਦਨ ਅਨੁਪਾਤ ਨੂੰ ਬੇਹਤਰ ਕਰਨ ਦਾ ਯਤਨ ਕਰਦੀ ਹੈ।

(ii) ਸਵੈ-ਰੁਜ਼ਗਾਰ ਵਧਾਉਣ ਲਈ ਇਸ ਤਰ੍ਹਾਂ ਦੀਆਂ ਸਕੀਮਾਂ ਹਨ ਜਿਹੜੀਆਂ ਲੋਕਾਂ ਨੂੰ ਆਪਣੇ ਛੋਟੇ ਕਾਰੋਬਾਰ ਜਾਂ ਉਦਯੋਗ ਲਾਉਣ ਵਿੱਚ ਮੱਦਦ ਕਰਦੀਆਂ ਹਨ। ਸਰਕਾਰ ਸੰਬੰਧਿਤ ਵਿਅਕਤੀਆਂ ਨੂੰ ਸਸਤੀਆਂ ਦਰਾਂ ਉੱਤੇ ਵਿੱਤੀ ਸਹਾਇਤਾ ਦਿੰਦੀ ਹੈ, ਕੱਚਾ ਮਾਲ ਸਪਲਾਈ ਕਰਦੀ ਹੈ ਅਤੇ ਵਸਤਾਂ ਨੂੰ ਵੇਚਣ ਵਿੱਚ ਵੀ ਸਹਾਇਤਾ ਕਰਦੀ ਹੈ।

(iii) ਪੇਂਡੂ ਗਰੀਬਾਂ ਨੂੰ ਰੁਜ਼ਗਾਰ ਦੇਣ ਲਈ ਸਰਕਾਰ ਕਿਸਾਨਾਂ ਨੂੰ ਸਸਤੀਆਂ ਦਰਾਂ ਤੇ ਕਰਜ਼ੇ, ਲੋੜੀਂਦੇ ਖੇਤੀ ਸਾਧਨ (Inputs), ਮੰਡੀ ਸਹੂਲਤਾਂ ਆਦਿ ਉਪਲੱਬਧ ਕਰਵਾਉਂਦੀ ਹੈ।

ਸਰਕਾਰ ਨੇ ਵੱਖ-ਵੱਖ ਯੋਜਨਾਵਾਂ ਦੌਰਾਨ ਬਹੁਤ ਸਾਰੀਆਂ ਸਕੀਮਾਂ ਬਣਾਈਆਂ ਜਿਹਨਾਂ ਦੇ ਫ਼ਲਸਰੂਪ ਲੋਕਾਂ ਨੂੰ ਕੁਝ ਰੁਜ਼ਗਾਰ ਪ੍ਰਾਪਤ ਹੋਏ ਹਨ। ਇਸ ਸ੍ਰੇਣੀ ਦੇ ਤਹਿਤ ਆਉਂਦੇ ਪ੍ਰੋਗਰਾਮਾਂ ਦਾ ਸੰਖੇਪ ਵਰਣਨ ਕੀਤਾ ਜਾਂਦਾ ਹੈ।

### (1) ਰੁਜ਼ਗਾਰ ਗਰੰਟੀ ਸਕੀਮ (Employment Guarantee Scheme)

ਇਹ ਸਕੀਮ ਸਭ ਤੋਂ ਪਹਿਲਾਂ 1972-73 ਵਿੱਚ ਮਹਾਂਰਾਸ਼ਟਰ ਸਰਕਾਰ ਨੇ ਪਿੰਡਾਂ ਦੇ ਸਾਰੇ ਤੰਦਰੁਸਤ, ਗੈਰ-ਹੁਨਰਵੰਦ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਸ਼ੁਰੂ ਕੀਤੀ। ਇਸਦੇ ਤਹਿਤ 50 ਵਿਅਕਤੀਆਂ ਦੇ ਇੱਕ ਸਮੂਹ ਨੂੰ 5 ਮੀਲ ਦੇ ਘੇਰੇ ਅੰਦਰ ਕਿਸੇ ਪ੍ਰਾਜੈਕਟ ਵਿੱਚ ਰੁਜ਼ਗਾਰ ਦਿੱਤਾ ਜਾਂਦਾ ਸੀ। ਪਰ ਇਸ ਸਕੀਮ ਦੇ ਤਹਿਤ ਸਾਲ ਵਿੱਚ ਇੱਕ ਕਾਮੇ ਨੂੰ ਸਿਰਫ਼ 160 ਦਿਨ ਕੰਮ ਮਿਲਿਆ ਅਤੇ 3 ਰੁਪਏ ਪ੍ਰਤਿ ਦਿਨ ਮਜ਼ਦੂਰੀ ਮਿਲੀ। ਇਹ ਸਕੀਮ ਹੋਰ ਰਾਜਾਂ ਜਿਵੇਂ ਕਿ ਕੇਰਲ, ਰਾਜਸਥਾਨ, ਪੱਛਮੀ ਬੰਗਾਲ ਆਦਿ ਵਿੱਚ ਵੀ ਸ਼ੁਰੂ ਕੀਤੀ ਗਈ ਪਰ ਇਹ ਸਕੀਮ ਕਾਮਯਾਬ ਸਿੱਧ ਨਹੀਂ ਹੋਈ।

(2) **ਅਨਾਜ ਬਦਲੇ ਕੰਮ ਪ੍ਰੋਗਰਾਮ (Food-For-Work-Scheme)**

ਇਹ ਸਕੀਮ ਅਪ੍ਰੈਲ 1997 ਵਿੱਚ ਪਿੰਡਾਂ ਦੇ ਲੋਕਾਂ ਨੂੰ ਕੰਮ ਬਦਲੇ ਅਨਾਜ ਦੇਣ ਲਈ ਚਲਾਈ ਗਈ ਸੀ। ਇਸ ਸਕੀਮ ਤਹਿਤ ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰਾਂ ਨੂੰ ਅਨਾਜ ਵੀ ਦਿੱਤਾ ਜਾਣਾ ਸੀ ਬਸ਼ਰਤੇ ਕਿ ਰਾਜ ਸਰਕਾਰਾਂ ਇਹ ਖ਼ਰਚਾ ਆਪਣੇ ਬਜਟ ਤੋਂ ਵੱਖ ਕਰਦੀਆਂ ਅਤੇ ਨਾਲ ਹੀ ਸਮੁਦਾਇ ਸਾਧਨ (Community assets) ਪੈਦਾ ਕਰਦੀਆਂ। ਇਹ ਯੋਜਨਾ ਕੁਝ ਸਮਾਂ ਚੱਲੀ ਪਰ ਜਨਤਾ ਸਰਕਾਰ ਦੇ ਬਦਲੇ ਜਾਣ ਨਾਲ ਨਵੀਂ ਸਰਕਾਰ ਨੇ ਇਸਦੇ ਬਦਲੇ ਰਾਸ਼ਟਰੀ ਪੇਂਡੂ ਰੁਜ਼ਗਾਰ ਸ਼ੁਰੂ ਕੀਤਾ।

(3) **ਰਾਸ਼ਟਰੀ ਪੇਂਡੂ ਰੁਜ਼ਗਾਰ ਪ੍ਰੋਗਰਾਮ (National Rural Employment Programme)**

ਰਾਸ਼ਟਰੀ ਪੇਂਡੂ ਪ੍ਰੋਗਰਾਮ ਅਕਤੂਬਰ, 1980 ਵਿੱਚ ਆਰੰਭ ਕੀਤਾ ਗਿਆ ਹੈ। ਇਸ ਪ੍ਰੋਗਰਾਮ ਦਾ ਉਦੇਸ਼ ਪੇਂਡੂ ਮਨੁੱਖਾਂ ਅਤੇ ਇਸਤਰੀਆਂ ਦੇ ਲਈ ਵਧੇਰੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ; ਸਮੁਦਾਇ ਸਾਧਨਾਂ ਦਾ ਨਿਰਮਾਣ ਕਰਨਾ ਅਤੇ ਪੇਂਡੂ ਗਰੀਬ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਕਰਨਾ ਹੈ। ਛੇਵੀਂ ਪੰਜ ਸਾਲਾ ਯੋਜਨਾ ਦੌਰਾਨ ਕੇਂਦਰ ਅਤੇ ਰਾਜ ਸਰਕਾਰਾਂ ਨੇ ਕੁੱਲ 1837 ਕਰੋੜ ਰੁਪਏ ਦਾ ਖ਼ਰਚਾ ਕੀਤਾ ਅਤੇ 1775 ਮਿਲੀਅਨ ਮਨੁੱਖੀ ਦਿਨ ਰੁਜ਼ਗਾਰ ਪ੍ਰਾਪਤ ਹੋਇਆ। ਛੇਵੀਂ ਪੰਜ ਸਾਲਾ ਯੋਜਨਾ ਦੌਰਾਨ ਦੋ ਹੋਰ ਪ੍ਰੋਗਰਾਮ ਅਰਥਾਤ ਸੰਗਠਿਤ ਪੇਂਡੂ ਵਿਕਾਸ ਪ੍ਰੋਗਰਾਮ ਅਤੇ ਪੇਂਡੂ ਭੂਮੀਹੀਨ ਰੁਜ਼ਗਾਰ ਗਾਰੰਟੀ ਪ੍ਰੋਗਰਾਮ ਸ਼ੁਰੂ ਕੀਤੇ ਗਏ।

(4) **ਸੰਗਠਿਤ ਪੇਂਡੂ ਵਿਕਾਸ ਪ੍ਰੋਗਰਾਮ (Integerated Rural Development Programme)**

ਸੰਗਠਿਤ ਪੇਂਡੂ ਵਿਕਾਸ ਪ੍ਰੋਗਰਾਮ, ਪੇਂਡੂ ਖੇਤਰਾਂ ਵਿੱਚ ਬੇਰੁਜ਼ਗਾਰੀ ਅਤੇ ਗਰੀਬੀ ਨੂੰ ਖ਼ਤਮ ਕਰਨ ਲਈ ਅਰੰਭਿਆ ਗਿਆ ਹੈ। ਇਸ ਪ੍ਰੋਗਰਾਮ ਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਸਾਰੇ ਪੱਖਾਂ ਦਾ ਇਕੱਠਾ ਵਿਕਾਸ ਕਰਨਾ ਹੈ। ਇਸਦੇ ਅੰਤਰਗਤ 5111 ਬਲਾਕਾਂ ਵਿੱਚ ਖੇਤੀ, ਪਸ਼ੂ ਪਾਲਣ, ਕੱਪੜਾ ਬੁਣਨਾ, ਹੱਥ ਉਦਯੋਗ ਅਤੇ ਛੋਟੇ ਉਦਯੋਗ ਆਦਿ ਦਾ ਵਿਕਾਸ ਕਰਕੇ ਵਧੇਰੇ ਮਾਤਰਾ ਵਿੱਚ ਰੁਜ਼ਗਾਰ ਦਿਵਾਉਣ ਦੀ ਵਿਵਸਥਾ ਹੈ। ਛੇਵੀਂ ਯੋਜਨਾ ਵਿੱਚ ਸਰਕਾਰ ਨੇ ਇਸ ਪ੍ਰੋਗਰਾਮ ਲਈ 1500 ਕਰੋੜ ਰੁਪਏ ਰੱਖੇ ਅਤੇ 1661 ਕਰੋੜ ਰੁਪਏ ਖ਼ਰਚ ਕੀਤੇ ਅਤੇ 1656 ਮਿਲੀਅਨ ਮਨੁੱਖੀ ਦਿਨ ਰੁਜ਼ਗਾਰ ਦਿੱਤਾ। ਸੱਤਵੀਂ ਯੋਜਨਾ ਦੌਰਾਨ 18.2 ਮਿਲੀਅਨ ਪਰਿਵਾਰਾਂ ਨੂੰ ਲਾਭ ਹੋਇਆ ਅਤੇ 3316 ਕਰੋੜ ਰੁਪਏ ਖ਼ਰਚ ਕੀਤੇ ਗਏ। 1992-93 ਤੋਂ 1993-94 ਤੱਕ ਖ਼ਰਚ 1650 ਕਰੋੜ ਰੁਪਏ ਸੀ ਅਤੇ 46.1 ਪਰਿਵਰਾਂ ਨੂੰ ਸਹਾਇਤਾ ਦਿੱਤੀ ਗਈ।

(5) **ਪੇਂਡੂ ਭੂਮੀਹੀਨ ਰੁਜ਼ਗਾਰ ਗਰੰਟੀ ਸਕੀਮ (Rural Landless Employment Guarantee Programme)**

ਭੂਮੀਹੀਨ ਕਿਰਤੀਆਂ ਨੂੰ ਰੁਜ਼ਗਾਰ ਦੇਣ ਲਈ ਇਹ ਯੋਜਨਾ 15 ਅਗਸਤ 1983 ਨੂੰ ਸ਼ੁਰੂ ਕੀਤੀ ਗਈ ਸੀ। ਇਹ ਯੋਜਨਾ ਹਰ ਸਾਲ ਭੂਮੀਹੀਨ ਪਰਿਵਾਰਾਂ ਨੂੰ ਘੱਟ ਤੋਂ ਘੱਟ 100 ਦਿਨ ਰੁਜ਼ਗਾਰ ਦੀ ਗਰੰਟੀ ਦਿੰਦੀ ਹੈ। ਇਸ ਪ੍ਰੋਗਰਾਮ ਵਿੱਚ ਭੂਮੀਹੀਨ ਕਿਰਤੀਆਂ,Scheduled Castes and Scheduled Tribe ਔਰਤਾਂ ਨੂੰ ਰੁਜ਼ਗਾਰ ਮੁਹੱਈਆਂ ਕਰਵਾਇਆ ਜਾਵੇਗਾ। ਸੱਤਵੀਂ ਯੋਜਨਾ ਵਿੱਚ ਕੇਂਦਰ ਸਰਕਾਰ ਵੱਲੋਂ 1744 ਕਰੋੜ ਰੁਪਏ ਇਸ ਪ੍ਰੋਗਰਾਮ ਤੇ ਖ਼ਰਚ ਕਰਨ ਅਤੇ 1013 ਮਿਲੀਅਨ ਮਨੁੱਖੀ ਦਿਨ ਰੁਜ਼ਗਾਰ ਦੇਣਾ ਸੀ ਪਰ ਇਸ ਦੇ ਪਹਿਲੇ ਤਿੰਨ ਸਾਲਾਂ ਵਿੱਚ 1742 ਕਰੋੜ ਰੁਪਏ ਖ਼ਰਚ ਹੋਏ ਅਤੇ 858 ਮਿਲੀਅਨ ਮਨੁੱਖੀ ਦਿਨ ਅਰਥਾਤ Target ਦਾ 85 ਪ੍ਰਤਿਸ਼ਤ ਰੁਜ਼ਗਾਰ ਪ੍ਰਾਪਤ ਕੀਤਾ।

(6) **ਜਵਾਹਰ ਰੁਜ਼ਗਾਰ ਯੋਜਨਾ (Jawahar Rozgar Yojna)**

ਜਵਾਹਰ ਰੁਜ਼ਗਾਰ ਯੋਜਨਾ 28 ਅਪ੍ਰੈਲ 1989 ਨੂੰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੁਆਰਾ ਸ਼ੁਰੂ ਕੀਤੀ ਗਈ ਸੀ। ਇਸ ਪ੍ਰੋਗਰਾਮ ਦੇ ਤਹਿਤ ਸਾਰੇ ਮਜ਼ਦੂਰੀ ਰੁਜ਼ਗਾਰ ਪ੍ਰੋਗਰਾਮ (Wage Employment) ਜਿਵੇਂ ਕਿ NREP, REGP ਆਦਿ ਨੂੰ ਸੰਕਲਿਤ (Merged) ਕਰ ਦਿੱਤੇ ਗਏ। ਇਸ ਪ੍ਰੋਗਰਾਮ ਦਾ ਉਦੇਸ਼ ਦੇਸ਼ ਦੀ ਹਰ ਇੱਕ ਪੰਚਾਇਤ ਤੱਕ ਪਹੁੰਚਣਾ ਹੈ। ਇਸ ਪ੍ਰੋਗਰਾਮ ਦਾ 80 ਪ੍ਰਤਿਸ਼ਤ ਖ਼ਰਚਾ ਕੇਂਦਰ ਸਰਕਾਰ ਅਤੇ 20 ਪ੍ਰਤਿਸ਼ਤ ਖ਼ਰਚਾ ਰਾਜ ਸਰਕਾਰਾਂ ਵੱਲੋਂ ਖ਼ਰਚ ਕਰਨ ਦਾ ਪ੍ਰਬੰਧ ਕੀਤਾ ਗਿਆ।

ਇਸ ਪ੍ਰੋਗਰਾਮ ਅਧੀਨ ਸਾਧਨਾਂ ਦੀ ਵੰਡ ਕਰਨ ਲੱਗਿਆਂ ਰਾਜਾਂ ਦੀ ਗਰੀਬੀ ਰੇਖਾ ਤੋਂ ਹੇਠਾਂ ਜਨਸੰਖਿਆ ਦੇ ਅਨੁਪਾਤ ਨੂੰ ਧਿਆਨ ਵਿੱਚ ਔਸਤਨ 3000 ਤੋਂ 4000 ਦੀ ਵਸੋਂ ਵਾਲੇ ਪਿੰਡ ਨੂੰ ਹਰੇਕ ਸਾਲ 80.000 ਰੁ:

ਅਤੇ ਇੱਕ ਲੱਖ ਰੁਪਏ ਤੱਕ ਦੇਣ ਦੀ ਯੋਜਨਾ ਸੀ। ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਗਰੀਬ ਪਰਿਵਾਰ ਦੇ ਘੱਟੋ ਘੱਟ ਇੱਕ ਮੈਂਬਰ ਨੂੰ ਸਾਲ ਵਿੱਚ ਘੱਟੋ ਘੱਟ 50 ਤੋਂ 100 ਦਿਨਾਂ ਦਾ ਰੁਜ਼ਗਾਰ ਮੁਹੱਈਆਂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਵੈ-ਰੁਜ਼ਗਾਰ ਲਈ (National Scheme of Training of Rural Youth (Trysem) ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਦਾ ਮੰਤਵ ਪੇਂਡੂ ਯੁਵਕਾਂ ਨੂੰ ਵਿਭਿੰਨ ਖੇਤਰਾਂ ਵਿੱਚ ਸਵੈ-ਰੁਜ਼ਗਾਰ ਬਾਰੇ ਟ੍ਰੇਨਿੰਗ ਦੇਣਾ ਹੈ।

ਭਾਵੇਂ ਵਿਭਿੰਨ ਯੋਜਨਾਵਾਂ ਅਧੀਨ ਦੇਸ਼ ਦੇ ਵੱਖ ਵੱਖ ਹਿੱਸਿਆ ਵਿੱਚ ਰੁਜ਼ਗਾਰ ਨੀਤੀ ਨਾਲ ਸੰਬੰਧਿਤ ਪ੍ਰੋਗਰਾਮ ਸ਼ੁਰੂ ਕੀਤੇ ਗਏ ਪ੍ਰੰਤੂ ਫਿਰ ਵੀ ਦੇਸ਼ ਵਿੱਚੋਂ ਪੇਂਡੂ ਅਤੇ ਸ਼ਹਿਰੀ ਬੇਰੁਜ਼ਗਾਰੀ ਘੱਟ ਨਹੀ ਹੋ ਸਕੀ।

**(ਅ) ਸਿਖਿਅਤ ਅਤੇ ਕੁਸ਼ਲ ਕਾਮਿਆਂ ਨੂੰ ਖ਼ਾਸ ਰੁਜ਼ਗਾਰ ਲਈ ਯਤਨ :**

ਤਕਨੀਕੀ ਵਿੱਦਿਆ ਵਾਲੇ, ਸਾਧਾਰਨ ਵਿੱਦਿਆ ਵਾਲੇ ਵਿਅਕਤੀ ਅਤੇ ਉਹ ਵਿਅਕਤੀ ਜਿਹਨਾਂ ਨੇ ਕੋਈ ਵੀ ਹੋਰ ਸਿੱਖਿਆ ਪ੍ਰਾਪਤ ਕੀਤੀ ਹੋਵੇ ਇਸ ਸ੍ਰੇਣੀ ਵਿੱਚ ਸ਼ਾਮਿਲ ਕੀਤੇ ਜਾਂਦੇ ਹਨ। ਸਾਧਾਰਨ ਵਿੱਦਿਆ ਪ੍ਰਾਪਤ ਵਿਅਕਤੀਆਂ ਲਈ ਬੇਰੁਜ਼ਗਾਰੀ ਦੀ ਸਮੱਸਿਆ ਬਹੁਤ ਗੰਭੀਰ ਹੈ। ਦੂਜੇ ਪਾਸੇ ਤਕਨੀਕੀ ਅਤੇ ਹੋਰ ਸਿੱਖਿਆ ਪ੍ਰਾਪਤ ਵਿਕਅਤੀਆਂ ਨੂੰ ਬੇਰੁਜ਼ਗਾਰੀ ਦੀ ਸਮੱਸਿਆ ਘੱਟ ਹੈ। ਸਾਧਾਰਨ ਵਿੱਦਿਆ ਪ੍ਰਾਪਤ ਵਿਅਕਤੀਆਂ ਨੂੰ ਰੁਜ਼ਗਾਰ ਉਬਪਲਬੱਧ ਕਰਵਾਉਣ ਵਿੱਚ ਸਰਕਾਰ ਨੂੰ ਕਾਫ਼ੀ ਯਤਨ ਕਰਨੇ ਪੈਂਦੇ ਹਨ।

**(ੲ) ਰੁਜ਼ਗਾਰ ਸੇਵਾਵਾਂ :**

ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਰੁਜ਼ਗਾਰ ਸੇਵਾਵਾਂ ਦਾ ਦੂਜੇ ਦਰਜੇ ਦਾ ਰੋਲ ਹੈ। ਇਹ ਆਪਣੇ ਆਪ ਵਿੱਚ ਰੁਜ਼ਗਾਰ ਪੈਦਾ ਨਹੀਂ ਕਰਦੀਆਂ ਬਲਕਿ ਰੁਜ਼ਗਾਰ ਦੇ ਪੈਦਾ ਮੌਕਿਆਂ ਨੂੰ ਉਚਿਤ ਸਮੇਂ ਤੇ ਜਾਣਕਾਰੀ ਦੇ ਕੇ ਉਹਨਾਂ ਨੂੰ ਜਲਦੀ ਰੁਜ਼ਗਾਰ ਲੱਭਣ ਵਿੱਚ ਮੱਦਦ ਕਰਦੀਆਂ ਹਨ। ਸਰਕਾਰ ਨੇ ਸਾਰੇ ਦੇਸ਼ਾਂ ਵਿੱਚ ਥਾਂ-ਥਾਂ ਤੇ ਰੁਜ਼ਗਾਰ ਦਫ਼ਤਰ ਖੋਲ੍ਹੇ ਹਨ।

### 2.8.8 ਅੱਠਵੀਂ, ਨੌਵੀਂ, ਦੱਸਵੀਂ ਅਤੇ ਗਿਆਰਵੀਂ ਯੋਜਨਾ ਦੌਰਾਨ ਰੁਜ਼ਗਾਰ ਨੀਤੀ : (Employment Policy in the Eighth, Ninth, Tenth and Eleventh Plan)

ਭਾਵੇਂ ਸੱਤਵੀ ਯੋਜਨਾ ਦੇ ਪੂਰਾ ਹੋਣ ਤੱਕ ਕਈ ਰੁਜ਼ਗਾਰ ਪੈਦਾ ਕਰਨ ਵਾਲੀਆਂ ਸਕੀਮਾਂ ਲਾਗੂ ਕੀਤੀਆਂ ਗਈਆਂ ਸਨ ਪਰੰਤੂ ਫਿਰ ਵੀ ਦੇਸ਼ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਗੰਭੀਰ ਹੀ ਸੀ। ਸਾਲ 1992 ਵਿੱਚ ਦੇਸ਼ ਵਿੱਚ ਬੇਰੁਜ਼ਗਾਰਾਂ ਦੀ ਗਿਣਤੀ 23 ਮਿਲੀਅਨ ਆਂਕੀ ਗਈ ਸੀ। ਅੱਠਵੀ ਪੰਜ ਸਾਲਾ ਯੋਜਨਾ ਦੇ (1992-97) ਸ਼ੁਰੂ ਵਿੱਚ ਲਗਭਗ 301.7 ਮਿਲੀਅਨ ਲੋਕ ਰੁਜ਼ਗਾਰ ਤੇ ਲੱਗੇ ਹੋਏ ਸਨ । ਖੁੱਲ੍ਹੀ ਬੇਰੁਜ਼ਗਾਰੀ ਅੰਦਾਜਨ 17 ਮਿਲੀਅਨ ਸੀ ਜਿਸ ਵਿੱਚੋਂ ਪੜ੍ਹੇ ਲਿਖੇ ਬੇਰੁਜ਼ਗਾਰ 7 ਮਿਲੀਅਨ ਹੋਣ ਦਾ ਅਨੁਮਾਨ ਲਗਾਇਆ ਗਿਆ ਸੀ। ਅਲਪ ਰੁਜ਼ਗਾਰ 6 ਮਿਲੀਅਨ ਸੀ। ਅੱਠਵੀਂ ਯੋਜਨਾ ਵਿੱਚ ਰੁਜ਼ਗਾਰ ਪੈਦਾ ਕਰਨ ਦੀ ਰਫ਼ਤਾਰ ਨੂੰ ਤੇਜ਼ ਕਰਨ ਲਈ ਮੁਕਾਬਲਤਨ ਵਧੇਰੇ ਰੁਜ਼ਗਾਰ ਸੰਭਾਵਨਾ ਵਾਲੇ ਖੇਤਰਾਂ ਦੇ ਵਾਧੇ ਦੀ ਦਰ ਤੇਜ਼ ਕਰਕੇ ਆਰਥਿਕ ਵਾਧੇ ਦੀ ਉੱਚੀ ਦਰ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਸੀ।

1993-94 ਵਿੱਚ ਰੁਜ਼ਗਾਰ ਪੈਦਾ ਕਰਨ ਲਈ ਦੋ ਨਵੇਂ ਪ੍ਰੋਗਰਾਮ (i) Employment Assurance Scheme (EAS) and(ii) Prime Minister's Rojgar Yojana (PMRY) ਸ਼ੁਰੂ ਕੀਤੇ ਗਏ ਸਨ।2003-04 ਵਿੱਚ EAS ਸਕੀਮ ਦੇ ਅਧੀਨ ਅੰਦਾਜਨ 37128 ਕਰੋੜ PMRY ਸਕੀਮ ਤਹਿਤ 18 ਤੋਂ 25 ਸਾਲ ਦੀ ਉਮਰ ਦੇ ਬੇਰੁਜ਼ਗਾਰ ਪੜ੍ਹੇ ਲਿਖੇ ਯੁਵਕਾਂ ਅਤੇ 24 ਹਜ਼ਾਰ ਤੱਕ ਦੀ ਸਲਾਨਾ ਆਮਦਨ ਵਾਲੇ ਪਰਿਵਾਰਾਂ ਨੂੰ ਇਹ ਸਹਾਇਤਾ ਦੇਣ ਦੀ ਤਜ਼ਵੀਜ ਸੀ।PMRY ਸਕੀਮ ਦੇ ਅਧੀਨ 2003-04 ਵਿੱਚ 1.2 ਲੱਖ ਕੇ ਕਰੀਬ ਛੋਟੇ ਅਦਾਰੇ ਅਤੇ 1.8 ਲੱਖ ਲੋਕਾਂ ਨੂੰ ਰੁਜ਼ਗਾਰ ਦਿੱਤਾ ਗਿਆ ਸੀ। 2003-04 ਦੇ ਅੰਤ ਤੱਕ PMRY ਸਕੀਮਾਂ ਅਧੀਨ 172 ਲੱਖ ਛੋਟੇ ਉੱਦਮ ਲਗਾਏ ਗਏ ਅਤੇ 24.82 ਲੱਖ ਲੋਕਾਂ ਨੂੰ ਰੁਜ਼ਗਾਰ ਮੁਹੱਈਆਂ ਕੀਤਾ ਗਿਆ ਸੀ। ਸਵਰਨ ਜਯੰਤੀ ਸ਼ਹਿਰੀ ਰੁਜ਼ਗਾਰ ਯੋਜਨਾ (ਦਸੰਬਰ 1997) ਸੰਪੂਰਨ ਗ੍ਰਾਮੀਨ ਰੁਜ਼ਗਾਰ ਯੋਜਨਾ (ਸਤੰਬਰ 2001), ਪ੍ਰਧਾਨ ਮੰਤਰੀ ਗ੍ਰਾਮੋਦਿਆ ਯੋਜਨਾ(2000), ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ (2000), ਵੀ ਕੁਝ ਹੋਰ ਰੁਜ਼ਗਾਰ ਪੈਦਾ ਕਰਨ ਵਾਲੇ ਸਰਕਾਰ ਵੱਲੋਂ ਸਮੇਂ ਸਮੇਂ ਸ਼ੁਰੂ ਕੀਤੇ ਗਏ ਪ੍ਰੋਗਰਾਮ ਹਨ।

ਨੌਵੀਂ ਯੋਜਨਾ ਵਿੱਚ ਵੀ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਉਜਾਗਰ ਕੀਤਾ ਗਿਆ ਹੈ। ਰਾਸ਼ਟਰੀ ਵਿਕਾਸ ਕੌਂਸਲ (NDC) ਵੱਲੋਂ ਸਵੀਕਾਰ ਕੀਤੇ ਗਏ ਨੌਵੀਂ ਯੋਜਨਾ ਦੇ ਡ੍ਰਾਫਟ ਵਿੱਚ ਬੇਰੁਜ਼ਗਾਰੀ ਨੂੰ ਘਟਾਉਣ ਅਤੇ ਯੋਜਨਾ ਕਾਲ ਦੌਰਾਨ 50 ਮਿਲੀਅਨ ਲੋਕਾਂ ਲਈ ਰੁਜ਼ਗਾਰ ਮੁਹੱਈਆਂ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਨੌਵੀਂ ਯੋਜਨਾ ਵਿੱਚ ਉਨ੍ਹਾਂ ਖੇਤਰਾਂ ਵਿੱਚ ਉਤਪਾਦਕੀ ਰੁਜ਼ਗਾਰ ਵਧਾਉਣ ਦਾ ਪ੍ਰਾਥਮਿਕ ਉਦੇਸ਼ ਨਿਰਧਾਰਤ ਕੀਤਾ ਗਿਆ ਹੈ। ਜਿੰਨ੍ਹਾਂ ਵਿੱਚ ਬੇਰੁਜ਼ਗਾਰੀ ਬਹੁਤ ਜ਼ਿਆਦਾ ਹੈ। ਗਰੀਬਾਂ ਲਈ ਰੁਜ਼ਗਾਰ ਦੇ ਅਵਸਰ ਵਧਾਉਣ ਲਈ ਰਾਸ਼ਟਰੀ ਰੁਜ਼ਗਾਰ ਸਹਾਇਤਾ ਸਕੀਮ ( National Employment Assistance Scheme) ਸ਼ੁਰੂ ਕੀਤੀ ਗਈ ਹੈ।

ਦੱਸਵੀਂ ਯੋਜਨਾ ਵਿਚ ਉਨ੍ਹਾਂ ਖੇਤਰਾਂ ਤੇ ਧਿਆਨ ਦਿੱਤਾ ਗਿਆ ਜਿਥੇ ਕਿ ਰੁਜ਼ਗਾਰ ਦੇ ਵੱਧ ਸੋਮੇ ਹੁੰਦੇ ਹਨ। ਗਿਆਰਵੀਂ ਯੋਜਨਾ ਦਾ ਉਦੇਸ਼ 58 ਮਿਲੀਅਨ ਰੁਜ਼ਗਾਰ ਦੇ ਮੌਕੇ ਉਤਪੰਨ ਕਰਨਾ ਸੀ। ਇਸ ਯੋਜਨਾ ਅਨੁਸਾਰ ਹਾਲਾਂਕਿ ਸਵੈ-ਰੁਜ਼ਗਾਰ ਮਹੱਤਵਪੂਰਨ ਹੈ, ਪਰੰਤੂ ਇਸ ਤੋਂ ਇਲਾਵਾ ਰੈਗੂਲਰ ਰੁਜ਼ਗਾਰ ਵੀ ਵੱਧਣਾ ਚਾਹੀਦਾ ਹੈ। ਬਾਰਵੀਂ ਯੋਜਨਾ ਦਾ ਉਦੇਸ਼ 50 ਮਿਲੀਅਨ ਗੈਰ-ਜ਼ਰਾਇਤੀ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਸੀ। ਪਰੰਤੂ ਨੀਤੀ (NITI) ਆਯੋਗ ਦੇ ਸਥਾਪਿਤ ਹੋਣ ਨਾਲ ਇਹ ਯੋਜਨਾ ਵਿੱਚ ਹੀ ਬੰਦ ਹੋ ਗਈ।

**2.8.9 ਸਾਰਾਂਸ਼ :**

ਬੇਰੁਜ਼ਗਾਰੀ ਭਾਰਦ ਦੀ ਪ੍ਰਮੁੱਖ ਆਰਥਿਕ ਸਮੱਸਿਆ ਹੈ। ਜਿਹੜੇ ਵਿਅਕਤੀ ਪ੍ਰਚਲਿਤ ਮਜ਼ਦੂਰੀ ਦਰ ਤੇ ਕੰਮ ਕਰਨ ਨੂੰ ਤਿਆਰ ਹੋਣ ਪ੍ਰੰਤੂ ਉਹਨਾਂ ਨੂੰ ਕੰਮ ਨਾ ਮਿਲੇ ਉਹ ਬੇਰੁਜ਼ਗਾਰ ਕਹਾਉਂਦੇ ਹਨ। ਇਸ ਪਾਠ ਵਿਚ ਤੁਹਾਨੂੰ ਦੱਸਿਆ ਗਿਆ ਹੈ ਕਿ ਭਾਰਤ ਵਿੱਚ ਵੱਖਰੇ ਵੱਖਰੇ ਖੇਤਰਾਂ ਵਿੱਚ ਅਤੇ ਵੱਖਰੇ ਵੱਖਰੇ ਲੋਕਾਂ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਦੀ ਬੇਰੁਜ਼ਗਾਰੀ ਪਾਈ ਜਾਂਦੀ ਹੈ। ਇਹ ਬੇਰੁਜ਼ਗਾਰੀ ਸੰਰਚਾਨਤਮਕ ਹੋਣ ਕਾਰਣ ਚਿਰਕਾਲੀਨ ਕਿਸਮ ਦੀ ਹੈ। ਭਾਰਤੀ ਪੇਂਡੂ ਬੇਰੁਜ਼ਗਾਰੀ ਵਿੱਚ ਮੌਸਮੀ ਬੇਰੁਜ਼ਗਾਰੀ, ਛੁਪੀ ਬੇਰੁਜ਼ਗਾਰੀ, ਚਿਰਸਥਾਈ ਬੇਰੁਜ਼ਗਾਰੀ, ਪੜ੍ਹੇ ਲਿਖੇ ਵਿਅਕਤੀਆਂ ਦੀ ਬੇਰੁਜ਼ਗਾਰੀ ਅਤੇ ਅਲਪ ਰੁਜ਼ਗਾਰ ਸ਼ਾਮਿਲ ਹਨ। ਜਿੱਥੇ 1983 ਵਿੱਚ ਲਗਭਗ 22 ਮਿਲੀਅਨ ਲੋਕ ਬੇਰੁਜ਼ਗਾਰ ਸਨ ਉੱਥੇ 2000 ਵਿੱਚ ਇਹ ਗਿਣਤੀ ਵਧਕੇ 27 ਮਿਲੀਅਨ ਹੋ ਗਈ ਸੀ। ਜਨਸੰਖਿਆ ਦਾ ਤੇਜ਼ੀ ਨਾਲ ਵਧਣਾ, ਆਰਥਿਕ ਵਿਕਾਸ ਦੀ ਧੀਮੀ ਰਫ਼ਤਾਰ, ਪਛੜੀ ਖੇਤੀ, ਅਣਉੱਚਿਤ ਤਕਨੀਕ, ਯੋਜਨਾਬੰਦੀ ਦੀਆਂ ਅਸਫ਼ਲਤਾਵਾਂ ਦੋਸ਼ਪੂਰਨ ਵਿੱਦਿਅਕ ਪ੍ਰਣਾਲੀ, ਪੂੰਜੀ ਦੀ ਘਾਟ, ਮਜ਼ਦੂਰਾਂ ਦੀ ਗਤੀਸ਼ੀਲਤਾ ਦੀ ਘਾਟ, ਲਘੂ ਅਤੇ ਕੁਟੀਰ ਉਦਯੋਗਾਂ ਵੱਲ ਅਣਗਹਿਲੀ, ਉਤਪਾਦਨ ਸਮਰੱਥਾ ਦੀ ਅਲਪ ਵਰਤੋਂ ਆਦਿ ਭਾਰਤੀ ਬੇਰੁਜ਼ਗਾਰੀ ਦੇ ਮੁੱਖ ਕਾਰਣ ਹਨ। ਭਾਰਤ ਸਰਕਾਰ ਨੇ ਵੱਖਰੀਆਂ ਵੱਖਰੀਆਂ ਪੰਜ ਸਾਲਾਂ ਯੋਜਨਾਵਾਂ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਬਹੁਤ ਸਾਰੇ ਪ੍ਰਯਤਨ ਕੀਤੇ ਹਨ। ਰੁਜ਼ਗਾਰ ਗਰੰਟੀ ਸਕੀਮ, ਅਨਾਜ ਬਦਲੇ ਕੰਮ ਪ੍ਰੋਗਰਾਮ, ਰਾਸ਼ਟਰੀ ਪੇਂਡੂ ਰੁਜ਼ਗਾਰ ਪ੍ਰੋਗਰਾਮ, ਸੰਗਠਿਤ ਪੇਂਡੂ ਵਿਕਾਸ ਪ੍ਰੋਗਰਾਮ, ਪੇਂਡੂ ਭੂਮੀਹੀਣ ਰੁਜ਼ਗਾਰ ਗਰੰਟੀ ਸਕੀਮ, ਜਵਾਹਰ ਰੁਜ਼ਗਾਰ ਯੋਜਨਾ ਸਰਕਾਰ ਵੱਲੋਂ ਰੁਜ਼ਗਾਰ ਲਈ ਕੀਤੇ ਯਤਨਾਂ ਤਹਿਤ ਆਉਂਦੇ ਪ੍ਰੋਗਰਾਮ ਹਨ। ਨੌਵੀਂ ਯੋਜਨਾ ਵਿੱਚ ਰਾਸ਼ਟਰੀ ਰੁਜ਼ਗਾਰ ਸਹਾਇਤਾ ਸਕੀਮ ਗਰੀਬਾਂ ਲਈ ਰੁਜ਼ਗਾਰ ਦੇ ਅਵਸਰ ਵਧਾਉਣ ਲਈ ਸ਼ੁਰੂ ਕੀਤੀ ਗਈ ਹੈ।

**2.9.10 ਤਕਨੀਕੀ ਸ਼ਬਦਾਵਲੀ**

ਬੇਰੁਜ਼ਗਾਰੀ : ਪ੍ਰਚਲਿਤ ਮਜ਼ਦੂਰੀ ਦਰ ਤੇ ਵਿਅਕਤੀ ਕੰਮ ਕਰਨ ਲਈ ਤਿਆਰ ਹੋਣ ਪ੍ਰੰਤੂ ਉਹਨਾਂ ਨੂੰ ਕੰਮ ਨਾ ਮਿਲੇ।

ਪੂਰਣ ਰੋਜ਼ਗਾਰ : ਜਦੋਂ ਦੇਸ਼ ਵਿੱਚ ਕੰਮ ਕਰਨ ਵਾਲੇ ਸਾਰੇ ਇੱਛਕ ਵਿਅਕਤੀਆਂ ਨੂੰ ਪ੍ਰਚਲਿਤ ਮਜ਼ਦੂਰੀ ਦਰ ਤੇ ਕੰਮ ਮਿਲ ਜਾਵੇ।

ਛੁਪੀ ਬੇਰੁਜ਼ਗਾਰੀ : ਉਹ ਮਜ਼ਦੂਰ ਜਿਹੜੇ ਕਿ ਦੇਖਣ ਵਿੱਚ ਇਸ ਤਰ੍ਹਾਂ ਲੱਗਦੇ ਹਨ ਕਿ ਉਹ ਕੰਮ ਕਰ ਰਹੇ ਹਨ ਪ੍ਰੰਤੂ ਅਸਲ ਵਿੱਚ ਉਹਨਾਂ ਦੇ ਕੰਮ ਕਰਨ ਨਾਲ ਕੁੱਲ ਪੈਦਾਵਾਰ ਵਿੱਚ ਕੋਈ ਵਾਧਾ ਨਹੀ ਹੁੰਦਾ ਉਹਨਾਂ ਨੂੰ ਛੁਪੇ ਬੇਰੋਜ਼ਗਾਰ ਕਿਹਾ ਜਾਂਦਾ ਹੈ।

ਚਿਰ ਸਥਾਈ ਬੇਰੁਜ਼ਗਾਰੀ : ਜਿਸ ਵਿੱਚ ਮਜ਼ਦੂਰ ਲੰਬੇ ਸਮੇਂ ਲਈ ਬੇਰੁਜ਼ਗਾਰ ਰਹਿੰਦੇ ਹਨ।

ਅਲਪ ਰੁਜ਼ਗਾਰ : ਜਦੋਂ ਵਿਅਕਤੀ ਨੂੰ ਉਸ ਦੀ ਯੋਗਤਾ ਅਨੁਸਾਰ ਅਤੇ ਪੂਰਾ ਸਾਲ ਕੰਮ ਨਹੀ ਮਿਲਦਾ।

### 2.8.11 ਪੜ੍ਹਨ ਯੋਗ ਪੁਸਤਕਾਂ

1. Indian Economy : P.K. Dhar.
2. Indian Economy : Misra and Puri.
3. Economic Survey : Various Issues.

### 2.8.12 ਪ੍ਰਸ਼ਨ

#### 2.8.12.1 ਲੰਮੇ ਪ੍ਰਸ਼ਨ

1. ਭਾਰਤ ਵਿੱਚ ਬੇਰੁਜ਼ਗਾਰੀ ਦਾ ਆਕਾਰ ਕੀ ਹੈ? ਇਸ ਸਮੱਸਿਆ ਦੇ ਹੱਲ ਲਈ ਤੁਸੀ ਕੀ ਸੁਝਾਅ ਦਿਉਗੇ।
2. ਭਾਰਤ ਵਿੱਚ ਬੇਰੁਜ਼ਗਾਰੀ ਦੇ ਸਰੂਪ ਅਤੇ ਇਸ ਦੇ ਮੁੱਖ ਕਾਰਨਾਂ ਦੀ ਵਿਆਖਿਆ ਕਰੋ।
3. ਬੇਰੁਜ਼ਗਾਰੀ ਦੇ ਮੁੱਖ ਕਿਹੜੇ ਕਾਰਨ ਹਨ ਅਤੇ ਇਸ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ, ਵਰਣਨ ਕਰੋ।
4. ਭਾਰਤ ਵਿੱਚ ਬੇਰੁਜ਼ਗਾਰੀ ਦੀ ਸਮੱਸਿਆਂ ਨੂੰ ਹੱਲ ਕਰਨ ਲਈ ਸਰਕਾਰ ਨੇ ਕਿਹੜੇ ਕਿਹੜੇ ਯਤਨ ਕੀਤੇ ਹਨ।
5. ਭਾਰਤ ਵਿੱਚ ਬੇਰੁਜ਼ਗਾਰੀ ਸਮੱਸਿਆ ਦਾ ਕੀ ਸਰੂਪ ਹੈ? ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਭਾਰਤ ਸਰਕਾਰ ਦੀ ਨੀਤੀ ਦਾ ਵਰਣਨ ਕਰੋ।

#### 2.8.12.2 ਛੋਟੇ ਪ੍ਰਸ਼ਨ

1. ਬੇਰੁਜ਼ਗਾਰੀ ਦਾ ਅਰਥ ਦੱਸੋ।
2. ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਬਣਾਏ ਗਏ ਮੁੱਖ ਪ੍ਰੋਗਰਾਮਾਂ ਦੇ ਨਾਂ ਲਿਖੋ।
3. ਪੰਜ ਸਾਲਾਂ ਯੋਜਨਾਵਾਂ ਵਿੱਚ ਬੇਰੁਜ਼ਾਗਰੀ ਵਿੱਚ ਵਾਧੇ ਦੀ ਵਿਆਖਿਆ ਅੰਕੜਿਆ ਨਾਲ ਦਿਉ।
4. ਸੰਗਠਿਤ ਪੇਂਡੂ ਵਿਕਾਸ ਪ੍ਰੋਗਰਾਮ ਤੋਂ ਕੀ ਭਾਂਵ ਹੈ?
5. ਨੌਵੀ ਪੰਜ ਸਾਲਾਂ ਯੋਜਨਾ ਵਿੱਚ ਬੇਰੁਜ਼ਗਾਰੀ ਦੀ ਸਮੱਸਿਆਂ ਤੇ ਚਾਣਨਾ ਪਾਓ।

(ਇਹ ਪਾਠ Distance Education Council (DEC) ਦੀ ਗਰਾਂਟ ਹੇਠ ਲਿਖਿਆ ਗਿਆ ਹੈ।)

ਪਾਠ ਨੰ: 2.9 ਲੇਖਿਕਾ : ਡਾ. ਵਿਪਲਾ ਚੋਪੜਾ

## ਭਾਰਤ ਵਿੱਚ ਮੁਦਰਾ ਸਫ਼ੀਤੀ ਦੀ ਸਮੱਸਿਆ

### ਪਾਠ ਦੀ ਰੂਪ ਰੇਖਾ


2.9.1 ਭੂਮਿਕਾ
2.9.2 ਪਾਠ ਦਾ ਉਦੇਸ਼
2.9.3 ਮੁਦਰਾ ਸਫ਼ੀਤੀ ਦਾ ਅਰਥ
(ੳ) ਕਾਰਣਾਂ ਤੇ ਅਧਾਰਿਤ ਪਰਿਭਾਸ਼ਾਵਾਂ
(ਅ) ਪਰਿਣਾਮਾਂ ਤੇ ਕੇਂਦ੍ਰਿਤ ਪਰਿਭਾਸ਼ਾਵਾਂ
2.9.4 ਮੁਦਰਾ ਸਫ਼ੀਤੀ ਦੀ ਮਾਤਰਾ
2.9.5 ਮੁਦਰਾ ਸਫ਼ੀਤੀ ਦੇ ਕਾਰਣ
2.9.5.1 ਮੰਗ ਪੱਖ ਦੇ ਕਾਰਣ
2.9.5.2 ਪੂਰਤੀ ਪੱਖ ਦੇ ਕਾਰਣ
2.9.6 ਮੁਦਰਾ ਸਫ਼ੀਤੀ ਦੇ ਪ੍ਰਭਾਵ
2.9.7 ਮੁਦਰਾ ਸਫ਼ੀਤੀ ਦਾ ਨਿਯੰਤ੍ਰਣ
2.9.7.1 ਮੌਦ੍ਰਿਕ ਉਪਾਅ
2.9.7.2 ਰਾਜਕੋਸ਼ੀ ਉਪਾਅ
2.9.7.3 ਹੋਰ ਉਪਾਅ
2.9.8 ਸਾਰ ਅੰਸ਼
2.9.9 ਤਕਨੀਕੀ ਸ਼ਬਦਾਵਲੀ
2.9.10 ਪੜ੍ਹਨਯੋਗ ਪੁਸਤਕਾਂ
2.9.11 ਪ੍ਰਸ਼ਨ
2.9.11.1 ਵੱਡੇ ਪ੍ਰਸ਼ਨ
2.9.11.2 ਛੋਟੇ ਪ੍ਰਸ਼ਨ


### 2.9.1 ਭੂਮਿਕਾ

ਕਿਸੇ ਵੀ ਦੇਸ਼ ਦੇ ਆਰਥਿਕ ਵਿਕਾਸ ਲਈ ਕੀਮਤਾਂ ਵਿੱਚ ਸਥਿਰਤਾ ਰਹਿਣਾ ਬਹੁਤ ਜਰੂਰੀ ਹੈ ਹਾਲਾਂਕਿ ਕੀਮਤਾਂ ਵਿੱਚ ਥੋੜ੍ਹਾ ਵਾਧਾ ਵਿਕਾਸ ਦੀ ਪ੍ਰਕ੍ਰਿਆ ਦੇ ਨਾਲ-ਨਾਲ ਚੱਲਦਾ ਹੈ ਪਰ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਨਾ ਕੇਵਲ ਸਮਾਜ ਦੇ ਵਿੱਚ ਸਾਰੇ ਵਰਗਾਂ ਜਿਵੇਂ ਕਿ ਨਿਵੇਸ਼ਕ, ਉਤਪਾਦਕ, ਉਪਭੋਗਤਾ ਆਦਿ ਨੂੰ ਪ੍ਰਭਾਵਿਤ ਕਰਦਾ ਹੈ ਇਹ ਸਭ ਤੋਂ ਵੱਧ ਗਰੀਬਾਂ ਨੂੰ ਹੋਰ ਗਰੀਬ ਬਣਾ ਦਿੰਦਾ ਹੈ। ਕੀਮਤਾਂ ਦੇ ਵਧਣ ਨਾਲ ਮੁਦਰਾ ਦਾ ਮੁੱਲ ਘੱਟਦਾ ਹੈ ਅਤੇ ਨਤੀਜੇ ਵਜੋਂ ਗਰੀਬ ਵਿਅਕਤੀਆਂ ਦੇ ਹੱਥ ਵਿੱਚ ਅਸਲ ਆਮਦਨ ਘੱਟ ਜਾਂਦੀ ਹੈ। ਇਸ ਦਾ ਬੱਚਤ ਅਤੇ ਨਿਵੇਸ਼ ਦੇ ਉੱਪਰ ਵੀ ਉਲਟ ਪ੍ਰਭਾਵ ਪੈਂਦਾ ਹੈ। ਕੀਮਤਾਂ ਵਿੱਚ ਵਾਧੇ ਦੇ ਨਾਲ ਆਮਦਨ ਦੀ ਵੰਡ ਤੇ ਵੀ ਪ੍ਰਭਾਵ ਪੈਂਦਾ ਹੈ ਅਤੇ ਨਤੀਜੇ ਵਜੋਂ ਆਰਥਿਕ ਤਾਕਤ ਕੁਝ ਹੱਥਾਂ ਵਿੱਚ ਕੇਂਦ੍ਰਿਤ ਹੋ ਕੇ ਰਹਿ ਜਾਂਦੀ ਹੈ। ਮੁਦਰਾ ਸਫ਼ੀਤੀ ਨਾਲ ਨਾ ਕੇਵਲ ਅਰਥ ਵਿਵਸਥਾ ਤੇ ਹੀ ਪ੍ਰਭਾਵ ਪੈਂਦਾ ਹੈ ਸਗੋਂ ਇਸ ਦੇ ਅਨੇਕ ਸਮਾਜਿਕ ਅਤੇ ਰਾਜਨੀਤਿਕ ਪ੍ਰਭਾਵ ਵੀ ਹੁੰਦੇ ਹਨ। ਇਸ ਤਰ੍ਹਾਂ ਸਪੱਸ਼ਟ ਹੈ ਕਿ ਲਗਾਤਾਰ ਕੀਮਤਾਂ ਵਿੱਚ ਵਾਧਾ ਦੇਸ਼ ਦੇ ਆਰਥਿਕ ਜੀਵਨ ਅਤੇ ਆਰਥਿਕ ਵਿਕਾਸ ਵਿੱਚ ਵੱਡੀਆਂ ਮੁਸ਼ਕਿਲਾਂ ਪੈਦਾ ਕਰਦਾ ਹੈ। ਵਿਸ਼ਵ ਦੇ ਸਾਰੇ ਦੇਸ਼ਾਂ ਦੇ ਸਾਹਮਣੇ ਮੁਦਰਾ ਸਫ਼ੀਤੀ ਇੱਕ ਪ੍ਰਮੁੱਖ ਸਮੱਸਿਆ ਹੈ ਅਤੇ ਇਸ ਦਾ ਨਿਯੰਤ੍ਰਣ ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਅਤੇ ਅਰਥ ਸ਼ਾਸਤਰੀਆਂ ਲਈ ਇੱਕ ਚੁਨੌਤੀ ਹੈ।

**2.9.2 ਪਾਠ ਦਾ ਉਦੇਸ਼ :**

ਅੱਜ ਭਾਰਤ ਸੰਸਾਰ ਦੇ ਮੁੱਖ ਵਿਕਾਸਸ਼ੀਲ ਦੇਸ਼ਾਂ ਵਿੱਚੋਂ ਇੱਕ ਹੈ ਪਰ ਮੁਦਰਾ ਸਫ਼ੀਤੀ ਅਜੇ ਵੀ ਇੱਕ ਪ੍ਰਮੁੱਖ ਸਮੱਸਿਆ ਹੈ। ਇਸ ਲਈ ਇਸ ਪਾਠ ਵਿੱਚ ਮੁਦਰਾ ਸਫ਼ੀਤੀ ਦਾ ਅਰਥ, ਭਾਰਤ ਵਿੱਚ ਇਸ ਦੀ ਮਾਤਰਾ, ਇਸ ਦੇ ਵਧਣ ਦੇ ਕਾਰਣ ਅਤੇ ਪ੍ਰਭਾਵ ਅਤੇ ਸਰਕਾਰ ਦੁਆਰਾ ਇਸ ਨੂੰ ਘੱਟ ਕਰਨ ਲਈ ਚੁੱਕੇ ਗਏ ਕਦਮਾਂ ਬਾਰੇ ਵਿਸਤਾਰ ਵਿੱਚ ਜਾਣਕਾਰੀ ਲਵਾਂਗੇ।

**2.9.3 ਮੁਦਰਾ ਸਫ਼ੀਤੀ ਦਾ ਅਰਥ :**

ਮੁਦਰਾ ਸਫ਼ੀਤੀ ਤੋਂ ਭਾਵ ਕੀਮਤਾਂ ਦਾ ਉੱਚਾ ਪੱਧਰ ਨਹੀ ਸਗੋਂ ਲਗਾਤਾਰ ਤੇਜ਼ੀ ਨਾਲ ਕੀਮਤ ਪੱਧਰ ਵਧਣ ਦੀ ਸਥਿਤੀ ਤੋਂ ਹੈ। ਮੁਦਰਾ ਸਫ਼ੀਤੀ ਦੀ ਵੱਖ-ਵੱਖ ਅਰਥ ਸ਼ਾਸਤਰੀਆਂ ਨੇ ਵੱਖ-ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ।

**2.9.3.1 ਕਾਰਨਾਂ ਤੇ ਆਧਾਰਿਤ ਪਰਿਭਾਸ਼ਾਵਾਂ**

ਕੁਝ ਅਰਥ ਸ਼ਾਸਤਰੀਆਂ ਦੇ ਅਨੁਸਾਰ ਮੁਦਰਾ ਸਫ਼ੀਤੀ ਅਧਿਕ ਮੁਦਰਾ ਪ੍ਰਸਾਰ ਦੀ ਸਥਿਤੀ ਹੈ, ਕੁਝ ਅਰਥ ਸ਼ਾਸਤਰੀਆ ਦੇ ਅਨੁਸਾਰ ਇਹ ਲਾਗਤਾਂ ਦੇ ਵਧਣ (Cost Push) ਦੀ ਅਵਸਥਾ ਹੈ ਜਦਕਿ ਹੋਰ ਅਰਥ ਸ਼ਾਸਤਰੀਆ ਦੇ ਅਨੁਸਾਰ ਮੁਦਰਾ ਸਫ਼ੀਤੀ ਵਾਧੂ ਮੰਗ (Excess Demand) ਦੀ ਸਥਿਤੀ ਹੈ। ਇਸ ਸ਼੍ਰੇਣੀ ਦੀਆਂ ਕੁਝ ਪਰਿਭਾਸ਼ਾਵਾਂ ਹੇਠ ਲਿਖੇ ਅਨੁਸਾਰ ਹਨ : ਇਸ ਤਰ੍ਹਾਂ ਹਾਟਰੇ ਦੇ ਅਨੁਸਾਰ, ''ਮੁਦਰਾ ਦਾ ਜ਼ਿਆਦਾ ਪਸਾਰ ਹੀ ਮੁਦਰਾ ਸਫ਼ੀਤੀ ਹੈ।''

("Inflation is too much expansion of currency"- Hawtrey)

ਪ੍ਰੋ. ਕੈਮਰਰ ਦੇ ਅਨੁਸਾਰ,''ਮੁਦਰਾ ਸਫ਼ੀਤੀ ਉਹ ਸਥਿਤੀ ਹੈ, ਜਿਸ ਵਿੱਚ ਵਿਧਾਨਿਕ ਮੁਦਰਾ ਅਤੇ ਬੈਂਕ ਮੁਦਰਾ ਦੋਨਾਂ ਦੀ ਕੁੱਲ ਮਾਤਰਾ ਵਪਾਰ ਦੀ ਮਾਤਰਾ ਵਿੱਚ ਜ਼ਿਆਦਾ ਹੋਣ।''

("Inflation is too much currency and deposit money in relation to physical volume of business."- Kemmerer)

**2.9.3.2 ਪਰਿਣਾਮਾਂ ਤੇ ਕੇਂਦ੍ਰਿਤ ਪਰਿਭਾਸ਼ਾਵਾਂ**

ਪ੍ਰੋਫੈਸਰ ਫਰੀਡਮੈਨ ਦੇ ਸ਼ਬਦਾਂ ਵਿੱਚ,''ਮੁਦਰਾ ਸਫ਼ੀਤੀ ਤੋਂ ਮੇਰਾ ਭਾਵ ਕੀਮਤਾਂ ਵਿੱਚ ਹੋਣ ਵਾਲੇ ਵਾਧੇ ਤੋਂ ਹੈ।''By inflation I shall mean a steady and sustained rise in prices."

-Milton Friedman

ਪ੍ਰੋਫੈਸਰ ਜਾਨਸਨ ਦੇ ਵਿਚਾਰ ਅਨੁਸਾਰ ''ਕੀਮਤਾਂ ਵਿੱਚ ਹੋਣ ਵਾਲੇ ਲਗਾਤਾਰ ਵਾਧੇ ਦੇ ਰੂਪ ਵਿੱਚ ਮੁਦਰਾ ਸਫ਼ੀਤੀ ਨੂੰ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।''(I define inflation as a substaintial increase in prices."

-Johnson)

ਕੁਝ ਹੋਰ ਪਰਿਭਾਸ਼ਾਵਾਂ ਇਸ ਤਰ੍ਹਾਂ ਹਨ :

ਪ੍ਰੋ. ਕ੍ਰਾਓਥਰ (Crowther) ਦੇ ਅਨੁਸਾਰ,''ਮੁਦਰਾ ਸਫ਼ੀਤੀ ਇੱਕ ਅਜਿਹੀ ਅਵਸਥਾ ਹੈ, ਜਿਸ ਵਿੱਚ ਮੁਦਰਾ ਦਾ ਮੁੱਲ ਡਿੱਗਦਾ ਹੈ ਅਤੇ ਕੀਮਤਾਂ ਵਧਦੀਆਂ ਹਨ।''("Inflation is a state in which the value of money is falling i.e. prices are rising" - Crowther)

ਪ੍ਰੋ. ਸ਼ੇਪੀਰੋ ਦੇ ਅਨੁਸਾਰ,''ਕੀਮਤ ਪੱਧਰ ਵਿੱਚ ਹੋਣ ਵਾਲੇ ਲਗਾਤਾਰ ਅਤੇ ਅਧਿਕ ਵਾਧੇ ਨੂੰ ਮੁਦਰਾ ਸਫ਼ੀਤੀ ਕਹਿੰਦੇ ਹਨ।''

**2.9.4 ਭਾਰਤ ਵਿੱਚ ਮੁਦਰਾ ਸਫ਼ੀਤੀ ਦੀ ਮਾਤਰਾ :**

ਭਾਰਤ ਵਿੱਚ ਕੀਮਤਾਂ ਲਗਾਤਾਰ ਅਤੇ ਬਹੁਤ ਤੇਜ਼ੀ ਨਾਲ ਵੱਧ ਰਹੀਆਂ ਹਨ। ਇਸ ਵਿੱਚ ਹੋਣ ਵਾਲੇ ਵਾਧੇ ਦੀ ਮਾਤਰਾ ਨੂੰ ਆਜ਼ਾਦੀ ਦੇ ਮਗਰੋਂ ਵੱਖਰੀਆਂ-ਵੱਖਰੀਆਂ ਯੋਜਨਾਵਾਂ ਵਿੱਚ ਵਿਸਤਾਰ ਨਾਲ ਅਧਿਐਨ ਕੀਤਾ ਜਾ ਸਕਦਾ ਹੈ।

**ਪਹਿਲੀ ਪੰਜ ਸਾਲਾ ਯੋਜਨਾ (1951-56)**

ਪਹਿਲੀ ਪੰਜ ਸਾਲਾ ਯੋਜਨਾ ਦਾ ਇੱਕ ਉਦੇਸ਼ ਇਹ ਸੀ ਕਿ ਵਧ ਰਹੀਆਂ ਕੀਮਤਾਂ ਉੱਪਰ ਰੋਕ ਲਗਾਈ

ਜਾਵੇ। ਇਸ ਉਦੇਸ਼ ਦੀ ਪ੍ਰਾਪਤੀ ਹੀ ਨਹੀਂ ਸਗੋਂ ਇਸ ਯੋਜਨਾ ਵਿੱਚ ਕੀਮਤਾਂ ਵਿੱਚ ਕਮੀ ਆਈ। ਇਸ ਦਾ ਮੁੱਖ ਕਾਰਣ ਖੇਤੀ ਉਤਪਾਦਨ ਵਿੱਚ ਚੰਗਾ ਵਾਧਾ ਹੋਣਾ ਸੀ। ਇਸ ਯੋਜਨਾ ਦੌਰਾਨ ਸਾਧਾਰਨ ਕੀਮਤ ਸੂਚਕ ਅੰਕ 1952-53 ਵਿੱਚ 100 ਸੀ ਯੋਜਨਾ ਦੇ ਆਖ਼ਰੀ ਸਾਲ ਵਿੱਚ 99 ਹੋ ਗਿਆ ਅਤੇ ਅਨਾਜ ਦਾ ਸੂਚਕ ਅੰਕ 95 ਰਹਿ ਗਿਆ। ਭਾਵੇਂ ਇਹ ਕਮੀ ਬਹੁਤ ਜ਼ਿਆਦਾ ਨਹੀਂ ਸੀ ਪਰ ਪੂਰੇ ਯੋਜਨਾ ਕਾਲ ਵਿੱਚ ਪਹਿਲੀ ਯੋਜਨਾ ਹੀ ਅਜਿਹੀ ਯੋਜਨਾ ਸੀ ਜਿਸ ਵਿੱਚ ਕੀਮਤਾਂ ਘਟੀਆਂ।

**ਦੂਜੀ ਪੰਜ ਸਾਲਾ ਯੋਜਨਾ (1956-61)**

ਪਹਿਲੀ ਪੰਜ ਸਾਲਾ ਯੋਜਨਾ ਦੇ ਦੌਰਾਨ ਕੀਮਤਾਂ ਦਾ ਪੱਧਰ ਲਗਭਗ ਸਥਿਰ ਰਿਹਾ ਪਰ ਦੂਜੀ ਪੰਜ ਸਾਲਾ ਯੋਜਨਾ ਵਿੱਚ ਕੀਮਤਾਂ ਵਿੱਚ ਵਾਧਾ 20 ਪ੍ਰਤੀਸ਼ਤ ਹੋਇਆ। ਇਸ ਦਾ ਮੁੱਖ ਕਾਰਣ ਸਰਕਾਰ ਦੁਆਰਾ ਘਾਟੇ ਦੀ ਵਿੱਤ ਵਿਵਸਥਾ (Deficit Financing) ਤੇ ਜ਼ਿਆਦਾ ਜ਼ੋਰ ਦੇਣਾ ਸੀ। ਸਰਕਾਰੀ ਖਰਚ ਵਿੱਚ ਆਮਦਨ ਨਾਲੋਂ ਜ਼ਿਆਦਾ ਵਾਧਾ ਹੋਣ ਕਾਰਣ ਲੋਕਾਂ ਦੀ ਆਮਦਨ ਅਤੇ ਮੰਗ ਵਧ ਜਾਂਦੀ ਹੈ। ਇਸ ਪ੍ਰਕਾਰ ਕੀਮਤਾਂ ਵਿੱਚ ਵਾਧਾ ਤੇਜ਼ੀ ਨਾਲ ਹੁੰਦਾ ਹੈ।

**ਤੀਜੀ ਪੰਜ ਸਾਲਾ ਯੋਜਨਾ (1961-66)**

ਦੂਜੀ ਪੰਜ ਸਾਲਾ ਯੋਜਨਾ ਦੇ ਦੌਰਾਨ ਕੀਮਤਾਂ ਵਿੱਚ ਵਾਧੇ ਦੇ ਕਾਰਣ ਇਨ੍ਹਾਂ ਦਾ ਨਿਯੰਤ੍ਰਣ ਇੱਕ ਮੁੱਖ ਵਿਸ਼ਾ ਬਣ ਗਿਆ। ਇਸ ਲਈ ਤੀਜੀ ਪੰਜ ਸਾਲਾ ਯੋਜਨਾ ਦੀ ਨੀਤੀ ਸੰਬੰਧੀ ਪਹਿਲੀ ਵਾਰ ਇੱਕ ਵੱਖਰਾ ਅਧਿਆਇ ਜੋੜਿਆ ਗਿਆ। ਇਸ ਯੋਜਨਾ ਕਾਲ ਦੌਰਾਨ ਭਾਰਤ ਨੂੰ 1962 ਵਿੱਚ ਚੀਨ ਨਾਲ ਅਤੇ 1965 ਵਿੱਚ ਪਾਕਿਸਤਾਨ ਨਾਲ ਲੜਾਈਆਂ ਲੜਨੀਆਂ ਪਈਆਂ। ਨਤੀਜੇ ਵਜੋਂ ਸਰਕਾਰ ਨੂੰ ਦੇਸ਼ ਦੀ ਸੁਰੱਖਿਆ ਲਈ ਬਹੁਤ ਖਰਚ ਕਰਨਾ ਪਿਆ। ਤੀਜੀ ਪੰਜ ਸਾਲਾ ਯੋਜਨਾ ਦੌਰਾਨ ਭਾਰਤ ਵਿੱਚ ਮੁਦਰਾ ਦੀ ਸਥਿਤੀ ਬੜੀ ਗੰਭੀਰ ਹੋ ਗਈ ਅਤੇ ਕੀਮਤਾਂ ਵਿੱਚ ਵਾਧਾ 32 ਪ੍ਰਤੀਸ਼ਤ ਹੋਇਆ ਜਦਕਿ ਅਨਾਜ ਦੀਆਂ ਕੀਮਤਾਂ ਵਿੱਚ 40 ਪ੍ਰਤੀਸ਼ਤ ਵਾਧਾ ਹੋਇਆ। ਇਸ ਯੋਜਨਾ ਕਾਲ ਵਿੱਚ ਪਾਈ ਗਈ ਸਫ਼ੀਤੀ 'ਯੁੱਧ ਕਾਲ' ਸਫ਼ੀਤੀ ਵੀ ਕਿਹਾ ਜਾਂਦਾ ਹੈ।

**ਤਿੰਨ ਸਾਲਾ ਯੋਜਨਾਵਾਂ (1966-69)**

ਤੀਜੀ ਯੋਜਨਾ ਦੇ ਬੁਰੀ ਤਰ੍ਹਾਂ ਵਿਫ਼ਲ ਹੋਣ ਕਰਕੇ ਭਾਰਤ ਕੋਲ ਚੌਥੀ ਪੰਜ ਸਾਲਾ ਯੋਜਨਾ ਨੂੰ ਚਾਲੂ ਕਰਨ ਲਈ ਲੋੜੀਂਦੀ ਪੂੰਜੀ ਪ੍ਰਾਪਤ ਨਾ ਹੋ ਸਕੀ। ਫਲਸਰੂਪ ਪੰਜ ਸਾਲਾ ਯੋਜਨਾਬੰਦੀ ਦੀ ਜਗ੍ਹਾ ਤੇ ਇੱਕ ਇੱਕ ਸਾਲ ਦੀਆਂ (ਤਿੰਨ ਸਾਲਾਨਾ) ਯੋਜਨਾਵਾਂ ਦਾ ਨਿਰਮਾਣ ਕਰਨਾ ਪਿਆ। ਇਨ੍ਹਾਂ ਤਿੰਨ ਸਾਲਾਨਾ ਯੋਜਨਾਵਾਂ ਦਾ ਮੁੱਖ ਉਦੇਸ਼ ਅਤੇ ਪਹੁੰਚ ਨੀਤੀ ਉਹ ਹੀ ਰੱਖੇ ਗਏ ਸਨ ਜਿਹੜੇ ਤੀਜੀ ਪੰਜ ਸਾਲਾ ਯੋਜਨਾ ਦੇ ਦੌਰਾਨ ਸਨ। ਇਸ ਦੌਰਾਨ ਵਿਦੇਸ਼ੀ ਮੁਦਰਾ ਦੇ ਭੰਡਾਰਾਂ ਵਿੱਚ ਬਹੁਤ ਕਮੀ ਆ ਗਈ ਸੀ। ਭਾਰਤ ਨੇ ਨਿਰਯਾਤ ਵਧਾਉਣ ਲਈ 1966 ਵਿੱਚ ਰੁਪਏ ਦਾ ਅਵਮੂਲਨ (Devaluation) ਕੀਤਾ ਅਤੇ ਫਲਸਰੂਪ ਕੀਮਤਾਂ ਵਿੱਚ ਵਾਧਾ ਹੋਰ ਤੇਜ਼ੀ ਨਾਲ ਹੋਣ ਲੱਗਾ। 1965-66 ਅਤੇ 1966-67 ਵਿੱਚ ਥੋਕ ਕੀਮਤਾਂ ਵਿੱਚ ਕ੍ਰਮਵਾਰ 14 ਪ੍ਰਤੀਸ਼ਤ ਅਤੇ 11 ਪ੍ਰਤੀਸ਼ਤ ਹੋਇਆ ਪਰ ਸਾਲ 1967-68 ਵਿੱਚ ਚੰਗੀ ਫ਼ਸਲ ਹੋਣ ਕਰਕੇ 1968-69 ਵਿੱਚ ਕੀਮਤਾਂ ਵਿੱਚ ਇੱਕ ਪ੍ਰਤੀਸ਼ਤ ਦੀ ਗਿਰਾਵਟ ਹੋਈ।

**ਚੌਥੀ ਪੰਜ ਸਾਲਾ ਯੋਜਨਾ (1969-74)**

ਚੌਥੀ ਪੰਜ ਸਾਲਾ ਯੋਜਨਾ ਦੌਰਾਨ ਕੀਮਤਾਂ ਦੇ ਵਧਣ ਦੀ ਰਫ਼ਤਾਰ ਬਹੁਤ ਮਹੱਤਵਪੂਰਣ ਰਹੀ। ਯੋਜਨਾ ਦੇ ਮੁਢਲੇ ਤਿੰਨ ਸਾਲਾਂ ਵਿੱਚ ਮੁਦਰਾ ਸਫ਼ੀਤੀ ਦੀ ਹਾਲਤ ਠੀਕ ਰਹੀ ਅਤੇ ਕੀਮਤਾਂ ਵਿੱਚ ਵਾਧਾ 7 ਤੋਂ 9 ਪੁਆਇੰਟ (Points) ਹੋਇਆ ਪ੍ਰੰਤੂ ਯੋਜਨਾ ਦੇ ਅੰਤਲੇ ਦੋ ਸਾਲਾਂ ਵਿੱਚ ਕੀਮਤਾਂ ਦਾ ਕ੍ਰਮਵਾਰ ਵਾਧਾ 19 ਪੁਆਇੰਟ ਅਤੇ 47 ਪੁਆਇੰਟ ਹੋਇਆ ਜਿਹੜਾ ਬਹੁਤ ਤੇਜ਼ ਸੀ।

**ਪੰਜਵੀਂ ਪੰਜ ਸਾਲਾ ਯੋਜਨਾ (1974-78)**

ਭਾਰਤ ਦੀ ਪੰਜਵੀ ਯੋਜਨਾ ਚਾਰ ਸਾਲ ਚੱਲੀ ਕਿਉਂਕਿ 1977-78 ਦੀਆਂ ਮੱਧ ਕਾਲੀਨ ਚੋਣਾਂ ਵਿੱਚ ਜਨਤਾ ਸਰਕਾਰ ਸੱਤਾ ਵਿੱਚ ਆ ਗਈ ਸੀ। ਇਸ ਯੋਜਨਾ ਵਿੱਚ 1961-62 ਨੂੰ ਆਧਾਰ ਸਾਲ ਮੰਨ ਕੇ 1974,1975, ਅਤੇ 1976 ਵਿੱਚ ਥੋਕ ਕੀਮਤ ਸੂਚਕ ਅੰਕ ਕ੍ਰਮਵਾਰ 331, 309 ਅਤੇ 283 ਰਿਹਾ। ਯਾਨੀ ਪਿਛਲੇ ਦੋ ਸਾਲਾਂ ਵਿੱਚ ਕੀਮਤਾਂ ਵਿੱਚ ਗਿਰਾਵਟ ਆਈ ਪਰ 1977 ਤੋਂ ਬਾਅਦ ਫਿਰ ਕੀਮਤਾਂ ਵਧਣੀਆਂ ਸ਼ੁਰੂ ਹੋ ਗਈਆਂ। 1970-71 ਨੂੰ ਆਧਾਰ ਸਾਲ ਮੰਨ ਕੇ ਦੇਖੀਏ ਤਾਂ ਥੋਕ ਸੂਚਕ ਅੰਕ ਜਿਹੜਾ 1977 ਵਿੱਚ 183 ਸੀ ਵਧ ਕੇ

ਜਨਵਰੀ, 1980 ਵਿੱਚ 224 ਹੋ ਗਿਆ। ਇਸ ਦੌਰਾਨ ਸਰਕਾਰ ਨੇ ਕੀਮਤਾਂ ਦੇ ਵਾਧੇ ਨੂੰ ਰੋਕਣ ਲਈ ਕਈ ਮੌਦ੍ਰਿਕ ਅਤੇ ਰਾਜ਼ਕੋਸ਼ੀ ਤਰੀਕੇ ਵਰਤੇ ਜਿਵੇਂ ਕਿ ਰਿਜ਼ਰਵ ਬੈਂਕ ਦੁਆਰਾ ਮੁਦਰਾ ਦੀ ਪੂਰਤੀ ਘੱਟ ਕਰਨਾ, ਲਾਜ਼ਮੀ ਜਮ੍ਹਾਂ ਯੋਜਨਾ (Compulsory deposit sheme) ਕੰਪਨੀਆਂ ਦੁਆਰਾ ਦਿੱਤੇ ਜਾਣ ਵਾਲੇ ਲਾਭ ਦੀ ਸੀਮਾ ਘੱਟ ਕਰਨਾ ਆਦਿ।

**ਛੇਵੀਂ ਪੰਜ ਸਾਲਾ ਯੋਜਨਾ (1980-85)**

ਸਰਕਾਰ 1977-78 ਅਤੇ 1978-79 ਵਿੱਚ ਕੀਮਤਾਂ ਨੂੰ ਸਥਿਰ ਰੱਖਣ ਵਿੱਚ ਕਾਮਯਾਬ ਸਿੱਧ ਹੋਈ। ਇਸ ਦੇ ਮੁੱਖ ਕਾਰਣ ਸਨ: ਖੇਤੀ ਅਤੇ ਉਦਯੋਗਿਕ ਉਤਪਾਦਨ ਵਿੱਚ ਚੰਗਾ ਵਾਧਾ, ਅਨਾਜ ਦੇ ਵਾਧੂ ਭੰਡਾਰਾਂ ਦਾ ਸਰਕਾਰ ਕੋਲ ਹੋਣਾ ਆਦਿ ਪਰ ਫ਼ਸਲ ਬੁਰੀ ਤਰ੍ਹਾਂ ਫੇਲ ਹੋ ਗਈ। ਸਿੱਟੇ ਵੱਜੋਂ ਉਦਯੋਗਿਕ ਉਤਪਾਦਨ ਘਟਿਆ ਅਤੇ 1980 ਵਿੱਚ ਕੱਚੇ ਤੇਲ ਦੀ ਕੀਮਤਾਂ ਵਿੱਚ 135 ਪ੍ਰਤੀਸ਼ਤ ਵਾਧਾ ਹੋਇਆ ਅਤੇ ਸੀਮਿਤ ਸਥਿਤੀ ਬਹੁਤ ਖਰਾਬ ਹੋਈ ਪਰ 1979-80 ਵਿੱਚ ਫਸਲ ਬੁਰੀ ਤਰ੍ਹਾਂ ਫੇਲ ਹੋ ਗਈ ਸਿੱਟੇ ਵੱਜੋਂ ਉਦਯੋਗਿਕ ਉਤਪਾਦਨ ਘਟਿਆ ਅਤੇ 1980 ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ 135 ਪ੍ਰਤੀਸ਼ਤ ਵਾਧਾ ਹੋਇਆ ਅਤੇ ਸੀਮਿਤ ਸਥਿਤੀ ਬਹੁਤ ਹੀ ਖਰਾਬ ਹੋ ਗਈ। ਜਨਵਰੀ 1980 ਵਿੱਚ ਕਾਂਗਰਸ ਸਰਕਾਰ ਦੁਬਾਰਾ ਸੱਤਾ ਵਿੱਚ ਆਈ ਪਰ ਇਸ ਯੋਜਨਾ ਵਿੱਚ ਕੀਮਤਾ ਦਾ ਪੱਧਰ ਤੇਜ਼ੀ ਨਾਲ ਵਧਿਆ। 1970-71 ਨੂੰ ਆਧਾਰ ਸਾਲ (=100) ਮੰਨ ਕੇ ਥੋਕ ਕੀਮਤ ਸੂਚਕ ਅੰਕ ਜਿਹੜਾ 1980-81 ਵਿੱਚ 256 ਸੀ ਵਧ ਕੇ 1984-85 ਵਿੱਚ 338 ਹੋ ਗਿਆ। ਇਸ ਤੇ ਮੁੱਖ ਕਾਰਣ ਸਨ।

**ਸੱਤਵੀ ਪੰਜ ਸਾਲਾ ਯੋਜਨਾ (1985-90)**

ਸੱਤਵੀਂ ਪੰਜ ਸਾਲਾ ਯੋਜਨਾ ਵਿੱਚ ਮੁਦਰਾ ਸਫ਼ੀਤੀ ਉੱਪਰ ਕਾਬੂ ਪਾਉਣ ਲਈ ਸਰਕਾਰ ਨੇ ਬਹੁਤ ਕਦਮ ਉਠਾਏ। ਸਿੱਟੇ ਵਜੋਂ ਥੋਕ ਸੂਚਕ ਅੰਕ ਵਿੱਚ ਸਥਿਰ ਵਾਧਾ ਹੋਇਆ। ਇਸ ਯੋਜਨਾ ਦੌਰਾਨ ਸਲਾਨਾ ਮੁਦਰਾ ਸਫ਼ੀਤੀ ਦੀ ਦਰ 4.7 ਪ੍ਰਤੀਸ਼ਤ ਤੋਂ 9.4 ਪ੍ਰਤੀਸ਼ਤ ਵਿੱਚ ਰਹੀ। ਮੁਦਰਾ ਸਫ਼ੀਤੀ ਨੂੰ ਨਿਯੰਤ੍ਰਣ ਵਿੱਚ ਕਰਨ ਲਈ ਭਾਰਤ ਸਰਕਾਰ ਨੇ ਕਈ ਠੋਸ ਕਦਮ ਉਠਾਏ ਸਾਖ ਨਿਯੰਤ੍ਰਣ ਕਰਨ ਲਈ ਰਿਜ਼ਰਵ ਬੈਂਕ ਨੇ ਕੁਝ ਕਦਮ ਉਠਾਏ। ਚਾਵਲ ਅਤੇ ਕਣਕ ਦੇ ਭੰਡਾਰਾਂ ਨੂੰ ਮੁਦਰਾ ਸਫ਼ੀਤੀ ਨੂੰ ਘੱਟ ਕਰਨ ਲਈ ਪ੍ਰਯੋਗ ਕੀਤਾ ਗਿਆ ਅਤੇ ਸਰਵਜਨਕ ਵਿਤਰਣ ਪ੍ਰਣਾਲੀ ਨੂੰ ਜ਼ਿਆਦਾ ਕੁਸ਼ਲ ਬਣਾਉਣ ਦੀ ਕੋਸ਼ਿਸ਼ ਕੀਤੀ ਗਈ।

**ਅੱਠਵੀ ਪੰਜ ਸਾਲਾ ਯੋਜਨਾ ਅਤੇ ਇਸ ਤੋਂ ਬਾਅਦ**

1990-91 ਅਤੇ 1991-92 ਵਿੱਚ ਬੜੀ ਤੇਜ਼ੀ ਨਾਲ ਵਾਧਾ ਹੋਇਆ ਅਤੇ ਸਲਾਨਾ ਮੁਦਰਾ ਸਫ਼ੀਤੀ ਦੀ ਦਰ ਕ੍ਰਮਵਾਰ 10.3 ਪ੍ਰਤੀਸ਼ਤ ਅਤੇ 13.7 ਪ੍ਰਤੀਸ਼ਤ ਰਿਕਾਰਡ ਕੀਤੀ ਗਈ। ਇਸ ਤੋਂ ਬਾਅਦ ਮੁਦਰਾ ਸਫ਼ੀਤੀ ਦੀ ਦਰ ਤੇ ਕਾਬੂ ਪਾ ਲਿਆ ਗਿਆ। ਇਸ ਦੇ ਕੁਝ ਮੁੱਖ ਕਾਰਣ ਸੀ: ਖੇਤੀ ਦੀ ਪੈਦਾਵਾਰ ਵਿੱਚ ਸੁਧਾਰ, ਮੁਦਰਾ ਪੂਰਤੀ ਦੇ ਵਿਸਤਾਰ ਦਾ ਨਿਯੰਤ੍ਰਣ ਆਦਿ। ਕੀਮਤਾਂ ਦੀ ਸਥਿਤੀ ਵਿੱਚ ਸੁਧਾਰ ਗਰੀਬ ਲੋਕਾਂ ਵਾਸਤੇ ਬਹੁਤ ਲਾਭਦਾਇਕ ਹੋਇਆ ਕਿਉਂਕਿ ਉਨ੍ਹਾਂ ਦੇ ਉਪਭੋਗ ਵਾਲੀਆਂ ਵਸਤੂਆਂ ਦੀ ਕੀਮਤਾਂ ਵਿੱਚ 1992-93 ਅਤੇ 1993-94 ਵਿੱਚ ਗਿਰਾਵਟ ਪਾਈ ਗਈ।

ਅਗਸਤ 1993 ਤੋਂ ਬਾਅਦ ਕੀਮਤਾਂ ਦੀ ਸਥਿਤੀ ਵਿੱਚ ਬਦਲਾਵ ਆਇਆ। ਸਲਾਨਾ ਕੀਮਤਾਂ ਦੀ ਦਰ ਵਿੱਚ ਵਾਧਾ ਹੋਣਾ ਸ਼ੁਰੂ ਹੋਇਆ ਜਿਸ ਦਾ ਮੁੱਖ ਕਾਰਣ ਸੀ ਮੁਦਰਾ ਦੀ ਪੂਰਤੀ ਵਿੱਚ ਵਾਧਾ, ਪ੍ਰਬੰਧਕ ਕੀਮਤਾਂ ਵਿੱਚ ਵਾਧਾ ਆਦਿ। ਕੀਮਤਾਂ ਵਿੱਚ ਵਾਧਾ 1994-95 ਤੱਕ ਚੱਲਦਾ ਰਿਹਾ। ਇਸ ਤੋਂ ਬਾਅਦ ਮੁਦਰਾ ਸਫ਼ੀਤੀ ਦੀ ਸਥਿਤੀ ਨਿਯੰਤ੍ਰਣ ਵਿੱਚ ਆ ਗਈ।

1993-94 ਨੂੰ ਆਧਾਰ ਸਾਲ ਮੰਨ ਕੇ ਔਸਤ ਮੁਦਰਾ ਸਫ਼ੀਤੀ ਦੀ ਦਰ 1999-2000 ਵਿੱਚ ਸਭ ਤੋਂ ਘੱਟ ਅਰਥਾਤ 3.3 ਪ੍ਰਤੀਸ਼ਤ ਸੀ। ਮੁਦਰਾ ਸਫ਼ੀਤੀ ਦੀ ਸਥਿਤੀ ਅਗਲੇ ਦੋ ਸਾਲਾਂ ਲਈ ਸਥਿਰ ਰਹੀ। ਇਸ ਤੋਂ ਬਾਅਦ ਕੀਮਤਾਂ ਵਿੱਚ ਦੁਬਾਰਾ ਵਾਧਾ ਹੋਣਾ ਸ਼ੁਰੂ ਹੋਇਆ ਅਤੇ 2004-05 ਵਿੱਚ ਮੁਦਰਾ ਸਫ਼ੀਤੀ 6.4/ਅਤੇ 2010-11 ਵਿਚ 7.9 ਹੋ ਗਈ।

**ਸਵੈ ਮੁਲਾਂਕਣ ਅਭਿਆਸ-1**

1. ਮੁਦਰਾ ਸਫ਼ੀਤੀ ਕੀ ਹੁੰਦੀ ਹੈ?
2. ਭਾਰਤ ਵਿੱਚ ਮੁਦਰਾ ਸਫ਼ੀਤੀ ਦੀ ਮਾਤਰਾ ਤੇ ਚਾਨਣਾ ਪਾਓ।

### 2.9.5 ਮੁਦਰਾ ਸਫ਼ੀਤੀ ਦੇ ਕਾਰਣ

ਕਿਸੇ ਵੀ ਰਾਸ਼ਟਰ ਵਿੱਚ ਸਫ਼ੀਤੀ ਉਸ ਸਮੇਂ ਆਉਂਦੀ ਹੈ ਜਿਸ ਸਮੇਂ ਮੰਗ ਵਿੱਚ ਵਾਧਾ ਹੋ ਜਾਵੇ ਜਾਂ ਪੂਰਤੀ ਵਿੱਚ ਕਮੀ ਹੋ ਜਾਵੇ ਜਾਂ ਉਤਪਾਦਨ ਦੀਆਂ ਲਾਗਤਾਂ ਵਿੱਚ ਵਾਧਾ ਹੋ ਜਾਵੇ। ਦੂਸਰੇ ਸ਼ਬਦਾਂ ਵਿੱਚ ਅਸੀਂ ਮੁਦਰਾ ਸਫ਼ੀਤੀ ਦੇ ਕਾਰਣਾਂ ਦਾ ਹੇਠ ਲਿਖੇ ਪੱਖੋਂ ਅਧਿਐਨ ਕਰ ਸਕਦੇ ਹਾਂ :-

(ੳ) ਮੰਗ ਪੱਖ ਦੇ ਕਾਰਣ

(ਅ) ਪੂਰਤੀ ਪੱਖ ਦੇ ਕਾਰਣ

(ੲ) ਹੋਰ ਕਾਰਣ

#### 2.9.5.1 ਮੰਗ ਪੱਖ ਦੇ ਕਾਰਣ

ਵਸਤੂਆਂ ਦੀ ਮੰਗ ਵਧ ਜਾਣ ਕਾਰਣ ਕੀਮਤਾਂ ਦਾ ਪੱਧਰ ਵਧ ਜਾਂਦਾ ਹੈ। ਇਸ ਲਈ ਅਸੀਂ ਉਨ੍ਹਾਂ ਕਾਰਣਾਂ ਦਾ ਅਧਿਐਨ ਕਰਾਂਗੇ ਜਿਨ੍ਹਾਂ ਦੇ ਕਾਰਣ ਵਸਤੂਆਂ ਦੀ ਮੰਗ ਵਧ ਜਾਂਦੀ ਹੈ।

(1) ਮੁਦਰਾ ਦੀ ਪੂਰਤੀ ਵਿੱਚ ਲਗਾਤਾਰ ਵਾਧਾ ਹੋਣਾ ਕੀਮਤਾਂ ਵਿੱਚ ਵਾਧੇ ਦਾ ਮੁੱਖ ਕਾਰਣ ਹੈ। ਪ੍ਰਾਚੀਨ ਅਤੇ ਨਵਪ੍ਰਾਚੀਨ ਅਰਥ ਸ਼ਾਸਤਰੀਆਂ ਦੇ ਅਨੁਸਾਰ ਮੁਦਰਾ ਦੀ ਮਾਤਰਾ ਵਧਣ ਨਾਲ ਕੀਮਤਾਂ ਦਾ ਪੱਧਰ ਉਸੇ ਅਨੁਪਾਤ ਵਿੱਚ ਵਧ ਜਾਂਦਾ ਹੈ। ਕੇਨਜ਼ ਵੀ ਕੁਝ ਹੱਦ ਤੱਕ ਇਸ ਗੱਲ ਨਾਲ ਸੰਬੰਧਤ ਸੀ ਕਿ ਮੁਦਰਾ ਦੀ ਮਾਤਰਾ ਵਧਣ ਦੇ ਨਾਲ ਲੋਕਾਂ ਦੀ ਖਰੀਦ ਸ਼ਕਤੀ ਵਧ ਜਾਂਦੀ ਹੈ ਅਤੇ ਖਰੀਦ ਸ਼ਕਤੀ ਵਧ ਜਾਣ ਦੇ ਕਾਰਣ ਕੀਮਤਾਂ ਦਾ ਪੱਧਰ ਵਧ ਜਾਂਦਾ ਹੈ। ਸਾਲ 1950-51 ਤੋਂ 1991-95 ਦੇ ਦੌਰਾਨ ਮੁਦਰਾ ਪੂਰਤੀ ਵਿੱਚ 14 ਪ੍ਰਤੀਸ਼ਤ ਦੀ ਸਲਾਨਾ ਦਰ ਨਾਲ ਵਾਧਾ ਹੋਇਆ ਹੈ। ਜਦੋਂ ਕਿ ਇਸ ਸਮੇਂ ਦੇ ਦੌਰਾਨ ਸ਼ੁੱਧ ਰਾਸ਼ਟਰੀ ਆਮਦਨ ਵਿੱਚ ਸਿਰਫ਼ 3.8 ਪ੍ਰਤੀਸ਼ਤ ਦੀ ਸਾਲਾਨਾ ਦਰ ਨਾਲ ਵਾਧਾ ਹੋਇਆ ਹੈ ਪਿਛਲੇ ਕੁਝ ਸਾਲਾਂ ਦੌਰਾਨ ਮੰਗ ਅਤੇ ਪੂਰਤੀ ਵਿੱਚ ਇਹ ਫਰਕ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਨਾਲ ਇਕ ਹੋਰ ਮਹੱਤਵਪੂਰਣ ਤੱਤ ਇਹ ਹੈ ਕਿ ਕੀਮਤਾਂ ਵਿੱਚ ਵਾਧਾ ਅਤੇ ਮੁਦਰਾ ਪੂਰਤੀ ਵਿੱਚ ਵਾਧਾ ਇੱਕੋ ਜਿਹਾ ਨਹੀ ਰਿਹਾ। ਕਈ ਵਾਰ ਕੀਮਤਾਂ ਵਿੱਚ ਵਾਧਾ ਮੁਦਰਾ ਦੀ ਪੂਰਤੀ ਦੇ ਵਾਧੇ ਦੇ ਨਾਲੋਂ ਕਾਫ਼ੀ ਜ਼ਿਆਦਾ ਰਿਹਾ ਹੈ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਮੁਦਰਾ ਸਫ਼ੀਤੀ ਨੂੰ ਪ੍ਰਭਾਵਿਤ ਕਰਨ ਵਾਲੇ ਹੋਰ ਵੀ ਤੱਤ ਹਨ।

**ਸਰਕਾਰੀ ਖਰਚ ਵਿੱਚ ਵਾਧਾ**

ਭਾਰਤ ਵਿੱਚ ਸਰਕਾਰੀ ਖਰਚ ਲਗਾਤਾਰ ਵਧ ਰਿਹਾ ਹੈ। ਇਹ ਝੁਕਾਅ ਆਜ਼ਾਦੀ ਪਿਛੋਂ ਸ਼ੁਰੂ ਹੋਇਆ। ਸਾਲ 1960-61 ਤੋਂ 2000-01 ਤੱਕ ਕੇਂਦਰੀ ਅਤੇ ਰਾਜ ਸਰਕਾਰਾਂ ਦਾ ਕੁੱਲ ਖਰਚਾ 36.850 ਕਰੋੜ ਤੋਂ ਵਧ ਕੇ 655.850 ਕਰੋੜ ਹੋ ਗਿਆ ਭਾਵ 18 ਗੁਣਾਂ। ਇਸ ਸਮੇਂ ਦੌਰਾਨ ਸਰਕਾਰੀ ਖਰਚਾ ਉਤਪਾਦਨ ਅਤੇ ਅਣਉਤਪਾਦਕ ਕ੍ਰਿਆਵਾਂ ਦੇ ਬੜੀ ਤੇਜ਼ੀ ਨਾਲ ਵਧਿਆ ਹੈ। ਇਸ ਵਿੱਚ ਕੋਈ ਸ਼ੱਕ ਨਹੀ ਕਿ ਦੇਸ਼ ਦੇ ਵਿਕਾਸ, ਸੁਰੱਖਿਆ ਅਤੇ ਅਮਨ ਕਾਨੂੰਨ ਦੀ ਬਹਾਲੀ ਲਈ ਸਰਕਾਰੀ ਖਰਚੇ ਵਿੱਚ ਵਾਧਾ ਹੋਣਾ ਜਰੂਰੀ ਸੀ ਪਰ ਸਰਕਾਰੀ ਖਰਚੇ ਦਾ ਵੱਡਾ ਹਿੱਸਾ ਅਣਉਤਪਾਦਕ ਕ੍ਰਿਆਵਾਂ ਤੇ ਖਰਚ ਹੋਣ ਲੱਗ ਪਿਆ ਹੈ, ਜਿਹੜਾ ਕਿ ਚਿੰਤਾ ਦਾ ਵਿਸ਼ਾ ਹੈ। ਇਹ ਖਰਚਾ ਲੋਕਾਂ ਦੇ ਹੱਥ ਵਿੱਚ ਖਰੀਦ ਸ਼ਕਤੀ ਨੂੰ ਤਾਂ ਵਧਾਉਂਦਾ ਹੈ ਪਰ ਸਿੱਧੇ ਰੂਪ ਵਿੱਚ ਉਤਪਾਦਨ ਨਾ ਵਧਾ ਕੇ ਕੀਮਤਾਂ ਨੂੰ ਵਧਾ ਦਿੰਦਾ ਹੈ। ਦੇਸ਼ ਦੀ ਸੁਰੱਖਿਆ ਤੇ 1980-81 ਵਿੱਚ ਖਰਚ 3600 ਕਰੋੜ ਰੁਪਏ ਸੀ ਜੋ ਕਿ 1990-91 ਵਿੱਚ ਵਧ ਕੇ 10874 ਕਰੋੜ ਰੁਪਏ 2000-01 ਵਿੱਚ 37238 ਕਰੋੜ ਰੁਪਏ ਹੋ ਗਿਆ ਸੀ। 2002-03 ਵਿੱਚ ਇਹ ਖਰਚਾ 40709 ਕਰੋੜ ਰੁਪਏ ਹੋ ਗਿਆ ਸੀ। ਦੇਸ਼ ਦੀ ਸੁਰੱਖਿਆ ਤੇ ਖਰਚ ਹੋਣਾ ਲਜ਼ਮੀ ਹੈ ਪਰ ਨਾਲ ਹੀ ਉਤਪਾਦਕ ਕ੍ਰਿਆਵਾਂ ਤੇ ਖਰਚ ਅਣਉਤਪਾਦਕ ਕ੍ਰਿਆਵਾਂ ਦੇ ਮੁਕਾਬਲੇ ਵਧਣਾ ਚਾਹੀਦਾ ਹੈ ਤਾਂ ਜੋ ਮੁਦਰਾ ਸਫ਼ੀਤੀ ਨੂੰ ਨਿਯੰਤ੍ਰਿਤ ਕੀਤਾ ਜਾ ਸਕੇ।

**ਕਾਲੇ ਧਨ ਦਾ ਪ੍ਰਭਾਵ**

ਭਾਰਤ ਵਿੱਚ ਕੀਮਤ ਪੱਧਰ ਵਿੱਚ ਵਾਧੇ ਦਾ ਇੱਕ ਹੋਰ ਮਹੱਤਵਪੂਰਣ ਕਾਰਣ ਕਾਲੇ ਧਨ ਵਿੱਚ ਵਾਧਾ ਹੋਣਾ ਹੈ। ਲੋਕ ਆਮਦਨ ਕਰ ਤੋਂ ਬਚਣ ਵਾਸਤੇ ਬਹੁਤ ਸਾਰਾ ਧਨ ਆਪਣੀ ਆਮਦਨ ਵਿੱਚ ਨਹੀਂ ਦਿਖਾਉਂਦੇ। ਇਸ ਧਨ ਨਾਲ ਜਮ੍ਹਾਂਖੋਰੀ ਅਤੇ ਚੋਰ ਬਾਜ਼ਾਰੀ ਕੀਤੀ ਜਾਂਦੀ ਹੈ। ਭਾਵੇਂ ਕਾਲੇ ਧਨ ਦੀ ਮਾਤਰਾ

ਦਾ ਅਨੁਮਾਨ ਲਾਉਣਾ ਆਸਾਨ ਨਹੀ ਪਰ ਇਸ ਗੱਲ ਤੋਂ ਇਨਕਾਰਿਆ ਨਹੀਂ ਜਾ ਸਕਦਾ ਕਿ ਕਾਲੇ ਧਨ ਦਾ ਕੀਮਤਾਂ ਦੇ ਪੱਧਰ ਤੇ ਪ੍ਰਭਾਵ ਪੈਂਦਾ ਹੈ। ਕੀਮਤਾਂ ਵਿੱਚ ਵਾਧਾ ਤੇਜ਼ੀ ਨਾਲ ਹੁੰਦਾ ਹੈ। ਪੀ. ਗੁਪਤਾ ਅਤੇ ਐਸ. ਗੁਪਤਾ ਨੇ ਇੱਕ ਲੇਖ ਵਿੱਚ ਅਨੁਮਾਨ ਲਗਾਇਆ ਹੈ ਕਿ ਭਾਰਤ ਵਿੱਚ ਸੰਨ 1980 ਵਿੱਚ 46867 ਕਰੋੜ ਰੁਪਏ ਦਾ ਕਾਲਾ ਧਨ ਸੀ ਜੋ ਕਿ ਕੁੱਲ ਰਾਸ਼ਟਰੀ ਪੈਦਾਵਾਰ ਦਾ 48 ਪ੍ਰਤੀਸ਼ਤ ਹਿੱਸਾ ਸੀ। ਵਾਂਚੁ ਕਮੇਟੀ ਦੇ ਅਨੁਮਾਨਾਂ ਅਨੁਸਾਰ ਸਾਲ 1969-70 ਵਿੱਚ ਭਾਰਤ 7000 ਕਰੋੜ ਰੁਪਏ ਦੇ ਕਾਲੇ ਧਨ ਦਾ ਅਨੁਮਾਨ ਸੀ ਅਤੇ ਸਾਲ 1985-86 ਵਿੱਚ ਇਸ ਦਾ 69,000 ਕਰੋੜ ਰੁਪਏ ਤੋਂ ਵੱਧ ਹੋਣ ਦਾ ਅਨੁਮਾਨ ਸੀ। 1994 ਵਿੱਚ ਕਾਲੇ ਧਨ ਦਾ ਅਨੁਮਾਨ 300,000 ਕਰੋੜ ਰੁਪਏ ਸੀ। ਇੱਕ ਹੋਰ ਅਨੁਮਾਨ ਅਨੁਸਾਰ ਇਹ ਕਾਲਾ ਧਨ 1997-98 ਵਿੱਚ 600,000 ਕਰੋੜ ਰੁਪਏ ਲਗਭਗ ਸੀ ਅਤੇ 2006-07 ਵਿਚ 2500000 ਕਰੋੜ ਰੁਪਏ ਸੀ। ਅੱਜ ਕੱਲ੍ਹ ਦੇ ਸਮੇਂ ਵਿੱਚ ਕਾਲਾ ਧਨ ਮੁਦਰਾ ਸਫ਼ੀਤੀ ਦਾ ਇੱਕ ਬਹੁਤ ਵੱਡਾ ਅਤੇ ਮਹੱਤਵਪੂਰਣ ਕਾਰਣ ਹੈ।

**ਘਾਟੇ ਦੀ ਵਿੱਤ ਵਿਵਸਥਾ**

ਭਾਰਤ ਸਰਕਾਰ ਨੇ ਦੇਸ਼ ਦੇ ਆਰਥਿਕ ਵਿਕਾਸ ਲਈ ਘਾਟੇ ਦੀ ਅਰਥ ਵਿਵਸਥਾ ਤੇ ਜ਼ੋਰ ਦਿੱਤਾ। ਸਰਕਾਰ ਯੋਜਨਾਵਾਂ ਲਈ ਉਚਿਤ ਰਾਸ਼ੀ ਇਕੱਠੀ ਨਹੀਂ ਕਰ ਸਕਦੀ ਸੀ। ਇਸ ਲਈ ਸਰਕਾਰ ਨੂੰ ਜਾਂ ਤਾਂ ਬੈਂਕਿੰਗ ਪ੍ਰਣਾਲੀ ਤੋਂ ਉਧਾਰ ਪ੍ਰਾਪਤ ਕਰਨਾ ਪੈਂਦਾ ਸੀ ਅਤੇ ਜਾਂ ਨਵੇਂ ਨੋਟ ਛਾਪ ਕੇ ਯੋਜਨਾ ਦੇ ਉਦੇਸ਼ਾਂ ਨੂੰ ਪੂਰਾ ਕਰਨਾ ਪੈਂਦਾ ਸੀ। ਪਹਿਲੀ, ਦੂਜੀ ਅਤੇ ਤੀਜੀ ਪੰਜ ਸਾਲਾ ਯੋਜਨਾ ਵਿੱਚ ਕ੍ਰਮਵਾਰ ਘਾਟੇ ਦੀ ਵਿੱਤ ਵਿਵਸਥਾ 330 ਕਰੋੜ, 954 ਕਰੋੜ ਅਤੇ 1130 ਕਰੋੜ ਰਹੀ। ਚੌਥੀ ਪੰਜ ਸਾਲਾ ਯੋਜਨਾ ਤੋਂ ਬਾਅਦ ਘਾਟੇ ਦੀ ਵਿੱਤ ਵਿਵਸਥਾ ਵਿੱਚ ਬੜੀ ਤੇਜ਼ੀ ਨਾਲ ਵਾਧਾ ਹੋਇਆ। ਭਾਰਤ ਵਿੱਚ 1981-82 ਤੋਂ ਬਾਅਦ ਦੀ ਘਾਟੇ ਦੀ ਵਿੱਤ ਵਿਵਸਥਾ ਦਾ ਅੰਦਾਜਾ ਤਾਲਿਕਾ 1 ਤੋਂ ਲਗਾਇਆ ਜਾ ਸਕਦਾ ਹੈ।

**ਤਾਲਿਕਾ -1**

ਭਾਰਤ ਵਿੱਚ ਘਾਟੇ ਦੀ ਵਿੱਤ ਵਿਵਸਥਾ (ਕੁੱਲ ਘਰੇਲੂ ਉਤਪਾਦ ਦੇ ਪ੍ਰਤੀਸ਼ਤ)

| ਸਾਲ | ਆਮਦਨ ਘਾਟਾ | ਵਿੱਤੀ ਘਾਟਾ |
|---|---|---|
| 1981-82 | 0.2 | 5.4 |
| 1990-91 | 3.3 | 6.6 |
| 2000-2001 | 4.0 | 5.6 |
| 2009-10 | 5.2 | 6.4 |
| 2010-11 | 3.3 | 4.4 |
| 2011-12 | 4.9 | 5.9 |
| 2016-17 | 2.1 | 3.5 |

ਸ੍ਰੋਤः ਆਰਥਿਕ ਸਰਵੇਖਣ

ਇਸ ਤਾਲਿਕਾ ਤੋਂ ਅਸੀਂ ਦੇਖ ਸਕਦੇ ਹਾਂ ਕਿ ਵਿੱਤੀ ਘਾਟਾ, ਆਮਦਨ ਘਾਟੇ ਦੇ ਮੁਕਾਬਲੇ ਜ਼ਿਆਦਾ ਤੇਜ਼ੀ ਨਾਲ ਵਧ ਰਿਹਾ ਹੈ। ਇਹ ਇੱਕ ਚਿੰਤਾ ਦਾ ਵਿਸ਼ਾ ਹੈ।

**ਜਨਸੰਖਿਆ ਵਿੱਚ ਵਾਧਾ**

ਭਾਰਤ ਵਿੱਚ ਜਨਸੰਖਿਆ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਵਧਦੀ ਜਨਸੰਖਿਆ ਦੇ ਕਾਰਣ ਅੰਨ ਪਦਾਰਥਾਂ ਅਤੇ ਉਪਭੋਗਤਾ ਵਾਲੀਆਂ ਵਸਤੂਆਂ ਦੀ ਮੰਗ ਵਧ ਰਹੀ ਹੈ ਪਰ ਦੂਜੇ ਪਾਸੇ ਬੇਰੁਜ਼ਗਾਰੀ, ਪੂੰਜੀ ਦੀ ਕਮੀ ਕਰਕੇ ਲੋੜੀਂਦੀ ਰਫ਼ਤਾਰ ਤੇ ਪੂਰਤੀ ਨਹੀਂ ਵਧਦੀ ਅਤੇ ਸਿੱਟੇ ਵੱਜੋਂ ਕੀਮਤਾਂ ਵਧ ਜਾਂਦੀਆਂ ਹਨ। ਭਾਰਤ ਦੀ ਆਬਾਦੀ 2.2 ਪ੍ਰਤੀਸ਼ਤ ਸਾਲਾਨਾ ਦਰ ਨਾਲ ਵਧ ਰਹੀ ਹੈ। ਜਨਸੰਖਿਆ ਜੋ 1951 ਵਿੱਚ 36.1 ਕਰੋੜ ਸੀ 1991 ਵਿੱਚ ਵਧ ਕੇ 84.6 ਕਰੋੜ ਹੋ ਗਈ। 2001 ਦੇ ਆਂਕੜੇ ਅਨੁਸਾਰ ਭਾਰਤ ਦੀ ਜਨਸੰਖਿਆ ਵਧਕੇ 121 ਕਰੋੜ ਹੋ ਗਈ ਹੈ।

**ਵੱਧ ਨਿਵੇਸ਼**

ਭਾਰਤ ਦੇ ਆਰਥਿਕ ਵਿਕਾਸ ਲਈ ਬਹੁਤ ਸਾਰੀ ਰਕਮ ਨਿਵੇਸ਼ ਦੇ ਰੂਪ ਵਿੱਚ ਖਰਚ ਕਰਨੀ ਪੈਂਦੀ

ਹੈ। ਇਸ ਨਾਲ ਦੇਸ਼ ਦੇ ਲੋਕਾਂ ਦੇ ਹੱਥ ਵਿੱਚ ਬਹੁਤ ਸਾਰੀ ਰਕਮ ਖਰਚ ਕਰਨ ਵਾਸਤੇ ਆ ਜਾਂਦੀ ਹੈ ਜਦਕਿ ਕੀਤੇ ਗਏ ਨਿਵੇਸ਼ ਦੇ ਨਾਲ ਉਤਪਾਦਨ ਵਿੱਚ ਵਾਧਾ ਕਰਨ ਲਈ ਕੁਝ ਸਮਾਂ ਲੱਗ ਜਾਂਦਾ ਹੈ। ਇਸ ਪ੍ਰਕਾਰ ਜਦੋਂ ਆਮਦਨ ਵਿੱਚ ਵਾਧਾ ਤੇਜ਼ੀ ਨਾਲ ਹੋ ਜਾਂਦਾ ਹੈ ਤਾਂ ਦੇਸ਼ ਦੇ ਲੋਕਾਂ ਦੀ ਮੰਗ ਵਿੱਚ ਵਾਧਾ ਹੋਣ ਕਾਰਣ ਕੀਮਤਾਂ ਦੇ ਪੱਧਰ ਵਿੱਚ ਵਾਧਾ ਤੇਜ਼ੀ ਨਾਲ ਹੋਣ ਲੱਗਦਾ ਹੈ।

### 2.9.5.2 ਪੂਰਤੀ ਪੱਖ ਦੇ ਕਾਰਣ

ਜਦੋਂ ਵਸਤਾਂ ਅਤੇ ਸੇਵਾਵਾਂ ਦੀ ਮੰਗ ਵਿੱਚ ਵਾਧਾ ਹੋਣ ਨਾਲ ਵਸਤਾਂ ਅਤੇ ਸੇਵਾਵਾਂ ਦੀ ਪੂਰਤੀ ਵਿੱਚ ਵੀ ਵਾਧਾ ਹੋ ਜਾਵੇ ਤਾਂ ਕੀਮਤਾਂ ਵਿੱਚ ਵਾਧੇ ਦੀ ਕੋਈ ਸਮੱਸਿਆ ਉਤਪੰਨ ਨਹੀਂ ਹੁੰਦੀ ਪਰ ਭਾਰਤ ਵਿੱਚ ਇੱਕ ਪਾਸੇ ਵਸਤਾਂ ਅਤੇ ਸੇਵਾਵਾਂ ਦੀ ਮੰਗ ਵਿੱਚ ਵਾਧਾ ਤੇਜ਼ੀ ਨਾਲ ਹੋ ਰਿਹਾ ਹੈ ਜਦਕਿ ਦੂਜੇ ਪਾਸੇ ਵਸਤਾਂ ਅਤੇ ਸੇਵਾਵਾਂ ਦੀ ਪੂਰਤੀ ਵਿੱਚ ਵਾਧੇ ਦੀ ਦਰ ਘਟ ਰਹੀ ਹੈ। ਪੂਰਤੀ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ ਮੁੱਖ ਤੌਰ ਤੇ ਹੇਠ ਲਿਖੇ ਅਨੁਸਾਰ ਹਨ :-

**ਖੇਤੀਬਾੜੀ ਦੀ ਅਨਿਸ਼ਚਿਤ ਪੈਦਾਵਾਰ**

ਖੇਤੀ ਉਤਪਾਦਨ ਵਿੱਚ ਸੋਕਾ ਜਾਂ ਹੋਰ ਕੁਦਰਤੀ ਆਫਤਾਂ ਕਰਕੇ ਕਾਫ਼ੀ ਉਤਾਰ ਚੜਾਅ ਆਏ ਹਨ। ਅਤੇ ਜਦੋਂ ਖੇਤੀ ਉਤਪਾਦਨ ਘਟਦਾ ਹੈ ਤਾਂ ਕੀਮਤਾਂ ਤੇਜ਼ੀ ਨਾਲ ਵਧਦੀਆਂ ਹਨ ਅਤੇ ਮਾਨਸੂਨ ਆਦਿ ਚੰਗੀ ਹੋ ਜਾਂਦੀ ਹੈ ਤਾਂ ਉਤਪਾਦਨ ਵੱਧਦਾ ਹੈ ਅਤੇ ਕੀਮਤਾਂ ਵਿੱਚ ਸਥਿਰਤਾ ਆ ਜਾਂਦੀ ਹੈ। ਭਾਰਤ ਵਿੱਚ ਮੁਸ਼ਕਿਲ ਨਾਲ ਇੱਕ ਤਿਹਾਈ ਖੇਤੀ ਯੋਗ ਭੂਮੀ ਨੂੰ ਸਿੰਚਾਈ ਸਹੂਲਤਾਂ ਮਿਲਦੀਆਂ ਹਨ ਇਸ ਲਈ ਖੇਤੀਬਾੜੀ ਦੀ ਪੈਦਾਵਾਰ ਦੀ ਅਨਿਸ਼ਚਿਤਤਾ ਹੋਣ ਕਰਕੇ ਕੀਮਤਾਂ ਵਿੱਚ ਵਾਧਾ ਤੇਜ਼ੀ ਨਾਲ ਹੋਇਆ। ਕਿਸਾਨ ਹੁਣ ਅਨਾਜ ਦਾ ਕਾਫ਼ੀ ਹਿੱਸਾ ਆਪਣੇ ਕੋਲ ਰੱਖ ਲੈਂਦੇ ਹਨ। ਇਸ ਲਈ ਬਾਜ਼ਾਰ ਵਿੱਚ ਵੇਚਣ ਲਈ ਉਚਿਤ ਮਾਲ ਪ੍ਰਾਪਤ ਨਹੀ ਹੁੰਦਾ ਅਤੇ ਕੀਮਤਾਂ ਵਿੱਚ ਵਾਧਾ ਹੋਣਾ ਸੁਭਾਵਿਕ ਹੈ। ਇਸੇ ਤਰ੍ਹਾਂ ਉਦਯੋਗਿਕ ਮਜ਼ਦੂਰ ਆਪਣੀ ਆਮਦਨ ਦਾ ਵੱਡਾ ਹਿੱਸਾ ਅਨਾਜ ਤੇ ਖਰਚ ਕਰਦੇ ਹਨ ਅਤੇ ਇਸ ਲਈ ਜਦੋਂ ਅਨਾਜ ਦੀਆਂ ਕੀਮਤਾਂ ਵਧਦੀਆਂ ਹਨ ਤਾਂ ਉਹ ਵੱਧ ਮਜਦੂਰੀ ਦੀ ਮੰਗ ਕਰਦੇ ਹਨ ਅਤੇ ਇਸ ਤਰ੍ਹਾਂ ਉਦਯੋਗਿਕ ਉਤਪਾਦਨਾਂ ਦੀਆਂ ਲਾਗਤਾਂ ਵਧ ਜਾਂਦੀਆ ਹਨ। ਖੇਤੀ ਦੀ ਪੈਦਾਵਾਰ ਘਟਣ ਨਾਲ ਖੇਤੀ ਆਧਾਰਿਤ ਉਦਯੋਗਾਂ (Agro-Based Industries) ਵਿੱਚ ਉਤਪਾਦਨ ਘਟ ਜਾਂਦਾ ਹੈ ਅਤੇ ਨਤੀਜੇ ਵੱਜੋਂ ਇੱਕ ਪਾਸੇ ਉਤਪਾਦਨ ਸਮਰੱਥਾ ਦੀ ਘੱਟ ਵਰਤੋਂ (Less Capacity Utilisation) ਕਰਕੇ ਉਤਪਾਦਨ ਦੀਆਂ ਲਾਗਤਾਂ ਵਧ ਜਾਂਦੀਆਂ ਹਨ ਅਤੇ ਦੂਜੇ ਪਾਸੇ ਸੰਬੰਧਿਤ ਵਸਤੂਆਂ ਦੀ ਕਮੀ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੁੰਦਾ ਹੈ।

1978-79 ਵਿੱਚ ਅਨਾਜ ਦਾ ਉਤਪਾਦਨ 132 ਮਿਲੀਅਨ ਟਨ ਤੋਂ ਘਟ ਕੇ ਅਗਲੇ ਹੀ ਸਾਲ 1979-80 ਵਿੱਚ 110 ਮਿਲੀਅਨ ਟਨ ਰਹਿ ਗਿਆ 1984-85 ਵਿੱਚ ਅਨਾਜ ਦਾ ਉਤਪਾਦਨ 152 ਮਿਲੀਅਨ ਟਨ ਸੀ ਜੋ ਕਿ 1987-88 ਵਿੱਚ 140 ਮਿਲੀਅਨ ਟਨ ਰਹਿ ਗਿਆ। ਪਰ 1994-95 ਵਿੱਚ 185 ਮਿਲੀਅਨ ਟਨ ਹੋ ਗਿਆ। ਕੁੱਲ ਯੋਜਨਾ ਕਾਲ ਵਿੱਚ ਅਜਿਹੇ ਉਤਾਰ ਚੜਾਅ ਅਕਸਰ ਦੇਖੇ ਜਾ ਸਕਦੇ ਹਨ।

**ਉਦਯੋਗਿਕ ਉਤਪਾਦਨ ਵਿੱਚ ਘੱਟ ਵਾਧਾ**

ਦੇਸ਼ ਦੀ ਆਜ਼ਾਦੀ ਤੋਂ ਬਾਅਦ ਲੋਕਾਂ ਦੇ ਜੀਵਨ ਪੱਧਰ ਵਿੱਚ ਬਹੁਤ ਵਿਕਾਸ ਹੋਇਆ ਹੈ। ਹਰ ਇੱਕ ਮਨੁੱਖ ਉਦਯੋਗਿਕ ਪੈਦਾਵਾਰ ਦੀਆਂ ਵਸਤਾਂ ਮੰਗਣ ਲੱਗ ਪਏ ਹਨ। ਪ੍ਰੰਤੂ ਜਿਵੇਂ ਜਿਵੇਂ ਇਨ੍ਹਾਂ ਵਸਤਾਂ ਦੀ ਮੰਗ ਵਿੱਚ ਵਾਧਾ ਹੋਇਆ ਹੈ ਉਸ ਦੇ ਨਾਲ ਨਾਲ ਵਸਤਾਂ ਦੀ ਪੂਰਤੀ ਵਿੱਚ ਵਾਧਾ ਨਹੀਂ ਹੋ ਸਕਿਆ। ਜੇਕਰ 1970 ਦੇ ਸਾਲ ਨੂੰ ਆਧਾਰ ਸਾਲ (1970=100) ਮੰਨ ਲਈਏ ਤਾਂ 1985-86 ਵਿੱਚ ਉਦਯੋਗਿਕ ਉਤਪਾਦਨ ਸੂਚਕ ਅੰਕ ਵਿੱਚ ਵਾਧਾ 20.8 ਪ੍ਰਤੀਸ਼ਤ ਹੀ ਹੋਇਆ ਹੈ। ਜੇ 1980-81 ਨੂੰ ਆਧਾਰ ਸਾਲ ਮੰਨ ਲਈਏ ਤਾਂ ਉਦਯੋਗਿਕ ਉਤਪਾਦਨ ਪਿਛਲੇ 6 ਸਾਲਾਂ ਵਿੱਚ 7.6 ਪ੍ਰਤੀਸ਼ਤ ਦੀ ਸਾਲਾਨਾ ਦਰ ਤੋਂ ਵਧਿਆ ਹੈ ਪਰ ਆਮ ਤੌਰ ਤੇ ਜਰੂਰੀ ਉਦਯੋਗਿਕ ਉਪਭੋਗਤਾ ਵਸਤੂਆਂ ਦੇ ਉਤਪਾਦਨ ਵਿੱਚ ਜ਼ਿਆਦਾ ਵਾਧਾ ਨਹੀ ਹੋਇਆ ਪਰ ਮੁਦਰਾ ਦੀ ਮਾਤਰਾ ਵਧਣ ਨਾਲ ਵਸਤੂਆਂ ਦੀ ਮੰਗ ਤਾਂ ਵਧ ਗਈ ਪਰ ਉਤਪਾਦਨ ਵਿੱਚ ਤੇਜ਼ੀ ਨਾਲ ਵਾਧਾ ਨਾ ਹੋਣ ਕਰਕੇ ਕੀਮਤਾਂ ਵਿੱਚ ਵਾਧਾ ਹੋਇਆ ਹੈ।

**ਅਧਿਕ ਕਰ**

ਭਾਰਤ ਵਿੱਚ ਮੁਦਰਾ ਸਫ਼ੀਤੀ ਵਿੱਚ ਵਾਧਾ ਹੋਣ ਦਾ ਇੱਕ ਹੋਰ ਕਾਰਣ ਕਰਾਂ ਦੀ ਅਧਿਕ ਮਾਤਰਾ ਵੀ ਹੈ। ਹਰ ਸਾਲ ਬਜਟ ਪੇਸ਼ ਕਰਨ ਵੇਲੇ ਲਗਾਏ ਜਾਣ ਵਾਲੇ ਕਰਾਂ ਦੀ ਮਾਤਰਾ ਵਿੱਚ ਵਾਧਾ ਕਰ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਉਤਪਾਦਨ ਲਾਗਤ ਵਿੱਚ ਵਾਧਾ ਹੁੰਦਾ ਹੈ ਅਤੇ ਕੀਮਤਾਂ ਦਾ ਵਧਣਾ ਸੁਭਾਵਿਕ ਹੈ। ਭਾਰਤ ਵਿੱਚ ਪ੍ਰਤੱਖ ਕਰਾਂ ਕੇ ਮੁਕਾਬਲੇ ਅਪ੍ਰਤੱਖ ਕਰ ਵਧ ਮਾਤਰਾ ਵਿੱਚ ਲਗਾਏ ਜਾਂਦੇ ਹਨ।

**ਪ੍ਰਬੰਧਕ ਕੀਮਤਾਂ ਵਿੱਚ ਵਾਧਾ**

ਭਾਰਤੀ ਅਰਥ ਵਿਵਸਥਾ ਨੂੰ ਸਰਕਾਰ ਦੁਆਰਾ ਉਠਾਏ ਗਏ ਕਦਮ ਵੀ ਪ੍ਰਭਾਵਿਤ ਕਰਦੇ ਹਨ ਖੇਤੀਬਾੜੀ ਖੇਤਰ ਵਿੱਚ ਸਰਕਾਰ ਬਾਜ਼ਾਰ ਦੀਆਂ ਸ਼ਕਤੀਆਂ (Market Forces) ਨੂੰ ਘੱਟੋ ਘੱਟ ਗਰੰਟੀ ਸਮਰਥਨ ਮੁੱਲ (Minimum Guaranteed Support Price) ਅਤੇ ਸਰਕਾਰੀ ਖਰੀਦ ਮੁੱਲ (Pro Current Price) ਆਦਿ ਦੁਆਰਾ ਨਿਯਮਿਤ ਕਰਦੀ ਹੈ। ਬਹੁਤ ਸਾਰੀਆਂ ਵਸਤੂਆਂ ਜਿਵੇਂ ਕਣਕ, ਚਾਵਲ, ਅਤੇ ਹੋਰ ਬਹੁਤ ਸਾਰੇ ਖੇਤੀ ਪਦਾਰਥ, ਲੋਹਾ, ਕੋਲਾ, ਸੀਮਿੰਟ ਆਦਿ ਵਸਤਾਂ ਦੀ ਕੀਮਤ ਸਰਕਾਰ ਦੁਆਰਾ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ। ਇਹ ਸਰਵਜਨਕ ਖੇਤਰ ਵਿੱਚ ਪੈਦਾ ਕੀਤੀਆਂ ਜਾਂਦੀਆਂ ਹਨ ਜੋ ਅਕਸਰ ਘਾਟੇ ਵਿੱਚ ਹੀ ਰਹਿੰਦਾ ਹੈ। ਇਸ ਖੇਤਰ ਦੀ ਕਾਰਗੁਜ਼ਾਰੀ ਬਿਹਤਰ ਕਰਕੇ ਘਾਟੇ ਨੂੰ ਪੂਰਾ ਕਰਨ ਦੀ ਨੀਤੀ ਦੀ ਬਜਾਇ ਸਰਕਾਰ ਦੁਆਰਾ ਸੰਬੰਧਿਤ ਵਸਤੂਆਂ ਦੀਆਂ ਕੀਮਤਾਂ ਵਧਾ ਕੇ ਘਾਟੇ ਨੂੰ ਪੂਰਾ ਕਰਨ ਦੀ ਨਕਾਰਾ ਨੀਤੀ ਲਾਗਤ ਵਾਧਾ-ਸਫ਼ੀਤੀ (Cost Push Inflation) ਪੈਦਾ ਕਰਦੀ ਹੈ। ਸਰਕਾਰ ਪ੍ਰਬੰਧਕ ਕੀਮਤਾਂ ਵਿੱਚ ਲਗਾਤਾਰ ਵਾਧਾ ਕਰਦੀ ਰਹਿੰਦੀ ਹੈ।

**ਸੱਟੇਬਾਜ਼ੀ ਅਤੇ ਜਮ੍ਹਾਂਖੋਰੀ**

ਕੀਮਤਾਂ ਦੇ ਵਾਧੇ ਦਾ ਕਾਰਣ ਦੇਸ਼ ਵਿੱਚ ਸੱਟੇਬਾਜ਼ੀ ਅਤੇ ਜਮ੍ਹਾਂਖੋਰੀ ਹਾਲਤਾਂ ਹੋਣਾ ਹੈ ਅਜਿਹੀ ਹਾਲਤ ਵਿੱਚ ਵਪਾਰੀ ਵਰਗ ਆਪਣੇ ਕੋਲ ਵਸਤਾਂ ਦਾ ਭੰਡਾਰ ਇਕੱਠਾ ਕਰ ਲੈਂਦੇ ਹਨ। ਇਸ ਪ੍ਰਕਾਰ ਦੇਸ਼ ਵਿੱਚ ਵਸਤਾਂ ਦੇ ਹੁੰਦੇ ਹੋਏ ਵੀ ਉਨ੍ਹਾਂ ਦੀ ਥੁੜ ਨਜ਼ਰ ਆਉਣ ਲੱਗਦੀ ਹੈ। ਉਪਭੋਗੀਆਂ ਨੂੰ ਖਤਰਾ ਪੈਦਾ ਹੋ ਜਾਂਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਕੀਮਤਾ ਤੇਜ਼ੀ ਨਾਲ ਵਧ ਜਾਣਗੀਆਂ ਇਸ ਕਰਕੇ ਵਸਤਾਂ ਦੀ ਮੰਗ ਅਧਿਕ ਹੋ ਜਾਂਦੀ ਹੈ ਅਤੇ ਇਸ ਪ੍ਰਕਾਰ ਵਸਤਾਂ ਦੀਆਂ ਕੀਮਤਾਂ ਵਿੱਚ ਵਾਧਾ ਤੇਜ਼ੀ ਨਾਲ ਹੋਣ ਲੱਗ ਪੈਂਦਾ ਹੈ। ਖੇਤੀ ਫ਼ਸਲ ਦੇ ਫੇਲ੍ਹ ਹੋ ਜਾਣ ਵਾਲੀ ਸਥਿਤੀ ਨੂੰ ਹਮੇਸ਼ਾਂ ਥੋਕ ਵਪਾਰੀਆਂ ਅਤੇ ਵੱਡੇ ਕਿਸਾਨਾਂ ਨੂੰ ਵਸਤੂਆਂ ਦੀ ਜਮ੍ਹਾਂਖੋਰੀ ਕਰਨ ਲਈ ਉਤਸ਼ਾਹਿਤ ਕੀਤਾ ਹੈ। ਜਿਹੜਾ ਕਿ ਸਮਾਜ ਦੇ ਹਿੱਤ ਵਿੱਚ ਨਹੀਂ ਹੁੰਦਾ। ਭਾਰਤ ਦੇ ਸਮੁੱਚੇ ਯੋਜਨਾ ਕਾਲ ਦੌਰਾਨ ਇਹ ਚੱਲਦਾ ਰਿਹਾ ਹੈ। ਪਰ 1972 ਦੌਰਾਨ ਕੀਮਤਾਂ ਵਿੱਚ ਵਾਧੇ ਦਾ ਇਹ ਮੁੱਖ ਕਾਰਣ ਸੀ। ਸਰਕਾਰ ਦੀ ਬੈਂਕ ਸਾਖ (Bank Credit) ਅਤੇ ਖੇਤੀ ਪਦਾਰਥਾਂ ਦੀ ਮੁੱਲ ਨੀਤੀ (Agriculture Support Policy) ਨੇ ਵੱਡੇ ਕਿਸਾਨਾਂ ਨੂੰ ਬਹੁਤ ਲਾਭ ਪਹੁੰਚਾਇਆ ਹੈ। ਉਹ ਜਮ੍ਹਾਂਖੋਰੀ ਵਰਗੇ ਅਨੈਤਿਕ ਤਰੀਕੇ ਵਰਤਕੇ ਲਗਾਤਾਰ ਆਣੀਆਂ ਵਸਤੂਆਂ ਦੀਆਂ ਮੰਡੀ ਕੀਮਤਾਂ ਵਧਾਉਂਦੇ ਹਨ ਅਤੇ ਫਿਰ ਸਰਕਾਰ ਦੇ ਸਮਰਥਨ ਮੁੱਲ (Support Price) ਵਧਾਉਣ ਲਈ ਦਬਾਅ ਪਾਉਂਦੇ ਹਨ। ਅਸ਼ੋਕ ਮਿਤਰਾ, ਪ੍ਰਭਾਤ ਪਟਨਾਇਕ ਅਤੇ ਹੋਰ ਕੁਝ ਅਰਥ ਵਿਗਿਆਨੀਆਂ ਅਨੁਸਾਰ ਇਹ ਕ੍ਰਿਆ ਭਾਰਤ ਵਿੱਚ ਮੁਦਰਾ ਸਫ਼ੀਤੀ ਦਾ ਮਹੱਤਵਪੂਰਨ ਕਾਰਣ ਰਹੀ ਹੈ।

**ਲਾਗਤਾਂ ਦਾ ਵਧਣਾ**

ਲਾਗਤਾਂ ਦੇ ਵਧਣ ਨਾਲ ਵਿਸ਼ੇਸ਼ ਕਰਕੇ ਮਜ਼ਦੂਰੀ ਅਤੇ ਕੱਚੇ ਮਾਲ ਦੀਆਂ ਕੀਮਤਾਂ ਵਿੱਚ ਵਾਧੇ ਨਾਲ ਲਾਗਤਾਂ ਵਿੱਚ ਵਾਧਾ ਹੋ ਜਾਂਦਾ ਹੈ। ਇਸ ਨਾਲ ਉਤਪਾਦਨ ਵਿੱਚ ਕਮੀ ਆ ਜਾਂਦੀ ਹੈ।

**2.9.5.3 ਹੋਰ ਕਾਰਣ**

ਉਪਰੋਕਤ ਕਾਰਣਾਂ ਤੋਂ ਇਲਾਵਾ ਹੇਠ ਲਿਖੇ ਕਾਰਣਾਂ ਕਰਕੇ ਵੀ ਕੀਮਤਾਂ ਵਧਦੀਆਂ ਹਨ :-

**(1)ਗੈਰ ਆਰਥਿਕ ਕਾਰਣ (Non Economic Factors)**

ਕਈ ਗੈਰ ਆਰਥਿਕ ਕਾਰਣਾ ਜਿਵੇਂ ਯੁੱਧ, ਸ਼ਾਂਤੀ, ਅਤੇ ਵਿਵਸਥਾ ਦਾ ਨਾ ਹੋਣਾ, ਭ੍ਰਿਸ਼ਟਾਚਾਰ, ਕੁਸ਼ਲ ਪ੍ਰਸ਼ਾਸਨ ਦੀ ਘਾਟ ਆਦਿ ਅਜਿਹੇ ਤੱਤ ਹਨ ਜਿਹੜੇ ਕੀਮਤਾਂ ਨੂੰ ਵਧਣ ਵਿੱਚ ਮਦਦ ਦਿੰਦੇ ਹਨ।

**(2)ਆਯਾਤਿਕ ਸਫ਼ੀਤੀ (Imported Inflation)**

ਜਦੋਂ ਕਿਸੇ ਮਹੱਤਵਪੂਰਨ ਉਦਯੋਗਿਕ ਕੱਚੇ ਮਾਲ ਜਿਵੇਂ ਪੈਟਰੋਲ ਆਦਿ ਦੀਆਂ ਕੀਮਤਾਂ ਵਿੱਚ ਵਾਧਾ

ਹੋ ਜਾਣ ਨਾਲ ਵੀ ਸਫ਼ੀਤੀ ਕਾਰਨ ਦਬਾਅ ਹੋਰ ਵਧੇਰੇ ਸ਼ਕਤੀਸ਼ਾਲੀ ਹੋ ਜਾਂਦਾ ਹੈ। ਇਸ ਲਈ ਅੰਤਰ-ਰਾਸ਼ਟਰੀ ਤੱਤਾਂ ਦਾ ਵੀ ਕੀਮਤਾਂ ਉੱਤੇ ਪ੍ਰਭਾਵ ਪੈਂਦਾ ਹੈ।

**(3) ਅਸਿੱਧੇ ਕਰਾਂ ਤੇ ਵੱਧ ਨਿਰਭਰਤਾ**

ਸਾਧਨ ਇਕੱਠੇ ਕਰਨ ਲਈ ਸਰਕਾਰ ਅਸਿੱਧੇ ਕਰਾਂ ਤੇ ਵੱਧ ਨਿਰਭਰਤਾ ਰੱਖਦੀ ਹੈ ਜੋ ਲਾਜ਼ਮੀ ਤੌਰ ਤੇ ਵਸਤੂਆਂ ਦੀਆਂ ਕੀਮਤਾਂ ਵਧਾ ਦਿੰਦੇ ਹਨ।

**(4)ਅਪ੍ਰਭਾਵਸ਼ਾਲੀ ਕੀਮਤ ਨੀਤੀ (Ineffective Price Policy)**

ਸਰਕਾਰ ਨੇ ਕੀਮਤਾਂ ਨੂੰ ਸਥਿਰ ਰੱਖਣ ਲਈ ਉਚਿਤ ਕੀਮਤ ਨੀਤੀ ਦਾ ਨਿਰਮਾਣ ਨਹੀਂ ਕੀਤਾ ਹੈ। ਕਈ ਵਾਰ ਕੁਝ ਵਸਤਾਂ ਦੀਆਂ ਕੀਮਤਾਂ ਵਿੱਚ ਵਾਧਾ ਸਰਕਾਰ ਦੀ ਇੱਛਾ ਦੇ ਵਿਰੁੱਧ ਵੀ ਵਧ ਜਾਦਾ ਹੈ। ਅਸਲ ਵਿੱਚ ਸਰਕਾਰ ਦੁਆਰਾ ਵਸਤਾਂ ਦੀ ਵੰਡ ਵਾਸਤੇ ਜੋ ਕਦਮ ਉਠਾਏ ਜਾਂਦੇ ਹਨ ਉਸ ਲਾਲ ਲੋੜਵੰਦ ਲੋਕਾਂ ਨੂੰ ਵਸਤਾਂ ਪ੍ਰਾਪਤ ਨਹੀ ਹੁੰਦੀਆਂ ਸਗੋਂ ਲਾਭ ਕਮਾਉਣ ਵਾਲੇ ਇਸ ਢੰਗ ਨਾਲ ਬਾਜ਼ਾਰ ਵਿੱਚ ਵਸਤਾਂ ਦੇ ਵੇਚਣ ਦਾ ਪ੍ਰਬੰਧ ਕਰਦੇ ਹਨ ਜਿਸ ਦੁਆਰਾ ਉਨ੍ਹਾਂ ਨੂੰ ਵੱਧ ਤੋਂ ਵੱਧ ਲਾਭ ਪ੍ਰਾਪਤ ਹੋ ਸਕੇ। ਇਸ ਕਾਰਣ ਵਾਸਤਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਵਾਧਾ ਹੋ ਜਾਂਦਾ ਹੈ।

**2.9.6 ਮੁਦਰਾ ਸਫ਼ੀਤੀ ਦੇ ਪ੍ਰਭਾਵ (Consequences of Inflation)**

ਮੁਦਰਾ ਸਫ਼ੀਤੀ ਦਾ ਵੱਖ-ਵੱਖ ਵਰਗਾਂ ਉੱਪਰ ਵੱਖਰਾ ਵੱਖਰਾ ਪ੍ਰਭਾਵ ਪੈਂਦਾ ਹੈ। ਅਰਥ-ਸ਼ਾਸਤਰੀਆਂ ਦੇ ਵਿੱਚ ਮੁਦਰਾ ਸਫ਼ੀਤੀ ਦੇ ਪ੍ਰਭਾਵਾਂ ਪ੍ਰਤੀ ਮਤਭੇਦ ਪਾਏ ਜਾਂਦੇ ਹਨ ਪਰ ਫਿਰ ਵੀ ਜ਼ਿਆਦਾਤਰ ਅਰਥ-ਸ਼ਾਸਤਰੀ ਕੀਮਤ ਵਿੱਚ ਥੋੜ੍ਹਾ ਜਿਹਾ ਵਾਧਾ ਅਰਥ-ਵਿਵਸਥਾ ਦੇ ਵਿਕਾਸ ਲਈ ਚੰਗਾ ਸਮਝਦੇ ਹਨ। ਅਰਥਾਤ ਜੇ ਕੀਮਤਾਂ ਵਿੱਚ 2, 3, ਜਾਂ 4 ਪ੍ਰਤੀਸ਼ਤ ਦਰ ਨਾਲ ਵਾਧਾ ਹੋਵੇ ਤਾਂ ਇਸਦੇ ਫਲਸਰੂਪ ਨਿਵੇਸ਼ ਦੇ ਲਈ ਅਨੁਕੂਲ ਵਾਤਾਵਰਣ ਪੈਦਾ ਹੋ ਜਾਂਦਾ ਹੈ ਅਤੇ ਸਿੱਟੇ ਵੱਜੋਂ ਉਤਪਾਦਨ, ਆਮਦਨ ਅਤੇ ਰੋਜ਼ਗਾਰ ਵਿੱਚ ਵਾਧਾ ਹੁੰਦਾ ਹੈ।

**(1) ਉਤਪਾਦਨ ਤੇ ਪ੍ਰਭਾਵ (Effect on Production)**

ਮੁਦਰਾ ਸਫ਼ੀਤੀ ਆਪਣੀ ਅਰੰਭਿਕ ਅਵਸਥਾ ਵਿੱਚ ਤਾਂ ਉਤਪਾਦਨ ਤੇ ਅਨੁਕੂਲ ਪ੍ਰਭਾਵ ਪਾਉਂਦੀ ਹੈ ਇਸ ਦਾ ਕਾਰਣ ਲਾਭ ਵਿੱਚ ਹੋਣ ਵਾਲਾ ਵਾਧਾ ਹੈ ਪ੍ਰੰਤੂ ਸਮਾਂ ਪਾ ਕੇ ਜਦੋਂ ਇਸ ਦੀ ਗਤੀ ਵਧ ਜਾਂਦੀ ਹੈ ਤਾਂ ਇਹ ਉਤਪਾਦਨ ਅਤੇ ਰੋਜ਼ਗਾਰ ਤੇ ਪ੍ਰਤੀਕੂਲ ਅਸਰ ਪਾਉਂਦੀ ਹੈ। ਨਾ ਕੇਵਲ ਉਤਪਾਦਨ ਦੀ ਮਾਤਰਾ ਹੀ ਪ੍ਰਤੀਕੂਲ ਢੰਗ ਨਾਲ ਪ੍ਰਭਾਵਿਤ ਹੁੰਦੀ ਹੈ ਸਗੋਂ ਇਸ ਦੀ ਗੁਣਵਤਾ ਵਿੱਚ ਵੀ ਕਮੀ ਆਉਂਦੀ ਹੈ। ਉੱਦਮੀ ਵਰਗ ਆਪਣੇ ਲਾਭ ਨੂੰ ਬਣਾਈ ਰੱਖਣ ਲਈ ਕੀਮਤਾਂ ਨੂੰ ਵਧਾਉਣ ਦੀ ਥਾਂ ਵਸਤੂਆਂ ਦੀ ਗੁਣਵਤਾ ਨੂੰ ਘਟਾ ਦਿੰਦਾ ਹੈ।

**(2) ਵੰਡ ਤੇ ਪ੍ਰਭਾਵ (Effects on Distribution)**

ਜਦੋਂ ਕੀਮਤਾਂ ਵਧਦੀਆਂ ਹਨ ਤਾਂ ਇਸ ਦਾ ਰਾਸ਼ਟਰੀ ਆਮਦਨ ਅਤੇ ਧਨ ਦੀ ਵੰਡ ਤੇ ਵੀ ਅਸਰ ਪੈਂਦਾ ਹੈ। ਪ੍ਰੰਤੂ ਸਮਾਜ ਦੇ ਸਾਰੇ ਵਰਗ ਸਮਾਨ ਰੂਪ ਨਾਲ ਪ੍ਰਭਾਵਿਤ ਨਹੀ ਹੁੰਦੇ। ਜਿੰਨ੍ਹਾਂ ਵਰਗਾਂ ਦੀ ਮੌਦ੍ਰਿਕ ਆਮਦਨ ਦੇ ਵਾਧੇ ਦੀ ਦਰ ਕੀਮਤਾਂ ਵਿੱਚ ਵਾਧੇ ਦੀ ਦਰ ਤੋਂ ਘੱਟ ਹੁੰਦੀ ਹੈ, ਉਹਨਾਂ ਤੇ ਪ੍ਰਤੀਕੂਲ ਪ੍ਰਭਾਵ ਪੈਂਦਾ ਹੈ ਅਤੇ ਇਸ ਦੇ ਉਲਟ ਉਹ ਲੋਕ ਫ਼ਾਇਦੇ ਵਿੱਚ ਰਹਿੰਦੇ ਹਨ ਜਿੰਨ੍ਹਾਂ ਦੀ ਮੌਦ੍ਰਿਕ ਆਮਦਨ ਦੇ ਵਾਧੇ ਦੀ ਦਰ ਕੀਮਤਾਂ ਵਿੱਚ ਵਾਧੇ ਦੀ ਦਰ ਨਾਲੋਂ ਜ਼ਿਆਦਾ ਹੁੰਦੀ ਹੈ। ਇਸ ਤਰ੍ਹਾਂ ਪੈਨਸ਼ਨ ਪ੍ਰਾਪਤ ਕਰਨ ਵਾਲੇ, ਤਨਖਾਹ ਪ੍ਰਾਪਤ ਕਰਨ ਵਾਲੇ ਵਰਗ ਨੁਕਸਾਨ ਵਿੱਚ ਰਹਿੰਦੇ ਹਨ। ਮੁਦਰਾ ਸਫ਼ੀਤੀ ਨਾ ਕੇਵਲ ਆਮਦਨ ਸਗੋਂ ਧਨ ਦੀ ਵੰਡ ਨੂੰ ਵੀ ਪ੍ਰਭਾਵਿਤ ਕਰਦੀ ਹੈ। ਮੁਦਰਾ ਸਫ਼ੀਤੀ ਨਾਲ ਨਾ ਕੇਵਲ ਅਰਥ ਵਿਵਸਥਾ ਤੇ ਹੀ ਪ੍ਰਭਾਵ ਪੈਂਦਾ ਹੈ ਸਗੋਂ ਇਸ ਦੇ ਅਨੇਕ ਸਮਾਜਿਕ ਅਤੇ ਰਾਜਨੀਤਿਕ ਪ੍ਰਭਾਵ ਵੀ ਹੁੰਦੇ ਹਨ। ਕੀਮਤਾਂ ਦੇ ਵਧਣ ਨਾਲ ਜਨਤਾ ਵਿੱਚ ਅਰਾਜਕਤਾ ਫੈਲ ਜਾਂਦੀ ਹੈ ਜਿਸ ਨਾਲ ਰਾਜਨੀਤਿਕ ਉਥਲ-ਪੁਥਲ ਅਤੇ ਕ੍ਰਾਂਤੀਆਂ ਪੈਦਾ ਹੋ ਜਾਂਦੀਆਂ ਹਨ। ਇਸ ਨਾਲ ਸਮਾਜਿਕ ਨਾ ਬਰਾਬਰੀ ਅਤੇ ਅਸ਼ਾਂਤੀ ਨੂੰ ਵੀ ਜਨਮ ਮਿਲਦਾ ਹੈ।

ਇਸ ਤਰ੍ਹਾਂ ਅਸੀ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਮੁਦਰਾ ਸਫ਼ੀਤੀ ਉਤਪਾਦਨ ਨੂੰ ਪ੍ਰਤੀਕੂਲ ਢੰਗ ਨਾਲ ਪ੍ਰਭਾਵਿਤ ਕਰਦੀ ਹੈਃ ਆਮਦਨ ਅਤੇ ਧਨ ਦੀ ਅਸਮਾਨਤਾ ਨੂੰ ਜਨਮ ਦਿੰਦੀ ਹੈ ਅਤੇ ਦੇਸ਼ ਦੇ ਸਮਾਜਿਕ ਅਤੇ ਰਾਜਨੀਤਿਕ ਢਾਂਚੇ ਨੂੰ ਗਹਿਰਾ ਨੁਕਸਾਨ ਪਹੁੰਚਾਉਂਦੀ ਹੈ।

**ਸਵੈ-ਮੁਲਾਂਕਣ ਅਭਿਆਸ-2**

1. ਕੀਮਤ ਵਾਧੇ ਦੇ ਮਾੜੇ ਪ੍ਰਭਾਵ ਕਿਹੜੇ ਹੋ ਸਕਦੇ ਹਨ?
2. ਭਾਰਤ ਵਿੱਚ ਕੀਮਤ ਵਾਧੇ ਦੇ ਕਾਰਣਾਂ ਬਾਰੇ ਦੱਸੋ।

### 2.9.7 ਮੁਦਰਾ ਸਫ਼ੀਤੀ ਦਾ ਨਿਯੰਤ੍ਰਣ (Control of Inflation)

ਮੁਦਰਾ ਸਫ਼ੀਤੀ ਦੇ ਨਿਯੰਤ੍ਰਣ ਲਈ ਬਹੁ-ਪੱਖੀ ਤਰਕੀਬ (Multipronged Strategy) ਦੀ ਜ਼ਰੂਰਤ ਹੈ। ਮੁਦਰਾ ਸਫ਼ੀਤੀ ਨੂੰ ਨਿਯੰਤ੍ਰਣ ਵਿੱਚ ਲਿਆਉਣ ਲਈ ਹੇਠ ਲਿਖੇ ਉਪਾਅ ਕੀਤੇ ਜਾਂਦੇ ਹਨ :

2.9.7.1 ਮੌਦ੍ਰਿਕ ਉਪਾਅ (Monetary Measures)
2.9.7.2 ਰਾਜਕੋਸ਼ੀ ਉਪਾਅ (Fiscal Measures)
2.9.7.3 ਹੋਰ ਉਪਾਅ (Other Measures)

### 2.9.7.1 ਮੌਦ੍ਰਿਕ ਉਪਾਅ (Monetary Measures)

ਕਿਉਂਕਿ ਮੁਦਰਾ ਸਫ਼ੀਤੀ ਦਾ ਇੱਕ ਮੁੱਖ ਕਾਰਣ ਮੁਦਰਾ ਦੀ ਪੂਰਤੀ ਵਿੱਚ ਵਾਧਾ ਹੈ, ਇਸ ਲਈ ਮੁਦਰਾ ਸਫ਼ੀਤੀ ਤੇ ਕਾਬੂ ਪਾਉਣ ਲਈ ਇਹ ਜ਼ਰੂਰੀ ਹੈ ਕਿ ਮੁਦਰਾ ਅਤੇ ਸਾਖ ਤੇ ਕਾਬੂ ਕੀਤਾ ਜਾਏ। ਇਹ ਕੰਮ ਆਮ ਤੌਰ ਤੇ ਦੇਸ਼ ਦੇ ਕੇਂਦਰੀ ਬੈਂਕ ਦੁਆਰਾ ਕੀਤਾ ਜਾਂਦਾ ਹੈ ਮੌਦ੍ਰਿਕ ਉਪਾਵਾਂ ਦੇ ਅੰਤਰਗਤ ਕੇਂਦਰੀ ਬੈਂਕ ਦੋ ਪ੍ਰਕਾਰ ਦੇ ਕੰਮ ਕਰ ਸਕਦਾ ਹੈ- ਪਹਿਲਾ, ਚਲਨ ਤੋਂ ਮੁਦਰਾ ਦੀ ਮਾਤਰਾ ਨੂੰ ਵਾਪਿਸ ਲੈਣਾ ਅਤੇ ਦੂਜਾ ਸਾਖ ਤੇ ਨਿਯੰਤ੍ਰਣ।

**(i) ਵਾਧੂ ਮੁਦਰਾ ਨੂੰ ਪ੍ਰਚਲਨ ਤੋਂ ਵਾਪਿਸ ਲੈਣਾ**

**(Withdrawing the excess money from circulation)**

ਮੁਦਰਾ ਸਫ਼ੀਤੀ ਤੇ ਨਿਯੰਤ੍ਰਣ ਪਾਉਣ ਲਈ ਕੇਂਦਰੀ ਬੈਂਕ ਨੂੰ ਪੁਰਾਣੀ ਮੁਦਰਾ ਨੂੰ ਰੱਦ ਕਰ ਦੇਣਾ ਚਾਹੀਦਾ ਹੈ ਅਤੇ ਉਸ ਦੀ ਥਾਂ ਨਵੀਂ ਮੁਦਰਾ ਨੂੰ ਪ੍ਰਚਲਣ ਵਿੱਚ ਲਿਆਉਣਾ ਚਾਹੀਦਾ ਹੈ।

**(ii) ਸਾਖ ਨਿਯੰਤ੍ਰਣ (Credit Control)**

ਸਾਖ ਨਿਯੰਤ੍ਰਣ ਲਈ ਕੇਂਦਰੀ ਬੈਂਕ ਦੁਆਰਾ ਦੋ ਕਿਸਮ ਦੀਆਂ ਵਿਧੀਆਂ ਅਪਣਾਈਆਂ ਜਾਂਦੀਆਂ ਹਨ। ਪਹਿਲੀ ਵਿਧੀ ਪਰਿਣਾਤਮਕ ਸਾਖ ਨਿਯੰਤ੍ਰਣ (Quantitative Credit Control) ਦੀ ਹੈ। ਇਸ ਦੇ ਅੰਤਰਗਤ ਬੈਂਕ ਦਰ (Bank Rate) ਨੂੰ ਵਧਾ ਦਿੱਤਾ ਜਾਂਦਾ ਹੈ ਇਸ ਨਾਲ ਵਿਆਜ ਦਰਾਂ ਵਧ ਜਾਣ ਨਾਲ ਸਾਖ ਦੀ ਮੰਗ ਵਿੱਚ ਕਮੀ ਆ ਜਾਂਦੀ ਹੈ। ਭਾਰਤ ਵਿੱਚ ਰਿਜ਼ਰਵ ਬੈਂਕ ਨੇ ਵਧ ਰਹੀਆਂ ਕੀਮਤਾਂ ਨੂੰ ਰੋਕਣ ਲਈ ਮੁਦਰਾ ਕੀ ਪੂਰਤੀ ਨੂੰ ਨਿਯਮਿਤ ਕਰਨ ਲਈ ਬੈਂਕ ਦਰ, ਨਕਦੀ ਜਮ੍ਹਾਂ ਅਨੁਪਾਤ (Cash Reserve ratio) ਆਦਿ ਅਤੇ ਨੈਤਿਕ ਤੌਰ ਤੇ ਬੈਂਕਾਂ ਨੂੰ ਸਮਝਾਉਣਾ ਆਦਿ ਢੰਗਾਂ ਨੂੰ ਅਪਣਾਇਆ ਹੈ। ਬੈਂਕ ਦਰਾਂ ਵਿੱਚ ਸਮੇਂ ਸਮੇਂ ਤੇ ਵਾਧਾ ਕੀਤਾ ਗਿਆ ਹੈ। ਬੈਂਕ ਦਰ ਜੋ 1965 ਵਿੱਚ 6 ਪ੍ਰਤੀਸ਼ਤ ਸੀ ਨੂੰ ਵਧਾ ਕੇ 1974 ਵਿੱਚ 9 ਪ੍ਰਤੀਸ਼ਤ ਕਰ ਦਿੱਤਾ । ਫਿਰ ਜਦੋਂ 1979-80 ਵਿੱਚ ਕੀਮਤਾਂ ਤੇਜ਼ੀ ਨਾਲ ਵਧੀਆਂ ਤਾਂ ਇਸ ਨੂੰ ਵਧਾ ਕੇ 10 ਪ੍ਰਤੀਸ਼ਤ ਕਰ ਦਿੱਤਾ। ਬੈਂਕ ਦਰ ਅਗਲੇ 10 ਸਾਲਾਂ ਅਰਥਾਤ 1981-91 ਦੌਰਾਨ 10 ਪ੍ਰਤੀਸ਼ਤ ਹੀ ਰਹੀ। ਜੁਲਾਈ 1991 ਵਿੱਚ ਇਸ ਨੂੰ ਵਧਾ ਕੇ 11 ਪ੍ਰਤੀਸ਼ਤ ਕਰ ਦਿੱਤਾ ਗਿਆ ਅਤੇ ਅਕਤੂਬਰ 1991 ਵਿੱਚ 12 ਪ੍ਰਤੀਸ਼ਤ।

ਭਾਰਤ ਵਿੱਚ ਖੁੱਲ੍ਹੀ ਮੰਡੀ ਦੀਆਂ ਕਾਰਵਾਈਆਂ (Open Market Operations) ਨੂੰ ਕੀਮਤ ਵਾਧੇ ਨੂੰ ਰੋਕਣ ਲਈ ਘੱਟ ਅਪਣਾਇਆ ਗਿਆ ਹੈ।

ਚੌਥੀ ਪੰਜ ਸਾਲਾ ਯੋਜਨਾ ਦੇ ਅਖ਼ੀਰਲੇ ਤਿੰਨ ਸਾਲਾਂ ਵਿੱਚ ਮੁਦਰਾ ਸਫ਼ੀਤੀ ਨੇ ਜ਼ੋਰ ਫੜ ਲਿਆ ਇਸ ਕਰਕੇ ਰਿਜ਼ਰਵ ਬੈਂਕ ਨੇ ਬਹੁਤ ਕਦਮ ਚੁੱਕੇ ਜਿਵੇਂ ਕਿ ਤਰਲਤਾ ਅਨੁਪਾਤ ਵਿੱਚ 1971 ਅਤੇ 1973 ਵਿਚਕਾਰ ਵਾਧਾ, ਬੈਂਕ ਦਰ ਵਿੱਚ ਵਾਧਾ ਪਰ ਫੇਰ ਵੀ ਮੁਦਰਾ ਸਫ਼ੀਤੀ ਤੇ ਕਾਬੂ ਨਾ ਪਾਇਆ ਜਾ ਸਕਿਆ। ਸੱਤਵੀਂ ਯੋਜਨਾ ਵਿੱਚ ਕੀਮਤਾਂ ਨੂੰ ਕਾਬੂ ਕਰਨ ਲਈ ਕਈ ਕਦਮ ਚੁੱਕੇ ਗਏ। 1985 ਵਿੱਚ Statutory Liquidity Ratio ਵਿੱਚ ਵਾਧਾ 37 ਪ੍ਰਤੀਸ਼ਤ ਕਰ ਦਿੱਤਾ ਗਿਆ। Selective Credit Control ਪ੍ਰਬੰਧ ਵਿੱਚ ਵੀ ਸੁਧਾਰ ਕੀਤਾ ਗਿਆ।

1990-91 ਦੌਰਾਨ ਮੁਦਰਾ ਸਫ਼ੀਤੀ ਨੂੰ ਕਾਬੂ ਕਰਨ ਲਈ ਸਖਤ ਮੁਦਰਾ ਨੀਤੀ ਅਪਣਾਈ ਗਈ। ਬੈਂਕ ਦਰ ਨੂੰ ਵਧਾ ਕੇ 12 ਪ੍ਰਤੀਸ਼ਤ ਕਰ ਦਿੱਤਾ ਗਿਆ। ਵਿਆਜ ਦਰਾਂ ਵਿੱਚ ਵੀ ਵਾਧਾ ਕੀਤਾ ਗਿਆ।

1995-96 ਦੌਰਾਨ ਵੀ ਮੁਦਰਾ ਨੀਤੀ ਦਾ ਇੱਕ ਮੁੱਖ ਉਦੇਸ਼ ਮੁਦਰਾ ਸਫ਼ੀਤੀ ਨੂੰ ਘਟਾਉਣਾ ਸੀ। 1996-97 ਦੌਰਾਨ, ਮੁਦਰਾ ਨੀਤੀ ਦਾ ਜ਼ੋਰ ਮੁਦਰਾ ਸਫ਼ੀਤੀ ਵਿੱਚ ਆਏ ਚੰਗੇ ਬਦਲਾਅ ਨੂੰ ਕਾਇਮ ਰੱਖਣ ਤੇ ਰਿਹਾ। 2003-04 ਦੌਰਾਨ ਮੁਦਰਾ ਨੀਤੀ ਦੇ ਉਦੇਸ਼ਾਂ ਵਿੱਚ ਬਹੁਤਾ ਪਰਿਵਰਤਨ ਨਹੀ ਹੋਇਆ। ਸਤੰਬਰ 2004 ਵਿੱਚ ਮੁਦਰਾ ਸਫ਼ੀਤੀ ਵਿੱਚ ਤੇਜ਼ੀ ਆਉਣ ਕਰਕੇ CRR ਵਧਾ ਦਿੱਤਾ ਗਿਆ ਤਾਂ ਜੋ ਮੁਦਰਾ ਪੂਰਤੀ ਘਟਾਈ ਜਾ ਸਕੇ।

### 2.9.7.2 ਰਾਜਕੋਸ਼ੀ ਉਪਾਅ (Fiscal Measures)

ਕੇਨਜ਼ ਅਤੇ ਦੂਸਰੇ ਅਰਥ ਸ਼ਾਸਤਰੀਆਂ ਨੇ ਮੁਦਰਾ ਸਫ਼ੀਤੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਰਾਜਕੋਸ਼ੀ ਢੰਗ ਉਪੱਰ ਵਧੇਰੇ ਜ਼ੋਰ ਦਿੱਤਾ। ਭਾਰਤ ਸਰਕਾਰ ਨੇ ਕੀਮਤਾਂ ਦੇ ਪੱਧਰ ਨੂੰ ਕਾਬੂ ਕਰਨ ਲਈ ਹੇਠ ਢੰਗ ਅਪਣਾਏ ਹਨ:

**(i) ਕਰ ਵਿੱਚ ਵਾਧਾ (Increase in Taxation)**

ਸਰਕਾਰ ਪੁਰਾਣੇ ਕਰਾਂ ਦੀਆਂ ਦਰਾਂ ਵਿੱਚ ਵਾਧਾ ਕਰਕੇ ਕੇ ਨਵੀਂ ਕਿਸਮ ਦੇ ਕਰ ਲਗਾ ਕੇ ਜਨਤਾ ਦੀ ਫਾਲਤੂ ਖਰੀਦ-ਸ਼ਕਤੀ ਨੂੰ ਘਟਾਉਂਦੀ ਹੈ ਪ੍ਰੰਤੂ ਕਰ ਲਾਉਂਦੇ ਸਮੇਂ ਲੋਕਾਂ ਦੀ ਕਰ ਦੇਅਤਾ ਨੂੰ ਜਰੂਰੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

**(ii) ਉਤਪਾਦਨ ਯੋਗ ਸਰਵਜਨਕ ਖਰਚ (Productive Public Expenditure)**

ਜਿਥੋਂ ਤੱਕ ਸੰਭਵ ਹੋ ਸਕੇ ਸਰਕਾਰ ਨੂੰ ਇਹ ਚਾਹੀਦਾ ਹੈ ਕਿ ਫਜ਼ੂਲ ਅਤੇ ਅਣਉਤਪਾਦਕ ਕੰਮਾਂ ਤੇ ਖਰਚ ਵਿੱਚ ਕਮੀ ਕਰਕੇ ਉਤਪਾਦਕ ਕੰਮਾਂ ਵਿੱਚ ਇਸ ਦਾ ਵਾਧਾ ਕੀਤਾ ਜਾਵੇ। ਸਰਕਾਰ ਨੂੰ ਹਰ ਕਿਸਮ ਦੇ ਅਣਉਤਪਾਦਕ ਖਰਚ ਨੂੰ ਘਟਾਉਣਾ ਚਾਹੀਦਾ ਹੈ ਅਤੇ ਜੇਕਰ ਸੰਤੁਲਿਤ ਬਜਟ ਬਣਾਉਣਾ ਸੰਭਵ ਨਾ ਹੋਵੇ ਬਜਟ ਦੇ ਘਾਟੇ ਨੂੰ ਘੱਟੋ ਘੱਟ ਰੱਖਣਾ ਚਾਹੀਦਾ ਹੈ।

**(iii) ਸਰਵਜਨਕ ਕਰਜੇ (Public Borrowings)**

ਮੁਦਰਾ ਸਫ਼ੀਤੀ ਦੇ ਕਾਲ ਵਿੱਚ ਸਰਕਾਰ ਨੂੰ ਅਧਿਕ ਮਾਤਰਾ ਵਿੱਚ ਜਨਤਾ ਤੋ ਕਰਜ਼ਾ ਲੈ ਕੇ ਉਹਨਾਂ ਦੀ ਮੰਗ ਅਤੇ ਫਾਲਤੂ ਖਰੀਦ ਸ਼ਕਤੀ ਨੂੰ ਘੱਟ ਕਰਨਾ ਚਾਹੀਦਾ ਹੈ। ਸਰਵਜਨਕ ਕਰਜ਼ੇ ਦੀ ਰਾਸ਼ੀ ਨੂੰ ਖਰਚ ਕੀਤਾ ਜਾਣਾ ਚਾਹੀਦਾ ਹੈ।

**(iv) ਬੱਚਤਾ ਨੂੰ ਉਤਸ਼ਾਹ (Encouragement to Savings)**

ਸਰਕਾਰ ਨੂੰ ਆਪਣੀ ਰਾਜਕੋਸ਼ੀ ਨੀਤੀ ਦੁਆਰਾ ਉਪਭੋਗ ਨੂੰ ਘੱਟ ਕਰਕੇ ਬੱਚਤਾਂ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ। ਜਿਵੇਂ ਭਾਰਤ ਵਿੱਚ ਬੱਚਤਾਂ ਨੂੰ ਵਧਾਉਣ ਲਈ 1974 ਵਿੱਚ ਜਰੂਰੀ ਜਮ੍ਹਾਂ ਯੋਜਨਾ ਬਣਾਈ ਗਈ ਪਰ 1 ਅਪ੍ਰੈਲ 1985 ਤੋਂ ਇਸ ਨੂੰ ਖਤਮ ਕਰ ਦਿੱਤਾ।

ਪਰ ਕੁੱਲ ਮਿਲਾ ਕੇ ਸਰਕਾਰ ਦੁਆਰਾ ਅਪਣਾਏ ਗਏ ਵੱਖਰੇ ਵੱਖਰੇ ਰਾਜਕੋਸ਼ੀ ਢੰਗ ਜ਼ਿਆਦਾ ਸਫ਼ਲ ਨਹੀ ਹੋਏ। ਖਾਸ ਕਰਕੇ ਸਰਕਾਰ ਅਣਉਤਪਾਦਕ ਖਰਚੇ ਘੱਟ ਕਰਨ ਅਤੇ ਘਾਟੇ ਦੀ ਵਿੱਤ ਵਿਵਸਥਾ ਨੂੰ ਘੱਟ ਕਰਨ ਵਿੱਚ ਬੁਰੀ ਤਰ੍ਹਾਂ ਅਸਫਲ ਰਹੀ ਹੈ। ਭਾਰਤ ਸਰਕਾਰ ਨੇ 1990-91 ਨੂੰ ਵਿੱਤ ਘਾਟੇ ਨੂੰ ਘਟਾਉਣ ਦੀ ਜਰੂਰਤ ਮਹਿਸੂਸ ਕੀਤੀ ਅਤੇ ਕੁਝ ਕਦਮ ਵੀ ਉਠਾਏ ਪਰ ਜ਼ਿਆਦਾ ਸਫਲ ਹੋਈ। ਸਰਕਾਰ ਨੇ ਵਿੱਤੀ ਉਪਾਅ ਨਾਲ ਮੌਦ੍ਰਿਕ ਉਪਾਅ ਦਾ ਸਹਾਰਾ ਲਿਆ ਅਤੇ 1995-96 ਤੋਂ ਬਾਅਦ ਕੁਝ ਹੱਦ ਤੱਕ ਮੁਦਰਾ ਸਫ਼ੀਤੀ ਨੂੰ ਨਿਯੰਤ੍ਰਣ ਕਰਨ ਵਿੱਚ ਸਫ਼ਲ ਹੋਈ।

### 2.9.7.3 ਹੋਰ ਉਪਾਅ (Others Measures)

ਮੁਦਰਾ ਸਫ਼ੀਤੀ ਤੇ ਨਿਯੰਤ੍ਰਣ ਕਰਨ ਲਈ ਮੌਦ੍ਰਿਕ ਅਤੇ ਰਾਜਕੋਸ਼ੀ ਉਪਾਵਾਂ ਦੇ ਨਾਲ ਨਾਲ ਸਰਕਾਰ ਨੂੰ ਹੋਰ ਉਪਾਵਾਂ ਦੀ ਵਰਤੋਂ ਵੀ ਕਰਨੀ ਚਾਹੀਦੀ ਹੈ।

**(1) ਉਤਪਾਦਨ ਵਿੱਚ ਵਾਧਾ (Increase in Production)**

ਮੁਦਰਾ ਸਫ਼ੀਤੀ ਨੂੰ ਰੋਕਣ ਦਾ ਸਭ ਤੋਂ ਵਧੀਆ ਪ੍ਰਭਾਵਸ਼ਾਲੀ ਉਪਾਅ ਦੇਸ਼ ਵਿੱਚ ਵਸਤੂਆਂ ਅਤੇ ਸੇਵਾਵਾਂ ਦੀ ਮਾਤਰਾ ਵਿੱਚ ਵਾਧਾ ਕਰਨਾ ਹੈ। ਇਸ ਦੇ ਲਈ ਸਰਕਾਰ ਨੂੰ ਇਸ ਤਰ੍ਹਾਂ ਦੇ ਉਪਾਅ ਕਰਨੇ ਚਾਹੀਦੇ ਹਨ

ਜਿਹਨਾਂ ਨਾਲ ਨਿੱਜੀ ਖੇਤਰ ਵਿੱਚ ਨਿਵੇਸ਼ ਵਧੇ। ਇਸ ਦੇ ਨਾਲ ਸਰਕਾਰ ਨੂੰ ਆਪ ਵੀ ਨਿਵੇਸ਼ ਕਰਨਾ ਚਾਹੀਦਾ ਹੈ। ਖੇਤੀ ਦੇ ਉਤਪਾਦਨ ਨੂੰ ਵਧਾਉਣ ਲਈ ਉੱਤਮ ਬੀਜਾਂ, ਰਸਾਇਨਿਕ ਖਾਦਾਂ ਆਦਿ ਦੀ ਉਪਲਬਧਤਾ ਨੂੰ ਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ। ਉਦਯੋਗਿਕ ਸ਼ਾਂਤੀ ਦਾ ਵਾਤਾਵਰਣ ਉਤਪੰਨ ਕਰਨਾ ਚਾਹੀਦਾ ਹੈ ਅਤੇ ਬਿਜਲੀ ਦੀ ਘਾਟ, ਕੱਚਾ ਮਾਲ ਆਦਿ ਦੀ ਕਮੀ ਨੂੰ ਦੂਰ ਕਰਨਾ ਚਾਹੀਦਾ ਹੈ।

**(ii) ਰਾਸ਼ਨਿੰਗ ਅਤੇ ਮੁੱਲ ਨਿਯੰਤ੍ਰਣ ਨੀਤੀ (Rationing and Controls)**

ਸਰਕਾਰ ਨੂੰ ਵਧਦੇ ਹੋਏ ਕੀਮਤ ਪੱਧਰ ਨੂੰ ਕਾਬੂ ਰੱਖਣ ਲਈ ਕੀਮਤ ਨਿਯੰਤ੍ਰਣ ਦੀ ਨੀਤੀ ਅਪਣਾਉਣੀ ਚਾਹੀਦੀ ਹੈ। ਪ੍ਰੰਤੂ ਤਜ਼ਰਬਾ ਇਹ ਦੱਸਦਾ ਹੈ ਕਿ ਰਾਸ਼ਨਿੰਗ ਦੀ ਵਿਧੀ ਅਧਿਕ ਉਪਯੁਕਤ ਹੈ। ਰਾਸ਼ਨਿੰਗ ਦੀ ਨੀਤੀ ਦੁਆਰਾ ਜਰੂਰੀ ਵਸਤੂਆਂ ਦੀ ਮੰਗ ਨੂੰ ਨਿਯੰਤ੍ਰਿਤ ਕਰ ਦਿੱਤਾ ਜਾਂਦਾ ਹੈ ਅਤੇ ਮੁੱਲ ਨਿਯੰਤ੍ਰਣ ਦੀ ਨੀਤੀ ਦੇ ਅੰਤਰਗਤ ਜਰੂਰੀ ਵਸਤੂਆਂ ਦੀਆਂ ਕੀਮਤਾਂ ਨੂੰ ਵਧਣ ਨਹੀ ਦਿੱਤਾ ਜਾਂਦਾ।

**(iii) ਜਮ੍ਹਾਂਖੋਰਾਂ ਸਮਗਲਰਾਂ ਅਤੇ ਬਲੈਕੀਆਂ ਵਿਰੁੱਧ ਕਾਰਵਾਈ**
**(Action against Hoarders, Smugglers and Black marketeers)**

ਜਰੂਰੀ ਵਸਤਾਂ ਦੀ ਜਮ੍ਹਾਂਖੋਰੀ, ਬਲੈਕ ਮਾਰਕੀਟਿੰਗ ਤੇ ਸਮਗਲਿੰਗ ਅਕਸਰ ਕੀਮਤਾਂ ਵਿੱਚ ਵਾਧਾ ਕਰਦੀ ਹੈ। ਇਸ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰ ਨੇ 1995 ਵਿੱਚ ਅਜਿਹਾ ਕਰਨ ਵਾਲੇ ਸਮਾਜ ਅਤੇ ਦੇਸ਼ ਵਿਰੋਧੀ ਲੋਕਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਿਸਦੇ ਕਾਫ਼ੀ ਚੰਗੇ ਨਤੀਜੇ ਨਿੱਕਲੇ ਅਤੇ ਕੀਮਤ ਪੱਧਰ ਹੇਠਾਂ ਆ ਗਿਆ ਪਰ ਕਾਮਯਾਬੀ ਘਟ ਸਮੇਂ ਲਈ ਸੀ ਕਿਉਕਿ ਇਨ੍ਹਾਂ ਬੁਰਾਈਆਂ ਦੀ ਅਸਲ ਜੜ੍ਹ ਵਸਤੂਆਂ ਦੀ ਥੁੜ ਹੈ। ਇਨ੍ਹਾਂ ਬੁਰਾਈਆਂ ਨੂੰ ਦੂਰ ਕਰਨ ਲਈ ਸਰਕਾਰ ਨੇ ਘੱਟ ਸਮੇਂ (Short Period) ਦੀ ਨੀਤੀ ਵੱਜੋਂ ਬਾਹਰੋਂ ਇਨ੍ਹਾਂ ਦਾ ਆਯਾਤ ਕਰਨ ਦਾ ਫੈਸਲਾ ਕੀਤਾ ਹੈ ਅਤੇ ਲੰਬੇ ਸਮੇਂ (Long Period) ਦੀ ਨੀਤੀ ਵੱਜੋਂ ਇਨ੍ਹਾਂ ਦਾ ਦੇਸ਼ ਵਿੱਚ ਉਤਪਾਦਨ ਵਧਾਉਣ ਦਾ ਯਤਨ ਕੀਤਾ ਅਤੇ ਵਾਧੂ ਸਟਾਕ ਰੱਖਣ ਦਾ ਫੈਸਲਾ ਕੀਤਾ ਤਾਂ ਜੋ ਕੀਮਤ ਵਧਣ ਤੇ ਇਨ੍ਹਾਂ ਸਟਾਕ ਵਿੱਚੋਂ ਪੂਰਤੀ ਨੂੰ ਵਧਾਇਆ ਜਾ ਸਕੇ।

**(iv) ਸਰਵਜਨਕ ਵਿਤਰਣ ਪ੍ਰਣਾਲੀ (Public Distribution System)**

ਭਾਰਤ ਵਿੱਚ ਭਾਰੀ ਉਦਯੋਗਾਂ ਨੂੰ ਪਹਿਲ ਦਿੱਤੀ ਗਈ ਸਿੱਟੇ ਵਜੋਂ ਉਪਭੋਗੀ ਵਸਤਾਂ ਦੀ ਕਮੀ ਹੋ ਗਈ ਹੈ। ਸਰਕਾਰ ਨੇ ਸਰਵਜਨਿਕ ਵਿਤਰਣ ਪ੍ਰਣਾਲੀ ਨੂੰ ਜ਼ਿਆਦਾ ਵਿਸ਼ਾਲ ਅਤੇ ਕੁਸ਼ਲ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਸਰਕਾਰ ਹੁਣ ਜਰੂਰੀ ਵਸਤਾਂ ਦੇ ਉਤਪਾਦਨ, ਮੰਡੀ ਵਿੱਚ ਵਸਤਾਂ ਉਪਲਬਧ ਕਰਨ, ਭੰਡਾਰ, ਆਵਾਜਾਈ, ਅਤੇ ਵਿਤਰਣ ਆਦਿ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ ਅਤੇ ਇੱਕ ਬੁਨਿਆਦੀ ਢਾਂਚਾ ਬਣਾਇਆ ਹੈ। ਇਸ ਪ੍ਰਣਾਲੀ ਤਹਿਤ Fair Price Shops ਦੇ ਦੁਆਰਾ ਜਰੂਰੀ ਵਸਤਾਂ ਦੇ ਵਿਤਰਣ ਦੀ ਵਿਵਸਥਾ ਕੀਤੀ ਗਈ ਹੈ ਅਤੇ ਸਰਕਾਰ ਦੂਹਰੀ ਕੀਮਤ ਨੀਤੀ ਦੀ ਵਰਤੋਂ ਕਰਦੀ ਹੈ ਤਾਂ ਜੋ ਇਨ੍ਹਾਂ ਦੁਕਾਨਾਂ ਦੁਆਰਾ ਵਸਤੂਆਂ ਨੂੰ ਘੱਟ ਕੀਮਤ ਤੇ ਸਾਧਾਰਣ ਲੋਕਾਂ ਤੱਕ ਪਹੁੰਚਾਇਆ ਜਾ ਸਕੇ।

**2.9.8 ਸਾਰ ਅੰਸ਼**

ਭਾਰਤੀ ਅਰਥ ਵਿਵਸਥਾ ਇਸ ਵੇਲੇ ਮੁਦਰਾ ਸਫ਼ੀਤੀ ਵਰਗੀ ਗੁੰਝਲਦਾਰ ਸਮੱਸਿਆ ਦਾ ਸਾਹਮਣਾ ਕਰ ਰਹੀ ਹੈ ਹਾਲਾਂਕਿ ਵਿਕਾਸ ਦੀ ਪ੍ਰਕ੍ਰਿਆ ਦੇ ਨਾਲ ਕੁਝ ਹੱਦ ਤੱਕ ਕੀਮਤਾ ਵਿੱਚ ਵਾਧਾ ਹੋਣਾ ਲਾਜ਼ਮੀ ਹੈ ਪਰ ਭਾਰਤ ਵਿੱਚ ਕੀਮਤਾਂ ਦੇ ਵਧਣ ਦੀ ਦਰ ਕਾਫ਼ੀ ਜ਼ਿਆਦਾ ਹੈ ਕੀਮਤਾਂ ਨੂੰ ਵਧਾਉਣ ਵਿੱਚ ਕਈ ਕਾਰਣ ਆਪਣੀ ਭੂਮਿਕਾ ਨਿਭਾ ਰਹੇ ਹਨ ਜਿਵੇਂ ਕਿ ਪੂਰਤੀ ਵਿੱਚ ਵਾਧਾ, ਸਰਕਾਰੀ ਖਰਚ ਵਿੱਚ ਵਾਧਾ, ਘਾਟੇ ਦੀ ਵਿੱਤ ਵਿਵਸਥਾ, ਅਸੰਤੁਲਿਤ ਉਤਪਾਦਨ, ਪ੍ਰਬੰਧਕ ਕੀਮਤਾ ਵਿੱਚ ਵਾਧਾ ਆਦਿ।

ਮੁਦਰਾ ਸਫ਼ੀਤੀ ਦਾ ਉਤਪਾਦਨ, ਆਮਦਨ ਅਤੇ ਧਨ ਦੀ ਵੰਡ ਤੇ ਵੀ ਪ੍ਰਭਾਵ ਪੈਂਦਾ ਹੈ। ਯੋਜਨਾ ਦੇ ਪਹਿਲੇ ਦਹਾਕੇ ਵਿੱਚ ਸਰਕਾਰ ਨੇ ਕੀਮਤ ਵਾਧੇ ਵੱਲ ਕੋਈ ਧਿਆਨ ਨਹੀਂ ਦਿੱਤਾ ਪਰ ਦੂਜੀ ਪੰਜ ਸਾਲਾ ਯੋਜਨਾ ਤੋਂ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹਨ ਜਿਨ੍ਹਾਂ ਦਾ ਦੇਸ਼ ਦੀ ਆਰਥਿਕ ਤਰੱਕੀ ਤੇ ਮਾੜਾ ਅਸਰ ਹੀ ਨਹੀਂ ਪੈ ਰਿਹਾ ਬਲਕਿ ਲੋਕਾਂ ਦੇ ਸਮਾਜਿਕ ਜੀਵਨ ਅਤੇ ਦੇਸ਼ ਦੀ ਰਾਜਨੀਤਿਕ ਹਾਲਤ ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਭਾਰਤ ਸਰਕਾਰ ਨੇ ਕੀਮਤਾਂ ਰੋਕਣ ਲਈ ਕਈ ਯਤਨ ਕੀਤੇ ਅਰਥਾਤ ਮੋਦ੍ਰਿਕ ਉਪਾਅ ਵਰਤੇ ਪਰ ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸਰਕਾਰ ਦੀ ਇੱਛਾ ਸ਼ਕਤੀ ਹੀ ਕੀਮਤਾਂ ਨੂੰ ਨਿਯੰਤ੍ਰਣ

ਵਿੱਚ ਕਰ ਸਕਦੀ ਹੈ।

**2.9.9 ਤਕਨੀਕੀ ਸ਼ਬਦਾਵਲੀ**

ਮੁਦਰਾ ਸਫ਼ੀਤੀ : ਕੀਮਤ ਪੱਧਰ ਵਿੱਚ ਲਗਾਤਾਰ ਹੋਣ ਵਾਲੇ ਵਾਧੇ ਨੂੰ ਮੁਦਰਾ ਸਫੀਤੀ ਕਹਿੰਦੇ, ਹਨ। ਇਸ ਸਥਿਤੀ ਸਮੇਂ ਮੁਦਰਾ ਦਾ ਮੁੱਲ ਡਿਗਦਾ ਹੈ ਅਤੇ ਕੀਮਤਾਂ ਵਧਦੀਆਂ ਹਨ।

ਘਾਟੇ ਦੀ ਵਿੱਤ ਵਿਵਸਥਾ : ਬੈਂਕਾਂ ਤੋਂ ਉਧਾਰ ਲੈ ਕੇ ਜਾਂ ਨਵੇਂ ਛਾਪ ਕੇ ਸਰਕਾਰੀ ਖਰਚੇ ਨੂੰ ਪੂਰਾ ਕਰਨ ਨੂੰ ਘਾਟੇ ਦੀ ਵਿੱਤ ਵਿਵਸਥਾ ਕਹਿੰਦੇ ਹਨ।

ਨਕਦੀ ਜਮ੍ਹਾਂ ਅਨੁਪਾਤ (CRR) : ਭਾਰਤੀ ਰਿਜ਼ਰਵ ਬੈਂਕ, ਕਮਰਸ਼ੀਅਲ ਬੈਂਕਾਂ ਨੂੰ ਹਿਦਾਇਤ ਦਿੰਦਾ ਹੈ ਕਿ ਉਨ੍ਹਾਂ ਨੇ ਕੁਲ ਜਮ੍ਹਾਂ ਨਕਦ ਰਾਸ਼ੀ ਦਾ 10% ਜਾਂ 20% ਰਿਣ ਤੇ ਰੂਪ ਵਿੱਚ ਨਹੀਂ ਦੇਣਾ ਤਾਂ ਜੋ ਮੁਦਰਾ ਪੂਰਤੀ ਨੂੰ ਘਟਾਕੇ ਕੀਮਤਾਂ ਵਿੱਚ ਵਾਧਾ ਰੋਕਿਆ ਜਾ ਸਕੇ।

ਘੱਟੋ-ਘੱਟ ਗਾਰੰਟੀ ਸਮਰਥਨ ਮੁੱਲ (Minimun Guranteed Support Price : ਭਾਰਤੀ ਕੀਮਤ ਨੀਤੀ ਅਧੀਨ ਸਰਕਾਰ ਫਸਲ ਬੀਜਣ ਤੋਂ ਪਹਿਲਾਂ ਹੀ ਫਸਲ ਦੀ ਕੀਮਤ ਘੋਸ਼ਿਤ ਕਰ ਦਿੰਦੀ ਹੈ। ਜੇਕਰ ਫਸਲਾਂ ਦੀ ਮੰਗ ਜਾਂ ਪੂਰਤੀ ਵਿੱਚ ਘਾਟਾ ਵਾਧਾ ਹੋ ਵੀ ਜਾਵੇ ਤਾਂ ਵੀ ਕਿਸਾਨਾ ਨੂੰ ਇਹ ਘੱਟੋ-ਘੱਟ ਕੀਮਤ ਤਾਂ ਮਿਲਦੀ ਹੀ ਹੈ।

ਅਵਮੂਲਨ : ਨਿਰਯਾਤ ਵਧਾਉਣ ਵਾਸਤੇ ਕਈ ਵਾਰ ਕੋਈ ਦੇਸ਼ ਆਪਣੀ ਕਰੰਸੀ ਦਾ ਮੁੱਲ ਦੂਜੇ ਦੇਸ਼ ਦੀ ਕਰੰਸੀ ਮੁਕਾਬਲੇ ਘਟਾ ਦਿੰਦੇ ਹਨ।

**2.9.10 ਪੜ੍ਹਨਯੋਗ ਪੁਸਤਕਾਂ**

1. Gaurav Datt and Ashwani Mahajan : Datt and Sundharam Indian Economy.(ed.)
2. Misra and Puri : Indian Economy.(Latest ed.)

**2.9.11 ਪ੍ਰਸ਼ਨ**

**2.9.11.1 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

1. ਮੁਦਰਾ ਸਫ਼ੀਤੀ ਦੀ ਹਾਲਤ ਨੂੰ ਭਾਰਤ ਵਿੱਚ ਯੋਜਨਾ ਕਾਲ ਅਨੁਸਾਰ ਸਪਸ਼ਟ ਕਰੋ।
2. ਭਾਰਤ ਵਿੱਚ ਮੁਦਰਾ ਸਫ਼ੀਤੀ ਦੇ ਕਾਰਣ ਦੱਸੋ?
3. ਮੁਦਰਾ ਸਫ਼ੀਤੀ ਨੂੰ ਕਿਵੇਂ ਕੰਟਰੋਲ ਕੀਤਾ ਜਾ ਸਕਦਾ ਹੈ?
4. ਹੇਠ ਲਿਖਿਆਂ ਤੇ ਟਿੱਪਣੀ ਲਿਖੋ:-
   (i) ਮੰਗ ਪ੍ਰੇਰਿਤ ਸਫ਼ੀਤੀ
   (ii) ਲਾਗਤ ਪ੍ਰੇਰਿਤ ਸਫ਼ੀਤੀ
5. ਮੁਦਰਾ ਸਫ਼ੀਤੀ ਤੋਂ ਕੀ ਭਾਵ ਹੈ? ਇਸ ਤੇ ਨਿਯੰਤ੍ਰਣ ਪਾਉਣ ਦੇ ਕਿਹੜੇ ਉਪਾਅ ਹਨ?

**2.9.11.2 ਛੋਟੇ ਉੱਤਰਾਂ ਵਾਲੇ ਪ੍ਰਸ਼ਨ**

1. ਮੁਦਰਾ ਸਫ਼ੀਤੀ ਦੇ ਦੋ ਕਾਰਣ ਦੱਸੋ?
2. ਮੁਦਰਾ ਸਫ਼ੀਤੀ ਦੇ ਦੋ ਆਰਥਿਕ ਪ੍ਰਭਾਵ ਦੱਸੋ?
3. ਮੁਦਰਾ ਸਫ਼ੀਤੀ ਕਿਸ ਨੂੰ ਕਹਿੰਦੇ ਹਨ?
4. ਮੁਦਰਾ ਸਫ਼ੀਤੀ ਨੂੰ ਕੰਟਰੋਲ ਕਰਨ ਦੇ ਉਪਾਅ ਦੱਸੋ?
5. ਮੰਗ ਪ੍ਰੇਰਿਤ ਮੁਦਰਾ ਸਫ਼ੀਤੀ ਦੀ ਵਿਆਖਿਆ ਕਰੋ।

* (This lesson has been written with financial assistance taken from Distance Education Council.)